Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 18, April 30, 2022 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਭਗਵੰਤ ਮਾਨ ਦੇ ਦਿੱਲੀ ਮੋਹ ਨਾਲ ਵਿਵਾਦ

**ਚੰਡੀਗੜ੍ਹ:** ਪੰਜਾਬ ਵਿਚ ਨਵੇਂ ਬਦਲ ਅਤੇ ਤਬਦੀਲੀ ਦੇ ਦਾਅਵਿਆਂ ਨਾਲ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨਿੱਤ ਨਵੇਂ ਵਿਵਾਦਾਂ ਵਿਚ ਘਿਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ 'ਦਿੱਲੀ ਮੋਹ' ਪੰਜਾਬੀਆਂ, ਖਾਸ ਕਰ ਸੂਬੇ ਦੀਆਂ ਵਿਰੋਧੀ ਧਿਰਾਂ ਦੇ ਮਨਾਂ ਵਿਚ ਕਈ ਸਵਾਲ ਖੜ੍ਹੇ ਕਰ ਰਿਹਾ ਹੈ।

ਪੰਜਾਬ ਵਿਚ ਮੁੱਖ ਮੰਤਰੀ ਦੀ ਸਹੁੰ ਚੁੱਕਣ ਤੋਂ ਪਹਿਲਾਂ ਹੀ ਭਗਵੰਤ ਮਾਨ ਵੱਲੋਂ ਦਿੱਲੀ ਜਾ ਕੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਪੈਰੀਂ ਹੱਥ ਲਾਉਣਾ, ਪੰਜਾਬ ਤੋਂ ਬਾਹਰਲੇ ਰਾਜ ਸਭਾ ਮੈਂਬਰਾਂ ਦੀ ਚੋਣ ਕਰਨਾ, ਪੰਜਾਬ ਦੇ ਅਫਸਰਾਂ ਨਾਲ ਦਿੱਲੀ ਦੇ ਮੁੱਖ ਮੰਤਰੀ ਦੀ 'ਗੁਪਤ' ਮੀਟਿੰਗ ਅਜੇ ਚਰਚਾ ਵਿਚ ਸੀ ਕਿ ਆਪ ਸਰਕਾਰ ਦੇ ਤਾਜ਼ਾ ਫੈਸਲੇ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ।

ਭਗਵੰਤ ਮਾਨ ਦੀ ਤਾਜ਼ਾ ਦਿੱਲੀ ਫੇਰੀ ਤੇ ਪੰਜਾਬ ਅਤੇ ਦਿੱਲੀ ਦੀ ਕੇਜਰੀਵਾਲ ਸਰਕਾਰਾਂ ਵਿਚਕਾਰ ਕੀਤੇ ਇਕਰਾਰਨਾਮੇ (ਮੈਮੋਰੰਡਮ ਆਫ ਅੰਡਰਸਟੈਂਡਿੰਗ-ਐਮਓਯੂ) ਨੇ ਪੰਜਾਬੀਆਂ ਦੇ ਮਨਾਂ ਵਿਚ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਵਿਰੋਧੀ ਧਿਰਾਂ ਸਿੱਧਾ-ਸਿੱਧਾ ਦੋਸ਼ ਲਾ ਰਹੀਆਂ ਹਨ ਕਿ ਤਾਜ਼ਾ ਇਕਰਾਰਨਾਮੇ ਨੇ ਕੇਜਰੀਵਾਲ ਨੂੰ ਪੰਜਾਬ ਦਾ 'ਸੁਪਰ ਮੁੱਖ ਮੰਤਰੀ' ਬਣਾ ਦਿੱਤਾ ਹੈ ਤੇ ਭਗਵੰਤ ਮਾਨ ਦਿੱਲੀ ਵਿਚ ਬੰਦੀ ਬਣ ਗਏ ਹਨ। ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਦੋ ਸੂਬਿਆਂ ਦੀਆਂ ਸਰਕਾਰਾਂ ਜਾਂ ਅਫਸਰ ਪਹਿਲਾਂ ਹੀ ਇਕ-ਦੂਜੇ ਸੂਬਿਆਂ ਦਾ ਅਧਿਕਾਰਕ ਦੌਰਾ ਕਰਕੇ ਜਾਣਕਾਰੀ ਲੈਂਦੇ ਹਨ।

ਅਜੇ ਪਿਛਲੇ ਹਫਤੇ ਹੀ ਪੰਜਾਬ ਦੇ ਮੰਤਰੀ ਡੇਅਰੀ ਨਾਲ ਸਬੰਧੀ ਜਾਣਕਾਰੀ ਲਈ ਗੁਜਰਾਤ ਫੇਰੀ ਕਰਕੇ ਆਏ ਹਨ, ਫਿਰ ਗਿਆਨ ਸਾਂਝਾ ਕਰਨ ਲਈ ਦਿੱਲੀ ਤੇ ਪੰਜਾਬ ਨੂੰ ਸਮਝੌਤਿਆਂ ਦੀ ਅਜਿਹੀ ਕੀ ਲੋੜ ਪੈ ਗਈ? ਸਵਾਲ ਇਹ ਵੀ ਹੈ ਕਿ ਆਮ ਕਰਕੇ ਐਮ.ਓ.ਯੂ. ਜਾਂ



ਸਮਝੌਤਾ-ਪੱਤਰ ਕਿਸੇ ਖਾਸ ਖੇਤਰ ਅਤੇ ਉਸ ਵਿਚ ਵੀ ਖਾਸ ਟੀਚਿਆਂ ਨੂੰ ਲੈ ਕੇ ਕੀਤੇ ਜਾਂਦੇ ਹਨ ਪਰ ਇਹ ਇਕਰਾਰਨਾਮਾ ਕਈ ਖੇਤਰਾਂ ਵਿਚ ਸਹਿਯੋਗ ਬਾਰੇ ਹੈ ਅਤੇ ਕੋਈ ਟੀਚੇ ਨਿਸ਼ਚਿਤ ਨਹੀਂ ਕੀਤੇ ਗਏ।

ਪੰਜਾਬ ਸਰਕਾਰ ਦਾਅਵਾ ਕਰ ਰਹੀ ਹੈ ਕਿ ਦੋਵਾਂ ਸਰਕਾਰਾਂ ਨੇ ਸਿਹਤ, ਸਿੱਖਿਆ ਅਤੇ ਹੋਰ ਪ੍ਰਮੁੱਖ ਖੇਤਰਾਂ ਦੀ ਕਾਇਆਕਲਪ ਕਰਨ ਲਈ ਗਿਆਨ ਦੇ ਵਟਾਂਦਰੇ ਲਈ ਸਮਝੌਤਾ ਸਹੀਬੰਦ ਕੀਤਾ ਹੈ। ਭਗਵੰਤ ਮਾਨ ਦਾ ਦਾਅਵਾ ਹੈ ਕਿ ਸਿੱਖਿਆ, ਸਿਹਤ ਤੇ ਬਿਜਲੀ ਉਨ੍ਹਾਂ ਦੀ ਸਰਕਾਰ ਦੀ ਸਿਖਰਲੀਆਂ ਤਰਜੀਹਾਂ ਹਨ ਤੇ ਪੰਜਾਬ ਨੂੰ ਇਨ੍ਹਾਂ ਖੇਤਰਾਂ ਵਿਚ ਦਿੱਲੀ ਤੋਂ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਕੇਜਰੀਵਾਲ ਆਖ ਰਹੇ ਹਨ ਕਿ ਜੇਕਰ ਹਰੇਕ ਰਾਜ ਦੂਜੇ ਵੱਲੋਂ ਕੀਤੇ ਚੰਗੇ ਕੰਮਾਂ ਤੋਂ ਸਬਕ ਲੈਣ ਲੱਗੇ ਤਾਂ ਭਾਰਤ ਦੀ ਤਰੱਕੀ ਹੋਵੇਗੀ। ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਇਸ ਨੂੰ ਨਿਵੇਕਲੀ ਪਹਿਲਕਦਮੀ ਦੱਸਦੇ ਹੋਏ ਦੋਵਾਂ ਸੂਬਿਆਂ ਦੇ ਲੋਕਾਂ ਦੀ ਭਲਾਈ ਅਤੇ ਤਰੱਕੀ ਨੂੰ ਯਕੀਨੀ ਬਣਾਉਣ ਲਈ ਉਸਾਰੂ ਤੇ ਮਿਸਾਲੀ ਕਦਮ ਕਰਾਰ ਦਿੱਤਾ। ਕਰਾਰ ਤਹਿਤ ਦੋਵੇਂ ਸਰਕਾਰਾਂ ਲੋਕਾਂ ਦੀ ਭਲਾਈ ਲਈ ਜਾਣਕਾਰੀ ਹਾਸਲ ਕਰਨ ਵਾਸਤੇ ਮੰਤਰੀਆਂ, ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਇਕ-ਦੂਜੇ ਦੇ ਸੂਬਿਆਂ ਵਿਚ ਭੇਜਿਆ ਕਰਨਗੀਆਂ।

ਉਧਰ, ਕੇਜਰੀਵਾਲ ਤੇ ਭਗਵੰਤ ਮਾਨ ਦੇ ਇਹ ਤਰਕ ਵਿਰੋਧੀ ਧਿਰਾਂ ਦੇ ਗਲੇ ਨਹੀਂ ਉਤਰ ਰਹੇ ਹਨ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਅਸਲ ਵਿਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਕੌਮੀ ਰਾਜਧਾਨੀ ਵਿਚ ਬੈਠਿਆਂ ਪੰਜਾਬ ਦੀ 'ਆਪ' ਸਰਕਾਰ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਪਿਛਲੇ ਦਿਨੀਂ ਪੰਜਾਬ ਦੇ ਅਫਸਰਾਂ ਨਾਲ ਭਗਵੰਤ ਮਾਨ ਦੀ ਗੈਰਹਾਜ਼ਰੀ ਵਿਚ ਕੇਜਰੀਵਾਲ ਦੀ ਮੁਲਾਕਾਤ ਇਸ ਦਾ ਪ੍ਰਤੱਖ ਸਬੂਤ ਹੈ, ਹਾਲਾਂਕਿ ਇਸ ਮੁਲਾਕਾਤ ਪਿੱਛੋਂ ਉਠੇ ਸਵਾਲਾਂ ਕਾਰਨ ਹੁਣ ਇਹ ਸਮਝੌਤੇ ਦੀ ਆੜ ਵਿਚ ਕੇਜਰੀਵਾਲ ਚੰਮ ਦੀਆਂ ਚਲਾ ਸਕਣਗੇ।

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਪਰੋਕਤ ਕਰਾਰ ਦਾ ਅਸਲ ਮੰਤਵ ਪੰਜਾਬ ਦੀ ਅਫਸਰਸ਼ਾਹੀ ਨੂੰ ਕੰਟਰੋਲ ਕਰ ਕੇ ਕੇਜਰੀਵਾਲ ਨੂੰ ਪੰਜਾਬ ਸਰਕਾਰ ਚਲਾਉਣ ਦੇ ਸਮਰੱਥ ਬਣਾਉਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਦਵਤਾ ਸਾਂਝੀ ਕਰਨ ਦਾ ਸਮਝੌਤਾ ਕਰਨ ਦੀ ਆੜ ਵਿਚ ਪੰਜਾਬ ਦੇ ਹਿੱਤ ਦਿੱਲੀ ਨੂੰ ਵੇਚ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਹੁਣ ਪੰਜਾਬ ਦੇ ਅਸਲ ਮੁੱਖ ਮੰਤਰੀ ਬਣ ਗਏ ਹਨ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ

*(ਬਾਕੀ ਸਫਾ 6 'ਤੇ)*

## ਭਗਵੰਤ ਤੇ ਕੇਜਰੀਵਾਲ ਦੀ ਸਫਾਈ...

ਵਿਰੋਧੀ ਧਿਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਕੇਜਰੀਵਾਲ ਨੇ ਕਿਹਾ ਕਿ ਮਨੀਸ਼ ਸਿਸੋਦੀਆ ਯੂਰਪ ਤੇ ਫਿਨਲੈਂਡ ਦੀ ਸਿੱਖਿਆ ਪ੍ਰਣਾਲੀ ਨੂੰ ਸਮਝਣ ਲਈ ਉਥੇ ਗਏ ਸਨ। ਜੇਕਰ ਕੋਈ ਕਹੇ ਕਿ ਦਿੱਲੀ ਸਰਕਾਰ ਫਿਨਲੈਂਡ ਤੋਂ ਚੱਲ ਰਹੀ ਹੈ ਤਾਂ ਇਹ ਮੂਰਖਤਾ ਹੋਵੇਗੀ। ਹਾਲ ਹੀ ਵਿਚ ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ.ਕੇ.ਸਟਾਲਿਨ ਦਿੱਲੀ ਆਏ ਸਨ। ਅਸੀਂ ਇਹ ਨਹੀਂ ਕਹਿ ਸਕਦੇ ਕਿ ਤਾਮਿਲ ਨਾਡੂ ਸਰਕਾਰ ਦਿੱਲੀ ਤੋਂ ਚੱਲ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ, ਪ੍ਰਤਾਪ ਸਿੰਘ ਬਾਜਵਾ ਤੇ ਨਵਜੋਤ ਸਿੱਧੂ ਲੋਕਾਂ ਨੂੰ ਬੇਵਜ੍ਹਾ ਗੁਮਰਾਹ ਕਰ ਰਹੇ ਹਨ। 44 ਸਾਲਾਂ ਤੱਕ ਪੰਜਾਬ 'ਤੇ ਰਾਜ ਕਰਨ ਵਾਲੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਜੇਕਰ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਖੁਸ਼ਹਾਲੀ ਲਈ ਕੋਈ ਠੋਸ ਕੰਮ ਕੀਤਾ ਹੁੰਦਾ ਤਾਂ ਉਨ੍ਹਾਂ ਨੂੰ ਇੰਨੀ ਵੱਡੀ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪੈਂਦਾ।

# ਕਾਂਗਰਸ ਪਾਰਟੀ ਦੀ ਹਾਈਕਮਾਨ ਹੁਣ 'ਬਾਗੀਆਂ' ਦੁਆਲੇ



**ਚੰਡੀਗੜ੍ਹ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ ਮਗਰੋਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ ਹੈ। ਅਨੁਸ਼ਾਸਨੀ ਕਮੇਟੀ ਨੇ ਅਨੁਸ਼ਾਸਨਹੀਣਤਾ ਦੇ ਦੋਸ਼ਾਂ ਤਹਿਤ ਸੁਨੀਲ ਜਾਖੜ ਨੂੰ ਪਾਰਟੀ 'ਚੋਂ ਦੋ ਸਾਲਾਂ ਲਈ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਸੀ। ਸੋਨੀਆ ਗਾਂਧੀ ਨੇ ਹਾਲਾਂਕਿ ਸੁਨੀਲ ਜਾਖੜ ਖਿਲਾਫ ਮੁਅੱਤਲੀ ਵਰਗਾ ਸਖਤ ਕਦਮ ਚੁੱਕਣ ਤੋਂ ਪਾਸਾ ਵੱਟ ਲਿਆ ਕਿਉਂਕਿ ਕਾਂਗਰਸ ਪਹਿਲਾਂ ਹੀ ਨਿਵਾਣ ਵੱਲ ਖਿਸਕ ਰਹੀ ਹੈ।

ਕਾਂਗਰਸ ਹਾਈਕਮਾਨ ਨੇ ਜਾਖੜ ਨੂੰ ਸਾਰੇ ਅਹੁਦਿਆਂ ਤੋਂ ਹਟਾ ਕੇ ਮਹਿਜ ਖਾਨਾਪੂਰਤੀ ਕੀਤੀ ਹੈ ਕਿਉਂਕਿ ਸੁਨੀਲ ਜਾਖੜ ਕੋਲ ਇਸ ਵੇਲੇ ਪਾਰਟੀ ਦਾ ਕੋਈ ਵੀ ਅਹੁਦਾ ਨਹੀਂ ਹੈ। ਅਨੁਸ਼ਾਸਨੀ ਕਮੇਟੀ ਨੇ ਮੀਟਿੰਗ ਵਿਚ ਫੈਸਲਾ ਲੈਣ ਮਗਰੋਂ ਜਾਖੜ ਦੀ ਮੁਅੱਤਲੀ ਸਬੰਧੀ ਆਖਰੀ ਫੈਸਲਾ ਹਾਈਕਮਾਨ 'ਤੇ ਛੱਡ ਦਿੱਤਾ ਸੀ। ਉਂਜ

*(ਬਾਕੀ ਸਫਾ 6 'ਤੇ)*



M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

## ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਦਾ ਹੋਕਾ

**ਚੰਡੀਗੜ੍ਹ:** ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਸਮਾਗਮ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਗੁਰੂ ਸਾਹਿਬ ਦੇ ਤਿਆਗ ਤੇ ਬਲੀਦਾਨ ਨੂੰ ਯਾਦ ਕਰਦੇ ਹੋਏ ਕਈ ਵੱਡੇ ਐਲਾਨ ਕੀਤੇ। ਉਨ੍ਹਾਂ ਪਾਣੀਪਤ ਦੀ ਇਤਿਹਾਸਕ ਧਰਤੀ ਉਤੇ ਹੋਏ ਸਮਾਗਮ ਸਥਾਨ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਉਤੇ ਰੱਖਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਜਿਸ ਰਸਤੇ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਆਈ, ਉਸ ਰਸਤੇ ਦਾ ਨਾਂ ਵੀ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਰੱਖਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਯਮੁਨਾਨਗਰ ਵਿਚ ਬਣਨ ਵਾਲੇ ਸਰਕਾਰੀ ਮੈਡੀਕਲ ਕਾਲਜ ਦਾ ਨਾਂ ਵੀ ਗੁਰੂ ਜੀ ਦੇ ਨਾਮ ਉਤੇ ਹੋਏਗਾ। ਮੁੱਖ ਮੰਤਰੀ ਨੇ ਇਕ ਹੋਰ ਐਲਾਨ ਕਰਦੇ ਹੋਏ ਕਿਹਾ ਕਿ ਗੁਰੂ ਜੀ ਨੇ ਲੜਦੇ ਸਮੇਂ ਜਿਨ੍ਹਾਂ ਸ਼ਸਤਰਾਂ ਦੀ ਵਰਤੋਂ ਕੀਤੀ, ਉਨ੍ਹਾਂ ਸ਼ਸਤਰਾਂ ਦੀ ਪ੍ਰਦਰਸ਼ਨੀ ਦੇਸ ਭਰ ਵਿਚ ਲਗਾਈ ਜਾਏਗੀ। ਉਨ੍ਹਾਂ ਫੈਸਲਾ ਕੀਤਾ ਕਿ ਇਨ੍ਹਾਂ ਸ਼ਸਤਰਾਂ ਨੂੰ ਲੈ ਕੇ ਜਾਣ ਵਾਲਾ ਵਾਹਨ ਹਰਿਆਣਾ ਸਰਕਾਰ ਭੇਟ ਕਰੇਗੀ।

# ਗੁਰੂ ਤੇਗ ਬਹਾਦਰ ਨੇ ਕੱਟੜਵਾਦ ਖਿਲਾਫ ਸ਼ਹੀਦੀ ਦਿੱਤੀ: ਮੋਦੀ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੌਂਵੇਂ ਸਿੱਖ ਗੁਰੂ ਗੁਰੂ ਤੇਗ ਬਹਾਦਰ ਜੀ ਦੇ 400 ਵੇਂ ਪ੍ਰਕਾਸ਼ ਪੁਰਬ ਵਰ੍ਹੇ 'ਤੇ ਲਾਲ ਕਿਲ੍ਹੇ ਤੋਂ ਮੁਲਕ ਨੂੰ ਸੰਬੋਧਨ ਕੀਤਾ। ਉਨ੍ਹਾਂ ਆਪਣਾ ਭਾਸ਼ਣ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਸ਼ੁਰੂ ਕੀਤਾ। ਉਨ੍ਹਾਂ ਦੇਸ਼ ਵਾਸੀਆਂ ਤੇ ਦੁਨੀਆ ਦੇ ਹੋਰਨਾਂ ਮੁਲਕਾਂ ਵਿਚ ਰਹਿੰਦੇ ਸਿੱਖਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਕੱਟੜਵਾਦ ਖਿਲਾਫ ਕੁਰਬਾਨੀ ਦਿੱਤੀ। ਉਨ੍ਹਾਂ ਦੀ ਕੁਰਬਾਨੀ ਨੇ ਭਾਰਤ ਦੀਆਂ ਕਈ ਪੀੜ੍ਹੀਆਂ ਨੂੰ ਆਪਣੇ ਸੱਭਿਆਚਾਰ ਦੀ ਇੱਜ਼ਤ, ਮਾਣ-ਸਨਮਾਨ ਦੀ ਰਾਖੀ ਲਈ ਜਿਊਣ ਅਤੇ ਮਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂਆਂ ਦੇ ਗਿਆਨ ਨਾਲ ਮੁਲਕ ਦਾ ਹਰ ਕੋਨਾ ਰੌਸ਼ਨ ਹੈ। ਉਨ੍ਹਾਂ ਨੂੰ ਖੁਸ਼ੀ ਹੈ ਕਿ ਭਾਰਤ ਗੁਰੂਆਂ ਵੱਲੋਂ ਦਿਖਾਈ ਰਾਹ 'ਤੇ ਚੱਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਔਰੰਗਜ਼ੇਬ ਸਾਡੇ ਵਿਸ਼ਵਾਸ ਨੂੰ ਢਾਹ ਨਹੀਂ ਸਕਿਆ। ਨਵੀਂ ਸੋਚ, ਲਗਾਤਾਰ ਸਖਤ ਮਿਹਨਤ ਅਤੇ ਸੌ ਫੀਸਦੀ ਸਮਰਪਣ ਅੱਜ ਵੀ ਸਿੱਖ ਸਮਾਜ ਦੀ ਪਛਾਣ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਕ ਅਜਿਹਾ ਭਾਰਤ ਬਣਾਉਣਾ ਹੈ ਜਿਸ ਦੀ ਤਾਕਤ ਪੂਰੀ ਦੁਨੀਆ ਦੇਖੇ, ਜੋ ਵਿਸ਼ਵ ਨੂੰ ਨਵੀਂਆਂ ਬੁਲੰਦੀਆਂ 'ਤੇ ਲੈ ਕੇ ਜਾਏ। ਭਾਰਤ ਕਿਸੇ ਸਮਾਜ ਅਤੇ ਮੁਲਕ ਲਈ ਖਤਰਾ ਨਹੀਂ ਹੈ। ਅੱਜ ਵੀ ਅਸੀਂ ਪੂਰੀ ਦੁਨੀਆਂ ਦੀ ਭਲਾਈ ਬਾਰੇ ਸੋਚਦੇ ਹਾਂ। ਸਾਡੀ ਸਰਕਾਰ ਸਿੱਖ ਰਵਾਇਤ ਨਾਲ ਜੁੜੀਆਂ ਧਾਰਮਿਕ ਥਾਵਾਂ ਨੂੰ ਜੋੜਨ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਭੂਮੀ ਸਿਰਫ ਇਕ ਮੁਲਕ ਹੀ ਨਹੀਂ ਸਗੋਂ ਇਹ ਸਾਡੀ ਮਹਾਨ ਵਿਰਾਸਤ ਅਤੇ ਰਵਾਇਤ ਹੈ। ਉਨ੍ਹਾਂ ਕਿਹਾ ਕਿ ਇਥੇ ਸ਼ਬਦ ਸੁਣ ਕੇ ਉਨ੍ਹਾਂ ਨੂੰ ਬਹੁਤ ਸਕੂਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਮਿਲ ਕੇ ਮੁਲਕ ਨੂੰ ਵਿਕਾਸ ਦੇ ਸਿਖਰ 'ਤੇ ਲੈ ਕੇ ਜਾਵਾਂਗੇ। ਉਨ੍ਹਾਂ ਲੋਕਾਂ ਨੂੰ ਮੁਲਕ ਲਈ ਸਮਰਪਿਤ ਹੋਣ ਤੇ ਮੁਲਕ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਮਿਲ ਕੇ ਕੰਮ ਕਰਨ ਦਾ ਸੁਨੇਹਾ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਜਾਰੀ ਕੀਤਾ।

## ਦਰਬਾਰ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾਇਆ

**ਅੰਮ੍ਰਿਤਸਰ:** ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਅਤੇ 401ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇਥੇ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਿੱਖ ਬੁਲਾਰਿਆਂ ਨੇ ਹੁਣ ਤੱਕ ਆਈਆਂ ਕੇਂਦਰ ਸਰਕਾਰਾਂ ਨਾਲ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਸਿੱਖ ਮਾਮਲਿਆਂ ਨੂੰ ਜਾਣਬੁੱਝ ਕੇ ਲਟਕਾਇਆ ਜਾਂਦਾ ਰਿਹਾ ਹੈ। ਜੇਕਰ ਮੌਜੂਦਾ ਕੇਂਦਰ ਸਰਕਾਰ ਸਿੱਖਾਂ ਪ੍ਰਤੀ ਸੁਹਿਰਦ ਹੈ ਤੇ ਸਿੱਖਾਂ ਨਾਲ ਸਹਿਚਾਰ ਚਾਹੁੰਦੀ ਹੈ ਤਾਂ ਸਿੱਖਾਂ ਨਾਲ ਹੋਏ ਤੇ ਹੋ ਰਹੇ ਧੱਕੇ ਤੇ ਵਧੀਕੀਆਂ ਨੂੰ ਖਤਮ ਕੀਤਾ ਜਾਵੇ। ਇਸ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰਬਾਣੀ 'ਤੇ ਹੋ ਰਹੇ ਹਮਲਿਆਂ ਖਿਲਾਫ ਇਕਜੁੱਟ ਹੋਣ ਦੀ ਲੋੜ ਹੈ।

## ਮਾਨ ਸਰਕਾਰ ਨੇ ਪ੍ਰਾਈਵੇਟ ਸਕੂਲਾਂ 'ਤੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸੂਬੇ ਦੇ 720 ਪ੍ਰਾਈਵੇਟ ਸਕੂਲਾਂ ਖਿਲਾਫ ਜਾਂਚ ਦੇ ਹੁਕਮ ਜਾਰੀ ਕੀਤੇ ਹਨ ਜਿਨ੍ਹਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਗਈ। ਪੰਜਾਬ ਭਰ 'ਚੋਂ ਨਿੱਜੀ ਸਕੂਲਾਂ ਖਿਲਾਫ ਮਾਪਿਆਂ ਤੋਂ ਮਿਲੀਆਂ ਸ਼ਿਕਾਇਤਾਂ 'ਤੇ ਸਿੱਖਿਆ ਮੰਤਰੀ ਨੇ ਇਹ ਕਾਰਵਾਈ ਕੀਤੀ ਹੈ।

'ਆਪ' ਸਰਕਾਰ ਨੇ ਸਿੱਖਿਆ ਸੁਧਾਰਾਂ ਲਈ ਪ੍ਰਾਈਵੇਟ ਸਕੂਲਾਂ ਨੂੰ ਵੀ ਸਰਕਾਰੀ ਹੁਕਮਾਂ ਦੀ ਪਾਲਣਾ ਲਈ ਪਾਬੰਦ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਮੌਜੂਦਾ ਵਿੱਦਿਅਕ ਸੈਸ਼ਨ 'ਚ ਪ੍ਰਾਈਵੇਟ ਸਕੂਲਾਂ ਨੂੰ ਫੀਸਾਂ ਨਾ ਵਧਾਉਣ ਅਤੇ ਕਿਤਾਬਾਂ ਕਾਪੀਆਂ ਸਮੇਤ ਵਰਦੀਆਂ ਖਰੀਦਣ ਬਾਰੇ ਹਦਾਇਤਾਂ ਜਾਰੀ ਕੀਤੀਆਂ ਸਨ। ਸਿੱਖਿਆ ਵਿਭਾਗ ਕੋਲ ਸ਼ਿਕਾਇਤਾਂ ਪੁੱਜੀਆਂ ਹਨ ਕਿ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਨੇ ਮੁੱਖ ਮੰਤਰੀ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਹੈ। ਸਿੱਖਿਆ ਮੰਤਰੀ ਮੀਤ ਹੇਅਰ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਦੀ



ਮਨਮਾਨੀ ਨਹੀਂ ਚੱਲੇਗੀ ਅਤੇ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨੀ ਪਵੇਗੀ।


ਉਨ੍ਹਾਂ ਕਿਹਾ ਕਿ ਮਾਪਿਆਂ ਵੱਲੋਂ ਮਿਲੀਆਂ ਸ਼ਿਕਾਇਤਾਂ ਦੇ ਆਧਾਰ 'ਤੇ 720 ਨਿੱਜੀ ਸਕੂਲ ਜਾਂਚ ਦੇ ਘੇਰੇ ਵਿਚ ਲਿਆਂਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੀਆਂ ਟੀਮਾਂ ਸ਼ਿਕਾਇਤਾਂ ਦੀ ਜਾਂਚ ਕਰਨੀਆਂ ਤੇ ਜਾਂਚ ਦੌਰਾਨ ਜਿਹੜਾ ਵੀ ਪ੍ਰਾਈਵੇਟ ਸਕੂਲ ਕਸੂਰਵਾਰ ਪਾਇਆ ਗਿਆ, ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

## ਠੇਕਾ ਮੁਲਾਜ਼ਮਾਂ ਨੇ ਭਗਵੰਤ ਮਾਨ ਦੀ ਕੋਠੀ ਵੱਲ ਰੋਸ ਮਾਰਚ ਕੀਤਾ

**ਸੰਗਰੂਰ:** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਅਗਵਾਈ ਹੇਠ ਕੱਚੇ ਮੁਲਾਜ਼ਮਾਂ ਨੇ ਸ਼ਹਿਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਤੱਕ ਰੋਸ ਮਾਰਚ ਕੀਤਾ। ਠੇਕਾ ਮੁਲਾਜ਼ਮਾਂ ਨੇ ਜਿੱਥੇ ਮੁੱਖ ਮੰਤਰੀ ਵੱਲੋਂ ਮੀਟਿੰਗ ਦਾ ਸਮਾਂ ਨਾ ਦੇਣ 'ਤੇ ਰੋਸ ਪ੍ਰਗਟਾਇਆ, ਉੱਥੇ ਹੀ ਤੁਰਤ ਮੀਟਿੰਗ ਕਰ ਕੇ ਮੁਲਾਜ਼ਮਾਂ ਦੀਆਂ ਮੰਗਾਂ ਨਿਬੇੜਨ ਦੀ ਮੰਗ ਕੀਤੀ।

ਜਾਣਕਾਰੀ ਮੁਤਾਬਕ ਵੱਖ-ਵੱਖ ਵਿਭਾਗਾਂ ਦੇ ਠੇਕਾ ਮੁਲਾਜ਼ਮ ਪਹਿਲਾਂ ਪਟਿਆਲਾ ਰੋਡ ਸਥਿਤ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ। ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਰੋਸ ਮਾਰਚ ਕਰਦੇ ਹੋਏ ਉਹ ਜਿਉਂ ਹੀ ਡਰੀਮਲੈਂਡ ਕਲੋਨੀ ਦੇ ਮੁੱਖ ਗੇਟ 'ਤੇ ਪੁੱਜੇ ਤਾਂ ਪੁਲਿਸ ਨੇ ਨਾਕਾਬੰਦੀ ਕਰ ਕੇ ਉਨ੍ਹਾਂ ਨੂੰ ਰੋਕ ਲਿਆ। ਇਸ ਮਗਰੋਂ ਠੇਕਾ ਮੁਲਾਜ਼ਮਾਂ ਨੇ ਕਲੋਨੀ ਦੇ ਗੇਟ ਅੱਗੇ ਹੀ ਧਰਨਾ ਲਾ ਦਿੱਤਾ।

ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਠੇਕਾ ਮੁਲਾਜ਼ਮਾਂ ਨੂੰ ਮੰਗਾਂ ਦੇ ਹੱਲ ਲਈ 7 ਅਪਰੈਲ ਨੂੰ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ ਪਰ ਇਹ ਮੀਟਿੰਗ ਮੁਲਤਵੀ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕਾਰਪੋਰੇਟਾਂ ਦੇ ਇਸ਼ਾਰੇ 'ਤੇ



ਜਿਹੜਾ ਹਮਲਾ ਮੁਲਾਜ਼ਮਾਂ ਉਪਰ ਬਾਦਲਾਂ ਵੇਲੇ ਸ਼ੁਰੂ ਕੀਤਾ ਗਿਆ ਸੀ, ਉਹ ਕੈਪਟਨ ਅਤੇ ਚੰਨੀ ਸਰਕਾਰਾਂ ਸਮੇਂ ਵੀ ਜਾਰੀ ਰਿਹਾ ਅਤੇ ਅੱਜ ਵੀ ਜਾਰੀ ਹੈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਸਰਕਾਰੀ ਵਿਭਾਗਾਂ ਵਿਚ ਕਰੀਬ ਇਕ ਲੱਖ ਠੇਕਾ ਮੁਲਾਜ਼ਮ ਲੰਮੇ ਸਮੇਂ ਤੋਂ ਰੈਗੂਲਰ ਹੋਣ ਦੀ ਮੰਗ ਕਰ ਰਹੇ ਹਨ ਪਰ ਸਰਕਾਰਾਂ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ।

## ਸੁਖਬੀਰ ਨੇ ਪ੍ਰੋ. ਭੁੱਲਰ ਦੀ ਰਿਹਾਈ ਲਈ ਕੇਜਰੀਵਾਲ ਦਾ ਦਖਲ ਮੰਗਿਆ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਨਿੱਜੀ ਦਖਲ ਮੰਗਦਿਆਂ ਅਪੀਲ ਕੀਤੀ ਕਿ ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਛੇਤੀ ਰਿਹਾਈ ਸਬੰਧੀ ਕੇਂਦਰ ਸਰਕਾਰ ਵੱਲੋਂ ਦਿੱਤੀ ਵਿਸ਼ੇਸ਼ ਛੋਟ ਤੋਂ ਜਾਣੂ ਕਰਵਾ ਕੇ ਉਨ੍ਹਾਂ ਦੀ ਰਿਹਾਈ ਕਰਵਾਈ ਜਾਵੇ। ਅਕਾਲੀ ਦਲ ਦੇ ਪ੍ਰਧਾਨ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਇਸ ਸਬੰਧੀ ਪੱਤਰ ਲਿਖ ਕੇ ਕਿਹਾ ਕਿ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿ ਦਿੱਲੀ ਦੇ ਸਜ਼ਾ ਸਮੀਖਿਆ ਬੋਰਡ ਨੇ ਪ੍ਰੋ. ਭੁੱਲਰ ਦੀ ਰਿਹਾਈ ਦੀ ਤਜਵੀਜ਼ ਰੱਦ ਕਰ ਦਿੱਤੀ ਹੈ, ਜਦਕਿ ਚੋਣਾਂ ਵੇਲੇ ਕੇਜਰੀਵਾਲ ਨੇ ਖੁਦ ਕਿਹਾ ਸੀ ਕਿ ਉਨ੍ਹਾਂ ਸਮੀਖਿਆ ਬੋਰਡ ਨੂੰ ਹਦਾਇਤ ਕੀਤੀ ਹੈ ਕਿ ਉਹ ਪ੍ਰੋ. ਭੁੱਲਰ ਦੀ ਰਿਹਾਈ ਰੋਕਣ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ। ਸ੍ਰੀ ਬਾਦਲ ਨੇ ਕਿਹਾ ਕਿ ਸਿੱਖ ਕੈਦੀ ਦੀ ਛੇਤੀ ਰਿਹਾਈ ਨਾਲ ਪੰਜਾਬ ਵਿਚ ਅਮਨ ਸ਼ਾਂਤੀ ਮਜ਼ਬੂਤ ਹੋਵੇਗੀ।

## ਅਫਗਾਨਿਸਤਾਨ ਤੋਂ ਪੰਜਾਬ ਆਈ 700 ਕਰੋੜ ਦੀ ਹੈਰੋਇਨ ਬਰਾਮਦ

**ਅੰਮ੍ਰਿਤਸਰ:** ਅੰਮ੍ਰਿਤਸਰ ਕਸਟਮ ਵਿਭਾਗ ਨੇ ਅਟਾਰੀ ਆਈ.ਸੀ.ਪੀ. ਵਿਚ ਅਫਗਾਨਿਸਤਾਨ ਤੋਂ ਆਈ ਮੁਲੱਠੀ ਵਿਚ ਲੁਕਾ ਕੇ ਲਿਆਂਦੀ ਲਗਭਗ 102 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ ਲਗਭਗ 700 ਕਰੋੜ ਰੁਪਏ ਬਣਦੀ ਹੈ। ਕਸਟਮ ਵਿਭਾਗ ਦੇ ਕਮਿਸ਼ਨਰ ਰਾਹੁਲ ਨਾਨਗੇਰੇ ਨੇ ਦੱਸਿਆ ਕਿ ਇਹ ਖੇਪ ਅਫਗਾਨਿਸਤਾਨ ਤੋਂ 22 ਅਪਰੈਲ ਨੂੰ ਆਈ ਸੀ ਤੇ ਡਰਾਈਵਰ ਮਾਲ ਇਥੇ ਲਾਹ ਕੇ ਵਾਪਸ ਚਲਾ ਗਿਆ ਸੀ। ਇਹ ਖੇਪ ਦਿੱਲੀ ਨਾਲ ਸਬੰਧਤ ਇਕ ਦਰਾਮਦਕਾਰ ਨੂੰ ਭੇਜੀ ਜਾਣੀ ਸੀ। ਉਨ੍ਹਾਂ ਦੱਸਿਆ ਕਿ ਜਦੋਂ ਮੁਲੱਠੀ ਨੂੰ ਐਕਸਰੇਅ ਮਸ਼ੀਨਾਂ ਰਾਹੀਂ ਲੰਘਾਇਆ ਜਾ ਰਿਹਾ ਸੀ ਤਾਂ ਜਾਂਚ ਅਧਿਕਾਰੀਆਂ ਨੂੰ ਕੁਝ ਲੁਕਿਆ ਹੋਣ ਦਾ ਸ਼ੱਕ ਪਿਆ। ਇਸ ਮਗਰੋਂ ਖੇਪ ਦੀਆਂ 340 ਬੋਰੀਆਂ ਨੂੰ ਖੋਲ੍ਹ ਕੇ ਮੁਲੱਠੀ ਦੀ ਜਾਂਚ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮੁਲੱਠੀ ਦੀ ਲੱਕੜ ਨੂੰ ਅੰਦਰੋਂ ਖਾਲੀ ਕਰਕੇ ਪਾਊਡਰ ਰੂਪ ਵਿਚ ਹੈਰੋਇਨ ਭਰੀ ਹੋਈ ਸੀ ਤੇ ਲੱਕੜ ਨੂੰ ਮਿੱਟੀ ਘੱਟੇ ਨਾਲ ਲਬੇੜਿਆ ਹੋਇਆ ਸੀ। ਇਸ ਪਦਾਰਥ ਨੂੰ ਕੱਢ ਕੇ ਵਜ਼ਨ ਕੀਤਾ ਗਿਆ, ਜੋ 102 ਕਿੱਲੋ ਨਿਕਲਿਆ। ਕੌਮਾਂਤਰੀ ਬਾਜ਼ਾਰ ਵਿੱਚ ਇਸ ਦੀ ਕੀਮਤ ਲਗਭਗ 700 ਕਰੋੜ ਰੁਪਏ ਬਣਦੀ ਹੈ। ਮੁਲੱਠੀ ਦੀ ਇਹ ਖੇਪ ਅਫਗਾਨਿਸਤਾਨ ਦੇ ਮਜਾਰ-ਏ-ਸ਼ਰੀਫ ਤੋਂ ਆਲਿਮ ਨਾਜ਼ਰ ਅੰਸਾਰੀ ਨਾਂ ਦੀ ਕੰਪਨੀ ਵੱਲੋਂ ਭੇਜੀ ਗਈ ਹੈ ਤੇ ਮਾਲ ਲੈ ਕੇ ਆਉਣ ਵਾਲਾ ਡਰਾਈਵਰ ਵੀ ਅਫਗਾਨਿਸਤਾਨੀ ਹੈ।

## 'ਆਪ' ਵੱਲੋਂ ਮੁਲਕ ਭਰ ਵਿਚ ਸਰਵੇਖਣ ਸ਼ੁਰੂ

**ਨਵੀਂ ਦਿੱਲੀ:** ਭਾਜਪਾ ਖਿਲਾਫ ਖੁਦ ਨੂੰ ਇਕੋ-ਇਕ ਬਦਲ ਦੱਸਦਿਆਂ ਆਮ ਆਦਮੀ ਪਾਰਟੀ ਨੇ ਮੁਲਕ ਪੱਧਰ 'ਤੇ ਇਕ ਸਰਵੇਖਣ ਲਾਂਚ ਕੀਤਾ ਹੈ, ਜਿਸ ਦਾ ਮਕਸਦ ਦੋਵਾਂ ਪਾਰਟੀਆਂ ਬਾਰੇ ਲੋਕਾਂ ਦੀ ਰਾਇ ਜਾਣਨਾ ਹੈ। ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਨੇ ਕਿਹਾ ਕਿ ਇਹ ਸਰਵੇਖਣ ਇਸ ਲਈ ਕਰਵਾਇਆ ਜਾ ਰਿਹਾ ਹੈ ਕਿਉਂਕਿ ਮੁਲਕ ਕੋਲ ਸਿਰਫ ਦੋ ਬਦਲ ਹੀ ਬਾਕੀ ਰਹਿ ਗਏ ਹਨ। ਉਨ੍ਹਾਂ ਕਿਹਾ ਕਿ 'ਇੰਟਰਐਕਟਿਵ ਵੁਆਇਸ ਰਿਸਪੌਂਸ ਸਿਸਟਮ (ਆਈ.ਵੀ.ਆਰ.ਐਸ.) ਕਾਲਾਂ, ਮਿਸਡ ਕਾਲਾਂ ਤੇ ਸੋਸ਼ਲ ਮੀਡੀਆ ਰਾਹੀਂ ਮੁਲਕ ਦੇ ਲੋਕਾਂ ਦੀ ਰਾਇ ਲਈ ਜਾਵੇਗੀ।

ਉਧਰ, ਹਿਮਾਚਲ ਪ੍ਰਦੇਸ਼ ਵਿਚ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਾਜਪਾ, 'ਆਪ' ਤੋਂ ਡਰੀ ਹੋਈ ਹੈ। ਕੇਜਰੀਵਾਲ ਨੇ ਹਿਮਾਚਲ ਦੇ ਮੁੱਖ ਮੰਤਰੀ ਜੈਰਾਮ ਠਾਕੁਰ 'ਤੇ ਵਿਅੰਗ ਕਸਦਿਆਂ ਕਿਹਾ ਕਿ ਉਨ੍ਹਾਂ ਵੱਲੋਂ 125 ਯੂਨਿਟ ਮੁਫਤ ਬਿਜਲੀ ਦਾ ਐਲਾਨ ਇਸ ਡਰ ਵਿਚੋਂ ਹੀ ਨਿਕਲਿਆ ਹੈ। ਧਰਮਸ਼ਾਲਾ ਨੇੜੇ ਚੰਬੀ ਵਿਚ ਆਪਣੇ 20 ਮਿੰਟ ਦੇ ਭਾਸ਼ਣ 'ਚ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ, 'ਮੈਨੂੰ ਜਾਣਕਾਰੀ ਮਿਲੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਹਿਮਾਚਲ ਵਿਚ ਵਿਧਾਨ ਸਭਾ ਚੋਣਾਂ ਤੈਅ ਸਮੇਂ ਤੋਂ ਪਹਿਲਾਂ ਹੀ ਕਰਵਾਉਣ ਦੇ ਚਾਹਵਾਨ ਹਨ।' ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਲਈ ਤਿਆਰ ਤੇ ਉਤਸ਼ਾਹਿਤ ਹੈ। ਦੱਸਣਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਦਸੰਬਰ ਵਿਚ ਹੋਣੀਆਂ ਹਨ।

'ਆਪ' ਆਗੂ ਨੇ ਕਿਹਾ ਕਿ ਸ੍ਰੀ ਠਾਕੁਰ ਨੇ ਹਾਲ ਹੀ ਵਿਚ ਹਿਮਾਚਲੀਆਂ ਨੂੰ 125 ਯੂਨਿਟ ਬਿਜਲੀ ਦੇਣ ਦਾ ਐਲਾਨ ਕੀਤਾ ਸੀ। ਹਾਲਾਂਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਝਿੜਕਿਆ ਤੇ ਦੁਬਾਰਾ ਅਜਿਹੀ ਪੇਸ਼ਕਸ਼ ਨਾ ਕਰਨ ਲਈ ਕਿਹਾ। ਸ਼ਾਹਪੁਰ ਹਲਕੇ ਦੇ ਚੰਬੀ ਮੈਦਾਨ ਵਿਚ ਕੇਜਰੀਵਾਲ ਨੇ ਕਿਹਾ ਕਿ ਜੇ ਭਾਜਪਾ ਲੋਕਾਂ ਨੂੰ ਅਜਿਹੀ ਰਾਹਤ ਦੇਣ ਬਾਰੇ ਗੰਭੀਰ ਹੈ ਤਾਂ ਭਾਜਪਾ ਸ਼ਾਸਿਤ ਹੋਰਨਾਂ ਸੂਬਿਆਂ- ਹਰਿਆਣਾ, ਮੱਧ ਪ੍ਰਦੇਸ਼ ਤੇ ਗੁਜਰਾਤ ਵਿਚ ਵੀ ਦੇ ਸਕਦੀ ਹੈ। ਜੈਰਾਮ ਠਾਕੁਰ ਨੇ ਹਾਲ ਹੀ ਵਿਚ ਔਰਤਾਂ ਨੂੰ ਸਰਕਾਰੀ ਬੱਸਾਂ ਦੇ ਕਿਰਾਏ ਵਿਚ ਛੋਟ ਦੇਣ ਤੇ ਪਾਣੀ ਦੇ ਬਿੱਲ ਮੁਆਫ ਕਰਨ ਦਾ ਐਲਾਨ ਵੀ ਕੀਤਾ ਸੀ।

## ਤਰਨ ਤਾਰਨ 'ਚ ਗੋਲੀਆਂ ਮਾਰ ਕੇ ਪਰਵਾਸੀ ਭਾਰਤੀ ਦੀ ਹੱਤਿਆ

**ਤਰਨ ਤਾਰਨ:** ਸ਼ਹਿਰ ਦੇ ਅਤਿ ਸੰਵੇਦਨਸ਼ੀਲ ਚਾਰ ਖੰਭਾ ਚੌਕ ਨੇੜੇ ਮੋਟਰਸਾਈਕਲ ਸਵਾਰਾਂ ਵੱਲੋਂ ਇਕ ਪਰਵਾਸੀ ਭਾਰਤੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੀ ਪਛਾਣ ਜਤਿੰਦਰਪਾਲ ਸਿੰਘ (25) ਵਾਸੀ ਸੋਹਾਵਾ (ਸਰਹਾਲੀ) ਵਜੋਂ ਹੋਈ ਹੈ। ਕੈਨੇਡੀਅਨ ਪੀਆਰ ਜਤਿੰਦਰਪਾਲ 16 ਅਪਰੈਲ ਨੂੰ ਹੀ ਭਾਰਤ ਆਇਆ ਸੀ ਤੇ ਉਸ ਨੇ ਜੂਨ ਮਹੀਨੇ 'ਚ ਕੈਨੇਡਾ ਪਰਤਣਾ ਸੀ।

ਜਤਿੰਦਰਪਾਲ ਆਪਣੇ ਦੋਸਤਾਂ ਜਸਲੀਨ ਸਿੰਘ, ਜੁਨੇਜਪਾਲ ਸਿੰਘ ਵਾਸੀ ਗੁਜਰਪੁਰਾ ਤੇ ਗੁਰਜੀਤ ਸਿੰਘ ਵਾਸੀ ਮੁੰਡਾ ਪਿੰਡ ਨਾਲ ਸਕਾਰਪੀਓ ਗੱਡੀ ਵਿਚ ਤਰਨ ਤਾਰਨ ਤੋਂ ਪਿੰਡ ਪਰਤ ਰਿਹਾ ਸੀ। ਚਾਰ ਖੰਭਾ ਚੌਕ ਨੇੜੇ ਮੋਟਰਸਾਈਕਲ ਸਵਾਰ ਦੋ ਜਣਿਆਂ ਨੇ ਗੱਡੀ 'ਤੇ ਗੋਲੀਆਂ ਚਲਾ ਦਿੱਤੀਆਂ। ਜਤਿੰਦਰਪਾਲ ਦੀ ਖੱਬੀ ਵੱਖੀ ਵਿਚ ਵੱਜ ਗਈ। ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਭਰਾ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਜਤਿੰਦਰਪਾਲ ਨੇ ਆਪਣੇ ਦੋਸਤਾਂ ਨਾਲ ਇਕ ਪੰਜ ਤਾਰਾ ਹੋਟਲ ਵਿਚ ਪਾਰਟੀ ਕੀਤੀ ਸੀ।

# ਹਰਪਾਲ ਸਿੰਘ ਸਿੱਧੂ ਦੀ ਪੁਸਤਕ 'ਮੈਂ ਹਾਲੇ ਜਿਉਂਦਾ ਹਾਂ' ਲੋਕ-ਅਰਪਣ

ਸਿਆਟਲ: ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਪ੍ਰਧਾਨ ਹਰਪਾਲ ਸਿੱਧੂ ਦੀ ਬਹੁ-ਵਿਸ਼ਾਵੀ ਪੁਸਤਕ 'ਮੈਂ ਹਾਲੇ ਜਿਉਂਦਾ ਹਾਂ' ਦੇ ਲੋਕ ਅਰਪਣ ਸਮਾਗਮ ਮੌਕੇ ਬਹੁਰੰਗੀ ਕਵੀ ਦਰਬਾਰ ਕਰਵਾ ਕੇ ਪੰਜਾਬ, ਪੰਜਾਬੀ ਤੇ



ਪੰਜਾਬੀਅਤ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਕਾਰਜਾਂ ਵਿਚ ਇਕ ਹੋਰ ਕੀਰਤੀਮਾਨ ਸਥਾਪਿਤ ਕੀਤਾ। ਸਿਆਟਲ ਸ਼ਹਿਰ ਦੇ ਮਸ਼ਹੂਰ ਕੈਂਟ ਇਵੈਂਟ ਸੈਂਟਰ ਵਿਚ ਕੀਤੇ ਗਏ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ, ਉੱਚ-ਕੋਟੀ ਦੇ ਫੋਟੋਗਰਾਫਰ-ਪੱਤਰਕਾਰ, ਕਾਲਮਨਿਸਟ, ਸਰੀ ਕੈਨੇਡਾ ਵੱਸਦੇ ਸੰਤੋਖ ਸਿੰਘ ਮੰਡੇਰ ਸਨ।

ਪ੍ਰਧਾਨਗੀ ਮੰਡਲ ਵਿਚ ਸੰਤੋਖ ਸਿੰਘ ਮੰਡੇਰ ਜੀ ਨਾਲ ਉਘੇ ਗਲਪਕਾਰ ਅਵਤਾਰ ਸਿੰਘ ਬਿਲਿੰਗ, ਸ.ਹਰਸ਼ਿੰਦਰ ਸਿੰਘ ਸੰਧੂ, ਸਭਾ ਦੇ ਸਾਬਕਾ ਪ੍ਰਧਾਨ ਮਨਜੀਤ ਕੌਰ ਗਿੱਲ, ਸਭਾ ਦੇ ਸਾਬਕਾ ਪ੍ਰਧਾਨ ਡਾ.ਜੇ.ਬੀ.ਸਿੰਘ, ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ, ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਜੀ ਮੌਜੂਦ ਸਨ। ਇਸ ਸਮਾਰੋਹ ਵਿਚ ਸਿਆਟਲ ਦੀਆਂ ਲਗਭਗ ਸਾਰੀਆਂ ਵੱਡੀਆਂ ਹਸਤੀਆਂ ਦੇ ਨਾਲ ਨਾਲ ਵਿਅਕਤੀਗਤ ਤੌਰ 'ਤੇ 200 ਤੋਂ ਵੱਧ ਇਕੱਠੇ ਹੋਏ ਮੈਂਬਰਾਂ, ਅਹੁਦੇਦਾਰਾਂ ਅਤੇ ਮਹਿਮਾਨਾਂ ਨੇ ਵੱਖ ਵੱਖ ਵਿਸ਼ਿਆਂ 'ਤੇ ਸਿਰਜੀਆਂ ਆਪਣੀਆਂ ਰਚਨਾਵਾਂ, ਕਵਿਤਾਵਾਂ, ਗੀਤ, ਕਹਾਣੀਆਂ ਸਾਂਝੀਆਂ ਕੀਤੀਆਂ। ਸਭਾ ਦੇ ਸੀਨੀਅਰ ਡਾ. ਪ੍ਰੇਮ ਕੁਮਾਰ ਨੇ ਆਪਣੀ ਕਵਿਤਾ ਨਾਲ ਕਵੀ ਦਰਬਾਰ ਦਾ ਆਗਾਜ਼ ਕੀਤਾ। ਜੰਗਪਾਲ ਸਿੰਘ, ਪ੍ਰਿਤਪਾਲ ਸਿੰਘ ਟਿਵਾਣਾ, ਮੰਗਤ ਕੁਲਜਿੰਦ, ਸਾਧੂ ਸਿੰਘ ਝੱਜ, ਸ਼ਿੰਦਰਪਾਲ ਔਜਲਾ, ਸ਼ਿੰਗਾਰ ਸਿੰਘ ਸਿੱਧੂ, ਸੁਖਵੀਰ ਬੀਹਲਾ, ਅਮਰਜੀਤ ਤਰਸਿੱਕਾ, ਸਿਮਰਨ ਸਿੰਘ, ਮਨਜੀਤ ਕੌਰ ਗਿੱਲ, ਹਰਪਾਲ ਸਿੱਧੂ, ਜਸਵੀਰ ਨਿੱਜਰ ਅਤੇ ਇਨਾਇਤ ਕੌਰ ਸਿੱਧੂ, ਚੰਨਾ ਆਲਮਗੀਰ, ਇੰਦਰਜੀਤ ਬੱਲੋਵਾਲੀਆ, ਗੁਰਬਚਨ ਸਿੰਘ ਧਾਲੀਵਾਲ, ਬਲਿਹਾਰ ਲੇਹਲ, ਸੁਖਚੈਨ ਸਿੰਘ ਸੰਧੂ, ਗੁਰਦੀਪ ਸਿੰਘ ਸਿੱਧੂ, ਡਾ.ਜੇ.ਬੀ ਸਿੰਘ ਅਤੇ ਅਵਤਾਰ ਸਿੰਘ ਆਦਮਪੁਰੀ ਨੇ ਗੀਤ ਗਾ ਕੇ ਤੇ ਕਵਿਤਾਵਾਂ ਉਚਾਰ ਕੇ ਸਰੋਤਿਆਂ ਨਾਲ ਸਾਂਝ ਪਾਈ।

ਲੇਖਕ ਹਰਪਾਲ ਸਿੰਘ ਸਿੱਧੂ ਨੇ ਕਿਤਾਬ ਦੀ ਸਿਰਜਣਾ ਕਿਉਂ ਤੇ ਕਿਵੇਂ ਹੋਈ ਬਾਰੇ ਚਾਨਣਾ ਪਾਇਆ। ਮੁੱਖ ਮਹਿਮਾਨ ਮੰਡੇਰ ਜੀ ਅਤੇ ਪ੍ਰਧਾਨਗੀ ਮੰਡਲ ਸਮੇਤ ਸਭਾ ਦੇ ਅਹੁਦੇਦਾਰਾਂ ਨੇ ਇਸ ਪੁਸਤਕ ਨੂੰ 'ਢੋਲ ਦੀ ਤਾਲ' 'ਤੇ ਲੋਕ ਅਰਪਣ ਕੀਤਾ। ਸਭਾ ਵਲੋਂ ਸੰਤੋਖ ਸਿੰਘ ਮੰਡੇਰ ਨੂੰ ਸਨਮਾਨਿਤ ਕੀਤਾ ਗਿਆ। ਸ. ਗੁਰਸੇਵਕ ਸਿੰਘ ਬਰਾੜ ਅਤੇ ਸ. ਮਨਮੋਹਨ ਸਿੰਘ ਧਾਲੀਵਾਲ ਵੱਲੋਂ ਸਭਾ ਦੀ ਵਿੱਤੀ ਸਹਾਇਤਾ ਕੀਤੀ ਗਈ। ਉਨ੍ਹਾਂ ਦਾ ਸਨਮਾਨ ਕਰਦਿਆਂ ਸਭਾ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਬੀਬੀ ਰੂਪ ਸੰਧੂ ਨੇ ਕਿਤਾਬ ਬਾਰੇ ਬੋਲਦਿਆਂ ਲੇਖਕ ਨੂੰ ਵਧਾਈ ਦਿੱਤੀ। ਸਭਾ ਦੇ ਸਕੱਤਰ ਡਾ.ਸੁਖਵੀਰ ਬੀਹਲਾ ਨੇ ਸਟੇਜ ਸੰਚਾਲਨ ਬਾਖ਼ੂਬੀ ਨਿਭਾਇਆ। ਢੋਲ ਦੀ ਤਾਲ ਅਤੇ ਸਾਊਂਡ ਸਿਸਟਮ 'ਤੇ ਅਨਹਦ ਸਿੱਧੂ ਸੇਵਾਵਾਂ ਦੇ ਰਿਹਾ ਸੀ।

ਇਸ ਪ੍ਰੋਗਰਾਮ ਦਾ ਸਿਮਰਨ ਸਿੰਘ ਨੇ ਸਿੱਧਾ ਪ੍ਰਸਾਰਣ ਆਪਣੇ ਰੇਡੀਓ ਉਪਰ ਕੀਤਾ ਜਦਕਿ ਸੁਰਿੰਦਰ ਸਿੰਘ ਗਿੱਲ ਨੇ ਪ੍ਰੋਗਰਾਮ ਦੀ ਫੋਟੋਗ੍ਰਾਫੀ ਕੀਤੀ। ਕੈਂਟ ਇਵੈਂਟ ਦੇ ਮਾਲਕ ਸ. ਸੈਮ ਵਿਰਕ ਵੱਲੋਂ ਕੀਤੇ ਗਏ ਪ੍ਰਬੰਧਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

## ਗੁਰਦੁਆਰਾ ਸਿੱਖ ਸਟੱਡੀ ਸਰਕਲ ਐਟਲਾਂਟਾ ਵਿਖੇ ਵਿਸਾਖੀ ਮਨਾਈ

**ਐਟਲਾਂਟਾ:** ਗੁਰਦੁਆਰਾ ਸਿੱਖ ਸਟੱਡੀ ਸਰਕਲ ਐਟਲਾਂਟਾ ਵਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ। ਲੰਘੇ ਐਤਵਾਰ ਨੂੰ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਮਨਿੰਦਰ ਸਿੰਘ, ਭਾਈ ਸਚਿਨ ਸਿੰਘ ਅਤੇ ਭਾਈ ਹਰਪ੍ਰੀਤ ਸਿੰਘ ਨੇ ਮਨੋਹਰ ਕੀਰਤਨ ਕੀਤਾ।

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਗੁਰਿੰਦਰਪਾਲ ਸਿੰਘ ਨੇ ਵਿਸਾਖੀ ਦੇ ਇਤਿਹਾਸ ਸੰਬੰਧੀ ਕਥਾ ਵਿਖਿਆਨ ਕੀਤਾ। ਸਭ ਸੰਗਤ ਨੇ ਮਿਲ ਕੇ ਅਰਦਾਸ ਕਰਨ ਉਪਰੰਤ ਨਿਸ਼ਾਨ ਸਾਹਿਬ ਦਾ ਚੋਲਾ ਸਾਹਿਬ ਬਦਲਣ ਦੀ ਸੇਵਾ ਨਿਭਾਈ। ਸੰਗਤ ਦੇ ਸਹਿਯੋਗ ਨਾਲ ਚਾਹ ਅਤੇ ਪਰਸ਼ਾਦੇ ਦਾ ਅਤੁੱਟ ਲੰਗਰ ਵਰਤਾਇਆ ਗਿਆ।




ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਸੁਰਿੰਦਰ ਸਿੰਘ ਝਾਗੜਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸਿਆਟਲ ਦੀ ਮੈਨਰਜ਼ ਬੇਸਬਾਲ ਟੀਮ ਨੇ ਰੋਇਲ ਕੈਨਸਸ ਸਿਟੀ ਟੀਮ ਨੂੰ 4-1 ਅੰਕ ਨਾਲ ਹਰਾਇਆ

**ਸਿਆਟਲ:** ਸਿਆਟਲ ਦੇ ਇਨਡੋਰ ਸਟੇਡੀਅਮ ਵਿਚ 50 ਹਜ਼ਾਰ ਦਰਸ਼ਕਾਂ ਦੇ ਇਕੱਠ ਸਾਹਮਣੇ ਸਿਆਟਲ ਦੀ ਮੈਰੀਨਰਜ਼ ਬੇਸਬਾਲ ਟੀਮ ਨੇ ਰੋਇਲ ਕੈਨਸਸ ਸਿਟੀ ਦੀ ਟੀਮ ਨੂੰ 4-1 ਅੰਕਾਂ ਦੇ ਫਰਕ ਨਾਲ ਹਰਾ ਕੇ ਵੱਕਾਰੀ ਮੈਚ ਜਿੱਤਿਆ।

ਮੈਰੀਨਰਜ਼ ਟੀਮ ਦੇ ਖਿਡਾਰੀ ਕੈਲਨਿਕ ਨੇ 3 ਅੰਕ ਲੈ ਕੇ ਟੀਮ ਨੂੰ ਜਿੱਤਣ ਵਿਚ ਯੋਗਦਾਨ ਪਾਇਆ। ਕੋਵਿਡ-19 ਤੋਂ ਬਾਅਦ ਪਹਿਲੀ ਵਾਰ ਦਰਸ਼ਕਾਂ ਨੇ ਵੱਡੀ ਗਿਣਤੀ ਵਿਚ ਪੁੱਜ ਕੇ ਮੈਚ ਦਾ ਆਨੰਦ ਮਾਣਿਆ। ਪੰਜਾਬੀ ਭਾਈਚਾਰੇ ਦੇ ਖੇਡ ਪ੍ਰੇਮੀਆਂ ਸੁਖਦੇਵ ਸਿੰਘ ਸੰਧੂ ਰੋੜਾਂਵਾਲਾ, ਸੌਰਵ ਰਿਸ਼ੀ ਤੇ ਕਰਮਜੀਤ ਸਿੰਘ ਨੇ ਜੇਤੂ ਟੀਮ ਨੂੰ ਵਧਾਈ ਦਿਤੀ।




# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issue-less USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India.
Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।***
apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India. Contact us at: 312-909-3827 and bipinloi07@gmail.com 16-19

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com" 14-17

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr


Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar


Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

- Business Immigration & Worksite Compliance
  ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੁਵਲ ਡਿਫੈਂਸੀ ਐਂਡ ਵੇਵੇਰਸ

Come talk to an experienced immigration attorney

Toll Free No. 866-424-4000

OUR OFFICES

- 432 S Emerson Ave, Suite 220, Greenwood, IN 46143
  Phone: 317.560.4777
- 1067 N Mason Rd., Suite 4, St Louis, Missouri 63141
  Phone: 314.416.8000
- 2440 W Shaw Ave., Suite 205, Fresno, California 93711
  Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English

# ਟਰੱਕ ਵਾਸ਼ ਵਿਕਾਊ ਜਾਂ ਲੀਜ਼ ’ਤੇ ਉਪਲੱਬਧ ਹੈ

I-80 ’ਤੇ ‘ਟੂ ਵੇਅ’ ਟਰੱਕ ਵਾਸ਼ ਵਿਕਾਊ ਜਾਂ ਲੀਜ਼ ’ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ ‘ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ ‘ਸੀ. ਡੀ. ਐੱਲ. ਸਟਾਰਟ’ ਵਿਚ ਆਓ।




### ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

### ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

### ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ ‘ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

### ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ ‘ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ ‘ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਹੇਮਕੁੰਟ ਯਾਤਰਾ ਲਈ ਕਿਵਾੜ 22 ਨੂੰ ਖੁੱਲ੍ਹਣਗੇ

**ਅੰਮ੍ਰਿਤਸਰ:** ਉਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਅਤੇ ਰਸਤੇ ਵਿਚ ਜੰਮੀ ਬਰਫ ਹਟਾਉਂਦੇ ਹੋਏ ਭਾਰਤੀ ਫੌਜ ਦੇ ਜਵਾਨ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਸਾਹਿਬ ਪੁੱਜ ਗਏ ਹਨ। ਇਸ ਸਾਲਾਨਾ ਧਾਰਮਿਕ ਯਾਤਰਾ ਲਈ 22 ਮਈ ਨੂੰ ਗੁਰਦੁਆਰੇ ਦੇ ਕਪਾਟ ਖੋਲ੍ਹੇ ਜਾਣਗੇ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਆਗੂ ਨਰਿੰਦਰਪਾਲ ਸਿੰਘ ਬਿੰਦਰਾ ਨੇ ਦੱਸਿਆ ਕਿ ਭਾਰਤੀ ਸੈਨਾ ਦੇ ਜਵਾਨਾਂ ਦੀ ਟੀਮ ਗੁਰਦੁਆਰਾ ਸਾਹਿਬ ਪੁੱਜ ਗਈ ਹੈ। ਉਨ੍ਹਾਂ ਗੁਰਦੁਆਰੇ ਦੇ ਮੁੱਖ ਗੇਟ ਦੇ ਸਾਹਮਣੇ ਜੰਮੀ ਬਰਫ ਹਟਾਉਣ ਮਗਰੋਂ ਜੈਕਾਰਿਆਂ ਦੀ ਗੂੰਜ ਵਿਚ ਗੇਟ ਖੋਲ੍ਹਿਆ।

ਫੌਜ ਦੇ ਜਵਾਨਾਂ ਅਤੇ ਟਰੱਸਟ ਦੇ ਕਾਮਿਆਂ ਨੇ ਗੁਰਦੁਆਰੇ ਦੇ ਆਲੇ-ਦੁਆਲੇ ਜੰਮੀ ਬਰਫ ਹਟਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਫੌਜੀ ਟੀਮ ਨੇ ਲਗਭਗ ਤਿੰਨ ਕਿਲੋਮੀਟਰ ਤੱਕ ਜੰਮੀ ਬਰਫ ਹਟਾ ਕੇ ਰਸਤਾ ਬਣਾਇਆ ਹੈ, ਜਿਸ ਨੂੰ ਹੁਣ ਹੋਰ ਖੁੱਲ੍ਹਾ ਕੀਤਾ ਜਾਵੇਗਾ ਤਾਂ ਜੋ ਸਾਲਾਨਾ ਯਾਤਰਾ ਸ਼ੁਰੂ ਹੋਣ 'ਤੇ ਸੰਗਤ ਨੂੰ ਕੋਈ ਮੁਸ਼ਕਲ ਨਾ ਆਵੇ। ਭਾਰਤੀ ਫੌਜ ਦੀ ਇਸ ਟੀਮ ਨੇ 14 ਅਪਰੈਲ ਨੂੰ ਬਰਫ ਹਟਾਉਣ ਦਾ ਕੰਮ ਸ਼ੁਰੂ ਕੀਤਾ ਸੀ ਤੇ ਲਗਭਗ ਦਸ ਦਿਨਾਂ ਵਿਚ ਰਸਤਾ ਬਣਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਉਤਰਾਖੰਡ ਸਰਕਾਰ ਦੇ ਸਹਿਯੋਗ ਨਾਲ 22 ਮਈ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਖੋਲ੍ਹੇ ਜਾਣਗੇ। ਇਸ ਤੋਂ ਪਹਿਲਾਂ 19 ਮਈ ਨੂੰ ਰਿਸ਼ੀਕੇਸ਼ ਤੋਂ ਪਹਿਲਾ ਜਥਾ ਰਵਾਨਾ ਹੋਵੇਗਾ।



## ਸੁਪਰੀਮ ਕੋਰਟ ਧਾਰਾ 370 ਮਾਮਲੇ ਵਿਚ ਪਟੀਸ਼ਨਾਂ ਉਤੇ ਸੁਣਵਾਈ ਲਈ ਰਾਜ਼ੀ

**ਨਵੀਂ ਦਿੱਲੀ:** ਜੰਮੂ ਕਸ਼ਮੀਰ 'ਚੋਂ ਧਾਰਾ 370 ਹਟਾਉਣ ਦੇ ਫੈਸਲੇ ਖਿਲਾਫ ਪਾਈਆਂ ਗਈਆਂ ਪਟੀਸ਼ਨਾਂ ਉਤੇ ਸੁਪਰੀਮ ਕੋਰਟ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸੁਣਵਾਈ ਕਰੇਗਾ। ਸਿਖਰਲੀ ਅਦਾਲਤ ਨੇ ਕਿਹਾ ਕਿ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਮਗਰੋਂ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ। ਚੀਫ ਜਸਟਿਸ ਐਨ.ਵੀ. ਰਾਮੰਨਾ ਦੇ ਬੈਂਚ ਨੇ ਇਕ ਪਟੀਸ਼ਨਕਰਤਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ੇਖਰ ਨਾਫੜੇ ਦੀ ਦਲੀਲ ਦਾ ਨੋਟਿਸ ਲਿਆ। ਵਕੀਲ ਨੇ ਕਿਹਾ ਕਿ ਜੰਮੂ ਕਸ਼ਮੀਰ ਵਿਚ ਹਲਕਿਆਂ ਦੀ ਮੁੜ ਹੱਦਬੰਦੀ ਕੀਤੀ ਜਾ ਰਹੀ ਹੈ। ਇਸ ਲਈ ਤੁਰਤ ਸੁਣਵਾਈ ਕੀਤੀ ਜਾਵੇ। ਚੀਫ ਜਸਟਿਸ ਨੇ ਕਿਹਾ ਕਿ ਇਹ ਪੰਜ ਜੱਜਾਂ ਦੇ ਸੁਣਨ ਵਾਲਾ ਮਾਮਲਾ ਹੈ। ਅਦਾਲਤ ਨੂੰ ਬੈਂਚ ਦਾ ਮੁੜ ਤੋਂ ਗਠਨ ਕਰਨਾ ਪਵੇਗਾ। ਸਿਖਰਲੀ ਅਦਾਲਤ ਨੇ ਮਗਰੋਂ ਬੈਂਚ ਗਠਿਤ ਕਰਨ ਤੇ ਸੁਣਵਾਈ ਲਈ ਸਹਿਮਤੀ ਦੇ ਦਿੱਤੀ।

## ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਵਾਏਗੀ ਮਾਨ ਸਰਕਾਰ

**ਚੰਡੀਗੜ੍ਹ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਵਿਚ ਪੰਚਾਇਤੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਏਗੀ। ਪਹਿਲੇ ਗੇੜ 'ਚ 31 ਮਈ ਤੱਕ ਪੰਜ ਹਜ਼ਾਰ ਏਕੜ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾਣਗੇ, ਜਿਨ੍ਹਾਂ ਦੇ ਕਬਜ਼ਾ ਵਾਰੰਟ ਮਹਿਕਮੇ ਨੂੰ ਮਿਲੇ ਹੋਏ ਹਨ। ਮੁੱਖ ਦਫਤਰ ਵਿਚ ਵਧੀਕ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਚਾਇਤ ਮੰਤਰੀ ਧਾਲੀਵਾਲ ਨੇ ਨਾਜਾਇਜ਼ ਕਬਜ਼ੇ ਹਟਾਏ ਜਾਣ ਲਈ ਰਣਨੀਤੀ ਸਾਂਝੀ ਕੀਤੀ। ਮੰਤਰੀ ਨੇ ਨਾਜਾਇਜ਼ ਕਬਜ਼ੇ ਹਟਾਉਣ ਲਈ ਪੁਲਿਸ ਤੇ ਮਾਲ ਮਹਿਕਮੇ ਨੂੰ ਤਾਲਮੇਲ ਕਰਨ ਲਈ ਕਿਹਾ ਹੈ। ਪੰਚਾਇਤ ਮੰਤਰੀ ਨੇ ਮੀਟਿੰਗ ਮਗਰੋਂ ਕਿਹਾ ਕਿ ਪਿਛਲੀਆਂ ਹਕੂਮਤਾਂ ਵੇਲੇ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਹੋਏ ਹਨ ਅਤੇ 'ਆਪ' ਸਰਕਾਰ ਵੱਡੇ ਲੋਕਾਂ ਵੱਲੋਂ ਮੱਲੀਆਂ ਜ਼ਮੀਨਾਂ ਖਾਲੀ ਕਰਵਾਉਣ ਲਈ ਔਖੀ ਤੋਂ ਔਖੀ ਲੜਾਈ ਲੜਨ ਲਈ ਵੀ ਤਿਆਰ ਹੈ।

## ਕੇਂਦਰੀ ਖੇਤੀ ਮੰਤਰੀ ਨੇ ਪੰਜਾਬ ਦੇ ਕਿਸਾਨਾਂ ਸਿਰ ਫਿਰ ਦੋਸ਼ ਮੜ੍ਹਿਆ

**ਨਵੀਂ ਦਿੱਲੀ:** ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਹੈ ਕਿ ਰਸਾਇਣਿਕ ਖੇਤੀ ਦਾ ਨੁਕਸਾਨ ਅਜਿਹਾ ਹੈ ਕਿ ਪੰਜਾਬ ਦਾ ਕਿਸਾਨ ਆਪਣੀ ਬੀਜੀ ਫਸਲ ਹੋਰਾਂ ਨੂੰ ਤਾਂ ਵੇਚਦਾ ਹੈ ਪਰ ਉਹ ਆਪ ਇਸ ਦੀ ਵਰਤੋਂ ਨਹੀਂ ਕਰਦਾ ਹੈ। ਉਨ੍ਹਾਂ ਕਿਹਾ ਕਿ ਰਸਾਇਣਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਦੇ ਰੁਝਾਨ ਨੂੰ ਬਦਲਣਾ ਪਵੇਗਾ।

ਸ੍ਰੀ ਤੋਮਰ ਨੇ ਨਿਵੇਕਲੀ ਖੇਤੀ ਬਾਰੇ ਇਥੇ ਕੌਮੀ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਖੇਤੀ ਸੈਕਟਰ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖੇਤੀ ਦੇ ਬਦਲਵੇਂ ਢੰਗ-ਤਰੀਕਿਆਂ ਖਾਸ ਕਰਕੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਦੇਸ਼ 'ਚ ਖੇਤੀ ਨੂੰ ਬਚਾਉਣ ਦੀ ਲੋੜ ਹੈ ਕਿਉਂਕਿ ਵੱਡੀ ਫੀਸਦੀ ਆਬਾਦੀ ਅਜੇ ਵੀ ਆਪਣੀ ਰੋਜ਼ੀ-ਰੋਟੀ ਲਈ ਖੇਤੀ 'ਤੇ ਨਿਰਭਰ ਹੈ। ਕੁਦਰਤੀ ਖੇਤੀ ਅਪਨਾਉਣ ਦੇ ਕਾਰਨਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਰਸਾਇਣਾਂ ਨਾਲ ਖੇਤੀ 1950ਵਿਆਂ 'ਚ ਹਰੇ ਇਨਕਲਾਬ ਦੌਰਾਨ ਸ਼ੁਰੂ ਕੀਤੀ ਗਈ ਸੀ ਅਤੇ ਇਸ ਨਾਲ ਦੇਸ਼ 'ਚ ਵਾਧੂ ਅਨਾਜ ਪੈਦਾ ਹੋ ਗਿਆ ਸੀ ਪਰ ਖੇਤੀ ਦੇ ਇਸ ਤਰੀਕੇ ਦਾ ਮਾੜਾ ਅਸਰ ਮਿੱਟੀ, ਪਾਣੀ ਅਤੇ ਆਲਮੀ ਤਪਸ਼ 'ਤੇ ਪਿਆ। ਸ੍ਰੀ ਤੋਮਰ ਨੇ ਕਿਹਾ,"ਰਸਾਇਣਿਕ ਖੇਤੀ ਨੇ ਅਨਾਜ ਦੀ ਪੈਦਾਵਾਰ ਵਧਾਉਣ 'ਚ ਸਹਾਇਤਾ ਕੀਤੀ ਪਰ ਇਸ ਦੀ ਹੱਦ ਹੁੰਦੀ ਹੈ।

## ਮਾਨ ਦੇ 'ਦਿੱਲੀ ਮੋਹ' ਕਾਰਨ ਵਿਵਾਦ

*(ਪਹਿਲੇ ਸਫੇ ਦੀ ਬਾਕੀ)*

ਦਾ ਕਹਿਣਾ ਹੈ ਕਿ ਇਹ ਸਮਝੌਤਾ ਪੰਜਾਬ ਸਰਕਾਰ ਵੱਲੋਂ ਆਪਣੇ ਲੋਕਾਂ ਪ੍ਰਤੀ ਜ਼ਿੰਮੇਵਾਰੀ ਨੂੰ ਪੂਰਨ ਤੌਰ 'ਤੇ ਤਿਲਾਂਜਲੀ ਦੇਣ ਦੇ ਬਰਾਬਰ ਹੈ। ਇਹ ਸਮਝੌਤਾ ਯਕੀਨੀ ਬਣਾਏਗਾ ਕਿ ਪੰਜਾਬ ਸਰਕਾਰ ਅਸਲ ਵਿਚ ਅਰਵਿੰਦ ਕੇਜਰੀਵਾਲ ਦੇ ਹੱਥ ਹੈ।

ਯਾਦ ਰਹੇ ਕਿ ਕੇਜਰੀਵਾਲ ਵੱਲੋਂ ਪੰਜਾਬ ਦਾ ਮੁੱਖ ਮੰਤਰੀ ਬਣ ਦੀ 'ਇੱਛਾ' ਹਮੇਸ਼ਾ ਚਰਚਾ ਵਿਚ ਰਹੀ ਹੈ। ਇਸ ਦਾਅਵੇ ਪਿੱਛੇ ਤਰਕ ਇਹ ਦਿੱਤਾ ਜਾਂਦਾ ਰਿਹਾ ਹੈ ਕਿ ਦਿੱਲੀ ਨੂੰ ਪੂਰਨ ਰਾਜ ਦਾ ਦਰਜ ਨਾ ਹੋਣ ਕਾਰਨ ਕੇਜਰੀਵਾਲ ਇਕ ਮਿਉਂਸਿਪਲ ਕਮੇਟੀ ਪ੍ਰਧਾਨ ਜਿੰਨਾ ਰੁਤਬਾ ਰੱਖਦੇ ਹਨ। ਉਨ੍ਹਾਂ ਨੂੰ ਕੇਂਦਰ ਦੇ ਦਾਬੇ ਵਿਚ ਰਹਿ ਕੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਵਿਧਾਨ ਸਭਾ ਚੋਣਾਂ ਦੌਰਾਨ ਆਪ ਦੇ ਸੀਨੀਅਰ ਆਗੂ ਰਹੇ ਕੁਮਾਰ ਵਿਸ਼ਵਾਸ ਵੱਲੋਂ ਵੀ ਅਜਿਹੇ ਦੋਸ਼ ਲਾਏ ਗਏ ਸਨ। ਤਾਜ਼ਾ ਸਮਝੌਤਿਆਂ ਪਿੱਛੋਂ ਇਹ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਹੁਣ ਪੰਜਾਬ ਦੇ ਸਾਰੇ ਮੰਤਰੀ ਤੇ ਅਫਸਰ ਕੇਜਰੀਵਾਲ ਨੂੰ ਰਿਪੋਰਟ ਕਰਨਗੇ ਤੇ ਹੁਣ ਕੇਜਰੀਵਾਲ ਦੀ ਪਹੁੰਚ ਪੰਜਾਬ ਸਰਕਾਰ ਦੀਆਂ ਫਾਈਲਾਂ ਤੱਕ ਹੋਵੇਗੀ। ਇਸ ਸਮਝੌਤੇ ਦੀ ਮਦ 3 ਮੁਤਾਬਕ ਭਵਿੱਖੀ ਸਰਕਾਰਾਂ ਵੀ ਇਸ ਸਮਝੌਤੇ ਦੀ ਪਾਲਣਾ ਲਈ ਪਾਬੰਦ ਹੋਣਗੀਆਂ। ਭਗਵੰਤ ਮਾਨ ਤੇ ਕੇਜਰੀਵਾਲ ਇਨ੍ਹਾਂ ਸਮਝੌਤਿਆਂ ਬਾਰੇ ਭਾਵੇਂ ਲੱਖ ਤਰਕ ਦੇ ਦੇਣ, ਪਰ ਤਾਜ਼ਾ ਫੈਸਲਾ ਪੰਜਾਬੀਆਂ ਦੇ ਮਨਾਂ ਵਿਚ ਸ਼ੰਕੇ ਖੜ੍ਹੇ ਕਰਨ ਵਾਲਾ ਹੈ।

ਅਸਲ ਵਿਚ, ਪਿਛਲੇ ਦਿਨਾਂ ਵਿਚ ਭਗਵੰਤ ਮਾਨ ਸਣੇ ਪੰਜਾਬ ਦੀ ਆਪ ਲੀਡਰਸ਼ਿਪ ਦੀ ਸੂਬੇ ਦੇ ਅਹਿਮ ਮਸਲਿਆਂ ਬਾਰੇ ਚੁੱਪ ਕਈ ਸਵਾਲ ਖੜ੍ਹੇ ਕਰਨ ਵਾਲੀ ਹੈ। ਸੂਬੇ ਦੀ ਵਿਧਾਨ ਸਭਾ ਵਿਚ ਆਪ ਦੇ 92 ਵਿਧਾਇਕ ਹੋਣ ਦੇ ਬਾਵਜੂਦ ਪਾਰਟੀ ਨੇ ਸੂਬੇ ਤੋਂ ਬਾਹਰਲੇ ਰਾਜ ਸਭਾ ਮੈਂਬਰਾਂ ਨੂੰ ਚੁਣ ਕੇ ਭੇਜ ਦਿੱਤਾ ਪਰ ਭਗਵੰਤ ਮਾਨ ਇਸ ਬਾਰੇ ਚੁੱਪ ਰਹੇ। ਪਾਰਟੀ ਦੇ ਦਿੱਲੀ ਬੈਠੇ ਆਗੂ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ) ਨਹਿਰ ਦਾ ਪਾਣੀ ਹਰਿਆਣਾ ਨੂੰ ਦੇਣ ਦੀਆਂ ਗੱਲਾਂ ਕਰਦੇ ਹਨ। 'ਆਪ' ਦੇ ਦਿੱਲੀ ਤੋਂ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਵੱਲੋਂ ਐਸ.ਵਾਈ.ਐਲ ਨਹਿਰ ਦਾ ਪਾਣੀ ਹਰਿਆਣਾ ਦੇ ਹਰ ਪਿੰਡ ਪਹੁੰਚਣ ਦੀ 'ਗਰੰਟੀ' ਦੇਣ ਪਿੱਛੋਂ ਵੀ ਭਗਵੰਤ ਮਾਨ ਦੀ ਚੁੱਪ ਕਈ ਸਵਾਲ ਖੜ੍ਹੇ ਕਰ ਵਾਲੀ ਹੈ। ਆਮ ਆਦਮੀ ਪਾਰਟੀ ਇਸ ਸਮੇਂ ਚੋਣਾਂ ਵੇਲੇ ਦਿੱਤੀਆਂ ਗਰੰਟੀਆਂ ਪੂਰੀਆਂ ਕਰਨ ਦੇ ਦਾਅਵੇ ਤਾਂ ਕਰਦੀ ਹੈ ਪਰ ਪੰਜਾਬ ਦੇ ਬੁਨਿਆਦੀ ਮਸਲਿਆਂ ਬਾਰੇ ਚੁੱਪ ਹੈ। ਇਸ ਸਮੇਂ ਮਾਹੌਲ ਇਹ ਹੈ ਕਿ ਸੂਬੇ ਵਿਚ ਕਤਲ ਤੇ ਲੁੱਟ ਖੋਹ ਦੀਆਂ ਵਾਰਦਾਤਾਂ ਇਕਦਮ ਵਧ ਗਈਆਂ ਹਨ। ਇਸ ਵਾਰ ਫਸਲ ਦੇ ਘੱਟ ਝਾੜ ਕਾਰਨ ਪਿਛਲੇ ਢਾਈ ਹਫਤਿਆਂ ਵਿਚ 14 ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਗਏ ਹਨ। ਨਸ਼ਿਆਂ ਦੀ ਓਵਰਡੋਜ਼ ਕਾਰਨ ਮੌਤਾਂ ਦੀਆਂ ਖਬਰਾਂ ਨਿੱਤ ਆ ਰਹੀਆਂ ਹਨ। ਤਾਜ਼ਾ ਮਾਹੌਲ ਬਦਲਾਅ ਦੇ ਦਾਅਵੇ ਨਾਲ ਆਈ ਆਮ ਆਦਮੀ ਪਾਰਟੀ ਦੇ ਇਰਾਦਿਆਂ ਉਤੇ ਸਵਾਲ ਜ਼ਰੂਰ ਚੁੱਕਦਾ ਹੈ।

## ਹੁਣ ਪੰਜਾਬ 'ਚ ਲਾਗੂ ਹੋਵੇਗਾ 'ਦਿੱਲੀ ਮਾਡਲ'

**ਨਵੀਂ ਦਿੱਲੀ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸੂਬੇ ਵਿਚ ਸਿੱਖਿਆ ਅਤੇ ਸਿਹਤ 'ਚ 'ਦਿੱਲੀ ਮਾਡਲ' ਅਪਨਾਉਣ ਲਈ ਤਿਆਰ ਹੈ ਜਿੱਥੇ ਕਮਜ਼ੋਰ ਆਰਥਿਕ ਪਿਛੋਕੜ ਵਾਲੇ ਸਾਰੇ ਵਿਦਿਆਰਥੀਆਂ ਨੂੰ ਵੀ ਮਿਆਰੀ ਸਿੱਖਿਆ ਹਾਸਲ ਕਰਨ ਦਾ ਬਰਾਬਰ ਦਾ ਅਧਿਕਾਰ ਹੋਵੇਗਾ। ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਇਥੋਂ ਦੇ ਵਿਦਿਅਕ ਅਦਾਰਿਆਂ ਅਤੇ ਸਿਹਤ ਸੰਸਥਾਵਾਂ ਦਾ ਦੌਰਾ ਕਰਕੇ 'ਦਿੱਲੀ ਮਾਡਲ' ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨਾਲ ਪੰਜਾਬ ਦੇ ਸਿੱਖਿਆ ਮੰਤਰੀ ਮੀਤ ਹੇਅਰ, ਸਿਹਤ ਮੰਤਰੀ ਡਾਕਟਰ ਵਿਜੈ ਸਿੰਗਲਾ ਅਤੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

## ਕਾਂਗਰਸ ਦੀ ਹਾਈਕਮਾਨ ਹੁਣ 'ਬਾਗੀਆਂ' ਦੁਆਲੇ

*(ਪਹਿਲੇ ਸਫੇ ਦੀ ਬਾਕੀ)*

ਅਨੁਸ਼ਾਸਨੀ ਕਮੇਟੀ ਦੇ ਫੈਸਲੇ ਤੋਂ ਪਹਿਲਾਂ ਹੀ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਟਵੀਟ ਕੀਤਾ ਸੀ, ਜਿਸ ਵਿਚ ਜਾਵੇਦ ਅਖ਼ਤਰ ਦਾ ਹਵਾਲਾ ਦਿੱਤਾ ਗਿਆ ਸੀ। ਜਾਖੜ ਨੇ ਟਵੀਟ ਕੀਤਾ ਸੀ ਕਿ ਅੱਜ ਉਨ੍ਹਾਂ ਲੋਕਾਂ ਦੇ ਸਿਰ ਕਲਮ ਹੋਣਗੇ, ਜਿਨ੍ਹਾਂ ਵਿਚ ਜ਼ਮੀਰ ਬਚੀ ਹੈ। ਵੇਰਵਿਆਂ ਅਨੁਸਾਰ ਤਾਰਿਕ ਅਨਵਰ ਦੀ ਪ੍ਰਧਾਨਗੀ ਹੇਠ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਹੋਈ ਸੀ, ਜਿਸ ਵਿਚ ਜਾਖੜ ਨੂੰ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਕਮੇਟੀ ਦਾ ਕਹਿਣਾ ਸੀ ਕਿ ਜਾਖੜ ਨੇ ਪਾਰਟੀ ਖਿਲਾਫ ਜਾ ਕੇ ਬਿਆਨਬਾਜ਼ੀ ਕੀਤੀ ਅਤੇ ਅਨੁਸ਼ਾਸਨ ਭੰਗ ਕੀਤਾ। ਅਨੁਸ਼ਾਸਨੀ ਕਮੇਟੀ ਨੇ ਇਕ ਹੋਰ ਆਗੂ ਕੇ.ਵੀ. ਥਾਮਸ ਖਿਲਾਫ ਵੀ ਕਾਰਵਾਈ ਲਈ ਲਿਖਿਆ ਹੈ। ਹਾਈਕਮਾਨ ਦੀ ਜਾਖੜ ਖਿਲਾਫ ਮੱਠੀ ਕਾਰਵਾਈ ਤੋਂ ਸਾਫ ਹੈ ਕਿ ਹਾਈਕਮਾਨ ਅੰਦਰਖਾਤੇ ਸੁਨੀਲ ਜਾਖੜ ਨੂੰ ਕਿਸੇ ਵੀ ਸੂਰਤ ਵਿਚ ਗੁਆਉਣਾ ਨਹੀਂ ਚਾਹੁੰਦੀ। ਜਾਖੜ ਪਰਿਵਾਰ ਦੀ ਕਾਂਗਰਸ ਨੂੰ ਵੱਡੀ ਦੇਣ ਹੈ ਅਤੇ ਸੁਨੀਲ ਜਾਖੜ ਪੰਜਾਬ ਵਿਚ ਚੰਗਾ ਅਕਸ ਰੱਖਦੇ ਹਨ।

## ਮੈਕਰੋਂ ਫਿਰ ਬਣੇ ਫਰਾਂਸ ਦੇ ਰਾਸ਼ਟਰਪਤੀ

**ਪੈਰਿਸ:** ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਮੁੜ ਦੇਸ਼ ਦੇ ਰਾਸ਼ਟਰਪਤੀ ਚੁਣ ਲਏ ਗਏ। ਉਨ੍ਹਾਂ ਨੇ ਆਪਣੀ ਵਿਰੋਧੀ ਆਗੂ ਮਰੀਨ ਲੇ ਪੈਨ ਨੂੰ ਸਖਤ ਟੱਕਰ ਦਿੱਤੀ। ਮੈਕਰੋਂ ਦੀ ਜਿੱਤ ਦੇ ਨਾਲ ਹੀ ਫਰਾਂਸ ਦੇ ਸਹਿਯੋਗੀਆਂ ਨੇ ਰਾਹਤ ਮਹਿਸੂਸ ਕੀਤੀ ਕਿ ਯੂਕਰੇਨ 'ਚ ਛਿੜੀ ਜੰਗ ਵਿਚਾਲੇ ਪਰਮਾਣੂ ਸ਼ਕਤੀ ਸੰਪੰਨ ਦੇਸ਼ ਆਪਣੇ ਰੁਖ ਵਿਚ ਕੋਈ ਬਦਲਾਅ ਨਹੀਂ ਕਰੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਰਿੰਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ


ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਭਾਰਤ-ਬਰਤਾਨੀਆ ਨੇ ਮੁਕਤ ਵਪਾਰ ਸਮਝੌਤੇ ਵੱਲ ਕਦਮ ਵਧਾਏ

**ਨਵੀਂ ਦਿੱਲੀ:** ਤੇਜ਼ੀ ਨਾਲ ਬਦਲ ਰਹੇ ਭੂ-ਸਿਆਸੀ ਹਾਲਾਤ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਬੋਰਿਸ ਜੌਹਨਸਨ ਨੇ ਨਵੀਂ ਅਤੇ ਮੋਕਲੀ ਭਾਰਤ-ਯੂਕੇ ਰੱਖਿਆ ਭਾਈਵਾਲੀ ਲਈ ਸਹਿਮਤੀ ਦਿੱਤੀ ਹੈ।

ਦੋਵਾਂ ਆਗੂਆਂ ਨੇ ਸਾਲ ਦੇ ਅਖੀਰ ਤੱਕ ਮੁਕਤ ਵਪਾਰ ਸਮਝੌਤੇ (ਐਫ.ਟੀ.ਏ.) ਨੂੰ ਸਹੀਬੰਦ ਕਰਨ ਦਾ ਸੰਕਲਪ ਵੀ ਦੁਹਰਾਇਆ। ਦੋਵਾਂ ਧਿਰਾਂ ਨੇ ਵਣਜ ਤੇ ਅਰਥਚਾਰੇ, ਰੱਖਿਆ ਤੇ ਸੁਰੱਖਿਆ, ਵਾਤਾਵਰਨ ਤਬਦੀਲੀ ਸਣੇ ਹੋਰ ਕਈ ਖੇਤਰਾਂ ਵਿਚ ਰਿਸ਼ਤਿਆਂ ਦਾ ਘੇਰਾ ਵਧਾਉਣ ਲਈ 10 ਸਾਲਾ ਰੋਡਮੈਪ ਅਪਣਾਉਣ ਦੀ ਸਹਿਮਤੀ ਦਿੱਤੀ। ਜੌਹਨਸਨ ਨੇ ਦੋਵਾਂ ਮੁਲਕਾਂ ਦੀ ਸਾਂਝ ਦੀਆਂ ਸਿਫਤਾਂ ਕੀਤੀਆਂ। ਆਪਣੀ ਦੋ ਰੋਜ਼ਾ ਭਾਰਤ ਫੇਰੀ ਦੇ ਆਖਰੀ ਦਿਨ ਬਰਤਾਨਵੀ ਪ੍ਰਧਾਨ ਮੰਤਰੀ ਨੇ ਇਥੇ ਹੈਦਰਾਬਾਦ ਹਾਊਸ 'ਚ ਸ੍ਰੀ ਮੋਦੀ ਨਾਲ ਵੱਖ-ਵੱਖ ਮੁੱਦਿਆਂ 'ਤੇ ਤਫ਼ਸੀਲ ਵਿਚ ਗੱਲਬਾਤ ਕੀਤੀ। ਜੌਹਨਸਨ ਨੇ ਕਿਹਾ ਕਿ ਯੂਕੇ ਵੱਲੋਂ ਭਾਰਤ ਲਈ ਓਪਨ ਜਨਰਲ ਐਕਸਪੋਰਟ ਲਾਇਸੈਂਸ (ਓ.ਜੀ.ਈ.ਐਲ.) ਸਿਰਜਿਆ ਜਾ ਰਿਹਾ ਹੈ, ਜਿਸ ਨਾਲ ਰੱਖਿਆ ਖਰੀਦ ਵਿੱਚ 'ਅਫ਼ਸਰਸ਼ਾਹੀ ਨਾਲ ਜੁੜੇ ਅੜਿੱਕੇ ਤੇ ਡਲਿਵਰੀ ਦਾ ਸਮਾਂ' ਘਟਾਉਣ



ਵਿਚ ਮਦਦ ਮਿਲੇਗੀ। ਬਰਤਾਨਵੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਜਲ, ਥਲ, ਹਵਾ ਤੇ ਸਾਈਬਰ ਕਾਰਜ ਖੇਤਰਾਂ 'ਚ ਦਰਪੇਸ਼ ਨਵੀਆਂ ਚੁਣੌਤੀਆਂ ਦੇ ਟਾਕਰੇ ਲਈ ਮਿਲ ਕੇ ਕੰਮ ਕਰਨ 'ਤੇ ਸਹਿਮਤੀ ਦਿੱਤੀ। ਜੌਹਨਸਨ ਨੇ ਕਿਹਾ ਕਿ ਯੂਕੇ ਨਵੀਂ ਲੜਾਕੂ ਜੈੱਟ ਤਕਨੀਕ ਤੇ ਸਾਗਰੀ ਫਰੰਟ 'ਤੇ ਮੌਜੂਦਾ ਖਤਰਿਆਂ ਨਾਲ ਸਿੱਝਣ ਲਈ ਭਾਰਤ ਨਾਲ ਭਾਈਵਾਲੀ ਪਾਏਗਾ। ਉਨ੍ਹਾਂ ਕਿਹਾ, "ਅੱਜ ਅਸੀਂ ਨਵੀਂ ਤੇ ਵਿਆਪਕ ਰੱਖਿਆ ਤੇ ਸੁਰੱਖਿਆ ਭਾਈਵਾਲੀ ਅਤੇ ਦਹਾਕਿਆਂ ਪੁਰਾਣੀ ਆਪਣੀ ਵਚਨਬੱਧਤਾ ਕਿ ਅਸੀਂ ਨਾ ਸਿਰਫ ਰਿਸ਼ਤਿਆਂ ਨੂੰ ਹੋਰ ਗੂੜ੍ਹਾ ਕਰਾਂਗੇ ਬਲਕਿ ਨਰੇਂਦਰ (ਮੋਦੀ) ਦੇ (ਰੱਖਿਆ ਖੇਤਰ ਵਿਚ) ਮੇਕ ਇਨ ਇੰਡੀਆ ਦੇ ਟੀਚੇ ਨੂੰ ਵੀ ਪੂਰਾ ਕਰਾਂਗੇ।" ਮੁਕਤ ਵਪਾਰ ਸਮਝੌਤੇ (ਐਫ.ਟੀ.ਏ.) ਦਾ ਹਵਾਲਾ ਦਿੰਦਿਆਂ ਜੌਹਨਸਨ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਦੋਵਾਂ ਧਿਰਾਂ ਦੇ ਵਾਰਤਾਕਾਰ ਅਕਤੂਬਰ ਵਿਚ ਦੀਵਾਲੀ ਤੋਂ ਪਹਿਲਾਂ ਸਮਝੌਤਾ ਸਹੀਬੰਦ ਕਰ ਲੈਣ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਫ.ਟੀ.ਏ. ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ 'ਸਾਕਾਰਾਤਮਕ ਪੇਸ਼ਕਦਮੀ' ਹੋਈ ਹੈ ਤੇ ਦੋਵਾਂ ਧਿਰਾਂ ਨੇ ਇਸ ਸਾਲ ਦੇ ਅਖੀਰ ਤੱਕ ਸਮਝੌਤਾ ਸਿਰੇ ਚਾੜ੍ਹਨ ਲਈ ਆਪਣਾ ਬਿਹਤਰੀਨ ਦੇਣ ਦਾ ਫੈਸਲਾ ਕੀਤਾ ਹੈ। ਸ੍ਰੀ ਮੋਦੀ ਨੇ ਕਿਹਾ, "ਪਿਛਲੇ ਕੁਝ ਮਹੀਨਿਆਂ ਵਿਚ ਭਾਰਤ ਨੇ ਯੂ.ਏ.ਈ. ਤੇ ਆਸਟਰੇਲੀਆ ਨਾਲ ਮੁਕਤ ਵਪਾਰ ਸਮਝੌਤੇ ਸਿਰੇ ਚਾੜ੍ਹੇ ਹਨ। ਅਸੀਂ ਉਸੇ ਰਫਤਾਰ ਤੇ ਉਸੇ ਵਚਨਬੱਧਤਾ ਨਾਲ ਯੂਕੇ ਨਾਲ ਮਿਲ ਕੇ ਐਫ.ਟੀ.ਏ. ਵੱਲ ਅੱਗੇ ਵਧਣਾ ਚਾਹਾਂਗੇ।" ਉਨ੍ਹਾਂ ਕਿਹਾ, "ਅਸੀਂ ਰੱਖਿਆ ਸੈਕਟਰ ਵਿਚ ਸਹਿਯੋਗ ਵਧਾਉਣ 'ਤੇ ਵੀ ਸਹਿਮਤੀ ਦਿੱਤੀ ਹੈ। ਅਸੀਂ ਰੱਖਿਆ ਸੈਕਟਰ ਵਿਚ ਭਾਰਤ ਨੂੰ ਨਿਰਮਾਣ, ਤਕਨਾਲੋਜੀ, ਡਿਜ਼ਾਈਨ ਤੇ ਵਿਕਾਸ ਵਿਚ 'ਆਤਮ ਨਿਰਭਰ' ਬਣਾਉਣ ਲਈ ਯੂਕੇ ਵੱਲੋਂ ਦਿੱਤੀ ਜਾਣ ਵਾਲੀ ਹਮਾਇਤ ਦਾ ਸਵਾਗਤ ਕਰਦੇ ਹਾਂ।"

## ਰੱਖਿਆ ਲੋੜਾਂ ਲਈ ਰੂਸ 'ਤੇ ਨਿਰਭਰ ਨਾ ਰਹੇ ਭਾਰਤ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਭਾਰਤ ਆਪਣੀਆਂ ਰੱਖਿਆ ਲੋੜਾਂ ਲਈ ਰੂਸ 'ਤੇ ਜ਼ਿਆਦਾ ਨਿਰਭਰ ਨਾ ਰਹੇ। ਪੈਂਟਾਗਨ ਨੇ ਬਿਆਨ ਜਾਰੀ ਕਰਕੇ ਕਿਹਾ, 'ਅਸੀਂ ਭਾਰਤ ਤੇ ਹੋਰ ਦੇਸ਼ਾਂ ਨਾਲ ਇਸ ਮਾਮਲੇ ਉਤੇ ਬਹੁਤ ਸਪੱਸ਼ਟ ਹਾਂ ਕਿ ਅਸੀਂ ਉਨ੍ਹਾਂ ਨੂੰ ਰੱਖਿਆ ਸਾਜ਼ੋ-ਸਾਮਾਨ ਲਈ ਰੂਸ ਉਤੇ ਨਿਰਭਰ ਨਹੀਂ ਦੇਖਣਾ ਚਾਹੁੰਦੇ। ਅਸੀਂ ਇਸ ਮਾਮਲੇ 'ਚ ਪੂਰੀ ਇਮਾਨਦਾਰੀ ਨਾਲ ਗੱਲ ਕਰ ਰਹੇ ਹਾਂ ਤੇ ਅਜਿਹਾ ਨਹੀਂ ਚਾਹੁੰਦੇ।' ਪੈਂਟਾਗਨ ਦੇ ਪ੍ਰੈੱਸ ਸਕੱਤਰ ਜੌਹਨ ਕਿਰਬੀ ਨੇ ਕਿਹਾ ਕਿ ਇਸ ਦੇ ਨਾਲ ਹੀ ਅਮਰੀਕਾ ਭਾਰਤ ਨਾਲ ਆਪਣੀ ਰੱਖਿਆ ਭਾਈਵਾਲੀ ਦੀ ਕਦਰ ਕਰਦਾ ਹੈ।

# ਨਰਿੰਦਰ ਮੋਦੀ ਦਾ 'ਲਤਾ ਦੀਨਾਨਾਥ ਮੰਗੇਸ਼ਕਰ ਇਨਾਮ' ਨਾਲ ਸਨਮਾਨ



**ਮੁੰਬਈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਹਿਲੇ 'ਲਤਾ ਦੀਨਾਨਾਥ ਮੰਗੇਸ਼ਕਰ ਐਵਾਰਡ' ਨਾਲ ਨਿਵਾਜਿਆ ਗਿਆ। ਉਨ੍ਹਾਂ ਇਸ ਮੌਕੇ ਲਤਾ ਮੰਗੇਸ਼ਕਰ ਨੂੰ ਯਾਦ ਕੀਤਾ ਤੇ ਕਿਹਾ ਕਿ ਦੇਸ਼ ਦੀ ਉਸਾਰੀ ਵਿਚ ਗਾਇਕਾ ਦਾ ਯੋਗਦਾਨ ਮਿਸਾਲੀ ਹੈ।

ਮੋਦੀ ਨੇ ਲਤਾ ਮੰਗੇਸ਼ਕਰ ਨੂੰ ਇਸ ਮੌਕੇ ਵੱਡੀ ਭੈਣ ਵਜੋਂ ਯਾਦ ਕਰਦਿਆਂ ਕਿਹਾ ਕਿ ਪੀੜ੍ਹੀਆਂ ਨੂੰ ਉਨ੍ਹਾਂ ਸਨੇਹ ਤੇ ਹਮਦਰਦੀ ਸਿਖਾਈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਵਾਰ ਉਹ ਰੱਖੜੀ 'ਤੇ ਲਤਾ 'ਦੀਦੀ' ਨੂੰ ਬਹੁਤ ਯਾਦ ਕਰਨਗੇ। ਜ਼ਿਕਰਯੋਗ ਹੈ ਕਿ ਇਸੇ ਸਾਲ ਫਰਵਰੀ ਵਿਚ ਲਤਾ ਮੰਗੇਸ਼ਕਰ ਦਾ 92 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਇਹ ਸਨਮਾਨ ਹਾਸਲ ਕਰਨ ਵਾਲੀ ਮੋਦੀ ਪਹਿਲੀ ਹਸਤੀ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲਤਾ ਮੰਗੇਸ਼ਕਰ ਦੀ ਆਵਾਜ਼ ਨੇ 80 ਸਾਲ ਲੋਕਾਂ ਦਾ ਮਨੋਰੰਜਨ ਕੀਤਾ। ਉਹ ਗਰਾਮੋਫੋਨ ਦੇ ਜ਼ਮਾਨੇ ਤੋਂ ਲੈ ਕੇ ਮੋਬਾਈਲ ਐਪਸ ਆਉਣ ਤੱਕ ਬਣੇ ਹੋਏ ਹਨ। ਉਨ੍ਹਾਂ ਪੰਜ ਪੀੜ੍ਹੀਆਂ ਦੇ ਅਦਾਕਾਰਾਂ ਨੂੰ ਆਪਣੀ ਆਵਾਜ਼ ਦਿੱਤੀ।

## ਲਖੀਮਪੁਰ ਖੀਰੀ ਕੇਸ ਵਿਚ ਆਸ਼ੀਸ਼ ਮਿਸ਼ਰਾ ਵੱਲੋਂ ਅਦਾਲਤ 'ਚ ਸਮਰਪਣ



**ਲਖੀਮਪੁਰ:** ਲਖੀਮਪੁਰ ਖੀਰੀ ਹਿੰਸਾ ਕੇਸ 'ਚ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੇ ਸਥਾਨਕ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ ਹੈ।

ਆਸ਼ੀਸ਼ ਦੇ ਵਕੀਲ ਅਵਦੇਸ਼ ਸਿੰਘ ਨੇ ਦੱਸਿਆ, "ਆਸ਼ੀਸ਼ ਨੇ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ ਹੈ। ਸਾਨੂੰ ਇਕ ਹਫਤੇ ਦਾ ਸਮਾਂ ਦਿੱਤਾ ਗਿਆ ਸੀ। ਇਸ ਲਈ ਉਸ ਨੇ ਇਕ ਦਿਨ ਪਹਿਲਾਂ ਆਤਮ ਸਮਰਪਣ ਕੀਤਾ ਹੈ।" ਜੇਲ੍ਹ ਸੁਪਰਡੈਂਟ ਪੀਪੀ ਸਿੰਘ ਨੇ ਦੱਸਿਆ ਕਿ ਆਸ਼ੀਸ਼ ਨੂੰ ਸੁਰੱਖਿਆ ਕਾਰਨਾਂ ਕਰ ਕੇ ਜੇਲ੍ਹ ਦੀ ਵੱਖਰੀ ਬੈਰਕ ਵਿਚ ਰੱਖਿਆ ਜਾਵੇਗਾ। ਸੁਪਰੀਮ ਕੋਰਟ ਨੇ ਬੀਤੀ 18 ਅਪਰੈਲ ਨੂੰ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਉਸ ਨੂੰ ਇਕ ਹਫਤੇ ਅੰਦਰ ਆਤਮ ਸਮਰਪਣ ਕਰਨ ਲਈ ਕਿਹਾ ਸੀ। ਲਖੀਮਪੁਰ ਖੀਰੀ ਵਿਚ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਹੋਈ ਹਿੰਸਾ ਵਿਚ ਚਾਰ ਕਿਸਾਨਾਂ ਸਮੇਤ ਅੱਠ ਜਣਿਆਂ ਦੀ ਮੌਤ ਹੋ ਗਈ ਸੀ। ਇਹ ਘਟਨਾ ਉਸ ਸਮੇਂ ਵਾਪਰੀ ਸੀ, ਜਦੋਂ ਕਿਸਾਨ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਇਸ ਖੇਤਰ ਵਿਚ ਹੋਣ ਵਾਲੇ ਦੌਰੇ ਦਾ ਵਿਰੋਧ ਕਰ ਰਹੇ ਸਨ।

# ਭਾਰਤ ਨੇ ਚੀਨੀ ਨਾਗਰਿਕਾਂ ਨੂੰ ਜਾਰੀ ਟੂਰਿਸਟ ਵੀਜ਼ੇ ਮੁਅੱਤਲ ਕੀਤੇ

**ਨਵੀਂ ਦਿੱਲੀ:** ਭਾਰਤ ਨੇ ਚੀਨੀ ਨਾਗਰਿਕਾਂ ਨੂੰ ਜਾਰੀ ਟੂਰਿਸਟ ਵੀਜ਼ੇ ਮੁਅੱਤਲ ਕਰ ਦਿੱਤੇ ਹਨ। ਕੌਮਾਂਤਰੀ ਹਵਾਈ ਟਰਾਂਸਪੋਰਟ ਐਸੋਸੀਏਸ਼ਨ (ਆਈ.ਏ.ਟੀ.ਏ.) ਨੇ ਆਪਣੀਆਂ ਮੈਂਬਰ ਏਅਰਲਾਈਨਜ਼ ਨੂੰ 20 ਅਪਰੈਲ ਨੂੰ ਇਹ ਜਾਣਕਾਰੀ ਦਿੱਤੀ। ਭਾਰਤ, ਚੀਨ ਦੀਆਂ ਯੂਨੀਵਰਸਿਟੀਆਂ ਵਿਚ ਰਜਿਸਟਰਡ ਲਗਭਗ 22,000 ਭਾਰਤੀ ਵਿਦਿਆਰਥੀਆਂ ਦੀਆਂ ਪਰੇਸ਼ਾਨੀਆਂ ਦਾ ਮੁੱਦਾ ਗੁਆਂਢੀ ਦੇਸ਼ ਕੋਲ ਉਠਾਉਂਦਾ ਰਿਹਾ ਹੈ। ਇਹ ਉਹ ਵਿਦਿਆਰਥੀ ਹਨ ਜਿਹੜੇ ਕਲਾਸਾਂ ਲਗਾਉਣ ਲਈ ਉਥੇ ਨਹੀਂ ਜਾ ਸਕੇ।

ਚੀਨ ਨੇ ਅਜੇ ਤਾਈਂ ਇਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਦੇਸ਼ ਵਿਚ ਦਾਖਲ ਹੋਣ ਦੀ ਮਨਜ਼ੂਰੀ ਨਹੀਂ ਦਿੱਤੀ। ਕੋਵਿਡ-19 ਮਹਾਮਾਰੀ ਦੇ ਪ੍ਰਕੋਪ ਕਰ ਕੇ 2020 ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਅੱਧ ਵਿਚਾਲੇ ਛੱਡ ਕੇ ਭਾਰਤ ਪਰਤਣਾ ਪਿਆ ਸੀ। ਭਾਰਤ ਸਬੰਧੀ 20 ਅਪਰੈਲ ਨੂੰ ਜਾਰੀ ਇਕ ਹੁਕਮ ਵਿਚ ਆਈ.ਏ.ਟੀ.ਏ. ਨੇ ਕਿਹਾ, "ਚੀਨ ਦੇ ਨਾਗਰਿਕਾਂ ਨੂੰ ਜਾਰੀ ਕੀਤੇ ਗਏ ਟੂਰਿਸਟ ਵੀਜ਼ੇ ਹੁਣ ਪ੍ਰਮਾਣਕ ਨਹੀਂ ਹਨ।" ਆਈ.ਏ.ਟੀ.ਏ. ਨੇ ਇਹ ਵੀ ਕਿਹਾ ਕਿ ਦਸ ਸਾਲਾਂ ਦੀ ਮਿਆਦ ਵਾਲੇ ਟੂਰਿਸਟ ਵੀਜ਼ੇ ਹੁਣ ਵੈਧ ਨਹੀਂ ਹਨ। ਆਈ.ਏ.ਟੀ.ਏ. ਲਗਭਗ 290 ਮੈਂਬਰਾਂ ਵਾਲੀ ਇਕ ਵਿਸ਼ਵ ਪੱਧਰ ਦੀ ਏਅਰਲਾਈਨਜ਼ ਬਾਡੀ ਹੈ। ਦੁਨੀਆਂ ਭਰ ਦੀਆਂ ਏਅਰਲਾਈਨਜ਼ 'ਚੋਂ 80 ਫੀਸਦ ਇਸ ਦੀਆਂ ਮੈਂਬਰ ਹਨ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ 17 ਮਾਰਚ ਨੂੰ ਕਿਹਾ ਸੀ ਕਿ ਭਾਰਤ ਨੇ ਪੇਈਚਿੰਗ ਨੂੰ ਇਸ ਮਾਮਲੇ ਵਿਚ 'ਅਨੁਕੂਲ ਰੁਖ' ਅਖਤਿਆਰ ਕਰਨ ਦੀ ਅਪੀਲ



ਕੀਤੀ ਹੈ ਕਿਉਂਕਿ ਸਖਤ ਪਾਬੰਦੀਆਂ ਦੀ ਨਿਰੰਤਰਤਾ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਦੇ ਵਿਦਿਅਕ ਭਵਿੱਖ ਨੂੰ ਖਤਰੇ ਵਿਚ ਪਾ ਰਹੀ ਹੈ।

## ਹਿਜਾਬ ਵਾਲੀਆਂ ਕੁੜੀਆਂ ਨੂੰ ਪ੍ਰੀਖਿਆ ਤੋਂ ਰੋਕਿਆ

**ਉਡੁਪੀ:** ਵਿਦਿਅਕ ਅਦਾਰਿਆਂ 'ਚ ਹਿਜਾਬ ਪਹਿਨ ਕੇ ਆਉਣ 'ਤੇ ਹਾਈ ਕੋਰਟ ਵੱਲੋਂ ਲਾਈ ਗਈ ਪਾਬੰਦੀ ਦਰਮਿਆਨ ਪ੍ਰੀ-ਯੂਨੀਵਰਸਿਟੀ ਦੇ ਦੂਜੇ ਵਰ੍ਹੇ (12ਵੀਂ) ਦੀਆਂ ਪ੍ਰੀਖਿਆਵਾਂ ਸਖਤ ਸੁਰੱਖਿਆ ਹੇਠ ਸ਼ੁਰੂ ਹੋ ਗਈਆਂ ਹਨ। ਉਂਜ ਅਧਿਕਾਰੀਆਂ ਨੇ ਮੁਸਲਿਮ ਲੜਕੀਆਂ ਲਈ ਪ੍ਰੀਖਿਆ ਕੇਂਦਰਾਂ 'ਤੇ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਸਨ ਤਾਂ ਜੋ ਉਹ ਕਮਰਿਆਂ 'ਚ ਦਾਖਲੇ ਤੋਂ ਪਹਿਲਾਂ ਆਪਣਾ ਹਿਜਾਬ ਉਤਾਰ ਕੇ ਪ੍ਰੀਖਿਆਵਾਂ ਦੇ ਸਕਣ। ਇਸ ਦੌਰਾਨ ਪਟੀਸ਼ਨ ਦਾਖਲ ਕਰਨ ਵਾਲੀਆਂ ਦੋ ਵਿਦਿਆਰਥਣਾਂ ਆਲੀਆ ਅਤੇ ਰੇਸ਼ਮਾ ਉਡੁਪੀ ਜ਼ਿਲ੍ਹੇ ਦੇ ਵਿਦਿਓਦਿਆ ਪੀਯੂ ਕਾਲਜ 'ਚ ਹਿਜਾਬ ਪਹਿਨ ਕੇ ਪ੍ਰੀਖਿਆ ਦੇਣ ਲਈ ਆਈਆਂ ਜਿਨ੍ਹਾਂ ਨੂੰ ਪ੍ਰੀਖਿਆ ਲਏ ਬਿਨਾਂ ਹੀ ਮੋੜ ਦਿੱਤਾ ਗਿਆ।

## ਰੂਸ ਦੇ ਬਾਈਕਾਟ ਦੇ ਮੁੱਦੇ 'ਤੇ ਜੀ-20 ਦੋਫਾੜ

**ਨਵੀਂ ਦਿੱਲੀ:** ਕੌਮਾਂਤਰੀ ਮੁਦਰਾ ਕੋਸ਼ ਦੀਆਂ ਮੀਟਿੰਗਾਂ ਦਰਮਿਆਨ ਜੀ-20 ਮੁਲਕਾਂ ਦੇ ਵਿੱਤ ਮੰਤਰੀਆਂ ਦੀ ਮੀਟਿੰਗ ਦੌਰਾਨ ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਸਮੇਤ ਹੋਰ ਵਿਕਾਸਸ਼ੀਲ ਮੁਲਕਾਂ ਦੇ ਵਿੱਤ ਮੰਤਰੀ ਰੂਸ ਦੇ ਵਿਦੇਸ਼ ਮੰਤਰੀ ਐਂਤੋਨ ਸਿਲੂਆਨੋਵ ਦੇ ਭਾਸ਼ਣ ਦੌਰਾਨ ਕੀਤੇ ਵਾਕਆਊਟ 'ਚ ਸ਼ਾਮਲ ਨਹੀਂ ਹੋਏ। ਪ੍ਰਾਪਤ ਜਾਣਕਾਰੀ ਅਨੁਸਾਰ ਅਮਰੀਕਾ ਦੇ ਵਿੱਤ ਮੰਤਰੀ ਜੈਨੇਟ ਯੈਲੇਨ ਨੇ ਰੂਸੀ ਵਿੱਤ ਮੰਤਰੀ ਦੇ ਭਾਸ਼ਣ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ। ਪ੍ਰਾਪਤ ਰਿਪੋਰਟ ਮੁਤਾਬਕ ਜੀ-7 ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (ਯੂ.ਐਨ.ਐਸ.ਸੀ.) 'ਚ ਪੱਛਮੀ ਮੁਲਕਾਂ ਦਾ ਆਪਣਾ ਰਾਹ ਰਿਹਾ ਸੀ, ਪਰ ਜੀ-20 ਦੀ ਮੀਟਿੰਗ 'ਚ ਭਾਰਤ, ਇੰਡੋਨੇਸ਼ੀਆ, ਚੀਨ, ਬ੍ਰਾਜ਼ੀਲ, ਦੱਖਣੀ ਅਫਰੀਕਾ ਤੇ ਸਾਊਦੀ ਅਰਬ ਸਮੇਤ ਘੱਟੋ-ਘੱਟ ਅੱਧੇ ਵਿੱਤ ਮੰਤਰੀਆਂ ਨੇ ਅਮਰੀਕਾ ਦੇ ਸੱਦੇ ਤੋਂ ਕਿਨਾਰਾ ਕਰੀ ਰੱਖਿਆ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਇੰਡੋਨੇਸ਼ੀਆ ਦੀ ਵਿੱਤ ਮੰਤਰੀ ਮੁਲਿਆਨੀ ਇੰਦਰਾਵਤੀ, ਯੈਲੇਨ ਦੇ ਵਾਕਆਊਟ ਦੌਰਾਨ ਆਪਣੀ ਸੀਟ 'ਤੇ ਬੈਠੀ ਰਹੀ ਤੇ ਉਨ੍ਹਾਂ ਪੱਛਮੀ ਮੁਲਕਾਂ ਦੇ ਵਿੱਤ ਮੰਤਰੀਆਂ ਨਾਲ ਇਕਜੁੱਟਤਾ ਪ੍ਰਗਟਾਈ।

# ਧਾਰਾ 370 ਹਟਣ ਨਾਲ ਲੋਕਾਂ ਨੂੰ ਬੜਾ ਫਾਇਦਾ ਮਿਲਿਆ: ਮੋਦੀ

**ਪੱਲੀ (ਜੰਮੂ ਕਸ਼ਮੀਰ):** ਸੰਵਿਧਾਨ ਦੀ ਧਾਰਾ 370 ਦੀਆਂ ਜ਼ਿਆਦਾਤਰ ਮਦਾਂ 2019 'ਚ ਹਟਾਏ ਜਾਣ ਮਗਰੋਂ ਜੰਮੂ ਕਸ਼ਮੀਰ ਦੀ ਪਹਿਲੀ ਫੇਰੀ 'ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੋ ਸਾਲਾਂ 'ਚ ਕੇਂਦਰ ਸ਼ਾਸਿਤ ਪ੍ਰਦੇਸ਼ 'ਚ 38 ਹਜ਼ਾਰ ਕਰੋੜ ਦਾ ਨਿਵੇਸ਼ ਨਿੱਜੀ ਖੇਤਰ ਤੋਂ ਆਇਆ ਹੈ ਤੇ ਇੱਥੇ ਵੱਡੀ ਗਿਣਤੀ 'ਚ ਸੈਲਾਨੀਆਂ ਦੀ ਆਮਦ ਦੇਖੀ ਜਾ ਰਹੀ ਹੈ। ਪ੍ਰਧਾਨ ਮੰਤਰੀ ਕੌਮੀ ਪੰਚਾਇਤੀ ਰਾਜ ਦਿਵਸ ਮੌਕੇ ਜੰਮੂ ਤੋਂ ਕਰੀਬ 17 ਕਿਲੋਮੀਟਰ ਦੂਰ ਸਾਂਬਾ ਜ਼ਿਲ੍ਹੇ ਦੇ ਪੱਲੀ ਪਿੰਡ 'ਚ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵਿਕਾਸ ਦੀ ਤੇਜ਼ ਰਫਤਾਰ ਦੇ ਨਾਲ ਰੁਜ਼ਗਾਰ ਮਿਲੇਗਾ। ਮੋਦੀ ਨੇ ਨੌਜਵਾਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਮਾਪਿਆਂ, ਦਾਦਾ-ਦਾਦੀ ਤੇ ਨਾਨਾ-ਨਾਨੀ ਨੇ ਜੋ ਮੁਸੀਬਤਾਂ ਝੱਲੀਆਂ, ਉਨ੍ਹਾਂ ਨੂੰ ਨਹੀਂ ਝੱਲਣੀਆਂ ਪੈਣਗੀਆਂ। ਉਨ੍ਹਾਂ ਦੇ ਭਾਸ਼ਣ ਦਾ ਪ੍ਰਸਾਰਨ ਦੇਸ਼ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ 'ਚ ਕੀਤਾ ਗਿਆ।



ਉਨ੍ਹਾਂ ਜੰਮੂ ਕਸ਼ਮੀਰ ਲਈ 20 ਹਜ਼ਾਰ ਕਰੋੜ ਰੁਪਏ ਦੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਤੇ ਨੀਂਹ ਪੱਥਰ ਰੱਖੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਯੂਟੀ ਦੇ ਲੋਕਾਂ ਲਈ 175 ਕੇਂਦਰੀ ਕਾਨੂੰਨ ਤੇ ਪੰਚਾਇਤੀ ਰਾਜ ਪ੍ਰਬੰਧ ਲਾਗੂ ਕੀਤਾ ਹੈ। ਜਦੋਂ ਤੱਕ ਜੰਮੂ ਕਸ਼ਮੀਰ ਨੂੰ ਧਾਰਾ 370 ਤਹਿਤ ਵਿਸ਼ੇਸ਼ ਦਰਜਾ ਮਿਲਿਆ ਹੋਇਆ ਸੀ, ਇੱਥੋਂ ਦੇ ਲੋਕ ਅਜਿਹੇ ਲਾਭਾਂ ਤੋਂ ਵਾਂਝੇ ਸਨ। ਉਨ੍ਹਾਂ ਕਿਹਾ, 'ਜੰਮੂ ਕਸ਼ਮੀਰ ਲੋਕਤੰਤਰ ਤੇ ਦ੍ਰਿੜ੍ਹ ਸੰਕਲਪ ਦੀ ਨਵੀਂ ਮਿਸਾਲ ਪੇਸ਼ ਕਰ ਰਿਹਾ ਹੈ। ਇਥੇ ਪਿਛਲੇ ਦੋ ਤਿੰਨ ਸਾਲਾਂ ਵਿਕਾਸ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ।' ਮੋਦੀ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਪਹਿਲੀ ਵਾਰ ਜੰਮੂ ਕਸ਼ਮੀਰ 'ਚ ਕੁਝ ਮਹੀਨੇ ਪਹਿਲਾਂ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਲਈ ਚੋਣਾਂ ਸ਼ਾਂਤੀਪੂਰਨ ਢੰਗ ਨਾਲ ਮੁਕੰਮਲ ਹੋਈਆਂ।

ਉਨ੍ਹਾਂ ਕਿਹਾ, 'ਪੰਚਾਇਤੀ ਰਾਜ ਪ੍ਰਬੰਧ ਇਕ ਚੰਗੀ ਯੋਜਨਾ ਸੀ। ਇਸ ਦਾ ਢਿੰਡੋਰਾ ਪਿੱਟਿਆ ਗਿਆ। ਲੋਕਾਂ ਨੂੰ ਇਸ 'ਚ ਮਾਣ ਹੁੰਦਾ ਸੀ ਜਿਸ 'ਚ ਕੁਝ ਵੀ ਗਲਤ ਨਹੀਂ ਸੀ। ਦਿੱਲੀ 'ਚ ਸਾਡੀ ਸਰਕਾਰ ਆਉਣ ਤੋਂ ਪਹਿਲਾਂ ਜੰਮੂ ਕਸ਼ਮੀਰ ਦੀ ਜਨਤਾ ਇਸ ਪ੍ਰਬੰਧ ਤੋਂ ਵਾਂਝੀ ਸੀ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ ਪੰਚਾਇਤਾਂ ਨੂੰ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ 22 ਹਜ਼ਾਰ ਕਰੋੜ ਰੁਪਏ ਦਾ ਫੰਡ ਸਿੱਧੇ ਦਿੱਤੇ ਜਦਕਿ ਇਸ ਤੋਂ ਪਹਿਲਾਂ ਇਸ ਮਦ 'ਚ ਪੰਜ ਹਜ਼ਾਰ ਕਰੋੜ ਰੁਪਏ ਦਿੱਤੇ ਜਾਂਦੇ ਸਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਤੇ ਯੋਜਨਾਵਾਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਤੇ ਇਸ ਨਾਲ ਯੂਟੀ ਦੇ ਲੋਕਾਂ ਨੂੰ ਲਾਭ ਮਿਲ ਰਿਹਾ ਹੈ।

## ਪਾਕਿਸਤਾਨ ਨੂੰ ਮੋਦੀ ਦੀ ਕਸ਼ਮੀਰ ਫੇਰੀ ਤੋਂ ਇਤਰਾਜ਼

**ਇਸਲਾਮਾਬਾਦ:** ਪਾਕਿਸਤਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਸ਼ਮੀਰ ਦੌਰੇ ਅਤੇ ਚਨਾਬ ਨਦੀ 'ਤੇ ਹਾਈਡ੍ਰੋਇਲੈਕਟ੍ਰਿਕ ਪ੍ਰੋਜੈਕਟਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਣ 'ਤੇ ਇਤਰਾਜ਼ ਜਤਾਇਆ ਹੈ। ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਇਹ ਸਿੰਧੂ ਜਲ ਸੰਧੀ ਦੀ ਸਿੱਧੀ ਉਲੰਘਣਾ ਹੈ। ਧਾਰਾ 370 ਖਤਮ ਕਰਨ ਬਾਅਦ ਮੋਦੀ ਪਹਿਲੀ ਵਾਰ ਕਸ਼ਮੀਰ ਪੁੱਜੇ ਸਨ।

# ਮੌਸਮ ਦੀ ਮਾਰ ਅਤੇ ਘੱਟ ਝਾੜ ਨੇ ਭੁੰਜੇ ਲਾਹੀ ਕਿਸਾਨੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਭਰ 'ਚੋਂ ਇਕੱਠੇ ਕੀਤੇ ਗਏ ਨਮੂਨਿਆਂ ਦੇ ਨਿਰੀਖਣ ਮਗਰੋਂ ਕਣਕ ਦੇ ਝਾੜ ਵਿਚ ਇਸ ਵਾਰ ਦਸ ਫੀਸਦ ਦੀ ਕਮੀ ਹੋਣ ਦੀ ਪੁਸ਼ਟੀ ਹੋਈ ਹੈ, ਜਦਕਿ ਕਿਸਾਨ ਝਾੜ ਵਿਚ 20 ਫੀਸਦ ਦੀ ਕਮੀ ਹੋਣ ਦੀ ਗੱਲ ਕਹਿ ਰਹੇ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਉੱਚ ਪੱਧਰੀ ਮੀਟਿੰਗ ਦੌਰਾਨ ਕਣਕ ਦੇ ਘਟੇ ਝਾੜ ਦੀ ਸਥਿਤੀ ਜਾਣਨ ਲਈ ਖੇਤੀ ਮਹਿਕਮੇ ਦੀ ਇਕ ਕਮੇਟੀ ਬਣਾ ਕੇ ਸਥਿਤੀ ਜਾਣਨ ਦਾ ਹੁਕਮ ਦਿੱਤਾ ਸੀ। ਖੇਤੀ ਮਹਿਕਮੇ ਨੇ ਆਪਣੇ ਤੌਰ 'ਤੇ 2200 ਨਮੂਨੇ ਲਏ ਸਨ, ਜਿਨ੍ਹਾਂ 'ਚੋਂ 1200 ਨਮੂਨਿਆਂ ਦੇ ਨਤੀਜੇ ਆਏ ਹਨ।

ਜਾਣਕਾਰੀ ਅਨੁਸਾਰ ਪੰਜਾਬ 'ਚ ਐਤਕੀਂ 35 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਈ ਕੀਤੀ ਗਈ ਸੀ ਤੇ ਪੰਜਾਬ ਸਰਕਾਰ ਦਾ 132 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਸੀ। ਮਾਰਚ ਮਹੀਨੇ ਵਿਚ ਇਕਦਮ ਤਾਪਮਾਨ 'ਚ ਹੋਏ ਵਾਧੇ ਕਾਰਨ ਕਣਕ ਦਾ ਦਾਣਾ ਮੁਕੰਮਲ ਨਹੀਂ ਬਣ ਸਕਿਆ, ਜਿਸ ਕਰਕੇ ਝਾੜ ਵਿਚ ਕਮੀ ਆਈ ਹੈ। ਖੇਤੀ ਮਹਿਕਮੇ ਅਨੁਸਾਰ ਪਿਛਲੇ ਸਾਲ ਪ੍ਰਤੀ ਹੈਕਟੇਅਰ ਕਣਕ ਦਾ ਝਾੜ 48.68 ਕੁਇੰਟਲ ਸੀ ਜਦਕਿ ਇਸ ਵਾਰ ਇਹ ਅੰਕੜਾ 43 ਕੁਇੰਟਲ ਹੈ।

ਖੇਤੀ ਮਹਿਕਮੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ 26 ਲੱਖ ਟਨ ਕਣਕ ਦਾ ਝਾੜ ਘਟਿਆ ਹੈ। ਇਸ ਲਿਹਾਜ਼ ਨਾਲ ਕਿਸਾਨਾਂ ਦਾ ਕਰੀਬ 2500 ਕਰੋੜ ਦਾ ਵਿੱਤੀ ਨੁਕਸਾਨ ਹੋਇਆ ਹੈ। ਕਿਸਾਨਾਂ ਦੇ ਨਜ਼ਰੀਏ ਤੋਂ ਦੇਖੀਏ ਤਾਂ ਝਾੜ ਵਿਚ 20 ਫੀਸਦ ਕਟੌਤੀ ਹੋਈ ਹੈ, ਜਿਸ ਤਹਿਤ 5,239 ਕਰੋੜ ਦਾ ਮਾਲੀ ਨੁਕਸਾਨ ਹੋਇਆ ਹੈ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਵੀ 314 ਕਰੋੜ ਦੇ ਟੈਕਸਾਂ ਦੀ ਸੱਟ ਵੱਜਣ ਦਾ ਅਨੁਮਾਨ ਹੈ। ਪੰਜਾਬ ਦੀਆਂ ਮੰਡੀਆਂ ਵਿਚ ਹੁਣ ਤੱਕ 65 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਮਾਹਿਰ ਆਖਦੇ ਹਨ ਕਿ ਪੰਜਾਬ ਸਰਕਾਰ ਲਈ ਇਸ ਵਾਰ ਟੀਚਾ ਪੂਰਾ ਕਰਨਾ ਮੁਸ਼ਕਲ ਹੈ। ਅੰਦਾਜ਼ੇ ਹਨ ਕਿ ਮੰਡੀਆਂ ਵਿਚ ਕਣਕ ਦੀ ਖਰੀਦ ਮਸਾਂ ਹੀ 100 ਲੱਖ ਮੀਟ੍ਰਿਕ ਟਨ ਨੂੰ ਛੂਹੇਗੀ। ਭਾਰਤ ਸਰਕਾਰ ਨੇ ਚਾਲੂ ਮਾਲੀ ਵਰ੍ਹੇ ਦੌਰਾਨ 100 ਲੱਖ ਮੀਟ੍ਰਿਕ ਟਨ ਕਣਕ ਬਾਹਰ ਭੇਜਣ ਦਾ ਟੀਚਾ ਮਿੱਥਿਆ ਹੈ। ਕਿਸਾਨਾਂ ਨੂੰ ਘੱਟ ਝਾੜ ਨੇ ਭੁੰਜੇ ਲਾਹ ਦਿੱਤਾ ਹੈ।

ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਹੁਣ ਤੱਕ 1200 ਨਮੂਨਿਆਂ ਦੇ ਨਤੀਜੇ ਹਾਸਲ ਹੋਏ ਹਨ, ਜਿਨ੍ਹਾਂ ਅਨੁਸਾਰ ਪੰਜਾਬ ਵਿਚ ਕਣਕ ਦਾ ਝਾੜ ਪ੍ਰਤੀ ਏਕੜ ਪਿੱਛੇ ਦੋ ਕੁਇੰਟਲ ਘੱਟ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਠਿੰਡਾ ਤੇ ਮਾਨਸਾ ਇਲਾਕੇ ਵਿਚ ਕਣਕ ਦਾ ਝਾੜ ਜ਼ਿਆਦਾ ਪ੍ਰਭਾਵਿਤ ਹੋਇਆ ਹੈ।



## ਖੁਦਕੁਸ਼ੀਆਂ ਦੀਆਂ ਖਬਰਾਂ ਮੁੜ ਸੁਰਖੀਆਂ ਬਣਨ ਲੱਗੀਆਂ

**ਚੰਡੀਗੜ੍ਹ:** ਇਨ੍ਹਾਂ ਦਿਨਾਂ ਵਿਚ ਮਾਲਵੇ ਦੇ ਖੇਤਰ ਤੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੀਆਂ ਖਬਰਾਂ ਮੁੜ ਸੁਰਖੀਆਂ ਬਣਨ ਲੱਗੀਆਂ ਹਨ। ਝਾੜ ਘੱਟ ਨਿਕਲਣ ਕਾਰਨ ਨਿੱਤ ਦਿਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀਆਂ ਖਬਰਾਂ ਆ ਰਹੀਆਂ ਹਨ। ਖੇਤੀ ਮਾਹਰਾਂ ਦਾ ਕਹਿਣਾ ਹੈ ਕਿ ਕਿਸਾਨ ਪਹਿਲਾਂ ਹੀ ਕਣਕ ਦਾ ਭਾਅ ਸਵਾਮੀਨਾਥਨ ਕਮਿਸ਼ਨ ਮੁਤਾਬਕ ਦੇਣ ਦੀ ਮੰਗ ਕਰ ਰਹੇ ਹਨ ਕਿਉਂਕਿ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਭਾਅ ਵਿਚ ਆਪਣੀ ਜ਼ਮੀਨ ਦੇ ਠੇਕੇ ਸਮੇਤ ਬਹੁਤ ਸਾਰੇ ਖਰਚੇ ਨਹੀਂ ਜੋੜੇ ਜਾ ਰਹੇ। ਘੱਟੋ-ਘੱਟ ਸਮਰਥਨ ਮੁੱਲ ਘੱਟ ਰਹਿਣ ਦੇ ਨਾਲ-ਨਾਲ ਝਾੜ ਵਿਚ ਕਮੀ ਹੋਰ ਪਰੇਸ਼ਾਨ ਕਰਨ ਵਾਲੀ ਹੈ। ਇਸ ਤੋਂ ਇਲਾਵਾ ਮੰਡੀਆਂ ਵਿਚ ਪਈ ਕਣਕ ਉਤੇ ਮੌਸਮ ਦੀ ਮਾਰ ਪੈ ਰਹੀ ਹੈ। ਕਣਕ ਭਾਵੇਂ ਕਾਫੀ ਮਾਤਰਾ ਵਿਚ ਵਿਕ ਗਈ ਹੈ ਪਰ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ।

## ਵੱਧ ਕਣਕ ਤੋਲਣ ਵਾਲੇ 30 ਆੜ੍ਹਤੀਆਂ ਨੂੰ ਜੁਰਮਾਨਾ

**ਰੂਪਨਗਰ:** ਜ਼ਿਲ੍ਹਾ ਰੂਪਨਗਰ ਦੀਆਂ ਅਨਾਜ ਮੰਡੀਆਂ 'ਚ ਆੜ੍ਹਤੀਆਂ ਵੱਲੋਂ ਕਿਸਾਨਾਂ ਦੀ ਫਸਲ ਦੀ ਤੁਲਾਈ ਸਮੇਂ ਹੇਰਾਫੇਰੀ ਸਬੰਧੀ ਸੀ.ਓ.ਜੀ. ਦੀਆਂ ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਡੀਸੀ ਡਾ. ਪ੍ਰੀਤੀ ਯਾਦਵ ਨੇ 30 ਆੜ੍ਹਤੀਆਂ ਵਿਰੁੱਧ ਕਾਰਵਾਈ ਕੀਤੀ ਹੈ। ਜ਼ਿਲ੍ਹਾ ਮੰਡੀ ਅਫਸਰ ਨਿਰਮਲ ਸਿੰਘ ਪ੍ਰਹਾਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ ਘਨੌਲੀ ਮੰਡੀ ਵਿਚ ਗੁਰੂ ਨਾਨਕ ਟਰੇਡਰਜ਼ ਨੂੰ 200 ਗਰਾਮ ਵਾਧੂ ਤੋਲਦਿਆਂ ਫੜਿਆ ਗਿਆ। ਇਸੇ ਤਰ੍ਹਾਂ ਅਗੰਮਪੁਰ ਵਿਚ ਪਵਨ ਕੁਮਾਰ ਸੋਨੀ ਦੀ ਫਰਮ, ਨੰਗਲ ਦੀ ਕਿਸ਼ੋਰੀ ਲਾਲ ਐਂਡ ਸੰਨਜ਼ ਨੂੰ ਮੌਕੇ 'ਤੇ ਕਾਬੂ ਕਰਕੇ ਜਰਮਾਨੇ ਵਸੂਲ ਕੀਤੇ ਗਏ। ਉਨ੍ਹਾਂ ਦੱਸਿਆ ਸਮੁੱਚੇ ਜ਼ਿਲ੍ਹੇ ਵਿਚ 30 ਆੜ੍ਹਤੀਆਂ ਨੂੰ 41, 900 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ।

## ਕੇਂਦਰ ਸਰਕਾਰ ਦੀ ਕਣਕ ਖਰੀਦ 32% ਘਟੀ

**ਨਵੀਂ ਦਿੱਲੀ:** ਕੇਂਦਰ ਦੀ ਕਣਕ ਖਰੀਦ 32 ਫੀਸਦੀ ਘਟ ਕੇ 69.24 ਲੱਖ ਟਨ ਰਹਿ ਗਈ ਹੈ। ਨਿੱਜੀ ਕੰਪਨੀਆਂ ਬਰਾਮਦ ਲਈ ਤੇਜ਼ੀ ਨਾਲ ਅਨਾਜ ਖਰੀਦ ਰਹੀਆਂ ਹਨ। ਸਰਕਾਰੀ ਏਜੰਸੀਆਂ ਨੇ 2022-23 ਦੇ ਹਾੜ੍ਹੀ ਦੇ ਮੰਡੀਕਰਨ ਸੀਜ਼ਨ (ਆਰ.ਐਮ.ਐਸ.) ਵਿਚ 17 ਅਪਰੈਲ ਤੱਕ ਲਗਭਗ 69.24 ਲੱਖ ਟਨ ਕਣਕ ਖਰੀਦੀ ਹੈ, ਜਦੋਂ ਕਿ ਬੀਤੇ ਵਰ੍ਹੇ ਇਸ ਸਮੇਂ ਤਕ 102 ਲੱਖ ਟਨ ਕਣਕ ਦੀ ਖਰੀਦੀ ਸੀ। ਹਾੜ੍ਹੀ ਦਾ ਮੰਡੀਕਰਨ ਸੀਜ਼ਨ ਅਪਰੈਲ ਤੋਂ ਮਾਰਚ ਤੱਕ ਚੱਲਦਾ ਹੈ ਪਰ ਖਰੀਦ ਦਾ ਵੱਡਾ ਹਿੱਸਾ ਜੂਨ ਤੱਕ ਖਤਮ ਹੋ ਜਾਂਦਾ ਹੈ। ਸਰਕਾਰੀ ਮਾਲਕੀ ਵਾਲੀ ਭਾਰਤੀ ਖੁਰਾਕ ਨਿਗਮ ਅਤੇ ਰਾਜ ਏਜੰਸੀਆਂ ਜਨਤਕ ਵੰਡ ਪ੍ਰਣਾਲੀ ਅਤੇ ਹੋਰਨਾਂ ਭਲਾਈ ਸਕੀਮਾਂ ਅਧੀਨ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਕਰਦੀਆਂ ਹਨ। ਕੇਂਦਰ ਨੇ 2022-23 ਦੇ ਮਾਰਕੀਟਿੰਗ ਸਾਲ ਵਿਚ ਰਿਕਾਰਡ 444 ਲੱਖ ਟਨ ਕਣਕ ਦੀ ਖਰੀਦ ਦਾ ਟੀਚਾ ਰੱਖਿਆ ਹੈ ਜਦੋਂ ਕਿ ਪਿਛਲੇ ਮਾਰਕੀਟਿੰਗ ਸਾਲ ਵਿਚ ਇਹ ਸਭ ਤੋਂ ਵੱਧ 433.44 ਲੱਖ ਟਨ ਸੀ। ਸਰਕਾਰੀ ਸੂਤਰਾਂ ਅਨੁਸਾਰ ਕਣਕ ਦੀ ਖਰੀਦ ਵਿਚ ਗਿਰਾਵਟ ਹਰਿਆਣਾ ਅਤੇ ਮੱਧ ਪ੍ਰਦੇਸ਼ ਵਿਚ ਦਰਜ ਕੀਤੀ ਗਈ ਹੈ ਜਿਥੇ ਪ੍ਰਾਈਵੇਟ ਕੰਪਨੀਆਂ ਹਾਲ ਦੀ ਘੜੀ ਤੇਜ਼ੀ ਨਾਲ ਕਣਕ ਖਰੀਦ ਰਹੀਆਂ ਹਨ। ਪੰਜਾਬ ਵਿਚ ਸਰਕਾਰੀ ਏਜੰਸੀਆਂ ਨੇ 32 ਲੱਖ ਟਨ ਕਣਕ ਦੀ ਖਰੀਦ ਕੀਤੀ ਹੈ ਜਦੋਂ ਕਿ ਇਕ ਵਰ੍ਹੇ ਪਹਿਲਾਂ ਇਸ ਸਮੇਂ ਦੌਰਾਨ ਇਹ 34 ਲੱਖ ਟਨ ਸੀ। ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਵਿਚ ਖਰੀਦ ਥੋੜ੍ਹੀ ਘੱਟ ਹੈ ਅਤੇ ਇਸ ਦਾ ਕਾਰਨ ਗਰਮੀ ਦੀ ਲਹਿਰ ਦੇ ਜਲਦੀ ਸ਼ੁਰੂ ਹੋਣ ਕਾਰਨ ਦਾਣਿਆਂ ਦਾ ਸੁੰਗੜਨਾ ਹੋ ਸਕਦਾ ਹੈ।

## ਪੀ.ਐਮ. ਯੋਜਨਾ: 26 ਹਜ਼ਾਰ ਤੋਂ ਵੱਧ ਕਿਸਾਨ ਅਯੋਗ ਨਿਕਲੇ!

**ਅਲੀਬਾਗ:** ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ ਯੋਜਨਾ ਤਹਿਤ ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਵਿਚ 26000 ਤੋਂ ਵੱਧ ਕਿਸਾਨ ਅਯੋਗ ਪਾਏ ਗਏ ਹਨ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕੇਂਦਰੀ ਸਰਕਾਰੀ ਸਕੀਮ ਤਹਿਤ ਇਨ੍ਹਾਂ ਕਿਸਾਨਾਂ ਦੇ ਖਾਤਿਆਂ ਵਿਚ 11 ਕਰੋੜ ਰੁਪਏ ਤਬਦੀਲ ਕੀਤੇ ਜਾ ਚੁੱਕੇ ਹਨ, ਜੋ ਹੁਣ ਇਨ੍ਹਾਂ ਤੋਂ ਵਸੂਲ ਕੀਤੇ ਜਾਣੇ ਹਨ। ਪੀ.ਐਮ.-ਕਿਸਾਨ ਕੇਂਦਰ ਸਰਕਾਰ ਦੀ ਸਕੀਮ ਹੈ, ਜਿਸ ਤਹਿਤ ਛੋਟੇ ਤੇ ਸੀਮਾਂਤ ਕਿਸਾਨਾਂ ਜਿਨ੍ਹਾਂ ਕੋਲ ਦੋ ਹੈਕਟੇਅਰ ਤੱਕ ਜ਼ਮੀਨ ਹੈ, ਦੇ ਬੈਂਕ ਖਾਤਿਆਂ ਵਿਚ ਸਾਲਾਨਾ ਤਿੰਨ ਬਰਾਬਰ ਕਿਸ਼ਤਾਂ ਵਿਚ 6000 ਰੁਪਏ ਤਬਦੀਲ ਕੀਤੇ ਜਾਂਦੇ ਹਨ। ਕੇਂਦਰੀ ਸਕੀਮ ਦੀ ਸ਼ੁਰੂਆਤ 24 ਫਰਵਰੀ 2019 ਨੂੰ ਕੀਤੀ ਗਈ ਸੀ। ਰਾਏਗੜ੍ਹ ਦੇ ਤਹਿਸੀਲਦਾਰ ਸਚਿਨ ਸ਼ੇਜਲ ਨੇ ਕਿਹਾ, "ਕੁੱਲ ਮਿਲਾ ਕੇ 26,618 ਕਿਸਾਨ ਅਯੋਗ ਪਾਏ ਗਏ ਹਨ ਤੇ ਉਨ੍ਹਾਂ ਤੋਂ 11 ਕਰੋੜ ਰੁਪਏ ਦੀ ਰਕਮ ਵਸੂਲੀ ਜਾਣੀ ਹੈ।

ਜਾਂਚ ਦੌਰਾਨ ਪਤਾ ਲੱਗਾ ਹੈ ਕਿ 4509 ਕਿਸਾਨ ਆਮਦਨ ਕਰ ਭਰਦੇ ਹਨ ਤੇ 3.81 ਕਰੋੜ ਰੁਪਏ 'ਚੋਂ 2.20 ਕਰੋੜ ਰੁਪਏ ਵਸੂਲੇ ਜਾ ਚੁੱਕੇ ਹਨ। 22,109 ਕਿਸਾਨਾਂ ਤੋਂ 7.65 ਕਰੋੜ ਰੁਪਏ ਅਜੇ ਵਸੂਲਣੇ ਹਨ, ਜਿਨ੍ਹਾਂ ਵਿਚੋਂ ਸਿਰਫ 34.54 ਲੱਖ ਰੁਪਏ ਹੀ ਵਸੂਲੇ ਗਏ ਹਨ।"

# ਵਾਅਦਿਆਂ ਤੋਂ ਪਿੱਛੇ ਹਟਣ ਲੱਗੀ ਪੰਜਾਬ ਸਰਕਾਰ: ਸੰਯੁਕਤ ਮੋਰਚਾ



**ਚੰਡੀਗੜ੍ਹ:** ਸੰਯੁਕਤ ਸਮਾਜ ਮੋਰਚੇ (ਐਸ.ਐਸ.ਐਮ.) ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਕਿਸਾਨਾਂ ਸਮੇਤ ਸੂਬੇ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਪਿੱਛੇ ਹਟ ਰਹੀ ਹੈ। ਸਰਕਾਰ ਵੱਲੋਂ ਪੰਜਾਬ ਦੀ ਖੇਤੀ ਅਤੇ ਕਿਸਾਨੀ ਦੇ ਮੁੱਦੇ ਅੱਖੋਂ ਪਰੋਖੇ ਕੀਤੇ ਜਾ ਰਹੇ ਹਨ। ਮੋਰਚੇ ਦੇ ਆਗੂ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬੜੇ ਚਾਵਾਂ ਤੇ ਉਮੀਦਾਂ ਨਾਲ 'ਇਕ ਮੌਕਾ ਕੇਜਰੀਵਾਲ ਨੂੰ' ਦਿੱਤਾ ਪਰ ਉਨ੍ਹਾਂ ਹੱਥ ਅਜੇ ਤੱਕ ਨਿਰਾਸ਼ਾ ਹੀ ਲੱਗੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗਰਮੀ ਕਾਰਨ ਕਣਕ ਦੇ ਝਾੜ ਨੂੰ ਪਈ ਮਾਰ ਦਾ ਮੁਆਵਜ਼ਾ ਐਲਾਨਣ ਤੋਂ ਕਤਰਾ ਰਹੀ ਹੈ। ਕਰਜ਼ਿਆਂ ਤੋਂ ਰਾਹਤ ਦੇਣ ਦੀ ਜਗ੍ਹਾ ਕਿਸਾਨਾਂ ਨੂੰ ਕਰਜ਼ੇ ਵਾਪਸ ਕਰਨ ਲਈ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕਿਸਾਨ ਆਗੂ ਨੇ ਕਿਹਾ ਕਿ ਪੰਜਾਬ ਨੂੰ ਦਿੱਲੀ ਮਾਡਲ ਦੀ ਜਗ੍ਹਾ ਕੇਰਲਾ ਸਰਕਾਰ ਤੋਂ ਸਿੱਖਣ ਦੀ ਲੋੜ ਹੈ।

## ਕਿਸਾਨੀ ਬਗੈਰ ਪੈਰਾਂ ਸਿਰ ਹੋਣਾ ਔਖਾ: ਨਵਜੋਤ

**ਚਾਉਕੇ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਗੁਲਾਬੀ ਸੁੰਡੀ ਕਾਰਨ ਖਰਾਬ ਹੋਏ ਨਰਮੇ ਦੀ ਫਸਲ ਅਤੇ ਕਣਕ ਦਾ ਝਾੜ ਘੱਟ ਨਿਕਲਣ ਕਾਰਨ ਖੁਦਕੁਸ਼ੀ ਕਰਨ ਵਾਲੇ ਪਿੰਡ ਮਾਨਸਾ ਖੁਰਦ ਦੇ ਕਿਸਾਨ ਗੁਰਦੀਪ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਸ੍ਰੀ ਸਿੱਧੂ ਨੇ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਕਹਿੰਦੇ ਸਨ ਕਿ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਆਉਣ 'ਤੇ ਕੋਈ ਕਿਸਾਨ ਖੁਦਕੁਸ਼ੀ ਨਹੀਂ ਕਰੇਗਾ, ਪਰ ਪਿਛਲੇ ਕੁਝ ਦਿਨਾਂ ਦੌਰਾਨ ਸਿਰਫ ਬਠਿੰਡਾ ਵਿਚ ਹੀ ਸੱਤ ਕਿਸਾਨ ਖੁਦਕੁਸ਼ੀ ਕਰ ਗਏ ਹਨ। ਉਨ੍ਹਾਂ ਕਿਹਾ ਕਿ ਇਹ ਸਮਾਂ ਕਿਸੇ 'ਤੇ ਦੋਸ਼ ਲਾਉਣ ਦਾ ਨਹੀਂ, ਸਗੋਂ ਕਿਸਾਨਾਂ ਨੂੰ ਧਿਆਨ ਵਿਚ ਰੱਖ ਕੇ ਨਵੀਆਂ ਨੀਤੀਆਂ ਤਿਆਰ ਕਰਨ ਲਈ ਸਿਰ ਜੋੜ ਕੇ ਬੈਠਣ ਦਾ ਹੈ। ਜੇ ਕਿਸਾਨੀ ਪੈਰਾਂ ਸਿਰ ਨਾ ਹੋਈ ਤਾਂ ਪੰਜਾਬ ਵੀ ਪੈਰਾਂ ਸਿਰ ਨਹੀਂ ਹੋ ਸਕੇਗਾ। ਉਨ੍ਹਾਂ ਕਿਹਾ ਕਿ ਉਹ ਕਿਸੇ ਅਹੁਦੇ ਜਾਂ ਲਾਲਚ ਲਈ ਨਹੀਂ, ਸਗੋਂ ਪੰਜਾਬ ਦੇ ਭਲੇ ਲਈ ਨੀਤੀਗਤ ਢੰਗ ਨਾਲ ਕੰਮ ਕਰਨ ਲਈ ਆਏ ਹਨ।

## ਸਿਮਰਜੀਤ ਬੈਂਸ ਖਿਲਾਫ ਇਕ ਹੋਰ ਕੇਸ ਦਰਜ

**ਲੁਧਿਆਣਾ:** ਜਬਰ ਜਨਾਹ ਮਾਮਲੇ 'ਚ ਭਗੌੜਾ ਐਲਾਨੇ ਜਾਣ ਤੋਂ ਬਾਅਦ ਅਦਾਲਤ ਦੇ ਹੁਕਮਾਂ ਉਤੇ ਥਾਣਾ ਡਿਵੀਜ਼ਨ ਨੰਬਰ-6 ਦੀ ਪੁਲਿਸ ਨੇ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਖਿਲਾਫ ਇਕ ਹੋਰ ਕੇਸ ਦਰਜ ਕੀਤਾ ਹੈ। ਇਸ ਕੇਸ ਵਿਚ ਸਿਮਰਜੀਤ ਬੈਂਸ ਸਣੇ ਕਰਮਜੀਤ ਸਿੰਘ ਬੈਂਸ, ਪਰਮਜੀਤ ਸਿੰਘ ਬੈਂਸ, ਸੁਖਚੈਨ ਸਿੰਘ, ਪ੍ਰਦੀਪ ਕੁਮਾਰ ਉਰਫ ਗੋਗੀ ਸ਼ਰਮਾ, ਬਲਜਿੰਦਰ ਕੌਰ ਅਤੇ ਜਸਬੀਰ ਕੌਰ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਪੁਲਿਸ ਦੀਆਂ ਟੀਮਾਂ ਨੇ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਦੀ ਭਾਲ 'ਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਅਦਾਲਤ ਦੇ ਹੁਕਮਾਂ 'ਤੇ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ 174-ਏ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸਾਰੇ ਮੁਲਜ਼ਮਾਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ।

# ਕਰਜ਼ਈ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਉਤੇ ਰੋਕ ਲਾਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖੇਤੀ ਵਿਕਾਸ ਬੈਂਕਾਂ ਵੱਲੋਂ ਕਰਜ਼ਈ ਕਿਸਾਨਾਂ ਦੇ ਜਾਰੀ ਕੀਤੇ ਗਏ ਗ੍ਰਿਫਤਾਰੀ ਵਾਰੰਟ ਰੱਦ ਕਰਨ ਦਾ ਫੈਸਲਾ ਲਿਆ ਹੈ ਅਤੇ ਐਲਾਨ ਕੀਤਾ ਹੈ ਕਿ ਕਿਸੇ ਵੀ ਕਰਜ਼ਈ ਕਿਸਾਨ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ।

ਵਿੱਤ ਤੇ ਸਹਿਕਾਰਤਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਕਿਸੇ ਵੀ ਕਰਜ਼ਈ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਵੇਗੀ ਅਤੇ ਜਾਰੀ ਹੋਏ ਗ੍ਰਿਫਤਾਰੀ ਵਾਰੰਟ ਵਾਪਸ ਲਏ ਜਾਣਗੇ। ਇਸ ਸਬੰਧੀ ਵਿੱਤ ਤੇ ਸਹਿਕਾਰਤਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਸਲ ਵਿਚ ਪਿਛਲੀ ਕਾਂਗਰਸ ਸਰਕਾਰ ਨੇ ਜਾਂਦੇ ਹੋਏ ਕਰਜ਼ਈ ਕਿਸਾਨਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਸਨ ਜਿਨ੍ਹਾਂ ਨੂੰ ਖੇਤੀ ਵਿਕਾਸ ਬੈਂਕਾਂ ਦੇ ਅਧਿਕਾਰੀਆਂ ਨੇ ਰਿਨੀਊ ਕਰਵਾ ਲਿਆ ਸੀ। 'ਆਪ' ਸਰਕਾਰ ਦੇ ਇਸ ਫੈਸਲੇ ਮਗਰੋਂ ਖੇਤੀ ਵਿਕਾਸ ਬੈਂਕਾਂ ਵੱਲੋਂ ਕਰੀਬ 9200 ਕਰਜ਼ਈ ਕਿਸਾਨਾਂ ਦੇ ਗ੍ਰਿਫਤਾਰੀ ਵਾਰੰਟਾਂ ਨੂੰ ਅੰਤਿਮ ਰੂਪ ਦਿੱਤੇ ਜਾਣ ਦਾ ਕੰਮ ਠੰਢੇ ਬਸਤੇ ਪੈ ਸਕਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੇ ਦੋ ਕਿਸਾਨਾਂ ਨੂੰ ਖੇਤੀ ਵਿਕਾਸ ਬੈਂਕਾਂ ਨੇ ਜੇਲ੍ਹ ਵਿਚ ਵੀ ਡੱਕ ਦਿੱਤਾ ਸੀ ਜਦੋਂ ਕਿ ਦੋ ਹੋਰ ਕਿਸਾਨਾਂ ਨੂੰ ਲਿਖਤੀ ਵਾਅਦੇ ਮਗਰੋਂ ਛੱਡ ਦਿੱਤਾ ਗਿਆ। ਕਰਜ਼ਈ ਕਿਸਾਨਾਂ ਵਿਚ ਇਸ ਕਾਰਵਾਈ ਨਾਲ ਕਾਫ਼ੀ ਖੌਫ਼ ਪੈਦਾ ਹੋ ਗਿਆ ਸੀ। ਗੁਰੂ ਹਰਸਹਾਏ ਦੇ ਸਹਾਇਕ ਰਜਿਸਟਰਾਰ ਨੇ ਦੋ ਕਰਜ਼ਈ ਕਿਸਾਨਾਂ ਸੁਖਮਿੰਦਰ ਸਿੰਘ ਅਤੇ ਜੀਤ ਸਿੰਘ ਨੂੰ 13 ਅਪਰੈਲ ਨੂੰ ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਸੀ। ਇਹ ਦੋਵੇਂ ਕਿਸਾਨ 20 ਅਪਰੈਲ ਨੂੰ ਜੇਲ੍ਹ 'ਚੋਂ ਰਿਹਾਅ ਹੋਏ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਖੇਤੀ ਵਿਕਾਸ ਬੈਂਕਾਂ ਵੱਲੋਂ ਕਰੀਬ ਦੋ ਹਜ਼ਾਰ ਗ੍ਰਿਫਤਾਰੀ ਵਾਰੰਟ ਪਹਿਲਾਂ ਹੀ ਤਿਆਰ ਕੀਤੇ ਜਾ ਚੁੱਕੇ ਹਨ। ਹੁਣ ਫਿਰੋਜ਼ਪੁਰ ਡਿਵੀਜ਼ਨ ਵਿਚ ਕਰੀਬ ਤਿੰਨ ਹਜ਼ਾਰ, ਪਟਿਆਲਾ ਡਿਵੀਜ਼ਨ ਵਿਚ 4500 ਅਤੇ ਜਲੰਧਰ ਡਿਵੀਜ਼ਨ 'ਚ ਕਰੀਬ 1800 ਕਰਜ਼ਈ ਕਿਸਾਨਾਂ ਦੇ ਗ੍ਰਿਫਤਾਰੀ ਵਾਰੰਟ ਤਿਆਰ ਕਰਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਸੀ ਜੋ ਹੁਣ ਰੁਕਣ ਦੀ ਸੰਭਾਵਨਾ ਹੈ। ਪੰਜਾਬ ਵਿਚ ਕਣਕ ਦਾ ਝਾੜ ਕਰੀਬ 20 ਫੀਸਦੀ ਤੱਕ ਘੱਟ ਗਿਆ ਹੈ ਤੇ ਉੱਪਰੋਂ ਬਦਲ ਰਹੇ ਮੌਸਮ ਨੇ ਕਿਸਾਨਾਂ ਦੇ ਸਾਹ ਸੂਤੇ ਹੋਏ ਹਨ। ਚੇਤੇ ਰਹੇ ਕਿ ਖੇਤੀ ਵਿਕਾਸ ਬੈਂਕ ਜਲਾਲਾਬਾਦ ਨੇ ਪਿੰਡ ਕਾਹਨੇਵਾਲਾ ਦੇ ਕਿਸਾਨ ਸੋਮਨਾਥ ਨੂੰ 12 ਲੱਖ ਰੁਪਏ ਦੇ ਕਰਜ਼ੇ ਕਰ ਕੇ ਅਤੇ ਫਿਰੋਜ਼ਪੁਰ ਬੈਂਕ ਨੇ ਬਖ਼ਸ਼ੀਸ਼ ਸਿੰਘ ਨਾਮ ਦੇ ਕਿਸਾਨ ਨੂੰ ਪਹਿਲਾਂ ਗ੍ਰਿਫਤਾਰ ਕਰ ਲਿਆ ਸੀ ਪਰ ਲਿਖਤੀ ਬਿਆਨ ਲੈਣ ਮਗਰੋਂ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਖੇਤੀ ਵਿਕਾਸ ਬੈਂਕਾਂ ਨੇ 71 ਹਜ਼ਾਰ ਕਿਸਾਨਾਂ ਕੋਲੋਂ 3200 ਕਰੋੜ ਰੁਪਏ ਵਸੂਲਣੇ ਹਨ, ਜਿਨ੍ਹਾਂ 'ਚੋਂ ਕਰੀਬ 60 ਹਜ਼ਾਰ ਡਿਫਾਲਟਰ ਕਿਸਾਨਾਂ ਤੋਂ ਕਰੀਬ 2300 ਕਰੋੜ ਵਸੂਲ ਕੀਤੇ ਜਾਣੇ ਹਨ।



## ਪੰਜਾਬ ਸਰਕਾਰ ਵਿਰੁੱਧ ਨਿੱਤਰੀਆਂ ਕਿਸਾਨ ਜਥੇਬੰਦੀਆਂ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਰਜ਼ਈ ਕਿਸਾਨਾਂ ਵਿਰੁੱਧ ਗ੍ਰਿਫਤਾਰੀ ਵਾਰੰਟ ਕੱਢਣ ਖਿਲਾਫ਼ ਸੂਬੇ ਦੀ 'ਆਪ' ਸਰਕਾਰ ਵਿਰੁੱਧ ਸੰਘਰਸ਼ ਦੀ ਚਿਤਾਵਨੀ ਦਿੰਦਿਆਂ ਸਰਕਾਰ ਨੂੰ ਕਿਸਾਨ ਵਿਰੋਧੀ ਫੈਸਲੇ ਲੈਣ ਤੋਂ ਵਰਜਿਆ ਸੀ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਵੱਖੋ-ਵੱਖਰੇ ਬਿਆਨਾਂ ਰਾਹੀਂ ਆਖਿਆ ਕਿ ਕਰਜ਼ੇ ਬਦਲੇ ਕਿਸੇ ਵੀ ਕਿਸਾਨ ਦੀ ਗ੍ਰਿਫਤਾਰੀ ਸਰਕਾਰ ਲਈ ਮਹਿੰਗੀ ਸਾਬਤ ਹੋਵੇਗੀ।

## ਕਿਸਾਨਾਂ ਦੇ ਕਰਜ਼ੇ ਦਾ ਇਕ ਹਿੱਸਾ ਸਰਕਾਰ ਭਰੇ: ਚੰਦੂਮਾਜਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨੀ ਨੂੰ ਕਰਜ਼ਾ ਮੁਕਤ ਕਰਨ ਲਈ 'ਟ੍ਰਿਪਲ ਸ਼ੇਅਰ ਪਾਲਿਸੀ' ਅਪਣਾਵੇ। ਇਸ ਪਾਲਿਸੀ ਤਹਿਤ ਕਰਜ਼ੇ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਇਕ ਹਿੱਸਾ ਸਰਕਾਰ ਦੇਵੇ, ਦੂਜਾ ਹਿੱਸਾ ਸੰਸਥਾਵਾਂ ਦੇਣ ਤੇ ਤੀਜਾ ਹਿੱਸਾ ਖੁਦ ਕਿਸਾਨ ਦੇਵੇ। ਚੰਦੂਮਾਜਰਾ ਨੇ ਕਿਹਾ ਕਿ ਹੁਣ ਨਾਬਾਰਡ ਵੱਲੋਂ ਇਹ ਕਹਿ ਕੇ ਪੈਸਾ ਸਹਿਕਾਰੀ ਬੈਂਕਾਂ ਨੂੰ ਨਹੀਂ ਦਿੱਤਾ ਜਾ ਰਿਹਾ ਕਿ ਸਰਕਾਰੀ ਬੈਂਕ ਕਰਜ਼ੇ ਵਿਚ ਡੁੱਬੇ ਹੋਏ ਹਨ ਜਦਕਿ ਸੱਚਾਈ ਇਹ ਹੈ ਕਿ ਪੰਜਾਬ ਦੇ ਬੈਂਕਾਂ ਸਿਰ 1350 ਕਰੋੜ ਦਾ ਨਾਬਾਰਡ ਦਾ ਕਰਜ਼ਾ ਹੈ ਅਤੇ ਬੈਂਕਾਂ ਨੇ 3200 ਕਰੋੜ ਕਰਜ਼ੇ ਦੇ ਰੂਪ ਵਿਚ ਕਿਸਾਨਾਂ ਨੂੰ ਵੰਡਿਆ ਹੋਇਆ ਹੈ ਤੇ 30 ਹਜ਼ਾਰ ਕਰੋੜ ਦੀਆਂ ਬੈਂਕਾਂ ਕੋਲ ਪ੍ਰਾਪਰਟੀਆਂ ਹਨ। ਅਜਿਹੇ ਵਿਚ ਸਹਿਕਾਰੀ ਬੈਂਕਾਂ ਨੂੰ ਕਰਜ਼ੇ ਵਿਚ ਡੁੱਬਿਆ ਕਿਵੇਂ ਕਿਹਾ ਜਾ ਸਕਦਾ ਹੈ।

# ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਤੋਂ ਸੁਰੱਖਿਆ ਵਾਪਸ ਲਈ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਹੁਣ ਦੂਸਰੇ ਗੇੜ ਵਿਚ ਤਕਰੀਬਨ 184 ਸਿਆਸੀ ਤੇ ਧਾਰਮਿਕ ਹਸਤੀਆਂ ਤੋਂ 236 ਸੁਰੱਖਿਆ ਮੁਲਾਜ਼ਮ ਵਾਪਸ ਲੈ ਲਏ ਹਨ। ਪੰਜਾਬ ਪੁਲਿਸ ਨੇ ਤਕਰੀਬਨ 53 ਸਾਬਕਾ ਵਿਧਾਇਕਾਂ ਤੋਂ ਸੁਰੱਖਿਆ ਵਾਪਸ ਲਈ ਹੈ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ 20 ਸਾਬਕਾ ਵਿਧਾਇਕ ਅਤੇ ਕਾਂਗਰਸ ਦੇ 26 ਸਾਬਕਾ ਵਿਧਾਇਕ ਸ਼ਾਮਲ ਹਨ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ ਅਤੇ ਜਗਜੀਤ ਸਿੰਘ ਤਲਵੰਡੀ ਨਾਲੋਂ ਵੀ ਸੁਰੱਖਿਆ ਮੁਲਾਜ਼ਮ ਹਟਾ ਲਏ ਗਏ ਹਨ। ਸਾਬਕਾ ਵਜ਼ੀਰਾਂ 'ਚ ਸੁਰਜੀਤ ਸਿੰਘ ਰੱਖੜਾ, ਜਨਮੇਜਾ ਸਿੰਘ ਸੇਖੋਂ, ਬੀਬੀ ਜਗੀਰ ਕੌਰ, ਮਦਨ ਮੋਹਨ ਮਿੱਤਲ, ਗੁਲਜ਼ਾਰ ਸਿੰਘ ਰਣੀਕੇ, ਜਥੇਦਾਰ ਤੋਤਾ ਸਿੰਘ, ਸੋਹਨ ਸਿੰਘ ਠੰਡਲ ਆਦਿ ਸ਼ਾਮਲ ਹਨ, ਜਿਨ੍ਹਾਂ ਦੀ ਸੁਰੱਖਿਆ ਵਾਪਸ ਲਈ ਗਈ ਹੈ। ਕਾਂਗਰਸ ਦੇ ਸਾਬਕਾ ਐਮ.ਪੀ. ਰਾਜੀਵ ਸ਼ੁਕਲਾ ਤੋਂ ਵੀ ਗੰਨਮੈਨ ਵਾਪਸ ਲਿਆ ਗਿਆ ਹੈ। ਸਾਬਕਾ ਐਮ.ਪੀ. ਸੰਤੋਸ਼ ਚੌਧਰੀ ਅਤੇ ਵਰਿੰਦਰ ਸਿੰਘ ਬਾਜਵਾ ਤੋਂ ਵੀ ਦੋ ਗੰਨਮੈਨ ਵਾਪਸ ਲਏ ਗਏ ਹਨ। ਸਾਬਕਾ ਮੁੱਖ ਮੰਤਰੀ ਨਾਲ ਤਾਇਨਾਤ ਸਲਾਹਕਾਰਾਂ ਨਾਲੋਂ ਵੀ ਗੰਨਮੈਨ ਹਟਾ ਲਏ ਗਏ ਹਨ ਜਿਨ੍ਹਾਂ ਵਿਚ ਜੀ ਐਸ ਸੋਢੀ, ਗੁਰਪ੍ਰੀਤ ਸਿੰਘ ਢੇਸੀ, ਮੇਜਰ ਭੁਪਿੰਦਰ ਸਿੰਘ ਢਿੱਲੋਂ ਦੇ ਨਾਮ ਸ਼ਾਮਲ ਹਨ।

ਪਹਿਲੇ ਪੜਾਅ ਵਿਚ 122 ਸਿਆਸੀ ਹਸਤੀਆਂ ਤੋਂ ਸੁਰੱਖਿਆ ਮੁਲਾਜ਼ਮ ਵਾਪਸ ਲਏ ਗਏ ਸਨ ਜਿਨ੍ਹਾਂ ਵਿਚ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲੋਂ ਕਾਫੀ ਗਿਣਤੀ ਵਿਚ ਗੰਨਮੈਨ ਹਟਾਏ ਗਏ ਸਨ। ਹਾਲਾਂਕਿ ਮਨਪ੍ਰੀਤ ਬਾਦਲ ਪਬਲਿਕ ਵਿਚ ਬਿਨਾਂ ਸੁਰੱਖਿਆ ਤੋਂ ਵਿਚਰਦੇ ਸਨ। ਮੁੱਖ ਮੰਤਰੀ ਭਗਵੰਤ ਮਾਨ ਆਖਦੇ ਰਹੇ ਹਨ ਕਿ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੀ ਸੁਰੱਖਿਆ ਉਨ੍ਹਾਂ ਲਈ ਅਹਿਮ ਹੈ।

ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਲੜਕੇ ਉਦੇਵੀਰ ਸਿੰਘ ਰੰਧਾਵਾ ਤੋਂ ਅੱਧੀ ਦਰਜਨ ਗੰਨਮੈਨ ਵਾਪਸ ਲਏ ਗਏ ਹਨ। ਉਦੇਵੀਰ ਨਾਲ ਤਾਇਨਾਤ ਇਕ ਗੱਡੀ ਵੀ ਵਾਪਸ ਲਈ ਗਈ ਹੈ। ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨਾਲ ਤਾਇਨਾਤ 5 ਗੰਨਮੈਨ ਵਾਪਸ ਲਏ ਗਏ ਹਨ।



ਪੰਜਾਬ ਪੁਲਿਸ ਨੇ ਤਾਂ ਸਾਬਕਾ ਪੁਲਿਸ ਅਫਸਰਾਂ ਦੇ ਪਰਿਵਾਰਾਂ ਨੂੰ ਵੀ ਗੰਨਮੈਨ ਦਿੱਤੇ ਹੋਏ ਸਨ ਜੋ ਵਾਪਸ ਲੈ ਲਏ ਗਏ ਹਨ। ਰਿਟਾਇਰਡ ਏ.ਡੀ.ਜੀ.ਪੀ. ਗੁਰਦਰਸ਼ਨ ਸਿੰਘ ਦੇ ਪਰਿਵਾਰ, ਰਿਟਾਇਰਡ ਆਈ.ਪੀ.ਐਸ. ਜੀ.ਐਸ. ਭੁੱਲਰ ਦੇ ਲੜਕੇ ਬਰਿੰਦਰ ਭੁੱਲਰ, ਆਈ.ਪੀ.ਐਸ. ਨਰਿੰਦਰਪਾਲ ਦੀ ਪਤਨੀ ਨੈਨਸੀ, ਸਾਬਕਾ ਐਸ.ਐਸ.ਪੀ. ਅਜੀਤ ਸਿੰਘ ਦੇ ਪਰਿਵਾਰ, ਪਾਵਰਕੌਮ ਦੇ ਸਾਬਕਾ ਚੇਅਰਮੈਨ ਵਾਈ ਐੱਸ ਰੱਤੜਾ ਦੇ ਪਰਿਵਾਰ ਨਾਲ ਤਾਇਨਾਤ ਗੰਨਮੈਨ ਵੀ ਵਾਪਸ ਬੁਲਾਏ ਗਏ ਹਨ।

ਇਸੇ ਤਰ੍ਹਾਂ ਹੀ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੀ ਮਾਤਾ ਕੁਲਵੰਤ ਕੌਰ, ਕਾਂਗਰਸੀ ਆਗੂ ਭੁਪਿੰਦਰ ਗੋਰਾ ਦੇ ਪਿਤਾ ਰਘਬੀਰ ਸਿੰਘ, ਕੁਲਜੀਤ ਨਾਗਰਾ ਦੀ ਪਤਨੀ ਮਨਦੀਪ ਕੌਰ, ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਦੇ ਭਰਾ ਗੋਪਾਲ ਸਿੰਘ, ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਕੈਰੋਂ ਦੀ ਪਤਨੀ ਪਰਨੀਤ ਕੌਰ, ਤਲਵੰਡੀ ਸਾਬੋ ਦੇ ਹਲਕਾ ਇੰਚਾਰਜ ਖੁਸ਼ਬਾਜ਼ ਜਟਾਣਾ, ਸਿੱਧਵਾਂ ਬੇਟ ਦੇ ਸਾਬਕਾ ਸਰਪੰਚ ਸੋਹਨ ਲਾਲ ਸ਼ੇਰਪੁਰੀ, ਪਿੰਡ ਗਿੱਲ ਦੇ ਸਰਪੰਚ ਹਰਪ੍ਰੀਤ ਸਿੰਘ ਗਿੱਲ ਦੀ ਸੁਰੱਖਿਆ ਵੀ ਵਾਪਸ ਲਈ ਗਈ ਹੈ। ਜਿਨ੍ਹਾਂ ਕੋਲ ਕੋਈ ਸੰਵਿਧਾਨਕ ਅਹੁਦਾ ਨਹੀਂ ਸੀ, ਉਨ੍ਹਾਂ ਨੂੰ ਵੀ ਪਿਛਲੀਆਂ ਸਰਕਾਰਾਂ ਨੇ ਸੁਰੱਖਿਆ ਦਿੱਤੀ ਹੋਈ ਸੀ। ਇਨ੍ਹਾਂ ਵਿਚ ਕਾਫੀ ਗਿਣਤੀ ਭਾਜਪਾ ਆਗੂਆਂ ਦੀ ਹੈ। ਆਗੂਆਂ ਨੂੰ ਦਿੱਤੀ ਜਾ ਰਹੀ ਸੁਰੱਖਿਆ ਖਜ਼ਾਨੇ ਨੂੰ ਸਾਲਾਨਾ ਕਰੀਬ 15 ਕਰੋੜ ਵਿਚ ਪੈਂਦੀ ਸੀ।

## ਸਿਆਸੀ ਕਾਕਿਆਂ ਤੋਂ ਵੀ ਗੰਨਮੈਨ ਵਾਪਸ ਲਏ

**ਚੰਡੀਗੜ੍ਹ:** ਮਾਨ ਸਰਕਾਰ ਨੇ ਮਨਪ੍ਰੀਤ ਸਿੰਘ ਬਾਦਲ ਦੇ ਪੁੱਤਰ ਅਰਜਨ ਬਾਦਲ, ਸਾਬਕਾ ਵਿਧਾਇਕ ਰਮਿੰਦਰ ਆਵਲਾ ਦੇ ਪੁੱਤਰ ਸੁਖਬੀਰ ਆਵਲਾ, ਭਾਜਪਾ ਦੇ ਸਾਬਕਾ ਵਿਧਾਇਕ ਅਰੁਣ ਨਾਰੰਗ ਦੇ ਲੜਕੇ ਕਰਨ ਨਾਰੰਗ, ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਦੇ ਪੁੱਤਰ ਕੰਵਰਇੰਦਰ ਸਿੰਘ ਢਿੱਲੋਂ, ਸੰਸਦ ਮੈਂਬਰ ਡਾ. ਅਮਰ ਸਿੰਘ ਦੇ ਲੜਕੇ ਕਾਮਿਲ ਅਮਰ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਲੜਕੇ ਰਣਇੰਦਰ ਸਿੰਘ ਤੋਂ ਵੀ ਸੁਰੱਖਿਆ ਵਾਪਸ ਲੈ ਲਈ ਹੈ। ਪਿਛਲੀ ਸਰਕਾਰ ਨੇ ਕਈ ਅਦਾਕਾਰਾਂ ਨੂੰ ਵੀ ਸੁਰੱਖਿਆ ਦਿੱਤੀ ਹੋਈ ਸੀ। ਭਾਜਪਾ ਵਿਚ ਸ਼ਾਮਲ ਹੋਈ ਅਦਾਕਾਰਾ ਮਾਹੀ ਗਿੱਲ ਅਤੇ ਸਤਿੰਦਰ ਕੌਰ ਸੱਤੀ ਤੋਂ ਇਲਾਵਾ ਸਪੀਡ ਰਿਕਾਰਡ ਕੰਪਨੀ ਦੇ ਮਾਲਕਾਂ ਨੂੰ ਵੀ ਸੁਰੱਖਿਆ ਦਿੱਤੀ ਹੋਈ ਸੀ ਜੋ ਹੁਣ ਵਾਪਸ ਲੈ ਲਈ ਗਈ ਹੈ। 'ਆਪ' ਦਾ ਦਾਅਵਾ ਹੈ ਕਿ ਉਹ ਵੀ.ਆਈ.ਪੀ. ਕਲਚਰ ਨੂੰ ਖਤਮ ਕਰਨਗੇ।

# 'ਜੁਗਾੜੂ ਰੇਹੜੀ' ਉਤੇ ਪਾਬੰਦੀ ਵਾਲੇ ਹੁਕਮ ਰੱਦ ਕੀਤੇ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਨਾਰਾਜ਼ਗੀ ਮਗਰੋਂ ਪੰਜਾਬ ਪੁਲਿਸ ਨੇ 'ਜੁਗਾੜੂ ਰੇਹੜੀ' ਉਤੇ ਲਾਈ ਪਾਬੰਦੀ ਦੇ ਹੁਕਮ ਵਾਪਸ ਲੈ ਲਏ ਹਨ। ਪੰਜਾਬ ਪੁਲਿਸ ਵੱਲੋਂ 'ਜੁਗਾੜੂ ਰੇਹੜੀ' ਉਤੇ ਪਾਬੰਦੀ ਲਾਏ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ ਜਿਸ ਮਗਰੋਂ ਸੂਬੇ ਵਿਚ ਵੱਡਾ ਰੋਸ ਪੈਦਾ ਹੋ ਗਿਆ ਸੀ। ਮੁੱਖ ਮੰਤਰੀ ਨੇ ਪਾਬੰਦੀ ਦਾ ਸਖਤ ਨੋਟਿਸ ਲੈਂਦਿਆਂ ਟਰਾਂਸਪੋਰਟ ਵਿਭਾਗ ਨਾਲ ਨਾਰਾਜ਼ਗੀ ਵੀ ਜਤਾਈ।

ਚੇਤੇ ਰਹੇ ਕਿ ਸੜਕ ਹਾਦਸੇ ਰੋਕਣ ਲਈ ਏ.ਡੀ.ਜੀ.ਪੀ. (ਟਰੈਫਿਕ) ਨੇ 18 ਅਪਰੈਲ ਨੂੰ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਪੱਤਰ ਜਾਰੀ ਕਰਕੇ ਮੋਟਰ ਸਾਈਕਲਾਂ 'ਤੇ ਜੁਗਾੜ ਕਰਕੇ ਰੇਹੜੀ ਲਗਾਉਣ ਵਾਲਿਆਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਸੀ। 'ਆਪ' ਸਰਕਾਰ ਦੇ ਇਸ ਫੈਸਲੇ ਮਗਰੋਂ ਸੂਬੇ ਵਿਚ ਜੁਗਾੜ ਨਾਲ ਰੇਹੜੀਆਂ ਬਣਾ ਕੇ ਗੁਜ਼ਾਰਾ ਕਰਨ ਵਾਲਿਆਂ 'ਚ ਤਰਥੱਲੀ ਮੱਚ ਗਈ ਸੀ।



ਮੁੱਖ ਮੰਤਰੀ ਭਗਵੰਤ ਮਾਨ ਨੇ ਟਰਾਂਸਪੋਰਟ ਵਿਭਾਗ ਤੋਂ ਤਤਕਾਲ ਰਿਪੋਰਟ ਤਲਬ ਕੀਤੀ ਅਤੇ ਦੇਰ ਸ਼ਾਮ ਏ.ਡੀ.ਜੀ.ਪੀ. (ਟਰੈਫਿਕ) ਨੇ ਨਵੇਂ ਹੁਕਮ ਜਾਰੀ ਕਰ ਦਿੱਤੇ ਜਿਨ੍ਹਾਂ ਅਨੁਸਾਰ ਪਹਿਲਾਂ ਜਾਰੀ ਹੁਕਮਾਂ 'ਤੇ ਅਮਲ ਉਪਰ ਰੋਕ ਲਗਾ ਦਿੱਤੀ ਗਈ ਹੈ। ਅਗਲੇ ਹੁਕਮਾਂ ਤੱਕ ਪੁਲਿਸ ਨੂੰ ਇਹ ਪ੍ਰੈਕਟਿਸ ਬੰਦ ਕਰਨ ਲਈ ਆਖ ਦਿੱਤਾ ਗਿਆ ਹੈ। ਇਹ ਸਲਾਹ ਦਿੱਤੀ ਗਈ ਹੈ ਕਿ ਪੁਲਿਸ ਹੁਣ ਟਰੈਫਿਕ ਸਿੱਖਿਆ ਵਿੰਗਾਂ ਜ਼ਰੀਏ ਲੋਕਾਂ ਨੂੰ ਜਾਗਰੂਕ ਕਰੇ ਕਿ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਹੁਕਮਾਂ ਨੂੰ ਧਿਆਨ 'ਚ ਰੱਖਦਿਆਂ ਜੁਗਾੜ ਕਰਕੇ ਬਣਾਈਆਂ ਰੇਹੜੀਆਂ ਨਾ ਚਲਾਉਣ ਕਿਉਂਕਿ ਇਹ ਗੈਰਕਾਨੂੰਨੀ ਹਨ।

# ਕਰੋਨਾ: ਪੰਜਾਬ ਵਿਚ ਜਨਤਕ ਥਾਵਾਂ ਉਤੇ ਪਾਉਣਾ ਪਵੇਗਾ ਮਾਸਕ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਦੇ ਮਾਮਲੇ ਵਧਣ ਤੋਂ ਬਾਅਦ ਗ੍ਰਹਿ ਵਿਭਾਗ ਨੇ ਲੋਕਾਂ ਨੂੰ ਮੁੜ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ। ਸੂਬੇ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਅਨੁਰਾਗ ਵਰਮਾ ਵੱਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਕਈ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਕਰੋਨਾ ਦੇ ਮਾਮਲੇ ਮੁੜ ਵਧਣੇ ਸ਼ੁਰੂ ਹੋ ਗਏ ਹਨ ਜਿਸ ਕਾਰਨ ਲੋਕਾਂ ਨੂੰ ਮਹਾਮਾਰੀ ਦੀ ਲਾਗ ਤੋਂ ਬਚਣ ਲਈ ਮਾਸਕ ਪਹਿਨਣ ਦੀ ਸਲਾਹ ਦਿੱਤੀ ਜਾਂਦੀ ਹੈ।



ਗ੍ਰਹਿ ਵਿਭਾਗ ਵੱਲੋਂ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਹਦਾਇਤਾਂ ਲਾਗੂ ਕਰਾਉਣ ਲਈ ਗ੍ਰਹਿ ਵਿਭਾਗ ਵੱਲੋਂ ਸਾਰੇ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ, ਪੁਲਿਸ ਕਮਿਸ਼ਨਰਾਂ ਤੇ ਵਧੀਕ ਡੀ.ਜੀ.ਪੀ. (ਕਾਨੂੰਨ ਵਿਵਸਥਾ) ਨੂੰ ਵੀ ਪੱਤਰ ਲਿਖਿਆ ਗਿਆ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੁਝ ਦਿਨ ਪਹਿਲਾਂ ਹੀ ਜਨਤਕ ਅਤੇ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਕਰੋਨਾ ਦੀ ਤੀਜੀ ਲਹਿਰ ਦੇ ਤਕਰੀਬਨ ਦਮ ਤੋੜਨ ਤੋਂ ਬਾਅਦ ਪੰਜਾਬ ਵਿਚ ਵੀ ਪਿਛਲੇ ਚਾਰ ਕੁ ਦਿਨਾਂ ਤੋਂ ਲਾਗ ਦੇ ਮਾਮਲਿਆਂ ਵਿਚ ਵਾਧਾ ਹੋ ਗਿਆ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਸੂਬੇ ਵਿਚ ਚੌਥੀ ਲਹਿਰ ਨੇ ਇਕ ਤਰ੍ਹਾਂ ਨਾਲ ਦਸਤਕ ਦੇ ਦਿੱਤੀ ਹੈ ਤੇ ਸਮੁੱਚੇ ਸਿਹਤ ਅਮਲੇ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

# ਦਫਤਰ 'ਚ ਆਰਾਮ ਫਰਮਾਉਣ ਵਾਲਾ ਬੀ.ਡੀ.ਪੀ.ਓ. ਮੁਅੱਤਲ

**ਮੋਗਾ:** ਦਫਤਰ ਵਿਚ ਬੈੱਡ 'ਤੇ ਅਰਾਮ ਫਰਮਾਉਂਦੇ ਦੀ ਵੀਡੀਓ ਵਾਇਰਲ ਹੋਣ ਮਗਰੋਂ ਬਾਘਾਪੁਰਾਣਾ ਦੇ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ (ਬੀ.ਡੀ.ਪੀ.ਓ.) ਨਿਰਮਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ। ਦਰਅਸਲ ਨਿਰਮਲ ਸਿੰਘ ਸੀਨੀਅਰ ਸਹਾਇਕ (ਲੇਖਾ) ਸੀ ਪਰ ਕਥਿਤ ਸਿਆਸੀ ਪਹੁੰਚ ਨਾਲ ਬੀ.ਡੀ.ਪੀ.ਓ. ਬਣ ਗਿਆ ਸੀ। ਜਸਵਿੰਦਰ ਸਿੰਘ ਨਾਮ ਦੇ ਇਕ ਵਿਅਕਤੀ ਨੇ ਦੱਸਿਆ ਕਿ ਉਹ ਗਲੀ 'ਤੇ ਹੋਇਆ ਨਾਜਾਇਜ਼ ਕਬਜ਼ਾ ਚੁਕਵਾਉਣ ਲਈ 2 ਸਾਲ ਤੋਂ ਬੀ.ਡੀ.ਪੀ.ਓ. ਦਫਤਰ ਦੇ ਗੇੜੇ ਮਾਰ ਰਿਹਾ ਹੈ। ਉਹ ਜਦੋਂ ਵੀ ਆਉਂਦਾ, ਬੀ.ਡੀ.ਪੀ.ਓ. ਆਪਣੇ ਦਫਤਰ ਦੇ ਚੁਬਾਰੇ 'ਚ ਹੀ ਅਰਾਮ ਫਰਮਾ ਰਹੇ ਹੁੰਦੇ ਸਨ। ਇਕ ਦਿਨ ਮਿਲਣ ਆਏ ਲੋਕਾਂ ਨੇ ਇਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਸਾਂਝੀ ਕਰ ਦਿੱਤੀ ਜਿਸ ਮਗਰੋਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਨੇ ਉਸ ਨੂੰ ਮੁਅੱਤਲ ਕਰ ਦਿੱਤਾ।

# ਡੇਅਰੀ ਵਿਕਾਸ ਬੋਰਡ ਪੰਜਾਬ ਨੂੰ 900 ਕਰੋੜ ਦਾ ਪੈਕੇਜ

**ਚੰਡੀਗੜ੍ਹ:** ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕੁਲਦੀਪ ਧਾਲੀਵਾਲ ਨੇ ਪੰਜਾਬ ਵਿਚ 12 ਮਿਲਕ ਪਲਾਂਟ ਸਥਾਪਤ ਕਰਨ ਵਾਸਤੇ ਕੌਮੀ ਡੇਅਰੀ ਵਿਕਾਸ ਬੋਰਡ ਤੋਂ 900 ਕਰੋੜ ਰੁਪਏ ਦੇ ਪੈਕੇਜ ਦੀ ਮੰਗ ਕੀਤੀ ਹੈ। ਗੁਜਰਾਤ ਦੇ ਆਨੰਦ ਸ਼ਹਿਰ ਵਿਚ ਕੌਮੀ ਡੇਅਰੀ ਵਿਕਾਸ ਬੋਰਡ ਦਾ ਮੁੱਖ ਦਫਤਰ ਹੈ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਗੁਜਰਾਤ ਦੇ ਦੌਰੇ 'ਤੇ ਹਨ। ਵਜ਼ੀਰ ਕੁਲਦੀਪ ਧਾਲੀਵਾਲ ਨੇ ਗੁਜਰਾਤ ਵਿਚ ਕੌਮੀ ਡੇਅਰੀ ਵਿਕਾਸ ਬੋਰਡ ਦੇ ਚੇਅਰਮੈਨ ਮਨੀਸ਼ ਸ਼ਾਹ ਨਾਲ ਮੀਟਿੰਗ ਕੀਤੀ ਹੈ। ਕੌਮੀ ਡੇਅਰੀ ਵਿਕਾਸ ਬੋਰਡ ਦੇ ਚੇਅਰਮੈਨ ਮਨੀਸ਼ ਸ਼ਾਹ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਨੂੰ ਸੂਬੇ ਵਿਚ 12 ਮਿਲਕ ਪਲਾਂਟ ਸਥਾਪਤ ਕਰਨ ਲਈ ਕਰੀਬ 900 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਅਤੇ ਪੂਰਨ ਤਕਨੀਕੀ ਸਹਿਯੋਗ ਦਿੱਤਾ ਜਾਵੇਗਾ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਐਨ.ਡੀ.ਡੀ.ਬੀ., ਪੰਜਾਬ ਸਰਕਾਰ ਨੂੰ ਵਿੱਤੀ ਸਹਾਇਤਾ ਅਤੇ ਲੋੜੀਂਦੀ ਤਕਨੀਕੀ ਸਹਾਇਤਾ ਮੁਹੱਈਆ ਕਰਾਉਣ ਲਈ ਮਿਲ ਕੇ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ 6,000 ਪਿੰਡਾਂ ਨੂੰ ਕਵਰ ਕਰਨ ਲਈ ਪਹਿਲਾਂ ਹੀ 11 ਮਿਲਕ ਪਲਾਂਟ ਮੌਜੂਦ ਹਨ, ਇਸ ਕਦਮ ਨਾਲ ਪੰਜਾਬ ਵਿਚ ਮਿਲਕ ਪਲਾਂਟਾਂ ਦੀ ਗਿਣਤੀ 23 ਹੋ ਜਾਵੇਗੀ ਅਤੇ ਸੂਬੇ ਦੇ ਕੁੱਲ 12,000 ਪਿੰਡਾਂ ਨੂੰ ਕਵਰ ਕੀਤਾ ਜਾਵੇਗਾ, ਜਿਸ ਨਾਲ ਰੋਜ਼ਾਨਾ 10 ਲੱਖ ਲਿਟਰ ਵਾਧੂ ਦੁੱਧ ਦੀ ਖਰੀਦ ਕੀਤੀ ਜਾਵੇਗੀ।



ਕੁਲਦੀਪ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗੰਗਾਨਗਰ ਅਤੇ ਕੋਹਲਾਪੁਰ ਵਿਚ ਸਫਲਤਾਪੂਰਵਕ ਚੱਲ ਰਹੇ ਦੋ ਪਲਾਂਟਾਂ ਦੀ ਤਰਜ਼ 'ਤੇ ਅੰਮ੍ਰਿਤਸਰ ਵਿਚ 80 ਕਰੋੜ ਰੁਪਏ ਦੇ ਅਨੁਮਾਨਿਤ ਖਰਚੇ ਵਾਲਾ ਟੋਟਲ ਮਿਕਸਡ ਰਾਸ਼ਨ ਪਲਾਂਟ (ਟੀ.ਐਮ.ਆਰ.) ਸਥਾਪਤ ਕੀਤਾ ਜਾਵੇਗਾ।

ਐਨ.ਡੀ.ਡੀ.ਬੀ. ਇਸ ਲਈ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਇਸ ਨਾਲ ਫਸਲੀ ਰਹਿੰਦ-ਖੂੰਹਦ ਨੂੰ ਸਾੜਨ ਦੀ ਸਮੱਸਿਆ ਵੀ ਹੱਲ ਹੋ ਜਾਵੇਗੀ। ਡੇਅਰੀ ਵਿਕਾਸ ਮੰਤਰੀ ਨੇ ਅੱਗੇ ਕਿਹਾ ਕਿ ਐਨ.ਡੀ.ਆਰ.ਆਈ. ਦੀ ਤਰਜ਼ 'ਤੇ ਡੇਅਰੀ ਫਾਰਮਿੰਗ ਸਬੰਧੀ ਸਿਖਲਾਈ ਦੇਣ ਲਈ ਐਨ.ਡੀ.ਡੀ.ਬੀ. ਨੇ ਪੰਜਾਬ ਵਿਚ ਅਜਿਹੀ ਸੰਸਥਾ ਸਥਾਪਤ ਕਰਨ ਲਈ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ ਹੈ।

# ਨਸ਼ਾ ਤਸਕਰੀ ਰੋਕਣ ਲਈ ਐਂਟੀ-ਡਰੋਨ ਤਕਨਾਲੋਜੀ ਵਿਕਸਤ ਕਰਨ 'ਤੇ ਜ਼ੋਰ

**ਖਰੜ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਆਂਢੀ ਮੁਲਕ ਤੋਂ ਡਰੋਨਾਂ ਰਾਹੀਂ ਹੁੰਦੀ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨਾਲ ਨਜਿੱਠਣ ਲਈ ਸੂਬੇ ਵਿਚ ਐਂਟੀ ਡਰੋਨ ਪ੍ਰਣਾਲੀ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਥੇ ਚੰਡੀਗੜ੍ਹ ਯੂਨੀਵਰਸਿਟੀ ਵਿਚ ਪੰਜਾਬ ਦੇ ਪਹਿਲੇ ਡਰੋਨ ਟ੍ਰੇਨਿੰਗ ਹੱਬ ਦਾ ਉਦਘਾਟਨ ਕਰਨ ਮਗਰੋਂ ਯੂਨੀਵਰਸਿਟੀ ਦੇ ਕੈਂਪਸ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਇਕ ਸਰਹੱਦੀ ਸੂਬਾ ਹੋਣ ਕਰਕੇ ਡਰੋਨ ਤਕਨਾਲੋਜੀ ਨੂੰ ਵਿਕਸਤ ਕਰਨ ਦੀ ਲੋੜ ਹੈ ਕਿਉਂਕਿ ਗੁਆਂਢੀ ਮੁਲਕ ਡਰੋਨਾਂ ਰਾਹੀਂ ਸਰਹੱਦੀ ਇਲਾਕਿਆਂ 'ਚ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਕਰਦਾ ਹੈ, ਜਿਸ ਨਾਲ ਨਜਿੱਠਣ ਲਈ ਡਰੋਨ ਟਰੈਕਿੰਗ ਵਰਗੀ ਤਕਨਾਲੋਜੀ ਵੀ ਹੋਣੀ ਚਾਹੀਦੀ ਹੈ।

ਬੇਰੁਜ਼ਗਾਰੀ ਨੂੰ ਸਾਰੀਆਂ ਅਲਾਮਤਾਂ ਦੀ ਜੜ੍ਹ ਦੱਸਦਿਆਂ ਮੁੱਖ ਮੰਤਰੀ ਨੇ ਬਾਹਰੀ ਮੁਲਕਾਂ ਵਿਚ ਪਰਵਾਸ ਕਰ ਰਹੇ ਨੌਜਵਾਨਾਂ ਨੂੰ ਪੰਜਾਬ ਵਿਚ ਹੀ ਰੁਜ਼ਗਾਰ ਦੇ ਬਿਹਤਰ ਮੌਕੇ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਬਹੁਤ ਪ੍ਰਤਿਭਾਸ਼ਾਲੀ ਹਨ ਪਰ ਪਿਛਲੀਆਂ ਸਰਕਾਰਾਂ ਵੱਲੋਂ ਰੁਜ਼ਗਾਰ ਦੇ ਮੌਕੇ ਪੈਦਾ ਨਾ ਕਰਨ ਸਦਕਾ ਮਜਬੂਰਨ ਉਨ੍ਹਾਂ ਨੂੰ ਬੇਗਾਨੇ ਮੁਲਕਾਂ ਵਿੱਚ ਰੁਜ਼ਗਾਰ ਤਲਾਸ਼ਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਦੀ ਗੰਭੀਰ ਸਮੱਸਿਆ ਵੀ ਨਸ਼ਿਆਂ ਦੀ ਅਲਾਮਤ ਲਈ ਜ਼ਿੰਮੇਵਾਰ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਵਿਚ ਨਿਵੇਸ਼ ਕਰਨ ਲਈ ਛੇਤੀ ਹੀ ਨਵੇਂ ਉਦਯੋਗ ਅਤੇ ਦੇਸ਼-ਵਿਦੇਸ਼ ਦੀਆਂ ਨਾਮੀ ਕੰਪਨੀਆਂ ਤੱਕ ਪਹੁੰਚ ਕਰੇਗੀ ਤਾਂ ਕਿ ਕਿਸੇ ਵੀ ਹੁਨਰਮੰਦ ਬੱਚੇ ਨੂੰ ਰੁਜ਼ਗਾਰ ਲਈ ਮਾਤ-ਭੂਮੀ ਨਾ ਛੱਡਣੀ ਪਵੇ।



ਪੰਜਾਬ ਨੂੰ ਮੁੜ ਰੰਗਲਾ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਤਿਹਾਸ ਵਿਚ ਪੰਜਾਬ ਨੂੰ ਕਈ ਵਾਰ ਉਤਰਾਅ-ਚੜ੍ਹਾਅ ਦੇਖਣੇ ਪਏ ਹਨ ਪਰ ਉਹ ਭਵਿੱਖ ਵਿਚ ਪੰਜਾਬ ਦੀ ਸਰਦਾਰੀ ਪਹਿਲਾਂ ਵਾਂਗ ਕਾਇਮ ਕਰਨ ਲਈ ਦ੍ਰਿੜ੍ਹ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

## ਪਾਕਿਸਤਾਨ ਵੱਲੋਂ ਆਏ ਡਰੋਨ 'ਤੇ ਫਾਇਰਿੰਗ

**ਗੁਰਦਾਸਪੁਰ:** ਬੀ.ਐਸ.ਐਫ. ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ 58 ਬਟਾਲੀਅਨ ਦੀ ਆਦੀਆਂ ਬੀ.ਓ.ਪੀ. ਵਿਚ ਬੀ.ਐਸ.ਐਫ. ਦੇ ਜਵਾਨਾਂ ਨੇ ਸਰਹੱਦ 'ਤੇ ਉਡਦੇ ਇਕ ਪਾਕਿਸਤਾਨੀ ਡਰੋਨ 'ਤੇ ਗੋਲੀਆਂ ਚਲਾਈਆਂ ਹਨ। ਡਿਊਟੀ 'ਤੇ ਤਾਇਨਾਤ ਬੀ.ਐਸ.ਐਫ. ਜਵਾਨਾਂ ਨੇ ਰਾਤ ਦੇ ਸਮੇਂ ਪਾਕਿਸਤਾਨ ਵੱਲੋਂ ਆਉਂਦੇ ਡਰੋਨ ਦੀ ਆਵਾਜ਼ ਸੁਣੀ, ਜਿਸ ਮਗਰੋਂ ਉਨ੍ਹਾਂ 166 ਫਾਇਰ ਕੀਤੇ। ਜਾਣਕਾਰੀ ਅਨੁਸਾਰ ਇਹ ਡਰੋਨ ਕਰੀਬ 11 ਮਿੰਟ ਭਾਰਤੀ ਖੇਤਰ ਵਿਚ ਰਿਹਾ ਤੇ ਇਸ ਦੌਰਾਨ ਡਰੋਨ ਨੇ ਚਾਰ ਵਾਰ ਭਾਰਤੀ ਇਲਾਕੇ ਵਿਚ ਅਗਾਂਹ ਵਧਣ ਦੀ ਕੋਸ਼ਿਸ਼ ਕੀਤੀ, ਪਰ ਜਵਾਨਾਂ ਵੱਲੋਂ ਕੀਤੀ ਗਈ ਗੋਲੀਬਾਰੀ ਮਗਰੋਂ ਇਹ ਡਰੋਨ ਪਾਕਿਸਤਾਨ ਵੱਲ ਪਰਤ ਗਿਆ।

# ਸਿੱਖ ਮਸਲਿਆਂ ਦੇ ਹੱਲ 'ਚ ਵੀ ਦਿਲਚਸਪੀ ਦਿਖਾਉਣ ਮੋਦੀ ਤੇ ਸ਼ਾਹ: ਜਥੇਦਾਰ

**ਅੰਮ੍ਰਿਤਸਰ:** ਦਿੱਲੀ ਦੇ ਲਾਲ ਕਿਲੇ ਵਿਚ ਕੇਂਦਰ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਸਮਾਗਮ ਕਰਵਾਉਣ ਦੀ ਸ਼ਲਾਘਾ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਆਖਿਆ ਕਿ ਉਹ ਸਿੱਖਾਂ ਦੇ ਹੋਰ ਮਸਲੇ ਹੱਲ ਕਰਨ 'ਚ ਵੀ ਨਿੱਜੀ ਦਿਲਚਸਪੀ ਦਿਖਾਉਣ।

ਇਸ ਸਬੰਧੀ ਜਾਰੀ ਕੀਤੇ ਇਕ ਸੁਨੇਹੇ ਰਾਹੀਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਬੰਦੀ ਸਿੱਖਾਂ ਦੀ ਰਿਹਾਈ ਲਈ ਉਚੇਚਾ ਯਤਨ ਕਰੇ। ਉਨ੍ਹਾਂ ਕਿਹਾ ਕਿ ਦੇਸ਼ ਵੰਡ ਮਗਰੋਂ ਆਈਆਂ ਸਰਕਾਰਾਂ ਨੇ ਸਿੱਖਾਂ ਦੇ ਪਿੰਡੇ 'ਤੇ ਵੱਡੇ ਜ਼ਖਮ ਦਿੱਤੇ ਹਨ, ਜਿਨ੍ਹਾਂ ਦੀ ਪੀੜ ਅੱਜ ਵੀ ਸਿੱਖ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਮੌਜੂਦਾ ਸਰਕਾਰ ਕੋਲੋਂ ਇਹ ਉਮੀਦ ਕਰਦਾ ਹੈ ਕਿ ਉਹ ਸਿੱਖਾਂ ਦੇ ਅੱਲ੍ਹੇ ਜ਼ਖਮਾਂ 'ਤੇ ਮੱਲ੍ਹਮ ਲਾਉਣਗੇ।

ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਕੇਂਦਰ ਦੀ ਮੌਜੂਦਾ ਸਰਕਾਰ ਨਾਲ ਮਿਲ ਕੇ ਚੱਲਣਾ ਚਾਹੁੰਦਾ ਹੈ ਅਤੇ ਸੁਹਿਰਦਤਾ ਨਾਲ ਕਦਮ ਵਧਾਉਣਾ ਚਾਹੁੰਦਾ ਹੈ ਪਰ ਇਸ ਲਈ ਮੋਦੀ



ਸਰਕਾਰ ਵੀ ਸਿੱਖ ਭਾਈਚਾਰੇ ਵੱਲ ਸੁਹਿਰਦਤਾ ਨਾਲ ਕਦਮ ਵਧਾਏ।

ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅੰਮ੍ਰਿਤਸਰ ਦੌਰੇ ਸਮੇਂ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਆਏ ਸਨ ਅਤੇ ਉਨ੍ਹਾਂ ਨੇ ਮੁਲਾਕਾਤ ਵੀ ਕੀਤੀ ਸੀ। ਇਸ ਮੁਲਾਕਾਤ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਨੂੰ ਸਿੱਖ ਮਸਲਿਆਂ ਬਾਰੇ ਜਾਣੂ ਕਰਵਾਇਆ ਸੀ, ਜਿਸ 'ਤੇ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਸਿੱਖ ਮਸਲੇ ਹੱਲ ਕੀਤੇ ਜਾਣਗੇ ਅਤੇ ਇਨ੍ਹਾਂ ਮਸਲਿਆਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਕਈ ਬੰਦੀ ਸਿੱਖਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਦਾ ਐਲਾਨ ਕੀਤਾ ਸੀ ਪਰ ਹੁਣ ਤਕ ਸਿੱਖ ਬੰਦੀਆਂ ਵਿਚ ਸ਼ਾਮਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਗੁਰਦੀਪ ਸਿੰਘ ਖੇੜਾ, ਜਗਤਾਰ ਸਿੰਘ ਹਵਾਰਾ ਤੇ ਹੋਰਨਾਂ ਦੀ ਰਿਹਾਈ ਲਈ ਕੁਝ ਨਹੀਂ ਹੋਇਆ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਦਾ ਮਾਮਲਾ ਵੀ ਲਟਕ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੀਤੇ ਐਲਾਨ ਮੁਤਾਬਕ ਬੰਦੀ ਸਿੱਖਾਂ ਦੀ ਰਿਹਾਈ ਕਰਵਾਏ। ਗੁਰੂ ਤੇਗ ਬਹਾਦਰ ਨੂੰ ਸਮਰਪਿਤ ਡਾਕ ਟਿਕਟ ਅਤੇ ਯਾਦਗਾਰੀ ਸਿੱਕਾ ਜਾਰੀ ਕਰਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਪ੍ਰਗਟਾਇਆ ਹੈ।

## ਸਿੱਖਾਂ ਨੂੰ ਅੰਮ੍ਰਿਤਧਾਰੀ ਹੋਣ ਦਾ ਸੰਦੇਸ਼

**ਅੰਮ੍ਰਿਤਸਰ:** ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਵਧਾਈ ਦਿੰਦਿਆਂ ਆਖਿਆ ਕਿ ਸਮੁੱਚੀ ਸਿੱਖ ਕੌਮ ਸਾਬਤ ਸੂਰਤ ਤੇ ਅੰਮ੍ਰਿਤਧਾਰੀ ਬਣੇ। ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਜਥੇਦਾਰ ਨੇ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਦੱਸਿਆ। ਉਨ੍ਹਾਂ ਸਮੁੱਚੇ ਸਿੱਖ ਜਗਤ ਨੂੰ ਗੁਰੂ ਸਾਹਿਬ ਵੱਲੋਂ ਦਿੱਤੇ ਗਏ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸੰਤੋਖਸਰ ਸਾਹਿਬ ਅਤੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨ ਕੀਤਾ ਗਿਆ।

# ਪ੍ਰਕਾਸ਼ ਪੁਰਬ ਮਨਾਉਣ ਭਾਰਤ ਆਇਆ ਪਾਕਿਸਤਾਨੀ ਜਥਾ



**ਅਟਾਰੀ:** ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪ੍ਰੀਤਮ ਸਿੰਘ ਦੀ ਅਗਵਾਈ ਹੇਠ 48 ਮੈਂਬਰੀ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਤੋਂ ਵਾਹਗਾ-ਅਟਾਰੀ ਸਰਹੱਦ ਰਸਤੇ ਭਾਰਤ ਪੁੱਜਿਆ।

ਭਾਰਤ ਸਰਕਾਰ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਫਾਰਸ਼ 'ਤੇ 49 ਪਾਕਿਸਤਾਨੀ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਸਨ, ਜਿਨ੍ਹਾਂ 'ਚੋਂ 48 ਸ਼ਰਧਾਲੂ ਭਾਰਤ ਪੁੱਜੇ। ਪ੍ਰੀਤਮ ਸਿੰਘ ਨੇ ਦੱਸਿਆ ਕਿ ਉਹ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ 'ਚ ਸ਼ਾਮਲ ਹੋਣਗੇ।

ਇਸ ਮੌਕੇ ਉਨ੍ਹਾਂ ਦੋਵਾਂ ਸਰਕਾਰਾਂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚਲੇ ਸਿੱਖ ਵੀ ਭਾਰਤ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਇਸ ਕਰਕੇ ਭਾਰਤ ਸਰਕਾਰ ਨੂੰ ਪਾਕਿਸਤਾਨੀ ਸਿੱਖਾਂ ਨੂੰ ਵੀ ਵੱਧ ਤੋਂ ਵੱਧ ਵੀਜ਼ੇ ਜਾਰੀ ਕਰਨੇ ਚਾਹੀਦੇ ਹਨ। ਜ਼ਿਕਰਯੋਗ ਹੈ ਕਿ ਇਹ ਜਥਾ 15 ਦਿਨਾਂ ਲਈ ਭਾਰਤ ਆਇਆ ਹੈ, ਜੋ ਪਹਿਲਾਂ ਦਿੱਲੀ ਜਾਵੇਗਾ ਤੇ ਫਿਰ ਦਿੱਲੀ ਤੋਂ ਆਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ 'ਚ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਮਗਰੋਂ 6 ਮਈ ਨੂੰ ਪਾਕਿਸਤਾਨ ਵਾਪਸ ਜਾਵੇਗਾ। ਪੰਜਾਬ ਸਰਕਾਰ ਦੇ ਪ੍ਰੋਟੋਕੋਲ ਅਧਿਕਾਰੀ ਅਰੁਣ ਮਾਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਾਰੇ ਸ਼ਰਧਾਲੂਆਂ ਦੇ ਕਰੋਨਾ ਟੈਸਟ ਕੀਤੇ ਗਏ ਹਨ ਅਤੇ ਸਾਰਿਆਂ ਦੇ ਟੈਸਟ ਨੈਗੇਟਿਵ ਆਏ ਹਨ।

# ਅਮਰੀਕੀ ਸੈਨੇਟਰਾਂ ਦਾ ਵਫਦ ਸ੍ਰੀ ਦਰਬਾਰ ਸਾਹਿਬ ਨਤਮਸਤਕ



**ਅੰਮ੍ਰਿਤਸਰ:** ਅਮਰੀਕਾ ਦੇ ਚਾਰ ਸੈਨੇਟਰ ਤੇ ਇਕ ਪ੍ਰਤੀਨਿਧੀ ਕਾਂਗਰਸ ਮੈਨ ਸਣੇ 18 ਵਿਅਕਤੀਆਂ ਦੇ ਉੱਚ ਪੱਧਰੀ ਵਫਦ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਅਮਰੀਕੀ ਸੈਨੇਟਰ ਨੇ ਉਥੇ ਸਿੱਖਾਂ ਖਿਲਾਫ ਹੋ ਰਹੇ ਨਸਲੀ ਹਮਲਿਆਂ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਹ ਹਮਲੇ ਸਿੱਖਾਂ 'ਤੇ ਨਹੀਂ, ਸਗੋਂ ਅਮਰੀਕਾ 'ਤੇ ਹਨ।

ਇਥੇ ਪੁੱਜੇ ਵਫਦ ਵਿਚ ਨਿਊ ਯਾਰਕ ਦੀ ਸੈਨੇਟਰ ਕਰਸਟਨ ਗਿੱਲੀਬਰਾਂਡ, ਨਿਊਜਰਸੀ ਦੇ ਸੈਨੇਟਰ ਕੋਰੀ ਬੂਕਰ, ਰੋਡ ਆਈਲੈਂਡ ਦੇ ਸੈਨੇਟਰ ਸ਼ੈਲਡਨ ਵ੍ਹਾਈਟਹਾਊਸ, ਐਰੀਜ਼ੋਨਾ ਦੇ ਸੈਨੇਟਰ ਮਾਰਕ ਕੈਲੀ, ਕਾਂਗਰਸ ਮੈਨ ਮੋਨਡੇਅਰ ਜੋਨਸ ਅਤੇ ਸੈਨੇਟਰਾਂ ਦੇ ਕੁਝ ਪਰਿਵਾਰਕ ਮੈਂਬਰਾਂ ਸਣੇ ਦਿੱਲੀ ਸਥਿਤ ਅਮਰੀਕੀ ਦੂਤਾਵਾਸ ਦੇ ਅਧਿਕਾਰੀ ਸ਼ਾਮਲ ਹਨ। ਅਮਰੀਕੀ ਵਫਦ ਦਰਬਾਰ ਸਾਹਿਬ ਨਤਮਸਤਕ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਗਿਆ, ਜਿਥੇ ਉਨ੍ਹਾਂ ਲੰਗਰ ਦੀ ਮਰਿਆਦਾ ਬਾਰੇ ਜਾਣਕਾਰੀ ਹਾਸਲ ਕੀਤੀ।

ਸੈਨੇਟਰ ਕੋਰੀ ਬੂਕਰ ਆਖਿਆ ਕਿ ਅਮਰੀਕਾ ਵਿਚ ਸਿੱਖਾਂ 'ਤੇ ਨਸਲੀ ਹਮਲੇ ਮੰਦਭਾਗੇ ਹਨ ਅਤੇ ਉਹ ਬਤੌਰ ਸੈਨੇਟਰ ਸਿੱਖਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਨਸਲੀ ਹਮਲੇ ਸਿੱਖਾਂ 'ਤੇ ਨਹੀਂ, ਸਗੋਂ ਅਮਰੀਕਾ ਦੇ ਖਿਲਾਫ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਅਮਰੀਕਾ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ।

ਇਸੇ ਦੌਰਾਨ ਅਮਰੀਕੀ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਵਧੀਕ ਮੈਨੇਜਰ ਸਤਨਾਮ ਸਿੰਘ ਰਿਆੜ ਅਤੇ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਨੇ ਸਿਰੋਪਾਓ, ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਸਿੱਖ ਧਰਮ ਨਾਲ ਸਬੰਧਤ ਪੁਸਤਕਾਂ ਦੇ ਕੇ ਸਨਮਾਨਿਆ।

# ਮਾਨ ਸਰਕਾਰ ਪ੍ਰਾਈਵੇਟ ਟਰਾਂਸਪੋਰਟਰਾਂ ਉਤੇ ਮਿਹਰਬਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਾਈਵੇਟ ਟਰਾਂਸਪੋਰਟ ਸੈਕਟਰ ਲਈ 'ਐਮਨੈਸਟੀ ਸਕੀਮ' ਦਾ ਐਲਾਨ ਕੀਤਾ ਹੈ ਤਾਂ ਜੋ ਡਿਫਾਲਟਰ ਬੱਸ ਮਾਲਕਾਂ ਨੂੰ ਬਕਾਇਆ ਟੈਕਸ ਭਰਨ ਦਾ ਮੌਕਾ ਦਿੱਤਾ ਜਾ ਸਕੇ। 'ਆਪ' ਸਰਕਾਰ ਨੇ ਪੰਜਾਬ 'ਚ ਬੱਸਾਂ ਦੇ ਨਵੇਂ ਬਣ ਰਹੇ ਟਾਈਮ ਟੇਬਲ ਦੀ ਪ੍ਰਕਿਰਿਆ ਦੌਰਾਨ ਹੀ ਇਹ ਫੈਸਲਾ ਕੀਤਾ ਹੈ ਜਿਸ ਨਾਲ ਕਰੀਬ 75 ਹਜ਼ਾਰ ਬੱਸ, ਕੈਬ ਅਤੇ ਆਟੋ ਰਿਕਸ਼ਾ ਅਪਰੇਟਰਾਂ ਨੂੰ 'ਐਮਨੈਸਟੀ ਸਕੀਮ' ਦਾ ਫਾਇਦਾ ਮਿਲ ਸਕੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਜੋ ਆਪਣਾ ਟੈਕਸ ਨਹੀਂ ਭਰ ਸਕੇ, ਉਨ੍ਹਾਂ ਨੂੰ ਇਹ ਵਿਸ਼ੇਸ਼ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 25 ਅਪਰੈਲ ਤੋਂ 24 ਜੁਲਾਈ ਤੱਕ ਤਿੰਨ ਮਹੀਨਿਆਂ ਅੰਦਰ 'ਐਮਨੈਸਟੀ ਸਕੀਮ' ਤਹਿਤ ਡਿਫਾਲਟਰ ਬੱਸ ਮਾਲਕ ਆਪਣਾ ਮੋਟਰ ਵਹੀਕਲ ਟੈਕਸ ਬਿਨਾਂ ਕਿਸੇ ਜਰਮਾਨੇ ਤੇ ਵਿਆਜ ਤੋਂ ਭਰ ਸਕਣਗੇ। 'ਆਪ' ਸਰਕਾਰ ਨੂੰ ਇਸ ਨਵੀਂ ਸਕੀਮ ਜਰੀਏ ਕਰੀਬ 80 ਕਰੋੜ ਦੇ ਬਕਾਇਆ ਟੈਕਸਾਂ ਦੀ ਵਸੂਲੀ ਦੀ ਆਸ ਹੈ। ਇਸ ਤੋਂ ਪਹਿਲਾਂ ਚੰਨੀ ਸਰਕਾਰ ਸਮੇਂ ਟਰਾਂਸਪੋਰਟਰਾਂ ਦੇ ਕਰੀਬ ਸੌ ਕਰੋੜ ਦੇ ਟੈਕਸ ਮੁਆਫ ਕੀਤੇ ਗਏ ਸਨ।

ਗਿਣਤੀ ਪੱਖੋਂ ਦੇਖੀਏ ਤਾਂ ਇਸ ਸਕੀਮ ਦੇ ਦਾਇਰੇ 'ਚ ਕੈਬ ਅਤੇ ਆਟੋ ਰਿਕਸ਼ਾ ਅਪਰੇਟਰ ਜ਼ਿਆਦਾ ਆਉਣਗੇ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਟਰਾਂਸਪੋਰਟ ਵਿਭਾਗ ਵੱਲੋਂ ਇਸ ਵੇਲੇ ਸੂਬੇ 'ਚ ਨਵੇਂ ਟਾਈਮ ਟੇਬਲ



ਬਣਾਏ ਜਾ ਰਹੇ ਹਨ। ਜਿਹੜੇ ਪ੍ਰਾਈਵੇਟ ਬੱਸ ਮਾਲਕ ਡਿਫਾਲਟਰ ਹਨ, ਉਨ੍ਹਾਂ ਨੂੰ ਨਵੇਂ ਟਾਈਮ ਟੇਬਲ ਵਿਚ ਕੋਈ ਥਾਂ ਨਹੀਂ ਮਿਲੇਗੀ। ਬਕਾਇਆ ਟੈਕਸ ਭਰਨ ਵਾਲੇ ਅਪਰੇਟਰ ਨਵੇਂ ਟਾਈਮ ਟੇਬਲ ਵਿਚ ਜਗ੍ਹਾ ਲੈਣ ਦੇ ਯੋਗ ਹੋਣਗੇ।

ਮਾਲਵਾ ਬੱਸ ਅਪਰੇਟਰ ਐਸੋਸੀਏਸ਼ਨ ਦੇ ਬਲਤੇਜ ਸਿੰਘ ਬਠਿੰਡਾ ਨੇ ਕਿਹਾ ਜਿਨ੍ਹਾਂ ਡਿਫਾਲਟਰ ਬੱਸ ਮਾਲਕਾਂ ਨੇ ਪਹਿਲਾਂ ਕਿਸ਼ਤਾਂ ਕਰਾ ਲਈਆਂ ਸਨ, ਉਨ੍ਹਾਂ ਲਈ ਵੀ ਬਿਨਾਂ ਜਰਮਾਨੇ ਤੋਂ ਵਿਆਜ ਤੋਂ ਪੂਰਾ ਟੈਕਸ ਭਰਨ ਦਾ ਇਹ ਚੰਗਾ ਮੌਕਾ ਹੋਵੇਗਾ। ਦੂਜੇ ਪਾਸੇ ਆਜ਼ਾਦ ਟੈਕਸੀ ਯੂਨੀਅਨ ਦੇ ਸੀਨੀਅਰ ਆਗੂ ਸਰਨਜੀਤ ਸਿੰਘ ਕਲਸੀ ਨੇ ਕਿਹਾ ਕਿ ਜੇ ਉਹ ਟੈਕਸ ਭਰਨ ਜੋਗੇ ਹੁੰਦੇ ਤਾਂ ਜਰਮਾਨੇ ਵੀ ਅਦਾ ਕਰ ਸਕਦੇ ਸਨ। ਉਨ੍ਹਾਂ ਕਿਹਾ ਕਿ ਲੋੜ ਟੈਕਸ ਮੁਆਫ ਕਰਨ ਦੀ ਹੈ।

ਉਧਰ, 'ਆਪ' ਸਰਕਾਰ ਨੇ ਪੁਰਾਣੇ ਟੈਕਸਾਂ ਦੀ ਉਗਰਾਹੀ ਲਈ ਵਿਉਂਤਬੰਦੀ ਸ਼ੁਰੂ ਕੀਤੀ ਹੈ। ਡੁੱਬੇ ਟੈਕਸਾਂ ਦੀ ਵਸੂਲੀ ਅਤੇ ਉਪਰੋਂ ਸਰਕਾਰੀ ਮਾਲੀਏ ਵਿਚ ਵਾਧੇ ਦੇ ਮਕਸਦ ਲਈ ਇਸ ਰਾਹ 'ਤੇ ਸਰਕਾਰ ਚੱਲੀ ਹੈ। ਪਤਾ ਲੱਗਾ ਹੈ ਕਿ ਆਬਕਾਰੀ ਮਹਿਕਮੇ ਵੱਲੋਂ ਵੀ ਇਸੇ ਤਰਜ਼ 'ਤੇ ਨਵੀਂ ਸਕੀਮ ਲਿਆਂਦੀ ਜਾ ਰਹੀ ਹੈ ਤਾਂ ਜੋ ਡਿਫਾਲਟਰ ਠੇਕੇਦਾਰਾਂ ਤੋਂ ਪੁਰਾਣੇ ਬਕਾਏ ਵਸੂਲੇ ਜਾ ਸਕਣ। ਆਬਕਾਰੀ ਮਹਿਕਮੇ ਦੇ ਕਰੀਬ 500 ਕਰੋੜ ਦੇ ਪੁਰਾਣੇ ਬਕਾਏ ਅੜੇ ਹੋਏ ਹਨ।

# ਸਰਕਾਰ ਚਲਾਉਣਾ ਆਮ ਆਦਮੀ ਪਾਰਟੀ ਦੇ ਵੱਸ 'ਚ ਨਹੀਂ: ਸਿੱਧੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਸੂਬੇ ਵਿਚ ਸਰਕਾਰ ਚਲਾਉਣਾ 'ਆਪ' ਦੇ ਵੱਸ ਦਾ ਰੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਦਿੱਲੀ ਮਾਡਲ' ਨਹੀਂ ਚੱਲੇਗਾ। ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਵਿਵਸਥਾ



ਵਿਗੜ ਰਹੀ ਹੈ। ਹੁਣ ਤੱਕ ਕਰੀਬ 40 ਕਤਲ ਹੋ ਚੁੱਕੇ ਹਨ ਅਤੇ ਲੋਕਾਂ ਵਿਚ ਭੈਅ ਦਾ ਮਾਹੌਲ ਹੈ। 'ਆਪ' ਨੇ ਪੰਜਾਬ ਦੇ ਲੋਕਾਂ ਨੂੰ ਝੂਠੇ ਸੁਪਨੇ ਦਿਖਾਏ ਸਨ, ਜਦੋਂ ਕਿ ਹਕੀਕਤ ਵਿਚ ਕੁਝ ਵੀ ਨਹੀਂ ਹੈ। ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਲੋਕ ਸੁਰੱਖਿਅਤ ਨਹੀਂ ਹੈ ਅਤੇ ਲੋਕਾਂ ਦੀ ਜਾਨ ਮਾਲ ਨੂੰ ਵੱਡਾ ਖਤਰਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਪੁਲਿਸ ਦਾ ਵੀ ਰਾਜਸੀਕਰਨ ਕਰ ਦਿੱਤਾ ਹੈ ਅਤੇ ਸਰਕਾਰ 'ਬਦਲਾਅ' ਦੀ ਥਾਂ 'ਬਦਲੇ ਦੀ ਭਾਵਨਾ' ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦਾ ਅਲਕਾ ਲਾਂਬਾ ਅਤੇ ਕੁਮਾਰ ਵਿਸ਼ਵਾਸ ਦੇ ਦਰ 'ਤੇ ਪੁੱਜਣਾ ਇਸ ਦੀ ਪ੍ਰਤੱਖ ਮਿਸਾਲ ਹੈ।

ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਅੱਗੇ ਵੱਡਾ ਬਿਜਲੀ ਸੰਕਟ ਆ ਰਿਹਾ ਹੈ ਅਤੇ ਕਿਸਾਨ ਕਣਕ ਦੇ ਘਟੇ ਝਾੜ ਕਾਰਨ ਪਰੇਸ਼ਾਨ ਹਨ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਲਈ ਸਰਕਾਰ 500 ਰੁਪਏ ਪ੍ਰਤੀ ਕੁਇੰਟਲ ਦਾ ਬੋਨਸ ਐਲਾਨੇ। ਦਰਿਆਈ ਪਾਣੀਆਂ ਦੇ ਮੁੱਦੇ 'ਤੇ ਨਵਜੋਤ ਸਿੱਧੂ ਨੇ ਕਿਹਾ ਕਿ ਅਗਰ ਸਰਕਾਰ ਵਿਚ ਹਿੰਮਤ ਹੈ ਤਾਂ ਪਾਣੀ ਦੇ ਕੇ ਦਿਖਾਵੇ, ਉਹ ਪਾਣੀ ਦੂਸਰੇ ਸੂਬੇ ਨੂੰ ਨਹੀਂ ਜਾਣ ਦੇਣਗੇ।

# ਗੈਰ ਬਾਸਮਤੀ ਚੌਲਾਂ ਦੀ ਬਰਾਮਦ ਵਧ ਕੇ 6 ਅਰਬ ਡਾਲਰ ਹੋਈ

**ਨਵੀਂ ਦਿੱਲੀ:** ਭਾਰਤ ਦੇ ਗੈਰ ਬਾਸਮਤੀ ਚੌਲਾਂ ਦੀ ਬਰਾਮਦ 2021-22 ਵਿਚ ਵਧ ਕੇ 6.11 ਅਰਬ ਅਮਰੀਕੀ ਡਾਲਰ ਦੀ ਹੋ ਗਈ ਹੈ। ਗੈਰ ਬਾਸਮਤੀ ਚੌਲਾਂ ਦੀ ਬਰਾਮਦ 2013-14 ਵਿਚ 2.92 ਅਰਬ ਅਮਰੀਕੀ ਡਾਲਰ ਦੀ ਸੀ। ਵਣਜ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ।

ਭਾਰਤ ਨੇ 2021-22 ਵਿਚ 150 ਤੋਂ ਵੱਧ ਦੇਸ਼ਾਂ ਨੂੰ ਚੌਲ ਬਰਾਮਦ ਕੀਤੇ ਸਨ। ਡਾਇਰੈਕਟੋਰੇਟ ਜਨਰਲ ਆਫ ਕਮਰਸ਼ੀਅਲ ਇੰਟੈਲੀਜੈਂਸ ਐਂਡ ਸਟੈਟਿਸਟਿਕਸ ਦੇ ਅੰਕੜਿਆਂ ਮੁਤਾਬਕ, ਭਾਰਤ




ਨੇ ਗੈਰ ਬਾਸਮਤੀ ਚੌਲ ਦੀ 2019-20 ਵਿਚ ਬਰਾਮਦ, ਦੋ ਅਰਬ ਅਮਰੀਕੀ ਡਾਲਰ, 2020-21 ਵਿਚ 4.8 ਅਰਬ ਡਾਲਰ ਅਤੇ 2021-22 ਵਿਚ 6.11 ਅਰਬ ਡਾਲਰ ਕੀਤੀ ਹੈ। ਖੇਤੀਬਾੜੀ ਅਤੇ ਪ੍ਰੋਸੈਸਿੰਗ ਖਾਦ ਉਤਪਾਦ ਬਰਾਮਦ ਵਿਕਾਸ (ਏ.ਪੀ.ਈ.ਡੀ.ਏ.) ਦੇ ਚੇਅਰਮੈਨ ਐੱਮ. ਅੰਗਮੁਥੂ ਨੇ ਕਿਹਾ, "ਆਪਣੇ ਵਿਦੇਸ਼ੀ ਸਫਾਰਤਖਾਨਿਆਂ ਦੀ ਮਦਦ ਨਾਲ ਅਸੀਂ ਲੌਜਿਸਟਿਕਸ ਦੇ ਵਿਕਾਸ ਲਈ ਤਾਲਮੇਲ ਕੀਤਾ ਅਤੇ ਉਤਪਾਦ ਦੀ ਗੁਣਵੱਤਾ 'ਤੇ ਵੀ ਧਿਆਨ ਦਿੱਤਾ ਹੈ। ਇਸ ਨਾਲ ਭਾਰਤੀ ਚੌਲ ਦੀ ਬਰਾਮਦ ਦੀਆਂ ਸੰਭਾਵਨਾਵਾਂ ਬਿਹਤਰ ਹੋਈਆਂ ਹਨ।"

# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਦੋ ਕਹਾਣੀ-ਸੰਗ੍ਰਹਿ ਰਿਲੀਜ਼

**ਸਟਾਕਟਨ (ਬਿਊਰੋ ਨਿਊਜ਼):** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਲੰਘੀ 16 ਅਪ੍ਰੈਲ ਨੂੰ ਇੱਥੋਂ ਦੇ (Royal Indian Cuisine & Banquet) ਹਾਲ ਵਿਚ ਸ਼ਾਨਦਾਰ ਸਾਹਿਤਕ ਸਮਾਗਮ ਕੀਤਾ ਗਿਆ। ਇਸ ਦੌਰਾਨ ਡਾ. ਰਵੀ ਸ਼ੇਰ ਗਿੱਲ ਦਾ ਕਹਾਣੀ-ਸੰਗ੍ਰਹਿ, 'ਕਿਤੇ ਉਹ ਨਾ ਹੋਵੇ' ਅਤੇ ਤ੍ਰਿਪਤ ਸਿੰਘ ਭੱਟੀ ਦਾ ਮਿੰਨੀ ਕਹਾਣੀ-ਸੰਗ੍ਰਹਿ 'ਕੋਧਰੇ ਦੀ ਰੋਟੀ' ਪਾਠਕਾਂ ਦੀ ਸੱਥ ਵਿਚ ਉਤਾਰੇ ਗਏ। ਅਮਨ ਸ਼ਾਂਤੀ ਦੇ ਪਹਿਰੇਦਾਰਾਂ ਨੂੰ ਸਮਰਪਿਤ ਇਸ ਸਮਾਗਮ ਦਾ ਆਗ਼ਾਜ਼ ਟੋਰਾਂਟੋ ਦੇ ਹਰਮਨ-ਪਿਆਰੇ ਗਾਇਕ ਇਕਬਾਲ ਬਰਾੜ ਨੇ 'ਸਾਹਿਰ ਲੁਧਿਆਣਵੀ' ਦਾ ਗੀਤ 'ਪੈਗ਼ਾਮੇ ਅਮਨ' ਗਾ ਕੇ ਕੀਤਾ।

ਇਸ ਉਪਰੰਤ ਹਰਜਿੰਦਰ ਪੰਧੇਰ ਨੇ ਰਿਲੀਜ਼ ਕੀਤੇ ਜਾਣ ਵਾਲੇ ਦੋਹਾਂ ਕਹਾਣੀ-ਸੰਗ੍ਰਹਿਆਂ ਦੀ ਸਾਹਿਤਕ ਮਹੱਤਤਾ ਦੇ ਸੰਦਰਭ ਬਾਰੇ ਗੱਲ ਕਰਦਿਆਂ ਇਨ੍ਹਾਂ ਨੂੰ ਪਰਵਾਸੀ ਪੰਜਾਬੀ ਸਾਹਿਤ ਵਿਚ ਵੱਡਾ ਯੋਗਦਾਨ ਗਰਦਾਨਿਆ। ਡਾ. ਰਵੀ ਸ਼ੇਰ ਗਿੱਲ ਅਤੇ ਤ੍ਰਿਪਤ ਭੱਟੀ ਨੇ ਸਰੋਤਿਆਂ ਨਾਲ ਆਪਣੇ ਸਾਹਿਤਕ ਸਫ਼ਰ ਦੇ ਤਜ਼ਰਬੇ ਸਾਂਝੇ ਕੀਤੇ। ਹਾਜ਼ਰ ਮੈਂਬਰਾਂ ਵਲੋਂ ਦੋਹਾਂ ਲੇਖਕਾਂ ਨੂੰ ਗੁਲਦਸਤੇ ਦੇ ਕੇ ਸਨਮਾਨਿਆ ਗਿਆ।




ਅਗਲਾ ਸੈਸ਼ਨ ਕਹਾਣੀ ਵਰਕਸ਼ਾਪ ਦਾ ਸੀ। ਜਿਸ ਵਿਚ ਮਨਜੀਤ ਕੌਰ ਸੇਖੋਂ ਨੇ ਆਪਣੀ ਨਵ-ਰਚਿਤ ਕਹਾਣੀ 'ਰਾਹਤ' ਪੜ੍ਹੀ। ਇਸ ਉਪਰ ਵਿਚਾਰ-ਚਰਚਾ ਕਰਦਿਆਂ ਹਰਜਿੰਦਰ ਪੰਧੇਰ ਨੇ ਇਸ ਕਹਾਣੀ ਨੂੰ ਅੱਜ ਦੇ ਦੌਰ ਵਿਚ ਤੇਜ਼ੀ ਨਾਲ ਬਦਲ ਰਹੇ ਘਰੇਲੂ ਰਿਸ਼ਤਿਆਂ ਵਿਚਲੀਆਂ ਪੇਚੀਦਗੀਆਂ ਦਰਮਿਆਨ ਰਾਬਤੇ ਦਾ ਪੁਲ ਉਸਾਰਦੀ ਯਤਨ ਭਰਪੂਰ ਖ਼ੂਬਸੂਰਤ ਕਹਾਣੀ ਦੱਸਿਆ। ਡਾ. ਮਨਰੀਤ ਕੌਰ ਗਰੇਵਾਲ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਇਸ ਕਹਾਣੀ ਦੀ ਮੁੱਖ ਪਾਤਰ ਪੰਜਾਬ ਅਤੇ ਅਮਰੀਕਾ ਦੀ ਦੋਹਰੀ ਸੋਚ ਵਿਚ ਜਕੜੀ ਹੋਈ ਮਹਿਸੂਸ ਕਰਦੀ ਹੈ। ਜਦੋਂ ਉਸ ਦੀਆਂ ਸੋਚਾਂ ਗੁੰਝਲਾ ਜਾਂਦੀਆਂ ਹਨ ਤਾਂ ਉਹ ਰਿਸ਼ਤਿਆਂ ਦਾ ਭਾਰ ਨਾ ਝਲਦੀ ਹੋਈ ਨਿੱਜੀ ਸੋਚਾਂ ਨੂੰ ਛੱਡ ਦਿੰਦੀ ਹੈ। ਗੋਬਿੰਦਰ ਸਿੰਘ ਸਮਰਾਓ ਨੇ ਪਟਿਆਲੇ ਸ਼ਹਿਰ ਦੀਆਂ ਕੁੱਝ ਰੁਮਾਂਚਿਕ ਯਾਦਾਂ ਸਾਂਝੀਆਂ ਕੀਤੀਆਂ। ਹਰਨੇਕ ਸਿੰਘ ਨੇ ਆਪਣੀ ਨਵੀਂ ਲਿਖੀ ਮਿਨੀ-ਕਹਾਣੀ 'ਰਿਸ਼ਤੇਦਾਰੀ' ਸਰੋਤਿਆਂ ਨਾਲ ਸਾਂਝੀ ਕੀਤੀ।

ਅਗਲਾ ਦੌਰ ਕਵੀ ਦਰਬਾਰ ਦਾ ਸੀ ਜਿਸ ਦਾ ਅਰੰਭ ਹਾਈ ਸਕੂਲ ਦੀ ਵਿਦਿਆਥਣ 'ਸੁੱਚੀ ਕੰਬੋਜ' ਨੇ ਹਾਰਮੋਨੀਅਮ 'ਤੇ ਦੋ ਗੀਤ ਤਰਨੱਮ 'ਚ ਗਾ ਕੇ ਕੀਤਾ। ਮਰਹੂਮ ਨਾਵਲਕਾਰ ਇੰਦਰ ਸਿੰਘ ਖ਼ਾਮੋਸ਼ ਦੀ ਬੇਟੀ ਪੁਸ਼ਵਿੰਦਰ ਨੇ ਆਪਣੇ ਪਾਪਾ ਦੀ ਲੰਬੀ ਕਵਿਤਾ ਸੁਣਾਈ। ਤਰਸੇਮ ਸਿੰਘ ਘੁੰਮਣ ਨੇ ਤਿੰਨ ਖੁੱਲ੍ਹੀਆਂ ਕਵਿਤਾਵਾਂ ਨਾਲ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਅਮਰਪਾਲ ਕੰਬੋਜ ਨੇ ਲੋਕ ਹੱਕਾਂ ਲਈ ਸੰਘਰਸ਼ ਕਰਦੇ ਇਕ ਜੁਝਾਰੂ ਦੀ ਪਤਨੀ ਦੇ ਮੁੱਖੋਂ ਆਪਣੇ ਪਤੀ ਦੇ ਸੰਘਰਸ਼ਮਈ ਜੀਵਨ ਦੇ ਗੀਤ ਨੂੰ ਬੋਲ ਦਿੱਤੇ। ਮਨਜੀਤ ਕੌਰ ਸੇਖੋਂ ਨੇ ਇਕ ਔਰਤ ਵਲੋਂ ਪਤੀ ਤੋਂ ਆਪਣੇ ਹੱਕਾਂ ਦੀ ਤਸਲੀਮ ਕਰਦਾ ਗੀਤ ਸੁਣਾਇਆ। ਡਾ. ਮਨਰੀਤ ਕੌਰ ਨੇ ਵਲਵਲੇ ਭਰਪੂਰ ਖ਼ੂਬਸੂਰਤ ਨਜ਼ਮ ਨਾਲ ਸਾਂਝ ਪਾਈ। ਜਸਵੰਤ ਸ਼ਾਦ ਨੇ ਸ਼ਾਇਰਾਨਾ ਅੰਦਾਜ਼ ਵਿਚ ਨਿਵੇਕਲਾ ਰੰਗ ਬੰਨ੍ਹਿਆ। ਸਭਾ ਦੀ ਸਕੱਤਰ ਗੁਰਪ੍ਰੀਤ ਕੌਰ ਨੇ ਉਲੀਕੇ ਪ੍ਰੋਗਰਾਮ ਨੂੰ ਜ਼ਿੰਮੇਵਾਰੀ ਨਾਲ ਨਿਭਾਇਆ ਅਤੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਰੋਤਿਆਂ ਦਾ ਧੰਨਵਾਦ ਕੀਤਾ।

ਹਾਜ਼ਰ ਸਰੋਤਿਆਂ ਵਿਚ ਮ੍ਰਿਗਇੰਦਰ ਪੰਧੇਰ, ਰਾਜਕੁਮਾਰੀ, ਇੰਦਰਮੋਹਨ ਸਿੰਘ, ਅਵਤਾਰ ਸਿੰਘ ਲਾਖਾ, ਜਗਜੀਵਨ ਸਿੰਘ, ਕਮਲ ਕੰਬੋਜ ਆਦਿ ਨੇ ਭਾਗ ਲਿਆ। ਰੈਸਟੋਰੈਂਟ ਵਲੋਂ ਪਰੋਸੇ ਲਜ਼ੀਜ਼ ਖਾਣੇ ਦੀ ਸਭ ਵਲੋਂ ਤਾਰੀਫ ਕੀਤੀ ਗਈ।

***-ਰਿਪੋਰਟ: ਹਰਜਿੰਦਰ ਪੰਧੇਰ***
***ਫੋਨ: 209-610-5055***

# ਪੁਸਤਕ ਮੇਲੇ 'ਚ ਪਾਠਕਾਂ ਨੇ ਭਾਰੀ ਉਤਸ਼ਾਹ ਦਿਖਾਇਆ

**ਕੈਲਗਰੀ:** ਲੰਘੇ ਵੀਕਐਂਡ 'ਤੇ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿਚ ਲਗਾਇਆ ਗਿਆ। ਇਸ ਮੌਕੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਮੇਲੇ ਵਿਚ ਬੱਚਿਆਂ ਲਈ ਅੰਗਰੇਜ਼ੀ ਵਿਚ ਛੋਟੇ-ਛੋਟੇ ਪੈਂਫਲਿਟ ਵੀ ਰੱਖੇ ਗਏ ਤਾਂ ਕਿ ਉਹ ਇਤਿਹਾਸ ਤੇ ਵਿਰਸੇ ਤੋਂ ਜਾਣੂ ਹੋ ਸਕਣ। ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ।




ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਸਤਕ ਮੇਲੇ ਵਿਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾ਼ਲ-ਨਾ਼ਲ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰ ਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਮੇਲੇ ਦੌਰਾਨ ਟੈਲੱਸ-ਕੂਡੋ ਸਟੋਰ ਦੇ ਸੰਚਾਲਕਾਂ ਨੂੰ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ। ਭਾਵੇਂ ਪੁਸਤਕ ਮੇਲਾ ਸਮਾਪਤ ਹੋ ਗਿਆ, ਪਰ ਮਾਸਟਰ ਜੀ ਕੋ਼ਲ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕਰ ਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਉਨ੍ਹਾਂ ਦੇ ਘਰੋਂ ਜਾ ਕੇ ਖਰੀਦੀਆਂ ਜਾ ਸਕਦੀਆਂ ਹਨ ਅਤੇ ਜੇ ਕੋਈ ਕਿਤਾਬ ਸਟਾਕ ਵਿਚ ਨਾ ਹੋਵੇ ਤਾਂ ਆਰਡਰ ਵੀ ਕੀਤੀਆਂ ਜਾ ਸਕਦੀਆਂ ਹਨ।

# ਗੁਰੂ ਤੇਗ ਬਹਾਦਰ ਅਤੇ ਗੁਰੂ ਅਰਜਨ ਦੇਵ ਜੀ ਦਾ ਗੁਰਪੁਰਬ ਮਨਾਇਆ

**ਸਿਨਸਿਨਾਟੀ, ਓਹਾਇਓ:** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਤੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 401ਵੇਂ ਪ੍ਰਕਾਸ਼ ਗੁਰਪੁਰਬ ਅਤੇ 400 ਸਾਲਾ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਨੂੰ ਸਮਰਪਿਤ ਤਿੰਨ ਦਿਨਾ ਵਿਸ਼ੇਸ਼ ਕੀਰਤਨ ਸਮਾਗਮ ਕਰਵਾਏ ਗਏ। ਇਸ ਮੌਕੇ ਵੱਡੀ ਗਿਣਤੀ ਸੰਗਤਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ।



ਤਿੰਨ ਦਿਨਾ ਕੀਰਤਨ ਸਮਾਗਮ ਲਈ ਪਹੁੰਚੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਜੀ ਦੇ ਜੱਥੇ ਨੇ ਰਸਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਨੇ ਵੀ ਸ਼ਬਦ ਕੀਰਤਨ ਕੀਤਾ। ਉਨ੍ਹਾਂ ਨੇ ਗੁਰੂ ਸਾਹਿਬ ਦੇ ਜੀਵਨ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

ਭਾਈ ਰਵਿੰਦਰ ਸਿੰਘ ਜੀ ਦਾ ਕੀਰਤਨੀ ਜਥਾ ਪਹਿਲੀ ਵਾਰ ਓਹਾਇਓ ਵਿਖੇ ਕੀਰਤਨ ਦੀ ਸੇਵਾ ਲਈ ਪੁੱਜਾ ਸੀ। ਉਨ੍ਹਾਂ ਦੇ ਜਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਸੰਗਤਾਂ ਸ਼ਾਮਲ ਹੋਈਆਂ। ਇਸ ਦੌਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵਲੋਂ ਤਿੰਨ ਦਿਨਾਂ ਲਈ ਚੱਲੇ ਇਨ੍ਹਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ।

ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਨਾਲ ਸੰਬੰਧਤ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਸੰਗਤਾਂ ਦੇ ਈਕੇਜੀ, ਈਸੀਜੀ ਟੈਸਟ ਕੀਤੇ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟਾਂ ਵੀ ਦਿੱਤੀਆਂ ਗਈਆਂ।

# ਐਰੀਜ਼ੋਨਾ ਵਿਚ ਅੱਗ ਲੱਗਣ ਨਾਲ 20 ਹਜ਼ਾਰ ਏਕੜ ਜੰਗਲ ਸੜਿਆ

ਸੈਕਰਾਮੈਂਟੋ: ਕੋਕੋਨੀਨੋ ਕਾਊਂਟੀ ਵਿਚ ਐਰੀਜ਼ੋਨਾ ਦੇ ਜੰਗਲ ਵਿਚ ਲੱਗੀ ਭਿਆਨਕ ਅੱਗ ਦੇ ਸਿੱਟੇ ਵਜੋਂ 20,000 ਏਕੜ ਤੋਂ ਵੱਧ ਰਕਬਾ ਸੜ ਕੇ ਸਵਾਹ ਹੋ ਗਿਆ ਹੈ। ਗਵਰਨਰ ਡੌਗ ਡੂਸੇ ਨੇ ਹਾਲਾਤ ਦੇ ਮੱਦੇਨਜ਼ਰ ਹੰਗਾਮੀ ਸਥਿਤੀ ਦਾ ਐਲਾਨ ਕਰ ਦਿਤਾ ਹੈ। ਅੱਗ ਫਲੈਗਸਟਾਫ ਨੇੜੇ ਲੱਗੀ ਹੈ ਜਿਸ ਵਿਚ ਘੱਟੋ ਘੱਟ 2 ਦਰਜਨ ਇਮਾਰਤਾਂ ਤਬਾਹ ਹੋ ਗਈਆਂ ਹਨ ਤੇ ਸੈਂਕੜੇ ਘਰਾਂ ਦੇ ਵਸਨੀਕਾਂ ਨੂੰ ਘਰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਗਵਰਨਰ ਨੇ ਕਿਹਾ ਹੈ ਕਿ ਤੇਜ਼ ਹਵਾਵਾਂ ਨੇ ਅੱਗ ਉਪਰ ਤੇਲ ਪਾਉਣ ਦਾ ਕੰਮ ਕੀਤਾ ਹੈ ਤੇ ਅੱਗ ਤੇਜ਼ੀ ਨਾਲ ਫੈਲੀ ਹੈ। ਉਨ੍ਹਾਂ ਕਿਹਾ ਕਿ ਅੱਗ ਉਪਰ ਕਾਬੂ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਵਰਨਰ ਨੇ ਖੇਤਰ ਵਿਚਲੇ ਨਿਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨਾਲ ਸਹਿਯੋਗ ਕਰਨ ਤੇ ਉਨ੍ਹਾਂ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਕਰਨ।

ਉਨ੍ਹਾਂ ਕਿਹਾ ਕਿ ਸਥਿਤੀ ਉਪਰ ਨਿਰੰਤਰ ਨਜ਼ਰ ਰੱਖੀ ਜਾ ਰਹੀ ਹੈ ਤੇ ਲੋੜ ਪੈਣ 'ਤੇ ਹੋਰ ਲੋੜੀਂਦੀ ਮਦਦ ਮੰਗਵਾਈ ਜਾਵੇਗੀ। ਕੋਕੋਨੀਨੋ ਕਾਊਂਟੀ ਬੋਰਡ ਆਫ ਸੁਪਰਵਾਈਜ਼ਰ ਦੇ ਪ੍ਰਧਾਨ ਪੈਟਰਿਕ ਹੌਰਸਮੈਨ ਨੇ ਕਿਹਾ ਹੈ ਕਿ ਖਾਲੀ ਕਰਵਾਏ ਗਏ ਖੇਤਰ ਵਿਚ ਅੰਦਾਜ਼ਨ 2068 ਲੋਕ ਰਹਿੰਦੇ ਹਨ। 766 ਘਰਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ। 1000 ਤੋਂ ਵੱਧ ਪਸ਼ੂਆਂ ਨੂੰ ਵੀ ਕੱਢਿਆ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।



*ਐਰੀਜ਼ੋਨਾ ਵਿਚ ਲੱਗੀ ਅੱਗ ਦਾ ਦ੍ਰਿਸ਼*

ਪੰਜਾਬ ਟਾਈਮਜ਼

ਸਨਿਚਰਵਾਰ, 30 ਅਪਰੈਲ 2022

## ਤਬਦੀਲੀ ਦੀ ਤਾਂਘ

ਪੰਜਾਬ ਵਿਚ ਅਤਿਵਾਦ ਵਾਲੇ ਦੌਰ ਤੋਂ ਬਾਅਦ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਰਹੀਆਂ ਹਨ ਅਤੇ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਲੋਕਾਂ ਅੰਦਰ ਤਬਦੀਲੀ ਦੀ ਤਾਂਘ ਬਹੁਤ ਤਿੱਖੇ ਰੂਪ ਵਿਚ ਉਸਲਵੱਟੇ ਲੈ ਰਹੀ ਸੀ। ਜੇ ਦੇਖਿਆ ਜਾਵੇ ਤਾਂ ਅਤਿਵਾਦ ਵਾਲਾ ਦੌਰ ਸ਼ੁਰੂ ਹੋਣ ਤੋਂ ਐਨ ਪਹਿਲਾਂ ਵੀ ਪੰਜਾਬ ਦੇ ਲੋਕ ਅਜਿਹੀ ਹੀ ਤਬਦੀਲੀ ਦੀ ਤਾਂਘ ਕਰ ਰਹੇ ਸਨ ਪਰ ਉਸ ਵਕਤ ਸਿਆਸਤੀ ਸਤਰੰਜ ਕਾਰਨ ਕੁਝ ਚਾਲਾਂ ਅਜਿਹੀਆਂ ਚੱਲੀਆਂ ਗਈਆਂ ਕਿ ਪੰਜਾਬ ਲੀਹ ਤੋਂ ਲੱਥ ਗਿਆ ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕ ਅੱਜ ਤੱਕ ਭੁਗਤ ਰਹੇ ਹਨ। ਹੁਣ ਵਾਲੀ ਤਬਦੀਲੀ ਅਸਲ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਖਹਿੜਾ ਛੁਡਾਉਣ ਵਾਲੀ ਧਾਰਨਾ ਨਾਲ ਬਹੁਤ ਡੂੰਘੀ ਜੁੜੀ ਹੋਈ ਹੈ। ਪੰਜਾਬ ਦੇ ਲੋਕ ਹਰ ਹਾਲ ਇਨ੍ਹਾਂ ਰਵਾਇਤੀ ਪਾਰਟੀਆਂ ਅਤੇ ਇਨ੍ਹਾਂ ਦੀ ਲੀਡਰਸ਼ਿਪ ਤੋਂ ਛੁਟਕਾਰਾ ਪਾਉਣ ਚਾਹੁੰਦੇ ਸਨ। ਪਿਛਲੀਆਂ 2017 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਵੀ ਤਬਦੀਲੀ ਦੀ ਇਹੀ ਤਾਂਘ ਉਛਾਲੇ ਮਾਰ ਰਹੀ ਸੀ ਪਰ ਉਸ ਵਕਤ ਲੋਕਾਂ ਨੇ ਨਵੀਂ ਉਠੀ ਸਿਆਸੀ ਧਿਰ ਆਮ ਆਦਮੀ ਪਾਰਟੀ ਉਤੇ ਓਨਾ ਯਕੀਨ ਨਹੀਂ ਕੀਤਾ ਅਤੇ ਸੱਤਾ ਇਕ ਵਾਰ ਫਿਰ ਰਵਾਇਤੀ ਧਿਰ ਕਾਂਗਰਸ ਦੇ ਹੱਥ ਆ ਗਈ ਜਿਸ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਕੋਲ ਸੀ। ਇਸ ਵਾਰ ਵੀ ਜਾਪਦਾ ਸੀ ਕਿ ਚੋਣਾਂ ਵਿਚ ਜਿੱਤ ਵਾਲੀ ਝੰਡੀ ਕਾਂਗਰਸ ਨੇ ਹੀ ਪੁੱਟ ਲੈਣੀ ਹੈ ਪਰ ਚੋਣਾਂ ਤੋਂ ਡੇਢ ਕੁ ਹਫਤਾ ਪਹਿਲਾਂ ਅਜਿਹੀ ਸਿਆਸੀ ਹਵਾ ਵਗੀ ਕਿ ਇਸ ਹਵਾ ਅੰਦਰ ਵੱਖ-ਵੱਖ ਸਿਆਸੀ ਪਾਰਟੀਆਂ ਹੀ ਨਹੀਂ, ਇਨ੍ਹਾਂ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਲੀਡਰ ਉਡ-ਪੁਡ ਗਏ ਅਤੇ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਆਪਣੀ ਮਿਸਾਲੀ ਜਿੱਤ ਦੇ ਝੰਡੇ ਗੱਡ ਦਿੱਤੇ।

ਪਿਛਲੇ ਡੇਢ ਮਹੀਨੇ ਤੋਂ, ਜਦੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਕਾਇਮ ਹੋਈ ਹੈ, ਇਹ ਵੱਖ-ਵੱਖ ਕਾਰਨਾਂ ਕਰਕੇ ਚਰਚਾ ਵਿਚ ਹੈ। ਸਭ ਤੋਂ ਵੱਡੀ ਅਤੇ ਅਹਿਮ ਚਰਚਾ ਤਾਂ ਰਾਜ ਸਭਾ ਮੈਂਬਰਾਂ ਦੀ ਨਾਮਜ਼ਦਗੀ ਵੇਲੇ ਹੀ ਸ਼ੁਰੂ ਹੋ ਗਈ ਸੀ। ਸਰਕਾਰ ਦੇ ਬਣਦਿਆਂ ਸਾਰ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚੋਂ ਪੰਜ ਰਾਜ ਸਭਾ ਮੈਂਬਰ ਨਾਮਜ਼ਦ ਕਰਨ ਦਾ ਮੌਕਾ ਮਿਲਿਆ ਪਰ ਪਾਰਟੀ ਦੀ ਹਾਈ ਕਮਾਨ ਨੇ ਜਿਹੜੀਆਂ ਸ਼ਖਸੀਅਤਾਂ ਨੂੰ ਨਾਮਜ਼ਦ ਕੀਤਾ, ਉਸ ਤੋਂ ਪੰਜਾਬ ਦੇ ਤਕਰੀਬਨ ਹਰ ਵਰਗ ਦੇ ਲੋਕ ਨਿਰਾਸ਼ ਹੋਏ। ਇਹ ਠੀਕ ਹੈ ਕਿ ਰਾਜ ਸਭਾ ਲਈ ਨਾਮਜ਼ਦਗੀ ਦਾ ਮਸਲਾ ਪੂਰਨ ਰੂਪ ਵਿਚ ਪਾਰਟੀ ਦੀ ਲੀਡਰਸ਼ਿਪ ਉਤੇ ਨਿਰਭਰ ਕਰਦਾ ਹੈ ਪਰ ਇਹ ਤਵੱਕੋ ਤਾਂ ਕੀਤੀ ਹੀ ਜਾਂਦੀ ਹੈ ਕਿ ਉਨ੍ਹਾਂ ਸ਼ਖਸੀਅਤਾਂ ਨੂੰ ਹੀ ਨਾਮਜ਼ਦ ਕੀਤਾ ਜਾਵੇ ਜਿਨ੍ਹਾਂ ਦਾ ਕਿਸੇ ਨਾ ਕਿਸੇ ਖੇਤਰ ਵਿਚ ਯੋਗਦਾਨ ਹੋਵੇ। ਇਸ ਮਾਮਲੇ ਵਿਚ ਆਮ ਆਦਮੀ ਪਾਰਟੀ ਖੁੰਝੀ ਹੀ ਨਹੀਂ ਸਗੋਂ ਇਸ ਨੇ ਇਸ ਫੈਸਲੇ ਨਾਲ ਲੋਕਾਂ ਦਾ ਯਕੀਨ ਵੀ ਗੁਆ ਲਿਆ। ਬਹੁਗਿਣਤੀ ਲੋਕ ਗੰਭੀਰਤਾ ਨਾਲ ਸੋਚਣ ਲੱਗ ਪਏ ਕਿ ਜਿੰਨੀ ਵੱਡੀ ਬਹੁਮਤ ਨਾਲ ਲੋਕਾਂ ਨੇ ਇਸ ਪਾਰਟੀ ਨੂੰ ਜਿਤਾਇਆ ਹੈ, ਕੀ ਇਹ ਲੋਕਾਂ ਦੀਆਂ ਆਸਾਂ-ਉਮੀਦਾਂ ਉਤੇ ਪੂਰੀ ਵੀ ਉਤਰੇਗੀ? ਇਸ ਪਾਰਟੀ ਦੇ ਹਮਾਇਤੀ ਵਾਰ-ਵਾਰ ਇਹ ਦਲੀਲ ਰੱਖ ਰਹੇ ਹਨ ਕਿ ਸਰਕਾਰ ਨੂੰ ਕੁਝ ਸਮਾਂ ਦੇਣਾ ਚਾਹੀਦਾ ਹੈ; ਇਹ ਦਲੀਲ ਵਾਕਈ ਵਜ਼ਨਦਾਰ ਹੈ ਪਰ ਮਸਲਾ ਵਿਚੋਂ ਇਹ ਹੈ ਕਿ ਹੁਣ ਤੱਕ ਸਰਕਾਰ ਨੇ ਜਿੰਨੇ ਕੁ ਵੀ ਫੈਸਲੇ ਕੀਤੇ ਹਨ, ਉਹ ਪੰਜਾਬ ਨੂੰ ਕੇਂਦਰ ਵਿਚ ਰੱਖ ਕੇ ਨਹੀਂ ਕੀਤੇ ਬਲਕਿ ਇਨ੍ਹਾਂ ਫੈਸਲਿਆਂ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਇਨ੍ਹਾਂ ਉਤੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਭਾਰੂ ਹੈ। ਇਹੀ ਉਹ ਨੁਕਤਾ ਹੈ ਕਿ ਜਿਸ ਦੇ ਆਧਾਰ ਉਤੇ ਇਸ ਸਰਕਾਰ ਅਤੇ ਪਾਰਟੀ ਦੀ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਵਾਰ-ਵਾਰ ਦੋਸ਼ ਲੱਗ ਰਹੇ ਹਨ ਕਿ ਪੰਜਾਬ ਦੀ ਸਰਕਾਰ ਦਿੱਲੀ ਤੋਂ ਚਲਾਈ ਜਾ ਰਹੀ ਹੈ। ਬਿਜਲੀ ਦੇ ਮਾਮਲੇ 'ਤੇ ਜਿਸ ਢੰਗ ਨਾਲ ਪੰਜਾਬ ਦੇ ਉਚ ਅਫਸਰਾਂ ਨੂੰ ਦਿੱਲੀ ਤਲਬ ਕੀਤਾ ਗਿਆ, ਉਸ ਨਾਲ ਇਹ ਦੋਸ਼ ਸੱਚ ਵੀ ਜਾਪਣ ਲੱਗ ਪਿਆ ਅਤੇ ਹੁਣ ਪੰਜਾਬ ਤੇ ਦਿੱਲੀ ਸਰਕਾਰਾਂ ਵਿਚਕਾਰ ਜਿਹੜੇ ਸਮਝੌਤੇ ਦਾ ਐਲਾਨ ਕੀਤਾ ਗਿਆ ਹੈ, ਉਸ ਨੇ ਸਭ ਓਹਲੇ ਖਤਮ ਕਰ ਦਿੱਤੇ ਹਨ।

ਦੋਹਾਂ ਸਰਕਾਰਾਂ ਵਿਚਕਾਰ ਕੀਤੇ ਇਸ ਸਮਝੌਤੇ ਬਾਰੇ ਭਾਵੇਂ ਪਾਰਟੀ ਇਹ ਦਾਅਵਾ ਕਰ ਰਹੀ ਹੈ ਕਿ ਇਹ ਫੈਸਲਾ ਇਕਪਾਸੜ ਨਹੀਂ ਬਲਕਿ ਦੁਵੱਲਾ ਹੈ ਪਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਜੋ ਐਲਾਨ ਕੀਤੇ ਹਨ, ਉਸ ਤੋਂ ਸਾਫ ਜ਼ਾਹਿਰ ਹੈ ਕਿ ਪੰਜਾਬ ਉਤੇ ਦਿੱਲੀ ਵਾਲਾ ਮਾਡਲ ਥੋਪਿਆ ਜਾ ਰਿਹਾ ਹੈ। ਪ੍ਰੈੱਸ ਕਾਨਫਰੰਸ ਦੌਰਾਨ ਤਿੰਨ ਅਹਿਮ ਖੇਤਰਾਂ- ਸਿਹਤ, ਸਿੱਖਿਆ ਤੇ ਬਿਜਲੀ, ਉਤੇ ਧਿਆਨ ਕੇਂਦਰ ਕੀਤਾ ਗਿਆ। ਵਾਕਈ ਇਸ ਵਕਤ ਪੰਜਾਬ ਦੇ ਇਹ ਤਿੰਨ ਅਹਿਮ ਮਸਲੇ ਹਨ ਜਿਨ੍ਹਾਂ ਉਤੇ ਤੁਰੰਤ ਪਹਿਲਕਦਮੀ ਦੀ ਲੋੜ ਹੈ। ਸਿੱਖਿਆ ਅਤੇ ਸਿਹਤ ਦੇ ਮਸਲੇ ਤਾਂ ਸਗੋਂ ਜ਼ਿਆਦਾ ਧਿਆਨ ਮੰਗਦੇ ਹਨ ਕਿਉਂਕਿ ਇਨ੍ਹਾਂ ਦੋਹਾਂ ਖੇਤਰਾਂ ਦਾ ਸਰਕਾਰੀ ਸਿਸਟਮ ਬਿਲਕੁਲ ਨਦਾਰਦ ਹੋਇਆ ਪਿਆ ਹੈ ਅਤੇ ਦੋਹਾਂ ਖੇਤਰਾਂ ਦੇ ਪ੍ਰਾਈਵੇਟ ਅਦਾਰੇ ਆਮ ਲੋਕਾਂ ਦੀ ਛਿੱਲ ਲਾਹ ਰਹੇ ਹਨ। ਇਹੀ ਨਹੀਂ, ਪ੍ਰਾਈਵੇਟ ਅਦਾਰਿਆਂ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਵਿਚ ਹੀ ਨਹੀਂ ਹਨ। ਉਂਜ, ਹੁਣ ਪਰਖ ਦੀ ਘੜੀ ਜੂਨ ਵਿਚ ਆਉਣੀ ਹੈ ਜਦੋਂ ਸੂਬੇ ਦੇ ਬਜਟ ਲਈ ਵੱਖ-ਵੱਖ ਖੇਤਰਾਂ ਲਈ ਫੰਡ ਅਲਾਟ ਕੀਤੇ ਜਾਣੇ ਹਨ। ਸਰਕਾਰ ਇਨ੍ਹਾਂ ਖੇਤਰਾਂ ਨੂੰ ਕਿੰਨੀ ਕੁ ਅਹਿਮੀਅਤ ਦਿੰਦੀ ਹੈ, ਉਸ ਵਕਤ ਸਭ ਨਸ਼ਰ ਹੋ ਜਾਵੇਗਾ। ਪੰਜਾਬ ਵਿਚ ਹੋਈ ਸਿਆਸੀ ਅਤੇ ਸਰਕਾਰੀ ਤਬਦੀਲੀ ਤੋਂ ਲੋਕਾਂ ਨੂੰ ਬਹੁਤ ਆਸਾਂ ਹਨ। ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਨੂੰ ਲੋਕਾਂ ਦਾ ਇਹ ਖਦਸ਼ਾ ਵੀ ਦੂਰ ਕਰਨਾ ਪਵੇਗਾ ਕਿ ਕਿਤੇ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਰਗੀ ਹੀ ਨਾ ਸਾਬਤ ਹੋਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨਾਸੂਰ ਦਾ ਇਲਾਜ

ਵਰ੍ਹੇ ਬੀਤ ਗਏ 'ਵਾਰੀਆਂ' ਚਲਦੀਆਂ ਸੀ, ਆ ਕੇ 'ਬਾਈ' ਵਿਚ ਕਿਸੇ ਨਾ ਝੱਲਿਆ ਈ।
ਕੁਰਸੀ ਖੁੱਸੀ ਤਾਂ 'ਕਾਟੋਆਂ' ਰੋਣ ਡਹੀਆਂ, 'ਤੀਜੇ ਬਦਲ' ਮੈਦਾਨ ਆ ਕੇ ਮੱਲਿਆ ਈ।
ਟੱਪਣ ਲੱਗ ਪਏ ਗੰਦਗੀ ਪਾਉਣ ਵਾਲੇ, ਝਾੜੂ ਜਦੋਂ ਸਫਾਈਆਂ ਲਈ ਚੱਲਿਆ ਈ।
ਜਾਪੇ ਇਉਂ ਪੰਜਾਬ ਮਹਿਸੂਸ ਕਰਦਾ, ਸੜਦੀ ਰੋਟੀ ਨੂੰ ਜਿਸ ਤਰ੍ਹਾਂ ਥੱਲਿਆ ਈ।
ਸਾਂਝ 'ਪੱਚੀ ਪਝੱਤਰ' ਦੀ ਖਤਮ ਹੋ ਗਈ, ਹੰਝੂ 'ਹੇਰਵੇ' ਭਰਿਆ ਤਾਂ ਵਗਣਾ ਏਂ।
ਸੱਤਰ ਸਾਲਾਂ ਤੋਂ ਬਣੇ ਨਾਸੂਰ ਤਾਈਂ, ਲੱਗੂ ਨਸ਼ਤਰ ਤਦ ਦੁੱਖ ਤਾਂ ਲੱਗਣਾ ਏਂ।

# ਸਾਂਝੀਵਾਲਤਾ ਵਾਲਾ ਸਭਿਆਚਾਰ ਅਤੇ ਫਿਰਕੂ ਸਿਆਸਤ

**ਭਾਰਤ ਦੇ ਸਾਂਝੇ, ਬਹੁ-ਰੰਗੇ, ਸਦਭਾਵਨਾ ਮੂਲਕ ਅਤੇ ਸੈਕੂਲਰ ਸਭਿਆਚਾਰ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਹਿੰਦੂ-ਮੁਸਲਿਮ ਭਾਈਚਾਰਿਆਂ ਦਾ ਫਿਰਕੂ ਆਧਾਰ 'ਤੇ ਧਰੁਵੀਕਰਨ ਕਰਨ ਲਈ ਵੱਖ-ਵੱਖ ਤਿਉਹਾਰਾਂ ਸਮੇਂ ਫਿਰਕੂ ਤਣਾਉ ਪੈਦਾ ਕੀਤਾ ਜਾਂਦਾ ਹੈ। ਹਿੰਦੂਤਵ ਦੇ ਏਜੰਡੇ ਤਹਿਤ ਇਕ ਦੇਸ਼, ਇਕ ਧਰਮ, ਇਕ ਭਾਸ਼ਾ ਅਤੇ ਇਕ ਸੰਵਿਧਾਨ ਦੀ ਆੜ ਵਿਚ ਸਾਂਝੇ ਅਤੇ ਸਾਂਝੀਵਾਲ ਸਭਿਆਚਾਰ ਨੂੰ ਵਿਗਾੜਨ ਦੀ ਕੋਸ਼ਿਸ਼ ਹੋ ਰਹੀ ਹੈ।**

ਇਸ ਵਾਰ ਰਾਮਨੌਮੀ ਦੇ ਤਿਉਹਾਰ ਵਾਲੇ ਦਿਨ ਗੁਜਰਾਤ, ਮੱਧ ਪ੍ਰਦੇਸ਼, ਝਾਰਖੰਡ ਅਤੇ ਦਿੱਲੀ ਵਿਚ ਹੋਏ ਧਾਰਮਿਕ ਵਿਵਾਦਾਂ ਨੇ ਹਰ ਸੰਵੇਦਨਸ਼ੀਲ ਭਾਰਤੀ ਨੂੰ ਚਿੰਤਾਗ੍ਰਸਤ ਅਤੇ ਸੋਚਣ ਲਈ ਮਜਬੂਰ ਕੀਤਾ ਹੈ। ਬਿਨਾਂ ਸ਼ੱਕ, ਭਗਵਾਨ ਰਾਮ ਭਾਰਤੀ ਅਵਾਮ ਦੀ ਆਸਥਾ ਦੇ ਪੁੰਜ ਹਨ। ਇਸਲਾਮ ਵਿਚ ਅਕੀਦਤ ਰੱਖਣ ਵਾਲਾ ਭਾਰਤੀ ਮੁਸਲਿਮ ਭਾਈਚਾਰਾ ਰਾਮ ਅਤੇ ਕ੍ਰਿਸ਼ਨ ਨੂੰ ਸਾਂਝੇ ਆਦਰਸ਼ ਨਾਇਕਾਂ ਵਜੋਂ ਸਤਿਕਾਰ ਦਿੰਦਾ ਹੈ। ਭਾਰਤੀ ਉਪ-ਮਹਾਂਦੀਪ ਦੇ ਸੂਫੀਆਂ, ਭਗਤਾਂ ਅਤੇ ਅਨੇਕਾਂ




ਸੁਖਦੇਵ ਸਿੰਘ ਸਿਰਸਾ
ਫੋਨ: +91-98156-36565

ਮੁਸਲਮਾਨ ਸ਼ਾਇਰਾਂ ਨੇ ਭਗਵਾਨ ਰਾਮ ਦੀ ਉਸਤਤੀ ਦੇ ਗੀਤ ਗਾਏ ਹਨ। ਡਾ. ਮੁਹੰਮਦ ਇਕਬਾਲ ਤਾਂ ਰਾਮ ਨੂੰ ਭਾਰਤ ਦਾ ਰੂਹਾਨੀ ਪੈਗੰਬਰ 'ਹਿੰਦ ਦਾ ਇਮਾਮ' ਕਹਿੰਦਾ ਹੈ:

ਹੈ ਰਾਮ ਕੇ ਵਜੂਦ ਸੇ ਹਿੰਦੋਸਤਾਂ ਕੋ ਨਾਜ਼
ਅਹਲੇ ਨਜ਼ਰ ਸਮਝਤੇ ਹੈ ਉਸ ਕੋ ਇਮਾਮ-ਇ-ਹਿੰਦ।

ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਸਾਂਝੇ, ਬਹੁ-ਰੰਗੇ, ਸਦਭਾਵਨਾ ਮੂਲਕ, ਸਹਿਹੋਂਦਵਾਦੀ ਅਤੇ ਸੈਕੂਲਰ ਸਭਿਆਚਾਰ ਨੂੰ ਲਗਾਤਾਰ ਚੁਣੌਤੀ ਦਿੱਤੀ ਜਾ ਰਹੀ ਹੈ। ਹਿੰਦੂ-ਮੁਸਲਿਮ ਭਾਈਚਾਰਿਆਂ ਦਾ ਫਿਰਕੂ ਆਧਾਰਾਂ ਉਤੇ ਧਰੁਵੀਕਰਨ ਕਰਨ ਲਈ ਵੱਖ-ਵੱਖ ਤਿਉਹਾਰਾਂ ਸਮੇਂ ਫਿਰਕੂ ਤਣਾਉ ਪੈਦਾ ਕੀਤਾ ਜਾਂਦਾ ਹੈ। ਹਿੰਦੂਤਵ ਦੇ ਏਜੰਡੇ ਤਹਿਤ ਇਕ ਦੇਸ਼, ਇਕ ਧਰਮ, ਇਕ ਭਾਸ਼ਾ ਅਤੇ ਇਕ ਸੰਵਿਧਾਨ ਦੀ ਆੜ ਵਿਚ ਸਾਂਝੇ ਬਹੁਲਤਾਵਾਦੀ ਅਤੇ ਸਾਂਝੀਵਾਲਤਾ ਵਾਲੇ ਸਭਿਆਚਾਰ ਨੂੰ ਵਿਗਾੜਨ ਦੀ ਕੋਸ਼ਿਸ਼ ਹੋ ਰਹੀ ਹੈ। ਤਾਜ਼ਾ ਆਲਮੀ ਸਰਵੇਖਣਾਂ ਅਨੁਸਾਰ ਭਾਰਤ ਸਿੱਖਿਆ, ਸਿਹਤ, ਰੁਜ਼ਗਾਰ, ਵਿਕਾਸ ਦਰ ਅਤੇ ਸਮਾਜਕ ਨਿਆਂ ਪੱਖੋਂ ਆਪਣੇ ਗਵਾਂਢੀ, ਬੰਗਲਾਦੇਸ਼ ਵਰਗੇ ਛੋਟੇ-ਛੋਟੇ ਮੁਲਕਾਂ ਨਾਲੋਂ ਬਹੁਤ ਨੀਵੇਂ ਦਰਜੇ ਉਤੇ ਹੈ। ਸੰਸਾਰ ਸਰਮਾਏਦਾਰੀ ਅਤੇ ਕਾਰਪੋਰੇਟ ਸੰਸਾਰ ਦੀ ਅੱਖ ਭਾਰਤ ਦੇ ਕੁਦਰਤੀ ਵਸੀਲਿਆਂ ਅਤੇ ਮਨੁੱਖੀ ਕਿਰਤ ਸਰੋਤਾਂ ਉਤੇ ਹੈ। ਸੰਸਾਰ ਬਾਜ਼ਾਰ ਲਈ ਭਾਰਤ ਵੱਡੀ ਮੰਡੀ ਹੈ। ਭਾਰਤ ਦੀ ਰਾਜ-ਸੱਤਾ ਉਪਰ ਕਾਬਜ਼ ਸਥਾਨਕ ਸਰਮਾਏਦਾਰੀ ਵਿਸ਼ਵ ਬਾਜ਼ਾਰ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਆਰਥਿਕ ਨੀਤੀਆਂ ਲਾਗੂ ਕਰਨ ਲਈ ਮਜਬੂਰ ਹੈ। ਤਕਨਾਲੋਜੀ ਦੇ ਅਣ-ਕਿਆਸੇ ਪਾਸਾਰ ਅਤੇ ਨਿੱਜੀਕਰਨ ਕਰਕੇ ਸੇਵਾਵਾਂ ਅਤੇ ਰੁਜ਼ਗਾਰ ਦੇ ਖੇਤਰ ਸੁੰਗੜ ਗਏ ਹਨ। ਅਤਿ ਦੀ ਬੇਰੁਜ਼ਗਾਰੀ ਕਰਕੇ ਉਚ ਸਿੱਖਿਆ ਪ੍ਰਾਪਤ ਤਕਨੀਕੀ ਮਾਹਿਰ ਅਤੇ ਹੁਨਰੀ ਕਾਮੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਭਾਰਤ ਦਾ ਬੌਧਿਕ ਸਰਮਾਇਆ ਅਤੇ ਨਿਵੇਸ਼ ਯੋਗ ਪੂੰਜੀ ਬਾਹਰ ਜਾ ਰਹੀ ਹੈ। ਖੇਤੀ, ਉਦਯੋਗ ਅਤੇ ਹਰ ਤਰ੍ਹਾਂ ਦਾ ਕਾਰੋਬਾਰ ਗਹਿਰੇ ਸੰਕਟ ਦੇ ਸ਼ਿਕਾਰ ਹਨ। ਅਸਾਵੇਂ ਵਿਕਾਸ ਦੀ ਨੀਤੀ ਨੇ ਭਾਰਤੀ ਵਸੋਂ ਵਿਚਲੀ ਪਾੜੇ ਦੀ ਖਾਈ ਹੋਰ ਗਹਿਰੀ ਕੀਤੀ ਹੈ। ਭਾਰਤੀ ਅਵਾਮ ਦਾ ਵੱਡਾ ਹਿੱਸਾ ਤਿੱਖੇ ਵਿਰੋਧਾਂ ਲਈ ਸੜਕਾਂ ਉਤੇ ਉਤਰਿਆ ਹੋਇਆ ਹੈ। ਸੱਤਾ ਵਿਚ ਬਣੇ ਰਹਿਣ ਲਈ ਸਰਕਾਰ ਕੋਲ ਦੋ ਹੀ ਰਾਹ ਹਨ: ਦਮਨਕਾਰੀ ਰਾਜ-ਤੰਤਰ ਦੀ ਬੇਮੁਹਾਰ ਹਿੰਸਾ ਅਤੇ ਦੂਜਾ ਧਰਮ, ਫਿਰਕੇ, ਜਾਤੀ, ਖਿੱਤੇ, ਭਾਸ਼ਾ ਆਦਿ ਦੇ ਝਗੜੇ ਖੜ੍ਹੇ ਕਰਕੇ ਵੋਟਰਾਂ ਦਾ ਧਰੁਵੀਕਰਨ ਕਰਨਾ।

ਸਵੈ-ਨਿਰਭਰ ਰਾਸ਼ਟਰ ਲਈ ਜ਼ਰੂਰੀ ਹੈ ਕਿ ਅਸੀਂ ਸਮਕਾਲੀ ਕੌਮਾਂਤਰੀ ਰਾਜਸੀ ਮੰਚ ਅਤੇ ਵਿਸ਼ਵ ਬਾਜ਼ਾਰ 'ਚ ਆਪਣੀ ਮਜ਼ਬੂਤ ਹਾਜ਼ਰੀ ਦਰਜ ਕਰਵਾਈਏ। ਟਿਕਾਊ ਤੇ ਵਿਕਾਸਸ਼ੀਲ ਆਰਥਿਕਤਾ ਲਈ ਜਿੱਥੇ ਅਮਨ, ਸ਼ਾਂਤੀ ਅਤੇ ਵਿਸ਼ਾਲ ਜਨਤਕ ਭਾਗੀਦਾਰੀ ਦੀ ਜ਼ਰੂਰਤ ਹੈ, ਉਥੇ ਵਿਗਿਆਨ ਤੇ ਤਕਨਾਲੋਜੀ ਦਾ ਪਾਸਾਰ ਅਤੇ ਤਕਨੀਕੀ ਮੁਹਾਰਤ ਵਾਲੀ ਕਿਰਤ-ਸ਼ਕਤੀ ਦਾ ਵਿਕਾਸ ਲੋੜੀਂਦਾ ਹੈ। ਸਿਹਤ, ਸਿੱਖਿਆ, ਅੰਦਰੂਨੀ ਤੇ ਬਾਹਰੀ ਸੁਰੱਖਿਆ ਅਤੇ ਜ਼ਰੂਰੀ ਸੇਵਾਵਾਂ ਦੇ ਖੇਤਰ ਵਿਚ ਨਿੱਜੀਕਰਨ ਦੇ ਅਮਲ ਨੂੰ ਬੰਦ ਕੀਤਾ ਜਾਵੇ। ਖੇਤੀ ਅਤੇ ਉਦਯੋਗਾਂ ਦੇ ਵਿਕਾਸ ਲਈ ਕਾਰਪੋਰੇਟ ਮਾਡਲ (ਨਿੱਜੀਕਰਨ) ਦੀ ਥਾਂ ਪਬਲਿਕ ਸੈਕਟਰ ਜਾਂ



ਸਹਿਕਾਰੀ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ ਜਾਵੇ। ਸਮੇਂ ਦੀ ਮੰਗ ਹੈ ਕਿ ਫਿਰਕੂ ਧਰੁਵੀਕਰਨ ਅਤੇ ਰਾਸ਼ਟਰਵਾਦ ਅਤੇ ਫਿਰਕੂ ਹਿੰਸਾ ਤੇ ਟਿਕਾਊ ਵਿਕਾਸ ਇਕੱਠੇ ਨਹੀਂ ਚੱਲ ਸਕਦੇ। ਕੌਮੀ ਸੁਤੰਤਰਤਾ ਸੰਗਰਾਮ ਨੇ ਸੰਮਿਲਤ ਰਾਸ਼ਟਰਵਾਦ (ਸਭ ਦੀ ਸ਼ਮੂਲੀਅਤ ਤੇ ਭਾਗੀਦਾਰੀ ਵਾਲਾ) ਜਿਹੜਾ ਮਾਡਲ ਸਿਰਜਿਆ ਸੀ, ਅਜੋਕੇ ਬਹੁ-ਨਸਲੀ, ਬਹੁ-ਭਾਸ਼ੀ, ਬਹੁ-ਧਰਮੀ ਅਤੇ ਬਹੁ-ਸਭਿਆਚਾਰਕ ਸੰਸਾਰ ਵਿਚ ਉਹ ਹੀ ਇਕੋ-ਇਕ ਰਾਹਤ ਦੇਣ ਵਾਲਾ ਮਾਡਲ ਹੈ। ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਅਦੁੱਤੀ ਘਟਨਾ ਘਟੀ ਸੀ, ਉਹ ਸੀ ਜੱਲ੍ਹਿਆਂਵਾਲਾ ਬਾਗ ਦੇ ਸਾਕੇ ਤੋਂ ਪਹਿਲਾਂ 9 ਅਪਰੈਲ 1919 ਨੂੰ ਅੰਮ੍ਰਿਤਸਰ ਵਿਖੇ ਮਨਾਇਆ ਰਾਮਨੌਮੀ ਦਾ ਤਿਉਹਾਰ ਜਿਸ ਵਿਚ ਹਿੰਦੂ-ਮੁਸਲਿਮ ਫਿਰਕਿਆਂ ਨੇ ਕਮਾਲ ਦੀ ਧਾਰਮਿਕ ਸਦਭਾਵਨਾ ਦਾ ਮੁਜ਼ਾਹਰਾ ਕੀਤਾ ਸੀ।

ਪਹਿਲੇ ਵਿਸ਼ਵ ਯੁੱਧ ਸਮੇਂ ਬਰਤਾਨਵੀ ਸਰਕਾਰ ਵੱਲੋਂ ਪੰਜਾਬ ਵਿਚੋਂ ਜਬਰੀ ਫੌਜੀ ਭਰਤੀ, ਯੁੱਧ ਲਈ ਚੰਦਾ ਅਤੇ ਕਰਜ਼ਾ ਉਗਰਾਹਿਆ ਗਿਆ। ਜ਼ਮੀਨੀ ਸੁਧਾਰਾਂ ਦੇ ਨਾਂ ਉਤੇ ਕਿਸਾਨਾਂ 'ਤੇ ਭਾਰੀ ਟੈਕਸ ਲਾਏ ਗਏ। ਅਕਾਲ ਪੈਣ ਕਾਰਨ ਖਾਧ ਪਦਾਰਥਾਂ ਦੀ ਕਮੀ ਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਬੇਤਹਾਸ਼ਾ ਵਧੀਆਂ। ਲੋਕਾਂ ਵੱਲੋਂ ਆਜ਼ਾਦੀ, ਵੱਧ ਅਧਿਕਾਰ ਤੇ ਹੋਮ ਰੂਲ ਮੰਗਣ ਅਤੇ ਰੋਸ ਪ੍ਰਗਟਾਉਣ ਉਤੇ ਪਾਬੰਦੀਆਂ ਲਾਉਣ ਲਈ ਪ੍ਰੈੱਸ ਐਕਟ ਆਫ ਇੰਡੀਆ (1910), ਡਿਫੈਂਸ ਆਫ ਇੰਡੀਆ ਐਕਟ (1915), ਇਨਗ੍ਰੈਸ ਇੰਟੂ ਇੰਡੀਆ ਐਕਟ ਆਦਿ ਕਾਲੇ ਕਾਨੂੰਨ ਲਾਗੂ ਕੀਤੇ ਗਏ। ਯੁੱਧ ਸਮਾਪਤੀ ਉਤੇ ਹੋਮ ਰੂਲ ਦੀ ਮੰਗ ਨੂੰ ਦਬਾਉਣ ਲਈ ਸਡੀਸ਼ਨ ਕਮੇਟੀ ਬਣਾਈ ਗਈ। ਉਸ ਦੀ ਸਿਫਾਰਸ਼ ਉਤੇ ਰੌਲਟ ਐਕਟ ਬਣਾਇਆ। ਭਾਰਤੀ ਅਵਾਮ, ਪ੍ਰੈੱਸ ਅਤੇ ਨੇਤਾਵਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਇਹ ਐਕਟ 18 ਮਾਰਚ, 1919 ਨੂੰ ਪਾਸ ਕਰ ਦਿੱਤਾ ਗਿਆ। ਇਸ ਐਕਟ ਵਿਰੁੱਧ ਲਾਹੌਰ ਤੋਂ ਸ਼ੁਰੂ ਹੋਇਆ ਅੰਦੋਲਨ ਸਾਰੇ ਪੰਜਾਬ ਵਿਚ ਫੈਲ ਗਿਆ।

ਪਹਿਲੇ ਸੰਸਾਰ ਯੁੱਧ ਤੱਕ ਅੰਗਰੇਜ਼ਾਂ ਪ੍ਰਤੀ ਨਰਮ ਗੋਸ਼ਾ ਰੱਖਣ ਵਾਲੇ ਮਹਾਤਮਾ ਗਾਂਧੀ ਨੇ ਇਸ ਰੌਲਟ ਐਕਟ ਵਿਰੁੱਧ 30 ਮਾਰਚ 1919 ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਜੋ ਬਾਅਦ ਵਿਚ ਤਾਰੀਖ ਬਦਲ ਕੇ 6 ਅਪਰੈਲ ਕਰ ਦਿੱਤੀ। 30 ਮਾਰਚ ਨੂੰ ਪੰਜਾਬ ਅਤੇ ਉਤਰੀ ਭਾਰਤ ਵਿਚ ਜ਼ਬਰਦਸਤ ਹੜਤਾਲ ਹੋਈ। ਦਿੱਲੀ ਤੇ ਕੁਝ ਸ਼ਹਿਰਾਂ ਵਿਚ ਪੁਲਿਸ ਨਾਲ ਟਕਰਾਉ ਹੋਇਆ। 6 ਅਪਰੈਲ ਦੀ ਦੇਸ਼ ਵਿਆਪੀ ਹੜਤਾਲ ਸਮੇਂ 'ਹਿੰਦੂ ਮੁਸਲਿਮ ਕੀ ਜੈ', 'ਮਹਾਤਮਾ ਗਾਂਧੀ ਕੀ ਜੈ' ਦੇ ਨਾਅਰੇ ਲੱਗੇ। ਪੰਜਾਬ ਦੇ ਸ਼ਹਿਰਾਂ- ਲਾਹੌਰ, ਬਟਾਲੇ, ਕਸੂਰ ਤੇ ਅੰਮ੍ਰਿਤਸਰ ਵਿਚ ਰਾਮਨੌਮੀ ਦਾ ਤਿਉਹਾਰ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਸਾਂਝੇ ਕੌਮੀ ਦਿਹਾੜੇ ਵਜੋਂ ਮਨਾਇਆ ਗਿਆ। ਹਿੰਦੂ-ਮੁਸਲਮਾਨਾਂ ਨੇ ਇਕੋ ਭਾਂਡੇ ਵਿਚੋਂ ਪਾਣੀ ਪੀਤਾ, ਆਪਸ ਵਿਚ ਪੱਗਾਂ ਵਟਾਈਆਂ, ਸਾਂਝੇ ਪਿਆਉ ਲਗਾਏ। ਡਾ. ਸਤਯਪਾਲ ਅਤੇ ਡਾ. ਕਿਚਲੂ ਉਪਰ ਬੋਲਣ ਅਤੇ ਮੁਜ਼ਾਹਰਿਆਂ ਆਦਿ ਵਿਚ ਜਾਣ 'ਤੇ ਪਾਬੰਦੀ ਕਾਰਨ ਡਾ. ਹਾਫਿਜ਼ ਮਹਿਮੂਦ ਬਸ਼ੀਰ ਨੇ ਅੰਮ੍ਰਿਤਸਰ ਵਿਚ ਰਾਮਨੌਮੀ ਦੇ ਜਲੂਸ ਦੀ ਅਗਵਾਈ ਕੀਤੀ। ਜਲੂਸ ਵਿਚ ਤੁਰਕੀ ਫੌਜ ਦੀ ਵਰਦੀ ਵਿਚ ਸਜੇ 15 ਮੁਸਲਮਾਨ ਮੁੰਡਿਆਂ ਦੀ ਟੋਲੀ ਵੀ ਸ਼ਾਮਿਲ ਸੀ ਜਿਸ ਨੂੰ ਮੌਲਵੀ ਗੁਲਾਮ ਜੀਲਾਨੀ ਨੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਸੀ। ਹਿੰਦੂ-ਮੁਸਲਿਮ ਏਕੇ ਦੀ ਇਸ ਅਦੁੱਤੀ ਘਟਨਾ ਨੇ ਬਰਤਾਨਵੀ ਸ਼ਾਸਨ ਦੀ ਨੀਂਦ ਉਡਾ ਦਿੱਤੀ। ਰੌਲਟ ਐਕਟ ਵਿਰੋਧ ਨੂੰ ਸਖਤੀ ਨਾਲ ਕੁਚਲਣ ਲਈ ਉਚ ਅਫਸਰਾਂ ਦੀ ਨੀਤੀ ਤਹਿਤ ਜਨਰਲ ਰੈਜ਼ੀਨਾਲਡ ਹੈਨਰੀ ਡਾਇਰ ਨੇ 13 ਮਾਰਚ, 1919 ਨੂੰ ਜੱਲ੍ਹਿਆਂ ਵਾਲਾ ਬਾਗ ਵਿਚ ਸ਼ਾਂਤਮਈ ਜਲਸਾ ਕਰਦੇ ਲੋਕਾਂ ਉਪਰ ਅੰਨ੍ਹੇਵਾਹ ਗੋਲੀਆਂ ਵਰਸਾ ਕੇ 379 ਲੋਕਾਂ ਨੂੰ ਸ਼ਹੀਦ ਕਰ ਦਿੱਤਾ। 1200 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖਮੀ ਹੋਏ।

ਬਾਅਦ ਵਿਚ ਪੰਜਾਬ ਵਿਚ ਮਾਰਸ਼ਲ ਲਾਅ ਲਗਾ ਕੇ ਲੋਕਾਂ ਉਪਰ ਅੰਨ੍ਹਾ ਜਬਰ ਢਾਹਿਆ ਗਿਆ। ਕੌੜਿਆਂ ਵਾਲੀ ਗਲੀ (ਅੰਮ੍ਰਿਤਸਰ) ਜਿੱਥੇ ਬਰਤਾਨਵੀ ਨਾਗਰਿਕ ਮਾਰਸ਼ੈਲਾ ਸ਼ੇਰਵੁੱਡ ਨਾਲ ਲੋਕਾਂ ਨੇ ਕੁੱਟ-ਮਾਰ ਕੀਤੀ ਸੀ, ਦੇ ਵਸਨੀਕਾਂ ਨੂੰ ਆਪਣੇ ਘਰਾਂ ਤੱਕ ਗਲੀ ਵਿਚੋਂ ਰੀਂਗ ਕੇ ਚੱਲਣ ਦੀ ਸਜ਼ਾ ਦਿੱਤੀ ਗਈ ਅਤੇ ਕਈਆਂ ਦੇ ਕੋੜੇ ਮਾਰੇ ਗਏ। ਕਸੂਰ ਅਤੇ ਲਾਹੌਰ ਦੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਯੂਨੀਅਨ ਜੈਕ ਨੂੰ ਦਿਨ ਵਿਚ ਚਾਰ ਵਾਰ ਸਲੂਟ ਮਾਰਨ ਦਾ ਹੁਕਮ ਸੁਣਾਇਆ ਗਿਆ। ਗੁੱਜਰਾਂਵਾਲਾ ਸ਼ਹਿਰ ਵਿਚ ਹਵਾਈ ਜਹਾਜ਼ ਰਾਹੀਂ ਬੰਬ ਸੁੱਟੇ ਗਏ ਅਤੇ ਕਈ ਵਾਰ ਲੋਕਾਂ ਦੀ ਭੀੜ ਉਪਰ ਮਸ਼ੀਨਗੰਨ ਨਾਲ ਗੋਲੀਆਂ ਚਲਾਈਆਂ ਗਈਆਂ। ਇਹ ਸਾਰਾ ਦਮਨ ਚੱਕਰ ਪੰਜਾਬੀਆਂ/ਭਾਰਤੀਆਂ ਦੇ ਆਤਮ ਸਨਮਾਨ ਨੂੰ ਕੁਚਲਣ ਅਤੇ ਉਨ੍ਹਾਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ ਕੀਤਾ ਗਿਆ। ਜੱਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਅਚਾਨਕ ਵਾਪਰੀ ਘਟਨਾ ਨਹੀਂ ਸੀ, ਨਾ ਹੀ ਇਹ ਮਾਈਕਲ ਓ'ਡਵਾਇਰ ਜਾਂ ਜਨਰਲ ਡਾਇਰ ਵਰਗੇ ਅਫਸਰਾਂ ਦੀ ਪ੍ਰਸ਼ਾਸਨਿਕ ਕੋਤਾਹੀ ਦਾ ਸਿੱਟਾ ਸੀ, ਇਹ ਬਰਤਾਨਵੀ ਸਰਕਾਰ ਦੀ ਬਸਤੀਆਂ ਦੇ ਲੋਕਾਂ ਪ੍ਰਤੀ ਦਮਨਕਾਰੀ ਤੇ ਹਿੰਸਕ ਰਣਨੀਤੀ ਦਾ ਇਤਿਹਾਸਕ ਸਿੱਟਾ ਸੀ। ਖੁਦ ਅੰਗਰੇਜ਼ ਉਚ ਅਫਸਰਾਂ, ਇਤਿਹਾਸਕਾਰਾਂ, ਲੇਖਕਾਂ ਅਤੇ ਪੱਤਰਕਾਰਾਂ ਨੇ ਇਸ ਵਹਿਸ਼ੀ ਕਤਲੇਆਮ ਨੂੰ 'ਮੁਗਲਈ ਤਸ਼ੱਦਦ ਤੋਂ ਵੀ ਭੈੜਾ' ਅਤੇ ਅੰਗਰੇਜ਼ੀ ਰਾਜ ਉਪਰ ਕਾਲਾ ਧੱਬਾ ਕਿਹਾ ਜੋ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਪਤਨ ਦਾ ਕਾਰਨ ਬਣਿਆ। ਇਸ ਸਾਕੇ ਨੇ ਅੰਗਰੇਜ਼ੀ ਰਾਜ ਦੇ ਵਿਕਾਸ ਮੁਖੀ, ਨਿਆਂਸ਼ੀਲ ਅਤੇ ਲੋਕਤੰਤਰਕ ਹੋਣ ਦਾ ਮੁਖੌਟਾ ਲਾਹ ਦਿੱਤਾ। ਇਸ ਖੌਫਨਾਕ ਸਾਕੇ ਨੇ ਭਾਰਤੀ ਆਵਾਮ ਅੰਦਰ ਆਜ਼ਾਦੀ ਦੀ ਤਾਂਘ ਤਿੱਖੀ ਕੀਤੀ ਅਤੇ ਹਿੰਦੂ-ਮੁਸਲਿਮ ਭਾਈਚਾਰਿਆਂ ਦੀ ਫਿਰਕੂ ਸਾਂਝ ਤੇ ਸਦਭਾਵਨਾ ਨੂੰ ਬਲ ਬਖਸ਼ਿਆ। ਪੰਜਾਬੀ ਕਵੀ ਫਿਰੋਜ਼ਦੀਨ ਸ਼ਰਫ ਨੇ 'ਰਲਿਆ ਖੂਨ ਹਿੰਦੂ ਮੁਸਲਮਾਨ ਏਥੇ' ਕਹਿ ਕੇ ਜੱਲ੍ਹਿਆਂ ਵਾਲਾ ਬਾਗ ਨੂੰ ਗੰਗਾ-ਜਮਨੀ ਤਹਿਜ਼ੀਬ ਦਾ ਮੁਕੱਦਸ ਤੀਰਥ ਬਣਾ ਦਿੱਤਾ।

ਅੱਜ ਮਸਲਾ ਇਹ ਹੈ ਕਿ ਕਾਰਪੋਰੇਟਸ ਦੇ ਆਰਥਿਕ ਤੇ ਸਭਿਆਚਾਰਕ ਹਮਲੇ ਅਤੇ ਹਿੰਦੂਤਵ ਦੇ ਫਾਸ਼ੀ ਏਜੰਡੇ ਨੂੰ ਦਰਪੇਸ਼ ਹਾਲਾਤ ਵਿਚ ਕਿਵੇਂ ਸਮਝਿਆ ਜਾਵੇ? ਭਾਰਤੀ ਉਪ-ਮਹਾਂਦੀਪ ਦੇ ਸਾਂਝੇ ਗੰਗਾ-ਜਮਨੀ ਸਭਿਆਚਾਰ ਦੀ ਵਕਾਲਤ ਕਰਨ ਵਾਲੀ ਬੁਲੰਦ ਆਵਾਜ਼ ਸਾਈਂ ਬੁੱਲ੍ਹੇ ਸ਼ਾਹ ਦੀ ਕਾਫੀ ਦੇ ਇਨ੍ਹਾਂ ਬੋਲਾਂ ਨਾਲ ਆਪਣੀ ਗੱਲ ਨੂੰ ਵਿਰਾਮ ਦਿੰਦਾ ਹਾਂ:

ਗੱਲ ਸਮਝ ਲਈ ਤੇ ਰੌਲਾ ਕੀ,
ਫਿਰ ਰਾਮ ਰਹੀਮ ਤੇ ਮੌਲਾ ਕੀ।

# ਪੰਜਾਬ ਨੂੰ ਅੱਜ ਕਿਹੜਾ ਮਾਡਲ ਚਾਹੀਦਾ ਹੈ?

ਪੰਜਾਬ ਦੁਨੀਆ ਦਾ ਅਜਿਹਾ ਉਪਜਾਊ ਖਿੱਤਾ ਹੈ ਜਿਸ ਦੀ ਚਰਚਾ ਸਦੀਆਂ ਤੋਂ ਰਹੀ ਹੈ। ਇੱਥੋਂ ਦਾ ਖੁਸ਼ਗਵਾਰ ਮੌਸਮ, ਰੁੱਤਾਂ, ਧਰਤੀ ਦੀ ਉਪਜਾਊ ਸ਼ਕਤੀ, ਨਹਿਰੀ ਪਾਣੀ ਤੇ ਇਸ ਦੇ ਖਿੱਤੇ ਦੇ ਲੋਕਾਂ ਦੀ ਬਹਾਦਰੀ, ਦਲੇਰੀ ਕਾਰਨ ਇਹ ਇਲਾਕਾ/ਸੂਬਾ ਸ਼ੁਰੂ ਤੋਂ ਖਿੱਚ ਦਾ ਕੇਂਦਰ ਰਿਹਾ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੇ ਅਕਾਲੀ-ਭਾਜਪਾ, ਕਾਂਗਰਸ ਦੇ ਚੰਦ ਲੀਡਰਾਂ ਅਤੇ ਕੇਂਦਰੀ ਹਕੂਮਤ ਦੀ ਸੂਬੇ ਵੱਲ ਬੇਰੁਖੀ ਕਾਰਨ ਇਹ ਆਰਥਕ, ਸਮਾਜਕ, ਸਿਆਸੀ ਤੌਰ 'ਤੇ ਅਲੱਗ-ਥਲੱਗ ਪੈ ਗਿਆ ਜਿਸ ਕਾਰਨ ਜਿੱਥੇ ਸੂਬੇ ਸਿਰ ਲੱਗਭੱਗ 3 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ, ਉੱਥੇ ਨੌਜਵਾਨ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਦਾ ਸਾਹਮਣਾ ਕਰਦਿਆਂ ਨਸ਼ਿਆਂ ਦੀ ਦਲਦਲ ਵਿਚ ਫਸ ਗਏ ਤੇ ਸੂਬੇ 'ਚੋਂ ਵੱਡੀ ਪੱਧਰ 'ਤੇ ਵਿਕਸਤ ਮੁਲਕਾਂ ਵੱਲ ਪਰਵਾਸ ਸ਼ੁਰੂ ਹੋਇਆ।

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਖੇਤੀ ਕਾਨੂੰਨਾਂ ਖਿਲਾਫ ਉੱਠੀ ਕਿਸਾਨ ਲਹਿਰ ਨੇ ਇਸ ਸੂਬੇ ਦੇ ਲੋਕਾਂ ਨੂੰ ਚੇਤਨ ਕਰਦਿਆਂ ਰਵਾਇਤੀ ਸਿਆਸੀ ਪਾਰਟੀਆਂ ਦਾ ਕਿਰਦਾਰ ਲੋਕਾਂ ਦੇ ਸਨਮੁੱਖ ਕੀਤਾ ਅਤੇ ਰਵਾਇਤੀ ਸਿਆਸੀ ਪਾਰਟੀਆਂ ਤੋਂ ਅੱਕੇ ਲੋਕਾਂ ਅੱਗੇ ਕੋਈ ਇਨਕਲਾਬੀ ਬਦਲ ਨਾ ਹੋਣ ਕਾਰਨ ਉਹਨਾਂ ਰਵਾਇਤੀ ਪਾਰਟੀਆਂ ਤੋਂ ਚੋਣਾਂ 'ਚ ਬਦਲਾ ਲੈਂਦਿਆਂ ਆਪਣੀਆਂ ਵੋਟਾਂ ਰਵਾਇਤੀ ਪਾਰਟੀਆਂ ਖਿਲਾਫ ਭੁਗਤਾ ਦਿੱਤੀਆਂ ਅਤੇ ਇਸ 'ਬਦਲੇ' ਵਿਚੋਂ ਤਬਦੀਲੀ ਦੇ ਤੌਰ 'ਤੇ ਆਮ ਆਦਮੀ ਪਾਰਟੀ ਵੱਡੇ ਬਹੁਮਤ ਨਾਲ ਸੂਬੇ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ।

ਹੁਣ ਹਾਲ ਇਹ ਹੈ ਕਿ ਕਿ ਜਿਸ ਸੂਬੇ ਦੇ ਨੌਜਵਾਨਾਂ ਨੇ ਮੁਗਲ ਹਕੂਮਤ ਦਾ ਸਾਹਮਣਾ ਕੀਤਾ, ਅੰਗਰੇਜ਼ਾਂ ਦੀਆਂ ਗੋਡਣੀਆਂ ਲਵਾਈਆ ਤੇ 1947 ਦੀ ਸੱਤਾ ਤਬਦੀਲੀ ਤੋਂ ਬਾਅਦ ਦੇਸ਼ ਦੇ 70 ਫੀਸਦ ਅਨਾਜ਼ ਭੰਡਾਰ ਭਰੇ, ਉਸ ਨੂੰ ਇੱਕ ਭਗਵਾਂ ਪਾਰਟੀ ਗੁਜਰਾਤ ਮਾਡਲ ਦੀ ਨਕਲ ਕਰਨ ਲਈ ਕਹਿ ਰਹੀ ਹੈ ਤੇ ਦੂਜੀ ਸੂਬੇ ਦੀ ਸੱਤਾ 'ਤੇ ਬਿਰਾਜਮਾਨ ਪਾਰਟੀ ਦਿੱਲੀ (ਜੋ ਖੁਦ ਕੇਂਦਰ ਸ਼ਾਸਤ ਪ੍ਰਦੇਸ਼ ਹੈ) ਦੀ ਨਕਲ ਕਰਨ ਲਈ ਕਹਿ ਰਹੀ ਹੈ ਹਾਲਾਂਕਿ ਦੋਵਾਂ ਹੀ ਪਾਰਟੀਆਂ ਦੇ ਮਾਡਲ ਖੋਖਲੇ ਹਨ।

ਦਿੱਲੀ ਦੀ ਸਰਕਾਰ ਅਤੇ ਪੰਜਾਬ ਦੀ ਸਰਕਾਰ ਨੇ ਹੁਣ ਇਕਰਾਰਨਾਮੇ ਉੱਤੇ ਦਸਤਖਤ ਕੀਤੇ ਹਨ ਜਿਸ ਤਹਿਤ ਦਿੱਲੀ ਸਰਕਾਰ ਦੇ ਮੰਤਰੀ ਅਤੇ ਅਫਸਰਸ਼ਾਹੀ ਪੰਜਾਬ ਵਿਚ ਟੇਢੇ ਢੰਗ ਨਾਲ ਦਖਲਅੰਦਾਜ਼ੀ ਕਰਨਗੇ। ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਹਾਸਲ ਨਹੀਂ, ਦਿੱਲੀ ਦੀ ਪੁਲਿਸ ਸਮੇਤ ਕਈ ਵਿਭਾਗ ਸਿੱਧੇ ਕੇਂਦਰ ਸਰਕਾਰ ਦੇ ਅਧਨਿ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਦੀ ਮੰਗ ਤਾਂ ਲੱਗਦਾ ਹੈ, ਭੁੱਲ ਹੀ ਗਏ ਹਨ ਤੇ ਹੁਣ ਪੰਜਾਬ ਨੂੰ ਸੇਧ ਦੇਣ ਤੁਰ ਪਏ ਹਨ।

ਪੰਜਾਬ ਕੁਦਰਤੀ ਸ੍ਰੋਤਾਂ ਤੇ ਬੇਹੱਦ ਉਪਜਾਊ ਭੂਮੀ ਨਾਲ ਵਰਸੋਇਆ ਹੋਇਆ ਸੂਬਾ ਹੈ ਤੇ ਜੇ ਪੰਜਾਬ ਦੀ ਭੂਗੋਲਿਕ, ਆਰਥਕ, ਸਮਾਜਕ ਸਥਿਤੀ ਅਨੁਸਾਰ ਲੋਕ ਪੱਖੀ ਅਰਥ-ਸ਼ਾਸਤਰੀਆਂ, ਸਮਾਜਕ ਕਾਰਕੁਨਾਂ ਦੀ ਰਾਇ ਨਾਲ ਸੂਬੇ ਦਾ ਖੁਦ ਦਾ ਮਾਡਲ ਵਿਕਸਤ ਕੀਤਾ ਜਾਵੇ ਤਾਂ ਹੀ ਪੰਜਾਬ ਦੀ ਭਲਾਈ ਹੋ ਸਕਦੀ ਹੈ।

ਪੰਜਾਬ ਦੇ ਲੋਕਾਂ ਨੂੰ ਮੁਫਤ ਆਟਾ-ਦਾਲ ਨਹੀਂ ਚਾਹੀਦੇ ਤੇ ਨਾ ਹੀ ਪੰਜਾਬ ਦੀਆਂ ਔਰਤਾਂ ਨੂੰ 1000 ਰੁਪਏ ਮਹੀਨਾ ਚਾਹੀਦਾ ਹੈ ਬਲਕਿ ਪੰਜਾਬ ਦੇ ਹਰ ਹੱਥ ਨੂੰ ਉਸ ਦੀ ਯੋਗਤਾ ਅਨੁਸਾਰ ਰੁਜ਼ਗਾਰ ਅਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ ਚਾਹੀਦਾ ਹੈ। ਹਕੀਕਤ ਇਹ ਹੈ ਕਿ ਕੰਮ ਕਰ ਸਕਣ ਵਾਲੇ ਲੋਕਾਂ ਨੂੰ ਸਨਮਾਨਜਨਕ ਰੁਜ਼ਗਾਰ ਦੇਣ ਦੀ ਬਜਾਇ ਮੁਫਤ ਚੀਜ਼ਾਂ ਦੇਣ ਦਾ ਰਾਹ ਵਿਕਾਸ ਦਾ ਰਾਹ ਹੋ ਹੀ ਨਹੀਂ ਸਕਦਾ ਤੇ ਅਜਿਹਾ ਕਰਨ ਵਾਲੇ ਹੁਕਮਰਾਨ ਕਦੇ ਵੀ ਲੋਕ ਪੱਖੀ ਨਹੀਂ ਹੋ ਸਕਦੇ। ਸਭ ਨੂੰ ਰੁਜ਼ਗਾਰ ਦੇਣ ਬਾਅਦ ਦੋ ਹੀ ਚੀਜ਼ਾਂ ਮੁਫਤ ਦਿੱਤੀਆ ਜਾਣੀਆਂ ਚਾਹੀਦੀਆਂ ਹਨ- ਇੱਕ ਸਿੱਖਿਆ ਤੇ ਦੂਜਾ ਸਿਹਤ ਸਹੂਲਤਾਂ ਪਰ ਆਪਣੇ ਇੱਥੇ ਇਹ ਦੋਵੇਂ ਹੀ ਚੀਜ਼ਾਂ ਮੁੱਲ ਮਿਲਦੀਆਂ ਹਨ, ਉਹ ਵੀ ਬਹੁਤ ਮਹਿੰਗੇ ਭਾਅ, ਤੇ ਬਿਜਲੀ ਮੁਫਤ ਦੇਣ ਦੀ ਗੱਲ ਕੀਤੀ ਜਾਂਦੀ ਹੈ। ਮੁਫਤ ਦੇ ਇਸ ਸਾਰੇ ਘਟਨਾਕ੍ਰਮ ਨੂੰ ਸਮਝਣ ਲਈ ਇੱਕ ਉਦਹਾਰਨ ਲਈ ਜਾ ਸਕਦੀ ਹੈ। ਇੱਕ ਪਾਸੇ ਤਾਂ ਪੰਛੀਆਂ ਨੂੰ ਨਕਲੀ ਆਲ੍ਹਣੇ ਬਣਾ ਕੇ ਟੰਗਣ ਦਾ ਰੁਝਾਨ ਚੱਲ ਰਿਹਾ ਹੈ ਤੇ ਦੂਜੇ ਪਾਸੇ ਰੇਹਾਂ, ਸਪਰੇਆਂ, ਪ੍ਰਦੂਸ਼ਤ ਵਾਤਾਵਰਨ, ਬੇਲੋੜੇ ਆਵਾਜ਼ ਪ੍ਰਦੂਸ਼ਣ ਕਾਰਨ ਪਲੀਤ ਹੋ ਰਹੇ ਵਾਤਾਵਰਨ ਕਾਰਨ ਉਹਨਾਂ ਦੀ ਨਸਲਾਂ ਖਤਮ ਹੋ ਰਹੀਆਂ ਹਨ। ਜੇਕਰ ਅਸੀਂ ਉਹਨਾਂ ਦੇ ਰਹਿਣਯੋਗ ਵਾਤਾਵਰਨ ਅਤੇ ਹਲਾਤ ਬਣਾ ਕੇ ਦੇਵਾਂਗੇ ਤਾਂ ਉਹ ਆਲ੍ਹਣੇ ਖੁਦ ਹੀ ਬਣਾ ਲੈਣਗੇ। ਜੇ ਅਸੀਂ ਰਹਿਣਯੋਗ ਵਾਤਾਵਰਨ ਹੀ ਨਾ ਛੱਡਿਆ ਤਾਂ ਇਕੱਲੇ ਆਲ੍ਹਣੇ ਬਣਾ ਕੇ ਦਿੱਤੇ ਵੀ ਕਿਸ ਕੰਮ ਆਉਣਗੇ।

ਸੌਖਿਆ ਸਮਝ ਆਉਂਦਾ ਹੈ ਆਮ ਆਦਮੀ ਪਾਰਟੀ ਅਜਿਹੀ ਪਾਰਟੀ ਹੈ ਜਿਸ ਦੀ ਕੋਈ ਵਿਚਾਰਧਾਰਾ ਨਹੀਂ ਹੈ ਅਤੇ ਇਸ ਉਤੇ 'ਗੰਗਾ ਗਏ ਗੰਗਾ ਰਾਮ, ਜਮੁਨਾ ਗਏ ਜਮੁਨਾ ਦਾਸ' ਵਾਲੀ ਕਹਾਵਤ ਪੂਰੀ ਤਰ੍ਹਾਂ ਢੁੱਕਦੀ ਹੈ। ਪੰਜਾਬ ਵਿਚ ਚੋਣਾਂ ਹੋਈਆਂ ਤਾਂ ਇਸ ਪਾਰਟੀ ਦੇ ਲੀਡਰਾਂ ਨੇ ਪੰਜਾਬ ਦੇ ਨੌਜਵਾਨਾਂ ਦੀ ਪਸੰਦ ਅਨੁਸਾਰ ਸ਼ਹੀਦ ਭਗਤ ਸਿੰਘ ਦੀਆ ਗੱਲਾਂ ਕੀਤੀਆਂ ਅਤੇ ਭਗਵੰਤ ਮਾਨ ਨੇ ਸਹੁੰ ਵੀ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਚੁੱਕੀ; ਉਹ ਸਿਰਫ ਇੱਥੇ ਹੀ ਨਹੀਂ ਰੁਕੇ ਬਲਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ



ਪਹਿਰਾ ਦੇਣ ਦਾ ਐਲਾਨ ਕੀਤਾ ਪਰ ਜਦ ਹੁਣ ਗੁਜਰਾਤ ਚੋਣਾਂ ਦੇ ਮੱਦੇਨਜ਼ਰ ਉਹ ਪਾਰਟੀ ਵੱਲੋਂ ਗੁਜਰਾਤ ਦਾ ਗੇੜਾ ਲਾਉਣ ਗਏ ਤਾਂ ਸ਼ਹੀਦ ਭਗਤ ਸਿੰਘ ਦੇ ਸਿਆਸੀ ਵਿਰੋਧੀ ਰਹੇ ਮਹਾਤਮਾ ਗਾਂਧੀ ਜੀ ਦੇ ਸਾਬਰਮਤੀ ਆਸ਼ਰਮ ਪਹੁੰਚ ਕੇ ਉਹੀ ਪਹੁੰਚ ਮਹਾਤਮਾ ਗਾਂਧੀ ਲਈ ਅਪਨਾ ਲਈ। ਇਸੇ ਤਰ੍ਹਾਂ ਇਸ ਪਾਰਟੀ ਦੇ ਲੀਡਰ ਪੰਜਾਬ ਵਿਚ ਕਹਿ ਦਿੰਦੇ ਹਨ ਕਿ ਪੰਜਾਬ ਦੇ ਪਾਣੀਆਂ 'ਤੇ ਪੰਜਾਬ ਦਾ ਹੱਕ ਹੈ ਪਰ ਹਰਿਆਣਾ ਵਿਚ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੇ ਕਿਹਾ ਕਿ ਸਾਡੀ ਪਾਰਟੀ ਦੀ ਹਰਿਆਣਾ ਵਿਚ ਸਰਕਾਰ ਬਣਾਓ ਤੇ ਅਸੀਂ ਪੰਜਾਬ ਤੋਂ ਪਾਣੀ ਲਿਆ ਕੇ ਹਰਿਆਣਾ ਨੂੰ ਦੇਵਾਂਗੇ।

ਪੰਜਾਬ ਵਿਚ ਅਕਾਲੀ ਦਲ, ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਸਨਮਾਨਜਨਕ ਰੁਜ਼ਗਾਰ ਦੇਣ ਦੀ ਬਜਾਇ ਮੁਫਤ ਚੀਜ਼ਾਂ ਦੇਣ ਦੇ ਐਲਾਨ ਕਰਦੀਆਂ ਆਈਆਂ ਹਨ ਤੇ ਉਸੇ ਪੈੜ ਵਿਚ ਪੈੜ ਧਰਦਿਆਂ ਹੋਰ ਵੀ ਵੱਧ ਛਾਲ ਮਾਰ ਕੇ ਉਸੇ ਤਰ੍ਹਾਂ ਦੇ ਐਲਾਨ ਕੇਜਰੀਵਾਲ ਨੇ ਪੰਜਾਬ ਲਈ ਕੀਤੇ ਹਾਲਾਂਕਿ ਹੁਣ ਉਹਨਾਂ ਐਲਾਨਾਂ ਤੋਂ ਵੀ ਭੱਜਦੇ ਨਜ਼ਰ ਆ ਰਹੇ ਹਨ। ਚੋਣਾਂ ਦੌਰਾਨ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੇਣ ਦਾ ਐਲਾਨ ਕੀਤਾ ਸੀ ਤੇ ਹੁਣ ਇਹ ਐਲਾਨ ਦਲਿਤ ਭਾਈਚਾਰੇ ਲਈ ਮਹਿਜ਼ ਇੱਕ ਕਿਲੋਵਾਟ ਤੱਕ ਸੀਮਤ ਕਰ ਦਿੱਤਾ ਹੈ। ਇਸ ਤੋਂ ਬਿਨਾਂ ਸਭਨਾ ਲਈ ਦੋ ਮਹੀਨੇ ਦੇ ਬਿੱਲ ਵਿਚ 600 ਯੂਨਿਟ ਤੋਂ ਇੱਕ ਯੂਨਿਟ ਵੀ ਜ਼ਿਆਦਾ ਖਪਤ ਹੋਣ 'ਤੇ ਪੂਰਾ ਬਿੱਲ ਭਰਵਾਉਣ ਦੀ ਤਜਵੀਜ਼ ਹੈ। ਦਲਿਤ ਭਾਈਚਾਰੇ ਦਾ ਵੱਡਾ ਹਿੱਸਾ ਵੀ ਇਸ ਹਿਸਾਬ ਨਾਲ ਮੁਫਤ ਬਿਜਲੀ ਲੈਣ ਤੋਂ ਵਾਂਝਾ ਹੋ ਜਾਵੇਗਾ।

ਪੰਜਾਬ ਵਿਚ ਨਸ਼ਿਆਂ ਦਾ ਜਾਲ ਫੈਲਿਆ ਹੋਇਆ ਹੈ ਤੇ ਪਿਛਲੀਆਂ ਸਰਕਾਰਾਂ ਨੇ ਨਸ਼ੇ ਦੇ ਵੱਡੇ ਤਸਕਰ ਫੜਨ ਦੀ ਥਾਂ ਥੋੜ੍ਹਾ ਬਹੁਤਾ ਨਸ਼ਾ ਕਰਨ ਵਾਲੇ ਵਿਅਕਤੀ ਫੜ ਕੇ ਨਸ਼ੇ ਖਤਮ ਕਰਨ ਦਾ ਦਾਅਵਾ ਕੀਤਾ ਸੀ ਹਾਲਾਂਕਿ ਲੋਕ ਦਬਾਅ ਕਾਰਨ ਲੰਘੀਆਂ ਚੋਣਾਂ ਨੇੜੇ ਚੰਨੀ ਸਰਕਾਰ ਵੱਲੋਂ ਇੱਕ ਸਾਬਕਾ ਮੰਤਰੀ ਖਿਲਾਫ ਕੇਸ ਦਰਜ ਕੀਤਾ ਗਿਆ ਪਰ ਭਗਵੰਤ ਮਾਨ ਸਰਕਾਰ ਅਜੇ ਤੱਕ ਇਸ ਮਸਲੇ 'ਤੇ ਕੋਈ ਵੱਡਾ ਫੈਸਲਾ ਨਹੀਂ ਕਰ ਸਕੀ।

ਪਿਛਲੇ ਦਿਨੀਂ ਮੁੱਖ ਮੰਤਰੀ ਦੀ ਗੈਰ-ਮੌਜੂਦਗੀ ਵਿਚ ਜਿਸ ਤਰ੍ਹਾਂ ਸੂਬੇ ਦੇ ਉੱਚ ਅਫਸਰਾਂ ਨੂੰ ਦਿੱਲੀ ਸੱਦਿਆ ਗਿਆ, ਉਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦਾ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਰਿਮੋਟ ਕੰਟਰੋਲ ਜ਼ਰੀਏ ਸੂਬੇ ਵਿਚ ਸਰਕਾਰ ਚਲਾਉਣੀ ਚਾਹੁੰਦਾ ਹੈ ਜਿਸ ਦਾ ਪ੍ਰਭਾਵ ਕੁਝ ਅਜਿਹੇ ਫੈਸਲਿਆਂ ਤੋਂ ਵੀ ਜ਼ਾਹਿਰ ਹੁੰਦਾ ਹੈ ਜਿਨ੍ਹਾਂ ਤੋਂ ਲੱਗਦਾ ਹੈ ਕਿ ਪੰਜਾਬ ਦਾ ਜਿੱਤਿਆ ਕੁੱਦਰ ਤੋਂ ਕੁੱਦਰ ਲੀਡਰ ਵੀ ਅਜਿਹਾ ਫੈਸਲਾ ਲੈਣ ਤੋਂ ਝਿਜਕੇਗਾ ਜਿਵੇਂ ਕਰਜ਼ੇ ਦੇ ਬੋਝ ਹੇਠ ਡੁੱਬੇ 2 ਹਜ਼ਾਰ ਦੇ ਕਰੀਬ ਕਿਸਾਨਾਂ ਦੇ ਗ੍ਰਿਫਤਾਰੀ ਵਰੰਟ ਜਾਰੀ ਕਰਨਾ, ਤਿੰਨ ਪਹੀਆ ਮੋਟਰਸਾਈਕਲ ਰੇਹੜੀਆਂ 'ਤੇ ਪਾਬੰਦੀ ਮੜ੍ਹਨਾ ਆਦਿ ਹਾਲਾਂਕਿ ਸਰਕਾਰ ਨੂੰ ਦੋਵਾਂ ਫੈਸਲਿਆਂ ਤੋਂ ਪਿੱਛੇ ਹਟਣਾ ਪਿਆ ਹੈ।

ਜਦ 1966 ਵਿਚ ਮੌਜੂਦਾ ਪੰਜਾਬ ਸੂਬਾ ਬਣਿਆ ਤਾਂ ਪੰਜਾਬੀ ਬੋਲਦੇ ਸਾਰੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਗਏ, ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਚੰਡੀਗੜ੍ਹ ਸ਼ਹਿਰ ਪੰਜਾਬ ਨੂੰ ਨਹੀਂ ਦਿੱਤਾ ਗਿਆ, ਬੀ.ਬੀ.ਐਮ.ਬੀ. ਵਿਚੋਂ ਪੰਜਾਬ ਨੂੰ ਬਾਹਰ ਕੀਤਾ ਗਿਆ ਹੈ, ਪੰਜਾਬ ਸਿਰ ਜ਼ਿਆਦਾਤਰ ਕਰਜ਼ਾ 1990ਵਿਆਂ ਸਮੇਂ ਕੇਂਦਰ ਵੱਲੋਂ ਪੰਜਾਬ ਭੇਜੇ ਸੁਰੱਖਿਆ ਬਲਾਂ ਦੇ ਖਰਚੇ ਦਾ ਪਾਇਆ ਗਿਆ ਤਾਂ ਅਜਿਹੇ ਸਮੇਂ ਆਮ ਆਦਮੀ ਪਾਰਟੀ ਕੋਲ ਮੌਕਾ ਸੀ ਕਿ 5 ਰਾਜ ਸਭਾ ਸੀਟਾਂ ਲਈ ਸੂਬੇ ਦੇ ਪੰਜ ਅਜਿਹੇ ਅਰਥ-ਸ਼ਾਸਤਰੀਆਂ, ਸਿੱਖਿਆ ਸ਼ਾਸਤਰੀਆਂ, ਸਮਾਜਕ ਕਾਰਕੁਨਾ, ਵਾਤਾਵਰਨ ਪ੍ਰੇਮੀਆਂ ਨੂੰ ਰਾਜ ਸਭਾ ਭੇਜਦੇ ਜੋ ਸੂਬੇ ਦੇ ਮੁੱਦੇ ਕੌਮੀ ਪੱਧਰ 'ਤੇ ਉਠਾ ਕੇ ਹੱਲ ਕਰਵਾਉਣ ਲਈ ਅਹੁਲਦੇ ਪਰ ਉਹਨਾਂ ਪੰਜ ਵਿਚੋਂ ਦੋ ਸੀਟਾਂ ਸੂਬੇ ਤੋਂ ਬਾਹਰਲੇ ਵਿਅਕਤੀਆਂ ਸਪੁਰਦ ਕੀਤੀਆਂ ਤੇ ਦੋ ਸੀਟਾਂ 'ਤੇ ਸਨਅਤਕਾਰ ਨਾਮਜ਼ਦ ਕਰਵਾਏ ਜਿਨ੍ਹਾਂ ਵਿਚੋਂ ਇੱਕ ਤਾਂ ਸੂਬੇ ਦੀ ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਪ੍ਰਾਈਵੇਟ ਯੂਨੀਵਰਸਿਟੀ ਦਾ ਮਾਲਕ ਹੈ।

ਸੱਚ ਤਾਂ ਇਹ ਹੈ ਕਿ ਜਿੱਥੇ ਗੁਜਰਾਤ ਮਾਡਲ 'ਤੇ ਧਾਰਮਿਕ ਘੱਟਗਿਣਤੀ ਮੁਸਲਿਮ ਭਾਈਚਾਰੇ ਦੇ ਕਤਲਾਂ ਦੇ ਛਿੱਟੇ ਹਨ, ਉੱਥੇ 'ਆਪ' ਦਾ ਦਿੱਲੀ ਮਾਡਲ ਬੇਹੱਦ ਥੋਥਾ ਹੈ। ਜਦ ਕਰੋਨਾ ਵਾਇਰਸ ਕਾਰਨ ਮੁਲਕ ਭਰ ਵਿਚ ਆਕਸੀਜਨ ਦੀ ਅਣਹੋਂਦ ਕਾਰਨ ਮੌਤਾਂ ਹੋ ਰਹੀਆ ਸਨ ਤਾਂ ਦਿੱਲੀ ਦੇ ਹਸਪਤਾਲਾਂ ਦਾ ਹਾਲ ਵੀ ਬਾਕੀ ਮੁਲਕ ਦੇ ਹਸਪਤਾਲਾਂ ਵਰਗਾ ਹੀ ਸੀ। ਹਸਪਤਾਲ ਪੱਧਰ ਦਾ ਆਕਸੀਜਨ ਪੈਦਾਵਾਰ ਪਲਾਂਟ ਲਾਉਣ 'ਤੇ ਕੋਈ ਬਹੁਤਾ ਵੱਡਾ ਖਰਚਾ ਨਹੀਂ ਆਉਂਦਾ ਤੇ ਦਿੱਲੀ ਦੇ ਹਸਪਤਾਲਾਂ ਵਿਚ ਆਕਸੀਜਨ ਦੀ ਥੁੜ੍ਹ ਇਸ ਦਿੱਲੀ ਮਾਡਲ ਦਾ ਮੂੰਹ ਚਿੜਾ ਰਹੀ ਸੀ। ਦਿੱਲੀ ਵਿਚ ਪਿਛਲੇ ਸਮੇਂ ਦੌਰਾਨ ਅਨੇਕਾਂ ਵਾਰ ਧਾਰਮਿਕ ਘੱਟਗਿਣਤੀ ਮੁਸਲਮਾਨ ਭਾਈਚਾਰੇ ਦੇ ਲੋਕ ਹਿੰਸਾਂ ਦਾ ਸ਼ਿਕਾਰ ਬਣੇ ਤਾਂ ਅਜਿਹਾ ਮਾਡਲ ਸਾਡੇ ਪੰਜਾਬ ਨੂੰ ਨਹੀਂ ਚਾਹੀਦਾ।

ਨਸ਼ਿਆਂ, ਬੇਰੁਜ਼ਗਾਰੀ ਤੋਂ ਬਾਅਦ ਪੰਜਾਬ ਦਾ ਜਿਹੜਾ ਤੀਜਾ ਵੱਡਾ ਸੰਕਟ ਹੈ, ਉਹ ਹੈ ਪਰਵਾਸ ਦਾ ਸੰਕਟ ਕਿਉਂਕਿ ਸੂਬੇ ਵਿਚੋਂ ਹਰ ਸਾਲ ਲੱਖਾਂ ਪੜ੍ਹੇ ਲਿਖੇ ਦਿਮਾਗ ਲੱਖਾਂ ਰੁਪਏ ਲੈ ਕੇ ਵਿਦੇਸ਼ ਜਾ ਰਹੇ ਹਨ ਤੇ ਇਸ ਪਰਵਾਸ ਦਾ ਖਮਿਆਜ਼ਾ ਪਰਿਵਾਰਾਂ ਦੇ ਨਾਲ ਨਾਲ ਸੂਬੇ ਦੀ ਆਰਥਿਕਤਾ ਝੱਲ ਰਹੀ ਹੈ ਪਰ ਸੂਬੇ ਦਾ ਮੁੱਖ ਮੰਤਰੀ ਇਸ ਵਿਸ਼ੇ 'ਤੇ ਠੋਸ ਕੰਮ ਕਰਨ ਦੀ ਬਜਾਇ ਸਿਰਫ ਚੁਟਕਲਾ ਰੂਪੀ ਬਿਆਨ ਜਾਰੀ ਕਰਨ ਤੱਕ ਸੀਮਤ ਹੈ ਕਿ 'ਅੰਗਰੇਜ਼ ਵੀ ਇੱਥੇ ਨੌਕਰੀਆਂ ਮੰਗਣ ਆਇਆ ਕਰਨਗੇ'।

ਜੇ ਕੋਈ ਪੰਜਾਬ ਪੱਖੀ ਠੋਸ ਬਦਲ ਸਰਕਾਰ ਦੇਵੇਗੀ ਤਾਂ ਹੀ ਪੰਜਾਬ ਮੁੜ ਪੈਰਾਂ ਸਿਰ ਹੋ ਸਕੇਗਾ, ਨਹੀਂ ਤਾਂ ਬੇਰੁਜ਼ਗਾਰੀ ਤੋਂ ਅੱਕੇ ਅਤੇ ਨਸ਼ਿਆਂ ਦੇ ਝੰਬੇ ਪਰਿਵਾਰਾਂ ਦੇ ਪਰਿਵਾਰ ਇੱਥੋਂ ਹਿਜਰਤ ਕਰਨ ਲਈ ਮਜਬੂਰ ਹਨ ਤੇ ਉਹਨਾਂ ਨੂੰ ਚੁਟਕਲਿਆਂ ਜਾਂ ਮੁਫਤ ਦੇ ਐਲਾਨਾਂ ਨਾਲ ਨਹੀਂ ਰੋਕਿਆ ਜਾ ਸਕਦਾ। ਪਿਛਲੇ ਸਮਿਆਂ ਦੌਰਾਨ ਭਗਵੰਤ ਮਾਨ ਵੱਲੋਂ ਬਤੌਰ ਕਮੇਡੀਅਨ ਸਿਆਸਤਦਾਨਾਂ 'ਤੇ ਕੀਤੀਆਂ ਵਿਅੰਗਾਤਮਕ ਟਿੱਪਣੀਆਂ ਤੋਂ ਇਹ ਤਾਂ ਝਲਕਦਾ ਹੈ ਕਿ ਉਸ ਨੂੰ ਪੰਜਾਬ ਦਾ ਦਰਦ ਹੈ ਪਰ ਉਸ ਦੀ ਪਾਰਟੀ ਦੇ ਕੌਮੀ ਕਨਵੀਨਰ ਦੀ ਪਹੁੰਚ ਅਤੇ ਇੱਛਾ ਨਿਰੋਲ ਸਿਆਸੀ ਨਜਰ ਆਉਂਦੀ ਹੈ। ਇਸ ਲਈ ਜਦ ਤੱਕ ਭਗਵੰਤ ਮਾਨ ਆਪਣੇ ਪਾਰਟੀ ਲੀਡਰ ਕੇਜਰੀਵਾਲ ਦਾ ਮੋਹਰਾ ਬਣ ਕੇ ਚੱਲੇਗਾ, ਤਦ ਤੱਕ ਲੋਕ ਪੱਖੀ ਪੰਜਾਬ ਮਾਡਲ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ।

# ਇਕ ਪਾਰਟੀ ਦੇ ਦਾਬੇ ਦੇ ਅਰਥ

ਜਿਵੇਂ ਅੱਜ ਕੱਲ੍ਹ ਭਾਰਤੀ ਸਿਆਸਤ 'ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਦਾਬਾ ਬਣਿਆ ਹੋਇਆ ਹੈ, ਉਵੇਂ ਹੀ ਉੱਨੀ ਸੌ ਸਤਵੰਜਾ ਵਿਚ ਕਾਂਗਰਸ ਪਾਰਟੀ ਦਾ ਦਬਦਬਾ ਸੀ ਤਾਂ ਚੱਕਰਵਰਤੀ ਰਾਜਾਗੋਪਾਲਾਚਾਰੀ ਨੇ ਇਕ ਪਾਰਟੀ ਦੇ ਦਬਦਬੇ ਕਰਕੇ ਲੋਕਤੰਤਰ ਲਈ ਪੈਦਾ ਹੋਣ ਵਾਲੇ ਖਤਰਿਆਂ ਬਾਰੇ ਲੇਖ ਲਿਖਿਆ ਸੀ। ਰਾਜਾਜੀ ਉੱਘੇ ਆਜ਼ਾਦੀ ਘੁਲਾਟੀਏ ਸਨ। ਕਿਸੇ ਵੇਲੇ ਗਾਂਧੀ ਤੇ ਨਹਿਰੂ ਦੇ ਕਰੀਬੀ ਰਹੇ ਸਨ ਅਤੇ ਕੇਂਦਰ ਤੇ ਸੂਬੇ ਵਿਚ ਉੱਚੇ ਰਾਜਸੀ ਅਹੁਦੇ ਸੰਭਾਲ ਚੁੱਕੇ ਸਨ। ਉਨ੍ਹਾਂ ਦੀ ਆਪਣੀ ਪੁਰਾਣੀ ਪਾਰਟੀ ਤੇ

**ਰਾਮਚੰਦਰ ਗੁਹਾ**

ਸਾਥੀਆਂ ਦੀ ਅਗਵਾਈ ਹੇਠ ਦੇਸ਼ ਜਿਹੜੀ ਦਿਸ਼ਾ ਵੱਲ ਜਾ ਰਿਹਾ ਸੀ, ਉਸ ਨੂੰ ਦੇਖ ਕੇ ਉਨ੍ਹਾਂ ਦੀ ਬੇਚੈਨੀ ਵਧ ਰਹੀ ਸੀ। ਉਨ੍ਹਾਂ ਆਪਣੀ ਬੇਚੈਨੀ ਨੂੰ ਇਸ ਲੇਖ ਰਾਹੀਂ ਬਿਆਨ ਕੀਤਾ ਜੋ ਅਗਸਤ 1957 ਨੂੰ ਆਜ਼ਾਦੀ ਦਿਵਸ 'ਤੇ ਇਕ ਰਸਾਲੇ ਵਿਚ ਪ੍ਰਕਾਸ਼ਿਤ ਹੋਇਆ।

ਰਾਜਾਜੀ ਦਾ ਲੇਖ ਇੰਝ ਸ਼ੁਰੂ ਹੁੰਦਾ ਹੈ: 'ਸੰਸਦੀ ਜਮਹੂਰੀਅਤ ਦਾ ਸਫਲ ਕੰਮਕਾਜ ਦੋ ਕਾਰਕਾਂ 'ਤੇ ਨਿਰਭਰ ਹੁੰਦਾ ਹੈ; ਪਹਿਲਾ ਸਰਕਾਰ ਦੇ ਉਦੇਸ਼ਾਂ ਮੁਤੱਲਕ ਨਾਗਰਿਕਾਂ ਦੇ ਸਾਰੇ ਵਰਗਾਂ ਦਰਮਿਆਨ ਵਡੇਰੀ ਸਹਿਮਤੀ ਅਤੇ ਦੂਜਾ, ਦੋ ਪਾਰਟੀ ਪ੍ਰਣਾਲੀ ਜਿਸ ਵਿਚ ਵੱਡੇ ਸਿਆਸੀ ਗਰੁੱਪਾਂ 'ਚੋਂ ਹਰ ਨੂੰ ਕਾਰਗਰ ਤੇ ਨਿਰੰਤਰ ਲੀਡਰਸ਼ਿਪ ਮਿਲਦੀ ਹੋਵੇ ਜੋ ਦੇਸ਼ ਦੇ ਵੋਟਰਾਂ ਦੀ ਬਹੁਗਿਣਤੀ ਦੀ ਚਾਹਤ ਮੁਤਾਬਿਕ ਸਰਕਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਦੇ ਸਮੱਰਥ ਹੋਵੇ।' ਉਨ੍ਹਾਂ ਲਿਖਿਆ ਕਿ ਜੇ ਇਕ ਹੀ ਪਾਰਟੀ ਸੱਤਾ ਵਿਚ ਬਣੀ ਰਹੇ ਅਤੇ ਗੈਰ-ਜਥੇਬੰਦ ਵਿਅਕਤੀਆਂ ਤੇ ਗੈਰ-ਮਹੱਤਵਪੂਰਨ ਗਰੁੱਪਾਂ ਦੀ ਅਸਹਿਮਤੀ ਨੂੰ ਦਬਾ ਦਿੱਤਾ ਜਾਵੇ ਤਾਂ ਸਰਕਾਰ ਨਿਰੰਕੁਸ਼ ਹੋ ਜਾਂਦੀ ਹੈ।

ਉਦੋਂ ਕਾਂਗਰਸ ਨੂੰ ਸੱਤਾ ਵਿਚ ਆਇਆਂ ਇਕ ਦਹਾਕਾ ਹੋ ਚੱਲਿਆ ਸੀ ਤੇ ਲਗਭਗ ਸਾਰੇ ਸੂਬਿਆਂ ਦੀ ਸੱਤਾ 'ਤੇ ਵੀ ਇਹੀ ਪਾਰਟੀ ਕਾਬਜ਼ ਸੀ। ਕਾਂਗਰਸ ਦੀ ਧੌਂਸ ਅਤੇ ਘੁਮੰਡ ਨੂੰ ਵੇਖਦਿਆਂ ਰਾਜਾਜੀ ਨੇ ਲਿਖਿਆ: 'ਇਕ ਪਾਰਟੀ ਲੋਕਤੰਤਰ ਜਲਦੀ ਹੀ ਚੀਜ਼ਾਂ ਦਾ ਖਾਸਾ ਪਰਖਣ ਦਾ ਸ਼ਊਰ ਗੁਆ ਬੈਠਦਾ ਹੈ। ਇਹ ਚੀਜ਼ਾਂ ਨੂੰ ਸਮੁੱਚੇ ਪ੍ਰਸੰਗ ਵਿਚ ਨਹੀਂ ਦੇਖ ਸਕਦਾ ਅਤੇ ਕਿਸੇ ਸਵਾਲ ਦੇ ਸਾਰੇ ਪਹਿਲੂ ਨਹੀਂ ਬੁੱਝ ਸਕਦਾ।' ਅੱਜ ਭਾਰਤ ਵਿਚ ਇਹੀ ਹਾਲਤ ਹਨ।

ਉਹ ਲਿਖਦੇ ਹਨ ਕਿ ਇਕ ਪਾਰਟੀ ਦਾ ਐਨਾ ਜ਼ਿਆਦਾ ਦਬਦਬਾ ਹੋਣ ਨਾਲ 'ਸਿੱਟਾ ਇਹ ਨਿਕਲਦਾ ਹੈ ਕਿ ਪਾਰਟੀ ਸੰਸਦ ਨਾਲੋਂ ਵੀ ਜ਼ਿਆਦਾ ਅਹਿਮ ਬਣ ਜਾਂਦੀ ਹੈ... ਆਗੂ ਪਾਰਟੀ ਦੇ ਬਹੁਮਤ ਮੁਤਾਬਿਕ ਫੈਸਲੇ ਕਰਦਾ ਹੈ। ਇਹ ਇਕ ਕਿਸਮ ਦੀ ਨਿਰੰਕੁਸ਼ਸ਼ਾਹੀ ਬਣ ਜਾਂਦੀ ਹੈ ਤੇ ਜੇ ਇੰਝ ਨਾ ਵੀ ਵਾਪਰੇ ਤਾਂ ਵੀ ਉਹ ਆਪਣੇ ਹੱਥਾਂ ਵਿਚ ਅਥਾਹ ਤਾਕਤ ਇਕੱਠੀ ਕਰ ਲੈਂਦਾ ਹੈ। ਕੁਝ ਵੀ ਹੋਵੇ ਪਾਰਟੀ ਬੰਦ ਦਰਵਾਜ਼ਿਆਂ ਦੇ ਪਿੱਛੇ ਵੀ ਆਪਣੇ ਆਪ ਨੂੰ ਛੁਪਾ ਨਹੀਂ ਸਕਦੀ। ਫਿਰ ਨੰਗੀ ਚਿੱਟੀ ਤਾਨਾਸ਼ਾਹੀ ਦਾ ਚੱਕਰ ਬੇਰੋਕ ਚੱਲਣ ਲੱਗਦਾ ਹੈ।'

ਰਾਜਾਜੀ ਦੀਆਂ ਇਹ ਟਿੱਪਣੀਆਂ ਅਤੀਤ ਵਿਚ ਕਾਂਗਰਸ ਦੇ ਸ਼ਾਸਨ ਵਾਲੇ ਭਾਰਤ ਵੱਲ ਸੇਧਤ ਸਨ ਜੋ ਇਸ ਵੇਲੇ ਦੇ ਭਾਰਤ 'ਤੇ ਐਨ ਢੁਕਦੀਆਂ ਹਨ। ਹਾਲਾਂਕਿ ਕੇਂਦਰ ਵਿਚ ਭਾਜਪਾ ਦਾ ਪੂਰਾ ਕੰਟਰੋਲ ਹੈ ਪਰ ਅਜੇ ਕਈ ਮਹੱਤਵਪੂਰਨ ਸੂਬਿਆਂ ਦੀ ਸੱਤਾ ਇਸ ਦੀ ਪਹੁੰਚ ਤੋਂ ਦੂਰ ਹੈ ਜਿਸ ਸਦਕਾ ਇਸ ਦੀਆਂ ਨਿਰੰਕੁਸ਼ ਰੁਚੀਆਂ 'ਤੇ ਕੁੰਡਾ ਲੱਗ ਰਿਹਾ ਹੈ। ਉਂਝ, ਕੌਮੀ ਪੱਧਰ 'ਤੇ ਵਿਰੋਧੀ ਧਿਰ ਕਮਜ਼ੋਰ ਅਤੇ ਖਿੰਡੀ-ਪੁੰਡੀ ਹੈ। ਨਰਿੰਦਰ ਮੋਦੀ ਦਾ ਮਹਿਮਾ ਮੰਡਨ ਕਰਨ ਲਈ ਜਿਸ ਤਰ੍ਹਾਂ ਦੀ ਪ੍ਰਾਪੇਗੰਡਾ ਮਸ਼ੀਨਰੀ ਚਲਦੀ ਰਹਿੰਦੀ ਹੈ, ਉਸ ਦਾ 1950ਵਿਆਂ ਵਿਚ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਸੀ।

ਇਹ ਟਿੱਪਣੀਆਂ ਕਾਫੀ ਹੱਦ ਤੀਕ ਅਜੋਕੇ ਭਾਰਤ 'ਤੇ ਲਾਗੂ ਹੁੰਦੀਆਂ ਹਨ ਅਤੇ ਸੰਚਾਰ ਤੇ ਪ੍ਰਚਾਰ ਦੇ ਜਿਹੜੇ ਸਾਧਨ ਨਹਿਰੂ ਅਤੇ 1950ਵਿਆਂ ਦੀ ਕਾਂਗਰਸ ਨੂੰ ਉਪਲਬਧ ਨਹੀਂ ਸਨ, ਅੱਜ ਉਪਲਬਧ ਹੋਣ ਕਰਕੇ ਹਾਲਾਤ ਬਦਤਰ ਹੋ ਗਏ ਹਨ। ਮੰਤਰੀਆਂ ਅਤੇ ਸੰਸਦ ਮੈਂਬਰਾਂ ਵੱਲੋਂ ਪ੍ਰਧਾਨ ਮੰਤਰੀ ਦੀ ਤਾਰੀਫ ਵਿਚ ਕਿਸੇ ਵੇਲੇ ਮਾਣਮੱਤੇ ਸਮਝੇ ਜਾਂਦੇ ਅਖਬਾਰਾਂ ਦੇ ਨਜ਼ਰੀਆਤੀ ਪੰਨਿਆਂ 'ਤੇ ਹਰ ਰੋਜ਼ ਪ੍ਰਕਾਸ਼ਿਤ ਕੀਤੇ ਜਾਂਦੇ ਲੇਖਾਂ ਅਤੇ ਖਾਸਕਰ ਹਿੰਦੀ ਟੈਲੀਵਿਜ਼ਨ ਚੈਨਲਾਂ 'ਤੇ ਗ਼ੌਰ ਫਰਮਾਓ ਜਿਨ੍ਹਾਂ ਵਿਚ ਸ਼ਰ੍ਹੇਆਮ ਸਰਕਾਰੀ ਲੀਹਾਂ 'ਤੇ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਇੱਕੋ ਸਿਆਸਤਦਾਨ ਦਾ ਗੁੱਡਾ ਬੰਨ੍ਹਿਆ ਜਾਂਦਾ ਹੈ ਜਿਸ ਨਾਲ ਭਾਰਤੀ ਲੋਕਤੰਤਰ ਦਾ ਮਿਆਰ ਬਹੁਤ ਹੇਠਾਂ ਡਿੱਗ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਤੇ ਪਾਰਟੀ ਮਸ਼ੀਨਰੀ ਦੀ ਕੜੀ ਵਜੋਂ ਭਗਤਾਂ ਦੇ ਟੋਲਿਆਂ ਵੱਲੋਂ ਕੱਟ ਪੇਸਟ ਕੀਤੇ ਜਾਂਦੇ ਟਵੀਟਾਂ 'ਤੇ ਨਜ਼ਰ ਮਾਰੋ ਜੋ ਨਾਗਰਿਕਾਂ ਨੂੰ ਆਜ਼ਾਦਾਨਾ ਢੰਗ ਨਾਲ ਸੋਚਣ ਤੇ ਪਰਖਣ ਤੋਂ ਡੱਕਦੇ ਹਨ।

ਮਈ 1958 ਵਿਚ ਰਾਜਾਜੀ ਨੇ ਚਿਤਾਵਨੀ ਦਿੱਤੀ ਸੀ, "ਜੇ ਆਜ਼ਾਦ ਸੋਚ ਤੇ ਆਲੋਚਨਾ ਦੀ ਥਾਂ ਅਧੀਨਗੀ ਤੇ ਮੁਥਾਜੀ ਲੈ ਲੈਂਦੀ ਹੈ ਜਾਂ ਡਰ ਅਤੇ ਸਹਿਮ ਕਰਕੇ ਇਨ੍ਹਾਂ ਦਾ ਸਹਾਰਾ ਨਹੀਂ ਲਿਆ ਜਾਂਦਾ ਜਿਸ ਕਰਕੇ ਅਜਿਹਾ ਮਾਹੌਲ ਬਣ ਜਾਂਦਾ ਹੈ ਜਿਸ ਵਿਚ ਲੋਕਤੰਤਰ ਨਾਲ ਖਾਸ ਤੌਰ 'ਤੇ ਜੁੜੀਆਂ ਸਿਆਸੀ ਬਿਮਾਰੀਆਂ ਪਣਪਣ ਲੱਗਦੀਆਂ ਹਨ। ਉਨ੍ਹਾਂ ਲਿਖਿਆ ਸੀ ਕਿ ਭਾਰਤ ਅੰਦਰ ਕਰੀਅਰਪ੍ਰਸਤੀ, ਸਾਜ਼ਿਸ਼ਾਂ ਅਤੇ ਤਰ੍ਹਾਂ ਤਰ੍ਹਾਂ ਦੀਆਂ ਬੇਈਮਾਨੀਆਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ।" ਰਾਜਾਜੀ ਇਹ ਵੀ ਦਲੀਲ ਦਿੰਦੇ ਹਨ ਕਿ 'ਵਿਰੋਧੀ ਧਿਰ ਇਸ ਕਿਸਮ ਦੇ ਵਿਸ਼ੈਲੇ ਨਦੀਨਾਂ ਨੂੰ ਵਧਣ ਫੁੱਲਣ ਤੋਂ ਰੋਕਣ ਦਾ ਕੁਦਰਤੀ ਜ਼ਰੀਆ ਹੁੰਦੀ ਹੈ। ਇਸ ਲਈ ਇਸ ਤਰ੍ਹਾਂ ਦੇ ਲੱਛਣਾਂ ਦੀ ਰੋਕਥਾਮ ਲਈ ਵਿਰੋਧੀ ਧਿਰ ਫੌਰੀ ਇਲਾਜ ਹੈ।'

ਆਪਣੇ ਇਸ ਦੂਜੇ ਲੇਖ ਵਿਚ ਰਾਜਾਜੀ ਨੇ ਵਿਰੋਧੀ ਦੀਆਂ ਲੋੜਾਂ ਦਾ ਸੰਖੇਪ ਸਾਰ ਦਿੱਤਾ ਹੈ ਜਿਸ ਨਾਲ ਭਾਰਤੀ ਲੋਕਤੰਤਰ ਨੂੰ ਸੰਤੁਲਤ ਕਰਨ ਵਿਚ ਮਦਦ ਮਿਲ ਸਕਦੀ ਹੈ। ਉਨ੍ਹਾਂ ਲਿਖਿਆ: 'ਸਾਨੂੰ ਇਕ ਅਜਿਹੀ ਵਿਰੋਧੀ ਧਿਰ ਦੀ ਲੋੜ ਹੈ ਜੋ ਵੱਖਰੇ ਢੰਗ ਨਾਲ ਸੋਚਦੀ ਹੋਵੇ ਅਤੇ ਨਾ ਕਿ ਅਜਿਹੀ ਜੋ ਥੋੜ੍ਹਾ ਜ਼ਿਆਦਾ ਕਰਨਾ ਲੋਚਦੀ ਹੋਵੇ, ਸ਼ਿੱਦਤ ਨਾਲ ਸੋਚਣ ਵਾਲੇ ਨਾਗਰਿਕਾਂ ਦਾ ਅਜਿਹਾ ਸਮੂਹ ਜਿਸ ਦਾ ਉਦੇਸ਼ ਵਿਆਪਕ ਭਲਾਈ 'ਤੇ ਸੇਧਤ ਹੋਵੇ ਅਤੇ ਨਾ ਕਿ ਅਖੌਤੀ ਗ਼ਰੀਬਾਂ ਦੀਆਂ ਵੋਟਾਂ ਹਾਸਲ ਕਰਨ ਦੀ ਲਾਲਸਾ ਹੋਵੇ, ਸੱਤਾਧਾਰੀ ਪਾਰਟੀ ਨਾਲੋਂ ਉਨ੍ਹਾਂ ਨੂੰ ਹੋਰ ਜ਼ਿਆਦਾ ਦੇਣ ਦੀ ਪੇਸ਼ਕਸ਼ ਕਰਦੀ ਹੋਵੇ, ਇਕ ਅਜਿਹੀ ਵਿਰੋਧੀ ਧਿਰ ਜੋ ਤਰਕ ਨੂੰ ਪੋਂਹਦੀ ਹੋਵੇ ਅਤੇ ਇਸ ਦ੍ਰਿੜ੍ਹ ਵਿਸ਼ਵਾਸ ਨਾਲ ਕੰਮ ਕਰਦੀ ਹੋਵੇ ਕਿ ਭਾਰਤ ਨੂੰ ਲੋਕਰਾਜੀ ਗਣਰਾਜ ਦੇ ਤੌਰ 'ਤੇ ਸ਼ਾਸਿਤ ਕੀਤਾ ਜਾ ਸਕਦਾ ਹੈ ਅਤੇ ਗ਼ਰੀਬ ਲੋਕ ਇਸ ਠੋਸ ਤਰਕ ਨੂੰ ਰੱਦ ਨਹੀਂ ਕਰਨਗੇ।'

ਅਗਲੇ ਸਾਲ ਅੱਸੀ ਸਾਲ ਦੀ ਉਮਰ ਵਿਚ ਰਾਜਾਜੀ ਨੇ ਆਪਣੇ ਸੰਕਲਪ ਨੂੰ ਅਮਲੀਜਾਮਾ ਪਹਿਨਾਉਂਦਿਆਂ ਇਕ ਨਵੀਂ ਪਾਰਟੀ ਦਾ ਐਲਾਨ ਕਰ ਦਿੱਤਾ ਜਿਸ ਦਾ ਨਾਂ ਸਵਤੰਤਰ ਪਾਰਟੀ ਰੱਖਿਆ। ਇਸ ਦੇ ਚਾਰਟਰ ਵਿਚ ਅਰਥਚਾਰੇ ਨੂੰ ਲਾਇਸੈਂਸ ਪਰਮਿਟ ਰਾਜ ਤੋਂ ਮੁਕਤ ਕਰਨਾ, ਵਿਅਕਤੀਗਤ ਆਜ਼ਾਦੀਆਂ ਦੀ ਰਾਖੀ ਕਰਨਾ ਅਤੇ ਪੱਛਮ ਦੇ ਲੋਕਰਾਜੀ ਮੁਲਕਾਂ ਨਾਲ ਕਰੀਬੀ ਸੰਬੰਧ ਕਾਇਮ ਕਰਨਾ ਸੀ। ਗੌਰਤਲਬ ਹੈ ਕਿ ਕਾਂਗਰਸ ਸਰਕਾਰ ਦੀਆਂ ਆਰਥਿਕ ਅਤੇ ਵਿਦੇਸ਼ ਨੀਤੀਆਂ ਦਾ ਵਿਰੋਧ ਕਰਦੇ ਹੋਇਆਂ ਵੀ ਰਾਜਾਜੀ ਨੇ ਵੱਖ ਵੱਖ ਧਰਮਾਂ ਦਰਮਿਆਨ ਇਕਸੁਰਤਾ ਅਤੇ ਘੱਟਗਿਣਤੀਆਂ ਦੇ ਹੱਕਾਂ ਪ੍ਰਤੀ ਨਹਿਰੂ ਦੀ ਵਚਨਬੱਧਤਾ ਨਾਲ ਇਕਜੁੱਟਤਾ ਦਰਸਾਈ।

ਸਵਤੰਤਰ ਪਾਰਟੀ ਨੇ ਕਾਂਗਰਸ ਲਈ ਤਿੱਖੀ ਬੌਧਿਕ ਤੇ ਵਿਚਾਰਧਾਰਕ ਚੁਣੌਤੀ ਪੇਸ਼ ਕੀਤੀ ਪਰ ਇਹ ਅਤੇ ਹੋਰ ਵਿਰੋਧੀ ਪਾਰਟੀਆਂ ਕਾਂਗਰਸ ਦੀ ਚੜ੍ਹਤ ਵਿਚ ਚਿੱਬ ਪਾ ਸਕਣ ਵਿਚ ਕਾਮਯਾਬ ਨਹੀਂ ਹੋ ਸਕੀਆਂ। ਇਸ ਬਾਰੇ ਰਾਜਾਜੀ ਨੇ ਰੰਜ ਜ਼ਾਹਿਰ ਕੀਤਾ ਸੀ: 'ਕਾਂਗਰਸ ਦੀ ਸਫਲਤਾ ਪਿੱਛੇ ਖਰਚੀਲੀਆਂ ਚੋਣ ਪ੍ਰਚਾਰ ਮੁਹਿੰਮਾਂ ਅਤੇ ਫੰਡਾਂ 'ਤੇ ਇਸ ਦਾ ਏਕਾਧਿਕਾਰ ਜ਼ਿੰਮੇਵਾਰ ਹੈ।' ਇਕ ਵਾਰ ਫਿਰ ਇਹ ਗੱਲ ਵੀ ਰਾਜਕੀ ਮਸ਼ੀਨਰੀ 'ਤੇ ਭਾਜਪਾ ਦੇ ਕੰਟਰੋਲ ਅਤੇ ਚੁਣਾਵੀ ਬੌਂਡਾਂ ਦੀ ਸਕੀਮ 'ਤੇ ਢੁਕਦੀ ਹੈ ਜਿਸ ਸਦਕਾ ਸੱਤਾਧਾਰੀ ਪਾਰਟੀ ਨੂੰ ਆਪਣੇ ਵਿਰੋਧੀ ਪਾਰਟੀਆਂ 'ਤੇ ਖਾਸਕਰ ਆਮ ਚੋਣਾਂ ਮੌਕੇ ਭਾਰੂ ਪੈਣ ਦਾ ਬਲ ਮਿਲਦਾ ਹੈ।

# ਜਦੋਂ ਆਹ ਕੁਝ ਵਾਪਰਦਾ ਹੋਵੇ ਤਾਂ ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਉੱਠਣਗੀਆਂ ਹੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਗੱਲ ਸਾਨੂੰ ਬੜੀ ਵਾਰੀ ਸੁਣਨ ਨੂੰ ਮਿਲਦੀ ਰਹੀ ਹੈ ਤੇ ਅਜੇ ਵੀ ਕਈ ਵਾਰੀ ਸੁਣੀਦੀ ਹੈ ਕਿ ਦੁਨੀਆ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਹੋਈਆਂ ਹਨ। ਸਾਨੂੰ ਉਹ ਸਮਾਂ ਚੇਤੇ ਨਹੀਂ ਆ ਰਿਹਾ, ਜਦੋਂ ਦੁਨੀਆ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਨਹੀਂ ਸੀ। ਜਦੋਂ ਭਾਰਤ ਗੁਲਾਮੀ ਵਿਚ ਸਹਿਕਦਾ ਪਿਆ ਅਤੇ ਵਿਦੇਸ਼ੀ ਹਾਕਮਾਂ ਵੱਲੋਂ ਲੜੀਆਂ ਜਾਂਦੀਆਂ ਜੰਗਾਂ ਵਿਚ ਆਪਣੇ ਪੁੱਤਰ ਭੇਜ ਕੇ ਮਰਵਾਉਣ ਪਿੱਛੋਂ ਵਿਦੇਸ਼ੀ ਧਰਤੀਆਂ ਉੱਤੇ ਹੁੰਦੀਆਂ ਜੰਗਾਂ ਦੇ ਕਿੱਸੇ ਸੁਣਾ ਕੇ ਦਿਲ ਨੂੰ ਧਰਵਾਸ ਦੇਂਦਾ ਹੁੰਦਾ ਸੀ, ਦੁਨੀਆ ਭਰ ਦੀਆਂ ਨਜ਼ਰਾਂ ਓਦੋਂ ਵੀ ਸਾਡੇ ਭਾਰਤ ਵੱਲ ਲੱਗੀਆਂ ਹੁੰਦੀਆਂ ਸਨ ਕਿ ਇਹ ਬੇਗਾਨੀਆਂ ਬੂਤੀਆਂ ਕਰਦਿਆਂ ਆਪਣੇ ਪੁੱਤ ਮਰਵਾਈ ਜਾਂਦਾ ਹੈ। ਫਿਰ ਭਾਰਤ ਦੇ ਲੋਕਾਂ ਦੀ ਹਿੰਮਤ ਨਾਲ ਦੇਸ਼ ਆਜ਼ਾਦ ਹੋ ਗਿਆ, ਆਜ਼ਾਦੀ ਲਈ ਹਜ਼ਾਰਾਂ ਲੋਕ ਕੁਰਬਾਨ ਹੋ ਗਏ, ਪਰ ਏਥੇ ਸਿਰਫ ਇਹੋ ਸੁਣਨ ਨੂੰ ਮਿਲਦਾ ਰਿਹਾ ਕਿ 'ਸਾਬਰਮਤੀ ਕੇ ਬਾਪੂ, ਤੂਨੇ ਕਰ ਦੀਆ ਕਮਾਲ, ਲੇਕਰ ਦੀ ਆਜ਼ਾਦੀ ਹਮ ਕੋ ਬਿਨਾਂ ਖੜਗ ਔਰ ਢਾਲ।' ਲੋਕਾਂ ਵਿਚ ਇਸ ਇੱਕੋ ਧਾਰਨਾ ਨੂੰ ਪ੍ਰਚਾਰਿਆ ਗਿਆ ਤੇ ਬਾਕੀ ਸਭ ਕੁਝ ਪਿੱਛੇ ਪਾਉਣ ਦੇ ਬਾਅਦ ਦੁਨੀਆ ਨੂੰ ਇਹੋ ਦੱਸਿਆ ਜਾਂਦਾ ਰਿਹਾ ਕਿ ਭਾਰਤ ਅਹਿੰਸਾ ਨਾਲ ਜੰਗਾਂ ਜਿੱਤਣ ਦਾ ਫਾਰਮੂਲਾ ਜਾਣਦਾ ਹੈ। ਨਾਲ ਦੀ ਨਾਲ ਭਾਰਤ ਦੇ ਰਾਜ ਕਰਤੇ ਆਪਣੇ ਸਾਇੰਸਦਾਨਾਂ ਨੂੰ ਐਟਮੀ ਸ਼ਕਤੀ ਦੀ ਖੋਜ ਕਰਨ ਲਈ ਹੱਲਾਸ਼ੇਰੀ ਦੇਂਦੇ ਰਹੇ ਅਤੇ ਜਦੋਂ ਐਟਮ ਬੰਬ ਦੀ ਪਰਖ ਸਫਲ ਹੋ ਗਈ ਤਾਂ ਇਹ ਨਹੀਂ ਸੀ ਦੱਸਿਆ ਕਿ ਮਾਰੂ ਮਸਾਲਾ ਸਹੀ ਹੈ, ਸਗੋਂ ਇਹ ਸੰਦੇਸ਼ ਭੇਜ ਕੇ ਦਿੱਲੀ ਬੈਠੀ ਕੇਂਦਰ ਸਰਕਾਰ ਨੂੰ ਖੁਸ਼ ਕੀਤਾ ਸੀ ਕਿ 'ਬੁੱਧ ਮੁਸਕੁਰਾ ਪਿਆ ਹੈ'। ਵਾਹ, ਇੱਕੋ ਝਟਕੇ ਵਿਚ ਲੱਖਾਂ ਲੋਕ ਮਾਰ ਦੇਣ ਵਾਲੇ ਬੰਬ ਦੇ ਧਮਾਕੇ ਨਾਲ ਸ਼ਾਂਤੀ ਦਾ ਪੁਜਾਰੀ ਬੁੱਧ 'ਮੁਸਕੁਰਾ ਪਿਆ', ਹੈ ਨਾ ਕਮਾਲ ਦੀ ਗੱਲ! ਦੁਨੀਆ ਦੇ ਲੋਕ ਉਸ ਵਕਤ ਵੀ ਭਾਰਤ ਵੱਲ ਵੇਖਦੇ ਪਏ ਸਨ ਕਿ ਇਸ ਦੇਸ਼ ਦੇ ਹਾਕਮ ਕਹਿੰਦੇ ਕੀ ਹਨ ਤੇ ਅਮਲ ਵਿਚ ਕਰਦੇ ਕੀ ਪਏ ਹਨ, ਪਰ ਸਾਨੂੰ ਇਸ ਨਾਲ ਮਤਲਬ ਨਹੀਂ ਸੀ, ਸਗੋਂ ਇਹ ਕਹਿਣਾ ਕਾਫੀ ਸੀ ਕਿ ਦੁਨੀਆ ਸਾਨੂੰ ਵੇਖਦੀ ਪਈ ਸੀ।

ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਇਸ ਗੱਲ ਦਾ ਇਹ ਅਰਥ ਨਹੀਂ ਕਿ ਭਾਰਤ ਲੋਕਤੰਤਰੀ ਰਿਵਾਇਤਾਂ ਦੀ ਪਾਲਣਾ ਕਰਨ ਵਿਚ ਬਾਕੀ ਸਭਨਾਂ ਤੋਂ ਵੱਡੇ ਕਿਰਦਾਰ ਵਾਲਾ ਹੋਣ ਦਾ ਮਾਣ ਹਾਸਲ ਕਰ ਗਿਆ ਹੈ, ਸਗੋਂ ਇਹ ਹੈ ਕਿ ਜਿਹੜੇ ਦੇਸ਼ਾਂ ਵਿਚ ਲੋਕਤੰਤਰੀ ਸਿਸਟਮ ਚੱਲਦਾ ਹੈ, ਉਨ੍ਹਾਂ ਸਭਨਾਂ ਨਾਲੋਂ ਵੱਧ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਸਰਕਾਰ ਵਾਲਾ ਲੋਕਤੰਤਰੀ ਦੇਸ਼ ਭਾਰਤ ਹੈ। ਜਿੰਨੀ ਤੇਜ਼ੀ ਨਾਲ ਇਹ ਦੇਸ਼ ਆਪਣੇ ਵੋਟਰਾਂ ਦੀ ਗਿਣਤੀ ਦਾ ਵਾਧਾ ਕਰੀ ਜਾ ਰਿਹਾ ਹੈ, ਅਗਲੀ ਸਦੀ ਵਿਚ ਕੋਈ ਹੋਰ ਦੇਸ਼ ਇਸ ਪੱਖੋਂ ਇਸ ਦੇ ਨੇੜੇ ਪਹੁੰਚਣ ਦਾ ਸੁਫਨਾ ਵੀ ਨਹੀਂ ਲੈ ਸਕਦਾ।




ਜਿਹੜੇ ਧਾਰਮਿਕ ਪੁਰਸ਼ਾਂ ਨੇ ਖੁਦ ਗ੍ਰਹਿਸਤ ਦਾ ਮਾਰਗ ਨਹੀਂ ਧਾਰਨ ਕੀਤਾ, ਵਿਆਹ ਦੇ ਬੰਧਨ ਵਿਚ ਕਦੇ ਨਹੀਂ ਬੱਝੇ, ਉਹ ਦੂਸਰਿਆਂ ਨੂੰ ਇਹ ਸੱਦੇ ਦੇਂਦੇ ਹਨ ਕਿ ਧਰਮ ਦੀ ਚੜ੍ਹਦੀ ਕਲਾ ਕਰਨ ਲਈ ਵੱਧ ਤੋਂ ਵੱਧ ਬੱਚੇ ਪੈਦਾ ਕਰੋ। ਧਰਮ ਦੀ ਚੜ੍ਹਦੀ ਕਲਾ ਹੋਵੇ ਨਾ ਹੋਵੇ, ਧਰਮ ਦੇ ਆਧਾਰ ਉੱਤੇ ਆਪਸ ਵਿਚ ਲੜਨ ਲਈ ਫੌਜਾਂ ਖੜ੍ਹੀਆਂ ਕਰਨ ਵਾਲਾ ਸੰਸਾਰ ਵਿਚ ਸਭ ਤੋਂ ਵੱਡਾ ਲੋਕਤੰਤਰ ਤਾਂ ਭਾਰਤ ਫਿਰ ਹੀ ਰਹੇਗਾ। ਇਸ ਦਾ ਇਹ ਰੁਤਬਾ ਹੋਰ ਕੋਈ ਨਹੀਂ ਖੋਹ ਸਕਦਾ। ਇਸ ਪੱਖੋਂ ਵੀ ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਹਨ, ਪਰ ਕੋਈ ਮਾੜੀ ਗੱਲ ਨਹੀਂ!

ਉਂਜ ਅਸੀਂ ਵੋਟਰ ਬਣਨ ਯੋਗ ਲੋਕਾਂ ਦੀ ਗਿਣਤੀ ਦੇ ਪੱਖੋਂ ਸਾਰਿਆਂ ਤੋਂ ਵੱਡਾ ਲੋਕਤੰਤਰ ਅਖਵਾ ਸਕਦੇ ਹਾਂ, ਪਰ ਲੋਕਤੰਤਰੀ ਰਿਵਾਇਤਾਂ ਨੂੰ ਜਦੋਂ ਮਰਜ਼ੀ ਝਕਾਨੀ ਦੇ ਲਈਏ, ਓਦੋਂ ਸਾਨੂੰ ਇਹ ਚਿੰਤਾ ਨਹੀਂ ਹੁੰਦੀ ਕਿ ਸੰਸਾਰ ਭਰ ਦੀਆਂ ਨਜ਼ਰਾਂ ਸਾਡੇ ਉੱਤੇ ਗੱਡੀਆਂ ਹੋਈਆਂ ਹਨ। ਇੰਦਰਾ ਗਾਂਧੀ ਸੰਸਾਰ ਦੀ ਗੁੱਟ ਨਿਰਪੱਖ ਲਹਿਰ ਦੀ ਲੋਕਤੰਤਰੀ ਆਗੂ ਬਣ ਕੇ ਮਾਣ ਮਹਿਸੂਸ ਕਰਦੀ ਸੀ, ਪਰ ਆਪਣੇ ਦੇਸ਼ ਵਿਚ ਐਮਰਜੈਂਸੀ ਲਾਈ ਅਤੇ ਆਪਣੇ ਛੋਟੇ ਪੁੱਤਰ ਦੀ ਅਗਵਾਈ ਹੇਠ ਚਾਰ ਜਣਿਆਂ ਦੀ ਬਦਨਾਮ ਜੁੰਡੀ ਨੂੰ ਲੋਕਾਂ ਦਾ ਘਾਣ ਕਰਨ ਦੀ ਖੁੱਲ੍ਹ ਦੇ ਦਿੱਤੀ। ਉਸ ਨੇ ਇਹ ਸੋਚਿਆ ਹੀ ਨਹੀਂ ਸੀ ਕਿ ਦੁਨੀਆ ਦੀਆਂ ਨਜ਼ਰਾਂ ਸਾਡੇ ਵੱਲ ਲੱਗੀਆਂ ਸਨ। ਭਾਰਤ ਦੇ ਹਾਕਮ ਇਹੋ ਜਿਹੀਆਂ ਗੱਲਾਂ ਦੀ ਚਿੰਤਾ ਨਹੀਂ ਕਰਦੇ।

ਅੱਜ-ਕੱਲ੍ਹ ਫਿਰ ਸਾਰਾ ਸੰਸਾਰ ਭਾਰਤ ਵੱਲ ਵੇਖਦਾ ਪਿਆ ਹੈ। ਸਾਨੂੰ ਇਹੋ ਦੱਸਿਆ ਜਾ ਰਿਹਾ ਹੈ ਕਿ ਸੰਸਾਰ ਦੀਆਂ ਅੱਖਾਂ ਭਾਰਤ ਵੱਲ ਇਸ ਦੀ ਤਰੱਕੀ ਦੇ ਕਾਰਨ ਲੱਗੀਆਂ ਹਨ, ਕਿਉਂਕਿ ਭਾਰਤ ਐਟਮੀ ਸ਼ਕਤੀ ਬਣਨ ਤੋਂ ਬਾਅਦ ਪੁਲਾੜ ਵਿਚ ਵੀ ਵਡੇਰੀਆਂ ਪੁਲਾਂਘਾਂ ਪੁੱਟ ਰਿਹਾ ਹੈ। ਜੇ ਇਹ ਪ੍ਰਾਪਤੀਆਂ ਕੀਤੀਆਂ ਹਨ ਤਾਂ ਇਸ ਵਿਚ ਸਾਲਾਂ-ਬੱਧੀ ਜੁੜਦੇ ਰਹੇ ਸਾਇੰਸਦਾਨਾਂ ਦੀ ਮਿਹਨਤ ਹੈ, ਜਿਹੜੇ ਆਗੂ ਇਹ ਕਹਿੰਦੇ ਹਨ ਕਿ ਭਾਰਤ ਦੀ ਤਰੱਕੀ ਵੱਲ ਦੁਨੀਆਂ ਦੀਆਂ ਨਜ਼ਰਾਂ ਹਨ, ਉਨ੍ਹਾਂ ਦਾ ਕੋਈ ਯੋਗਦਾਨ ਨਹੀਂ। ਏਦਾਂ ਦੀ ਕੋਈ ਪ੍ਰਾਪਤੀ ਸਾਨੂੰ ਨਾ ਪਹਿਲਿਆਂ ਸਿਆਸੀ ਆਗੂਆਂ ਦੀ ਲੱਭੀ ਹੈ ਤੇ ਨਾ ਹੀ ਅੱਜ ਵਾਲਿਆਂ ਦੀ ਲੱਭਦੀ ਹੈ, ਜਿਸ ਨੂੰ ਚੁੱਕ ਕੇ ਅਸੀਂ ਦੁਨੀਆ ਭਰ ਦੇ ਲੋਕਾਂ ਨੂੰ ਦਿਖਾ ਸਕੀਏ ਕਿ ਆਹ ਕੰਮ ਭਾਰਤ ਦੇ ਲੋਕਤੰਤਰੀ ਲੀਡਰਾਂ ਨੇ ਕੀਤਾ ਹੈ, ਜਿਸ ਨਾਲ ਦੁਨੀਆ ਦੀਆਂ ਨਜ਼ਰਾਂ ਸਾਡੇ ਵੱਲ ਲੱਗੀਆਂ ਹਨ। ਫਿਰ ਵੀ ਜਦੋਂ ਇਹ ਕਿਹਾ ਜਾਂਦਾ ਹੈ ਕਿ ਦੁਨੀਆ ਦੀਆਂ ਨਜ਼ਰਾਂ ਅੱਜ ਵੀ ਭਾਰਤ ਵੱਲ ਲੱਗੀਆਂ ਹੋਈਆਂ ਹਨ ਤਾਂ ਇਹ ਗੱਲ ਗਲਤ ਨਹੀਂ, ਸਚਮੁਚ ਦੁਨੀਆ ਭਾਰਤ ਵੱਲ ਵੇਖਦੀ ਪਈ ਹੈ, ਪਰ ਕਿਸੇ ਨੇਕ ਦਿੱਖ ਕਾਰਨ ਨਹੀਂ ਵੇਖਦੀ। ਉਰਦੂ ਕਹਾਵਤ ਹੈ ਕਿ 'ਹੋਂਗੇ ਗਰ ਬਦਨਾਮ ਤੋ ਕਿਆ ਨਾਮ ਨਾ ਹੋਗਾ'। ਓਸੇ ਕਹਾਵਤ ਵਾਂਗ ਅੱਜ ਭਾਰਤ ਵਿਚ ਉੱਠਦੇ ਫਿਰਕੂਪੁਣੇ ਕਾਰਨ ਜੋ ਕੁਝ ਸਾਰੇ ਦੇਸ਼ ਵਿਚ ਆਏ ਦਿਨ ਹੁੰਦਾ ਪਿਆ ਹੈ, ਉਸ ਦੇ ਚਰਚੇ ਦੁਨੀਆ ਵਿਚ ਹੋ ਰਹੇ ਹਨ ਤੇ ਸਾਰੇ ਸੰਸਾਰ ਦੇ ਲੋਕ ਭਾਰਤ ਵੱਲ ਵੇਖ ਰਹੇ ਹਨ। ਕਿਸੇ ਦੂਰ-ਦੁਰਾਡੇ ਰਾਜ ਵਿਚ ਕੁਝ ਹੁੰਦਾ ਹੋਵੇ ਤਾਂ ਬਾਕੀ ਦੁਨੀਆ ਦੀਆਂ ਨਜ਼ਰਾਂ ਤੋਂ ਓਹਲਾ ਰੱਖਿਆ ਜਾ ਸਕਦਾ ਹੈ, ਪਰ ਜਦੋਂ ਭਾਰਤ ਦੀ ਰਾਜਧਾਨੀ ਵਿਚ ਉਹ ਕੁਝ ਵਾਪਰ ਰਿਹਾ ਹੋਵੇ, ਜਿਸ ਨਾਲ ਇਸ ਦੇਸ਼ ਦੀ ਦਿੱਖ ਦਾਗੀ ਹੁੰਦੀ ਹੋਵੇ, ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਲੱਗਣੀਆਂ ਹੀ ਹਨ। ਅਲੋਕਾਰ ਗੱਲ ਇਹ ਕੋਈ ਨਹੀਂ।

ਪਿਛਲੇ ਦਿਨੀਂ ਰਾਜਧਾਨੀ ਦਿੱਲੀ ਵਿਚ ਫਿਰ ਦੰਗੇ ਹੋਣ ਦੀ ਖਬਰ ਬਣੀ। ਇਸ ਦੇ ਬਾਅਦ ਪੜਤਾਲ ਕਰਨ ਦੌਰਾਨ ਇਹ ਦੋਸ਼ ਲੱਗਦਾ ਰਿਹਾ ਕਿ ਜਾਂਚ ਇੱਕ-ਤਰਫਾ ਹੁੰਦੀ ਹੈ ਅਤੇ ਚੋਣਵੇਂ ਨਿਸ਼ਾਨੇ ਫੁੰਡੇ ਜਾ ਰਹੇ ਹਨ। ਏਥੋਂ ਤੱਕ ਵੀ ਗੱਲ ਸੀਮਤ ਨਾ ਰਹੀ ਤੇ ਫਿਰ ਬੁਲਡੋਜ਼ਰ ਚੱਲਣ ਦਾ ਮੁੱਦਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵਿਚ ਗਿਆ ਤਾਂ ਸੁਣਿਆ ਗਿਆ ਕਿ ਬੁਲਡੋਜ਼ਰ ਵੀ ਫਿਰਕੂ ਹੋ ਗਿਆ ਹੈ, ਇੱਕ ਜਾਂ ਦੂਸਰੇ ਧਰਮ ਦੇ ਲੋਕਾਂ ਦੀਆਂ ਦੁਕਾਨਾਂ ਜਾਂ ਘਰਾਂ ਦਾ ਵਖਰੇਵਾਂ ਕਰ ਕੇ ਕਾਰਵਾਈ ਕਰਦਾ ਹੈ। ਏਦਾਂ ਦਾ ਕੰਮ ਇਸ ਤੋਂ ਪਹਿਲਾਂ ਕੁਝ ਹੋਰ ਰਾਜਾਂ ਵਿਚ ਵੀ ਹੋਇਆ, ਪਰ ਉਸ ਦਾ ਰੌਲਾ ਭਾਰਤ ਤੱਕ ਸੀਮਤ ਰਿਹਾ ਸੀ, ਇਸ ਵਾਰੀ ਰਾਜਧਾਨੀ ਦਿੱਲੀ ਵਿਚ ਜਦੋਂ ਇਹੋ ਕੁਝ ਹੋਇਆ ਹੈ, ਜਿੱਥੇ ਦੂਸਰੇ ਦੇਸ਼ਾਂ ਦੇ ਦੂਤ ਵੀ ਬੈਠੇ ਹਨ ਤਾਂ ਇਸ ਦੀ ਕਹਾਣੀ ਸੰਸਾਰ ਭਰ ਵਿਚ ਫੈਲ ਗਈ। ਸਰਕਾਰ ਲੱਖ ਸਫਾਈਆਂ ਦੇਂਦੀ ਰਹੇ, ਦੁਨੀਆ ਦੇ ਲੋਕਾਂ ਦੀ ਨਜ਼ਰ ਵਿਚ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਦੇਸ਼ ਦੇ ਹਾਕਮਾਂ ਉੱਤੇ ਆਪਣੇ-ਪਰਾਏ ਦੋ ਧਰਮਾਂ ਵਿਚ ਵਖਰੇਵੇਂ ਨਾਲ ਵਿਹਾਰ ਕਰਨ ਦੇ ਦੋਸ਼ ਲੱਗਣ ਲੱਗ ਪਏ। ਜਿਹੜੀ ਲੀਡਰਸ਼ਿਪ ਇਹ ਕਿਹਾ ਕਰਦੀ ਸੀ ਕਿ ਭਾਰਤ ਦੀ ਤਰੱਕੀ ਕਾਰਨ ਸਾਰੇ ਸੰਸਾਰ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਪਈਆਂ ਹਨ, ਉਹ ਆਪਣੀ ਬੋਲੀ ਬਦਲ ਕੇ ਇਹ ਕਹਿਣ ਲੱਗ ਪਈ ਕਿ ਜਿਨ੍ਹਾਂ ਨੂੰ ਅੱਜ-ਕੱਲ੍ਹ ਹਰ ਗੱਲ ਵਾਸਤੇ ਸਿਰਫ ਭਾਰਤ ਨਜ਼ਰ ਆਉਂਦਾ ਹੈ, ਉਨ੍ਹਾਂ ਨੂੰ ਆਪਣੇ ਦੇਸ਼ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਭਾਰਤੀ ਹਾਕਮ ਤਾਂ ਦੂਸਰਿਆਂ ਦੇ ਨੁਕਸ ਗਿਣਾਉਣ ਲੱਗ ਪਏ।

ਮੈਂ ਭਾਰਤ ਦੀ ਲੀਡਰਸ਼ਿਪ ਦਾ ਕਿਹਾ ਗਲਤ ਨਹੀਂ ਮੰਨਦਾ ਕਿ ਭਾਰਤ ਦੀ ਭੰਡੀ ਕਰਨ ਵਾਲਿਆਂ ਨੂੰ ਆਪਣੇ ਦੇਸ਼ਾਂ ਵਿਚ ਜੋ ਕੁਝ ਹੁੰਦਾ ਹੈ, ਉਹ ਵੀ ਵੇਖਣਾ ਚਾਹੀਦਾ ਹੈ, ਪਰ ਜੇ ਉਹ ਆਪਣੇ ਘਰਾਂ ਵਿਚ ਹੁੰਦਾ ਸਭ ਕੁਝ ਵੇਖ ਲੈਣ ਤਾਂ ਕੀ ਇਸ ਨਾਲ ਭਾਰਤ ਦੇ ਅੰਦਰ ਗਲਤ ਹੁੰਦਾ ਫਿਰ ਗਲਤ ਨਹੀਂ ਰਹਿ ਜਾਵੇਗਾ? ਇਹ ਮੈਥ ਦਾ ਕੋਈ ਫਾਰਮੂਲਾ ਤਾਂ ਹੈ ਨਹੀਂ ਕਿ ਮਾਈਨਸ ਨਾਲ ਮਾਈਨਸ ਨੂੰ ਗੁਣਾ ਕਰੋ ਤਾਂ ਪਲੱਸ ਬਣ ਜਾਵੇਗਾ। ਜ਼ਿੰਦਗੀ ਦੀਆਂ ਹਕੀਕਤਾਂ ਹੋਰ ਹੁੰਦੀਆਂ ਹਨ ਅਤੇ ਕਠੋਰ ਹੁੰਦੀਆਂ ਹਨ। ਏਥੇ ਗਲਤ ਦੇ ਜਵਾਬ ਵਿਚ ਗਲਤ ਕੀਤਾ ਠੀਕ ਨਹੀਂ ਬਣ ਸਕਦਾ। ਦੋ ਗਲਤ ਹੋਣ ਨਾਲ ਵੀ ਹੋਰ ਗਲਤ ਗਿਣੇ ਜਾਣਗੇ, ਪਰ ਆਪਣੇ ਘਰ ਦਾ ਕੋਝਾਪਣ ਠੀਕ ਨਹੀਂ ਠਹਿਰਾਇਆ ਜਾ ਸਕਣਾ। ਜੇ ਭਾਰਤ ਦੀ ਹਕੂਮਤ ਨੂੰ ਆਪਣੀ ਤਰੱਕੀ ਉੱਤੇ ਦੁਨੀਆ ਦੀਆਂ ਅੱਖਾਂ ਟਿਕੀਆਂ ਦਾ ਮਾਣ ਸੀ ਤਾਂ ਆਪਣੇ ਕੋਝੇਪੁਣੇ ਉੱਤੇ ਦੁਨੀਆ ਦੀਆਂ ਅੱਖਾਂ ਟਿਕੀਆਂ ਦਾ ਵੀ ਗੁੱਸਾ ਨਹੀਂ ਕਰਨਾ ਚਾਹੀਦਾ, ਪੀੜ੍ਹੀ ਹੇਠ ਸੋਟਾ ਫੇਰ ਲੈਣਾ ਚਾਹੀਦਾ ਹੈ। ਭਾਰਤ ਉਸ ਤਰ੍ਹਾਂ ਦਾ ਭਾਰਤੀ ਲੋਕਤੰਤਰ ਬਣਨਾ ਚਾਹੀਦਾ ਹੈ, ਜਿਸ ਨੂੰ ਸਿਰਫ ਆਬਾਦੀ ਦੇ ਪੱਖੋਂ ਨਹੀਂ, ਅਮਲ ਵਾਲੀ ਪਰਖ ਨੂੰ ਵੇਖਣ ਦੇ ਬਾਅਦ ਸੱਚੇ ਅਰਥਾਂ ਵਿਚ ਦੁਨੀਆ ਦਾ 'ਸਭ ਤੋਂ ਵੱਡਾ ਲੋਕਤੰਤਰ' ਕਿਹਾ ਜਾ ਸਕੇ, ਪਰ ਉਹ ਘੜੀ ਅਜੇ ਤੱਕ ਨਹੀਂ ਆਈ।

# ਪਾਕਿਸਤਾਨੀ ਬੰਗਾ ਦੇ ਪਾਂਧੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪਿਛਲੇ ਹਫਤੇ ਮੇਰਾ ਮਿੱਤਰ ਰਘਬੀਰ ਸਿੰਘ ਸਿਰਜਣਾ ਤੇ ਉਸਦੀ ਜੀਵਨ ਸਾਥਣ ਸੁਲੇਖਾ ਪਾਕਿਸਤਾਨ ਵਿਚ ਪੈਂਦੇ ਲਾਹੌਰ, ਫੈਸਲਾਬਾਦ ਤੇ ਇਸਲਾਮਾਬਾਦ ਹੋ ਕੇ ਆਏ ਹਨ। ਉਹ ਸੁਲੇਖਾ ਦੇ ਨਾਨਕਾ ਪਿੰਡ ਨੀਲਾ ਦੁਲਾ (ਜਿਹਲਮ) ਵੀ ਗਏ ਤੇ ਭਗਤ ਸਿੰਘ ਸ਼ਹੀਦ ਦੇ ਬੰਗਾ ਵੀ ਜਿਹੜਾ ਕਿ ਚਕ ਨੰਬਰ 105 ਵਜੋਂ ਵੀ ਜਾਣਿਆ ਜਾਂਦਾ ਹੈ। ਜਿੱਥੇ ਨਾਨਕਾ ਪਿੰਡ ਤੋਂ ਮੋਹ, ਮੁਹੱਬਤ ਤੇ ਪਿਆਰ ਮਿਲਿਆ ਉਥੇ ਹੀ ਬੰਗਾ ਦੀ ਯਾਤਰਾ ਨੇ ਉਨ੍ਹਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਅਜ਼ਮਤ ਦਾ ਅਹਿਸਾਸ ਕਰਵਾਇਆ। ਭਗਤ ਸਿੰਘ ਦੇ ਮਾਪਿਆਂ ਦਾ ਘਰ ਤੇ ਜ਼ਮੀਨ ਸਨ ਸੰਤਾਲੀ ਵਿਚ ਏਧਰਲੇ ਬਟਾਲਾ ਤੋਂ ਪਾਕਿਸਤਾਨ ਗਏ ਚੌਧਰੀ ਰਾਇ ਮੁਹੰਮਦ ਇਕਬਾਲ ਦੇ ਮਾਪਿਆਂ ਨੂੰ ਅਲਾਟ ਹੋਈ ਸੀ। ਚੌਧਰੀ ਇਕਬਾਲ ਫੈਸਲਾਬਾਦ ਵਿਚ ਵਕਾਲਤ ਕਰਦਾ ਹੈ ਤੇ ਉਸ ਦੇ ਅੱਬਾ ਵੀ ਏਥੇ ਵਕੀਲ ਹੁੰਦੇ ਸਨ। ਉਨ੍ਹਾਂ ਦਾ ਗੋਤ ਵਿਰਕ ਹੈ। ਕੁਲਵੰਤ ਸਿੰਘ ਵਿਰਕ ਵਾਲਾ ਜਿਹੜਾ ਚੂਹੜਕਾਣਾ (ਸ਼ੇਖੂਪੁਰਾ) ਤੋਂ ਭਾਰਤ ਆਇਆ ਸੀ ਤੇ ਜਿਸਦਾ ਵੱਡਾ ਭਰਾ ਦਰਬਾਰਾ ਸਿੰਘ ਕਰਨਾਲ ਵਿਚ ਵਕਾਲਤ ਕਰਦਾ ਰਿਹਾ ਹੈ।

ਜਦੋਂ ਚੌਧਰੀ ਇਕਬਾਲ ਨੂੰ ਪਤਾ ਲਗਿਆ ਕਿ ਭਾਰਤੀ ਪਾਂਧੀ ਉਸਦਾ ਘਰ ਵੇਖਣਾ ਚਾਹੁੰਦੇ ਹਨ ਤਾਂ ਉਹ ਉਨ੍ਹਾਂ ਨੂੰ ਫੈਸਲਾਬਾਦ (ਲਾਇਲਪੁਰ) ਤੋਂ ਬੰਗਾ ਲੈ ਕੇ ਗਿਆ। 20-25 ਮੀਲ ਦੀ ਦੂਰੀ ਉੱਤੇ। ਉਹ ਖੁਦ ਤਾਂ ਫੈਸਲਾਬਾਦ ਰਹਿੰਦਾ ਹੈ ਪਰ ਉਸਦੇ ਕਰਿੰਦੇ ਬੰਗਾ ਰਹਿ ਕੇ ਖੇਤੀ ਦਾ ਕੰਮ ਸੰਭਾਲਦੇ ਹਨ। ਇਨ੍ਹਾਂ ਪਰਾਹੁਣਿਆਂ ਨੂੰ ਲੱਸੀ ਪਿਲਾਉਂਦਿਆਂ ਇਹ ਵੀ ਕਿਹਾ ਕਿ ਇਹ ਭਗਤ ਸਿੰਘ ਦੇ ਬੰਗਾ ਦੀ ਲੱਸੀ ਹੈ ਜਿਹੜੀ ਹੋਰ ਕਿਧਰੇ ਨਹੀਂ ਮਿਲਣੀ। ਏਸੇ ਤਰ੍ਹਾਂ ਜਦੋਂ ਸੁਲੇਖਾ ਆਪਣੇ ਨਾਨਕੇ ਪਿੰਡ ਪਹੁੰਚੀ ਤਾਂ ਉਸਨੂੰ ਸਾਰੇ ਪਿੰਡ ਵਾਲਿਆਂ ਨੇ ਆਪਣੀ ਦੋਹਤਰੀ ਵਜੋਂ ਪਿਆਰਿਆ ਤੇ ਸੁਲੇਖਾ ਦੀ ਆਮਦ ਲਈ 'ਕਸ਼ਿਸ਼' ਸ਼ਬਦ ਦੀ ਵਰਤੋਂ ਕੀਤੀ। ਜਿਸ ਘਰ ਇਨ੍ਹਾਂ ਨੇ ਪਰਵੇਸ਼ ਕੀਤਾ ਉਸ ਘਰ ਦੀ ਸੁਆਣੀ ਨੇ ਇਨ੍ਹਾਂ ਨੂੰ ਹਲਵਾ ਵਰਤਾਇਆ ਤੇ ਬੜੇ ਪਿਆਰ ਨਾਲ ਕਿਹਾ ਕਿ ਨਾਲ ਵੀ ਲੈਂਦੇ ਜਾਓ ਤਾਂ ਕਿ ਰਸਤੇ ਵਿਚ ਵਰਤਿਆ ਜਾ ਸਕੇ। ਇਹ ਹੈ ਭਾਰਤ-ਪਾਕਿ ਸਬੰਧਾਂ ਦੀ ਗਾਥਾ। ਭਾਰਤੀ ਪ੍ਰਾਹੁਣਿਆਂ ਨੇ ਵੇਖਿਆ ਕਿ ਉਸ ਘਰ ਦੀਆਂ ਕੰਧਾਂ ਉੱਤੇ ਗਦਰੀ ਬਾਬਿਆਂ ਤੇ ਹੋਰ ਸੁਤੰਤਰਤਾ ਸੰਗਰਾਮੀਆਂ ਦੀਆਂ ਅਨੇਕ ਤਸਵੀਰਾਂ ਲਾਈਆਂ ਹੋਈਆਂ ਹਨ ਜਿਵੇਂ ਅਜਾਇਬ ਘਰਾਂ ਵਿਚ ਹੁੰਦੀਆਂ ਹਨ।

### ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ

ਲੰਘੇ ਐਤਵਾਰ ਪੰਜਾਬ ਸਾਹਿਤ ਅਕਾਦਮੀ ਨੇ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ 'ਆਵਾਸ, ਪਰਵਾਸ ਤੇ ਅਹਿਸਾਸ' ਦੇ ਸਬੰਧ ਵਿਚ ਇਕ ਅੰਤਰਰਾਸ਼ਟਰੀ ਸਮਾਗਮ ਰਚਾਇਆ, ਜਿਸ ਵਿਚ ਹੋਰਾਂ ਤੋਂ ਬਿਨਾਂ ਜਪਾਨ ਤੋਂ ਪਰਮਿੰਦਰ ਸੋਢੀ, ਆਸਟਰੇਲੀਆ ਤੋਂ ਹਰਕੀ ਵਿਰਕ ਤੇ ਕੈਨੇਡਾ ਤੋਂ ਰਘਬੀਰ ਸਿੰਘ ਸਿਰਜਣਾ ਨੇ ਸ਼ਿਰਕਤ ਕੀਤੀ। ਸਮਾਗਮ ਵਿਚ ਪੰਜਾਬੀ ਭਾਈਚਾਰੇ ਦੇ ਆਵਾਸ ਤੇ ਪਰਵਾਸ ਬਾਰੇ ਭਰਵੀਂ ਚਰਚਾ ਹੋਈ। ਏਥੋਂ ਦੇ ਗਦਰੀ ਬਾਬਿਆਂ ਵਲੋਂ ਪਰਦੇਸਾਂ ਵਿਚ ਹੱਡ ਤੋੜਵੀਂ ਮਿਹਨਤ ਨਾਲ ਕਮਾਏ ਪੈਸੇ ਦੇ ਸਿਰ ਉੱਤੇ ਆਪਣੀ ਜਨਮ ਭੂਮੀ ਵਿਚੋਂ ਗੋਰੇ ਹਾਕਮਾਂ ਨੂੰ ਕੱਢਣ ਦੇ ਵੱਡੇ ਉਪਰਾਲਿਆਂ ਸਮੇਤ ਆਪਣੇ ਦੇਸ਼ ਨੂੰ ਅਲਵਿਦਾ ਕਹਿ ਕੇ ਸੱਤ ਸਮੁੰਦਰ ਪਾਰ ਜਾ ਕੇ ਚੰਗੇਰਾ ਜਵਨ ਜੀਉਣ ਲਈ ਪੰਜਾਬੀਆਂ ਦੀ ਹੋੜ ਅੱਜ ਵੀ ਉਦੋਂ ਵਾਂਗ ਜਾਰੀ ਹੈ। ਏਥੋਂ ਤੱਕ ਕਿ ਸਮੇਂ ਨਾਲ ਅਜਿਹੇ ਪੰਜਾਬੀਆਂ ਨੂੰ ਹਜ਼ਾਰਾਂ ਮੀਲ ਦੂਰ ਦਾ ਟਿਕਾਣਾ ਏਨਾ ਚੰਗਾ ਲੱਗਣ ਲੱਗ ਜਾਂਦਾ ਹੈ ਕਿ ਉਹ ਮੁੜ ਆਪਣੇ ਵਤਨ ਪਰਤਣ ਦਾ ਨਾਂ ਨਹੀਂ ਲੈਂਦੇ। ਉਹ ਪਿੱਛੇ ਰਹਿ ਗਏ ਆਪਣੇ ਚਾਚੇ-ਤਾਇਆਂ ਤੇ ਬਜ਼ੁਰਗਾਂ ਨੂੰ ਪੈਸੇ ਤਾਂ ਭੇਜਦੇ ਰਹਿੰਦੇ ਹਨ ਪਰ ਉਨ੍ਹਾਂ ਦੇ ਕੋਲ ਰਹਿ ਕੇ ਉਨ੍ਹਾਂ ਦੀ ਸੇਵਾ ਕਰਨ ਬਾਰੇ ਉੱਕਾ ਨਹੀਂ ਸੋਚਦੇ। ਬਾਹਰਲੇ ਵਤਨਾਂ ਤੋਂ ਪਹੁੰਚੇ ਬੁਲਾਰਿਆਂ ਸਮੇਤ ਵਤਨੀ ਬੁਲਾਰਿਆਂ (ਬਲਕਾਰ ਸਿੱਧੂ, ਸਰਬਜੀਤ ਸੋਹਲ, ਰਾਜਬੀਰ ਕੌਰ ਰੰਧਾਵਾ, ਪੰਮੀ ਸਿੱਧੂ ਸੰਧੂ) ਨੇ ਆਪਣੀਆਂ ਵਿਦੇਸ਼ ਫੇਰੀਆਂ ਦੇ ਆਧਾਰ 'ਤੇ ਇਹ ਵੀ ਕਿਹਾ ਕਿ ਇਨ੍ਹਾਂ ਦੁਆਰਾ ਦੂਰ ਦੁਰੇਡੇ ਸਭਿਆਚਾਰਾਂ ਪ੍ਰਤੀ ਨਵੀਂ ਤੋਂ ਨਰੋਈ ਜਾਣਕਾਰੀ ਮਿਲਦੀ ਹੈ। ਇਹ ਵੀ ਕਿ ਸਮੇਂ ਨਾਲ ਪਰਵਾਸ ਦਾ ਸਰੂਪ ਤੇ ਸੁਭਾਅ ਬਦਲ ਰਿਹਾ ਹੈ। ਅਜੋਕਾ ਪੰਜਾਬੀ ਪਰਵਾਸੀ ਹੋ ਕੇ ਆਵਾਸੀ ਹੈ ਤੇ ਆਵਾਸੀ ਹੋ ਕੇ ਪਰਵਾਸੀ।

ਅਸਲ ਵਿਚ ਮਨ ਦਾ ਪਰਦੇਸੀ ਹੋਣਾ ਆਪਣੇ ਮੂਲ ਨਾਲੋਂ ਟੁੱਟਣਾ ਹੈ। ਉਪਰਾਮ, ਉਦਾਸ ਤੇ ਉਦਾਸੀਨ ਮਹਿਸੂਸ ਕਰਨਾ। ਏਸ ਉਖੜੇਵੇਂ ਤੇ ਖਿੰਡਾਓ ਕਾਰਨ ਪਰਦੇਸੀਆਂ ਵਾਂਗ ਰਹਿਵੇ ਤੇ ਵਿਗੋਚੇ ਵਿਚ ਰਹਿਣਾ। ਜੇ ਮਨ ਹੀ ਨਹੀਂ ਟਿਕਦਾ ਤਾਂ ਸਭ ਥਾਂ ਪਰਾਈ ਹੋ ਜਾਂਦੀ ਹੈ। ਮਨ ਪਿੱਪਲ ਦੇ ਪੱਤੇ ਵਾਂਗ ਫਰਕਣ ਲਗਦਾ ਹੈ ਤੇ ਪਾਰੇ ਵਾਂਗ ਥਿਰਕਦਾ ਹੈ।

ਪੰਜਾਬੀ ਬੰਦੇ ਦੇ ਏਸ ਵਰਤਾਰੇ ਨੇ ਮਨ ਨੂੰ ਮੁੱਠੀ ਵਿਚ ਕਰਨਾ, ਮਨ ਨੂੰ ਹਵਾ ਲੁਆਉਣੀ, ਮਨ ਮਰਜ਼ੀ ਦੇ ਸਾਂਚੇ ਵਿਚ ਢਾਲਣਾ, ਮਨ ਮਾਰਨਾ, ਮਨ ਮਿਲੇ ਦਾ ਮੇਲਾ, ਆਦਿ ਅਖਾਣਾਂ ਨੂੰ ਵੀ ਜਨਮ ਦਿੱਤਾ ਹੈ।

ਇਸ ਭਾਵਨਾ ਦਾ ਵਿਸਥਾਰਤ ਵਰਣਨ ਪ੍ਰੋ. ਜਸਵੰਤ ਸਿੰਘ ਗੰਡਮ ਦੀ ਪੁਸਤਕ, 'ਸੁੱਤੇ ਸ਼ਹਿਰ ਦਾ ਸਫਰ' (ਪੰਜਾਬੀ ਵਿਰਸਾ ਟਰੱਸਟ, ਫਗਵਾੜਾ, ਪੰਨੇ 144, ਮੁੱਲ 200 ਰੁਪਏ) ਵਿਚ ਵੀ ਮਿਲਦਾ ਹੈ ਜਿਸ ਵਿਚ ਅੰਤਰਰਾਸ਼ਟਰੀ ਸੈਮੀਨਾਰ ਦੀ ਧਾਰਨਾ ਉੱਤੇ ਮੋਹਰ ਲਗਦੀ ਹੈ। ਇਸ ਦਾ ਸਵਾਗਤ ਕਰਨਾ ਬਣਦਾ ਹੈ।

ਅੰਤਿਕਾ

ਸੁਰਜੀਤ ਪਾਤਰ

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ,
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

# ਆਬੋ-ਹਵਾ ਦਾ ਨਿਘਾਰ ਤੇ ਇਨਸਾਨ

***ਆਲਮੀ ਤਪਸ਼ (ਗਲੋਬਲ ਵਾਰਮਿੰਗ) ਨੇ ਹਰ ਸੰਜੀਦਾ ਸ਼ਖਸ ਨੂੰ ਫਿਕਰਾਂ ਵਿਚ ਪਾਇਆ ਹੈ। ਮਨੁੱਖ ਦੇ ਅਖੌਤੀ ਵਿਕਾਸ ਕਾਰਨ ਬਹੁਤ ਸਾਰੇ ਇਲਾਕਿਆਂ ਵਿਚ ਸਦੀਆਂ ਤੋਂ ਜੰਮੀ ਬਰਫ ਹੁਣ ਤੇਜ਼ੀ ਨਾਲ ਪਿਘਲ ਰਹੀ ਹੈ ਅਤੇ ਸਮੁੰਦਰਾਂ ਦਾ ਪੱਧਰ ਵਧ ਰਿਹਾ ਹੈ। ਆਉਣ ਵਾਲੇ ਸਮੇਂ ਅੰਦਰ ਦੁਨੀਆ ਦੇ ਕਈ ਸ਼ਹਿਰ ਅਤੇ ਮੁਲਕ ਪਾਣੀਆਂ ਦੇ ਸਪੁਰਦ ਹੋ ਜਾਣਗੇ। ਉਘੇ ਪੱਤਰਕਾਰ ਸਾਇਮਨ ਮੰਡੀ ਨੇ ਆਪਣੀ ਕਿਤਾਬ 'ਰੇਸ ਫਾਰ ਟੁਮੌਰੋ' ਵਿਚ ਇਸ ਵਾਤਾਵਰਨੀ ਵਰਤਾਰੇ ਬਾਰੇ ਬੇਲਿਹਾਜ਼ ਹੋ ਕੇ ਕਲਮ ਚਲਾਈ ਹੈ ਜਿਸ ਬਾਰੇ ਜ਼ਿਕਰ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ।***

ਯਕੂਤੀਆ ਰੂਸ ਦਾ ਨੀਮ ਖੁਦਮੁਖਤਾਰ ਗਣਰਾਜ ਹੈ। ਸਾਇਬੇਰੀਆ ਵਿਚ ਪੈਂਦਾ ਹੈ। ਆਕਾਰ ਪੱਖੋਂ ਕਾਫੀ ਵੱਡਾ ਹੈ: ਚੀਨ ਅਫਗਾਨਿਸਤਾਨ ਤੇ ਨਾਇਜੀਰੀਆ ਸਹਿਜੇ ਹੀ ਇਸ ਅੰਦਰ ਸਮਾਅ ਸਕਦੇ ਹਨ ਪਰ ਆਬਾਦੀ ਸਿਰਫ 9 ਲੱਖ ਹੈ, ਬਰਫਾਨੀ ਖਿੱਤਾ ਹੋਣ ਕਰਕੇ। ਆਲਮੀ ਤਪਸ਼ ਦਾ ਇਸ ਗਣਰਾਜ 'ਤੇ ਸਿੱਧਾ ਅਸਰ ਪਿਆ ਹੈ। ਇਸ ਦੇ ਇਕ ਇਲਾਕੇ ਬਾਤਾਤਲਿਕਾ ਵਿਚ ਯੁੱਗਾਂ-ਯੁਗਾਂਤਰਾਂ ਤੋਂ ਜੰਮੀ ਬਰਫ ਹੁਣ ਪਿਘਲ ਗਈ ਹੈ। ਸਰਦੀਆਂ ਵਿਚ ਇਸ ਇਲਾਕੇ ਦਾ ਤਾਪਮਾਨ ਮਨਫੀ 64 ਡਿਗਰੀ ਸੈਲਸੀਅਸ ਤੱਕ ਚਲਾ ਜਾਂਦਾ ਹੈ ਪਰ ਗਰਮੀਆਂ ਸ਼ੁਰੂ ਹੁੰਦਿਆਂ ਸਰਦੀਆਂ ਵਾਲੀ ਨਵੀਂ ਬਰਫ ਪਾਣੀ ਬਣ ਜਾਂਦੀ ਹੈ। ਤਿੰਨ ਦਹਾਕੇ ਪਹਿਲਾਂ ਕਿਸੇ ਨੇ ਇਹ ਕਿਆਸ ਤਕ ਨਹੀਂ ਸੀ ਕੀਤਾ ਹੋਣਾ ਕਿ ਯੁੱਗਾਂ ਪੁਰਾਣੀ ਬਰਫ ਇੰਨੀ ਪਿਘਲ ਜਾਵੇਗੀ ਕਿ ਉਸ ਦੇ ਹੇਠੋਂ ਹਜ਼ਾਰਾਂ ਸਾਲ ਪਹਿਲਾਂ ਵਾਲੀ ਬਨਸਪਤੀ ਗਲੀ-ਸੜੀ ਹਾਲਤ ਵਿਚ ਬਾਹਰ ਆ ਜਾਵੇਗੀ। ਇਸ ਗਲੀ-ਸੜੀ ਬਨਸਪਤੀ ਵਿਚ ਅਰਬਾਂ ਮਾਈਕ੍ਰੋਬ ਪਲ ਰਹੇ ਹਨ ਜਿਨ੍ਹਾਂ ਕਾਰਨ ਇਹ ਸੜ੍ਹਿਆਂਦ ਛੱਡਦੀ ਹੈ। ਇਹ ਸੜ੍ਹਿਆਂਦ ਕਾਰਬਨ ਤੇ ਮੀਥੇਨ ਗੈਸਾਂ ਤੋਂ ਉਪਜਦੀ ਹੈ ਪਰ




ਸੜ੍ਹਿਆਂਦ ਵਾਲੇ ਦਲਦਲੀ ਪਾਣੀ ਵਿਚੋਂ ਵੀ ਸਥਾਨਕ ਲੋਕਾਂ ਨੂੰ ਕਮਾਈ ਦਾ ਨਵਾਂ ਸਾਧਨ ਮਿਲ ਚੁੱਕਾ ਹੈ। ਉਹ ਸਵੇਰ ਹੁੰਦਿਆਂ ਹੀ ਨਿੱਕੀਆਂ-ਨਿੱਕੀਆਂ ਕਿਸ਼ਤੀਆਂ 'ਤੇ


**ਸੁਰਿੰਦਰ ਸਿੰਘ ਤੇਜ**
**ਫੋਨ: +91-98550-01488**

ਸਵਾਰ ਹੋ ਕੇ ਬਰਫਾਨੀ ਯੁੱਗ ਵੇਲੇ ਦੇ ਮਹਾਂ-ਹਾਥੀਆਂ (ਅੰਗਰੇਜ਼ੀ ਵਿਚ ਮੈਮਥਜ਼) ਦੇ ਪਿੰਜਰਾਂ ਦੀ ਭਾਲ ਵਿਚ ਨਿਕਲ ਪੈਂਦੇ ਹਨ। ਮੈਮਥਾਂ ਦੇ ਦਰਜਨਾਂ ਪਿੰਜਰ ਇਸ ਇਲਾਕੇ ਵਿਚੋਂ ਮਿਲੇ ਹਨ। ਇਕ ਤਾਂ ਸਾਬਤਾ-ਸਬੂਤਾ ਮੈਮਥ ਵੀ ਮਿਲਿਆ। ਕਈ-ਕਈ ਇੰਚ ਮੋਟੀ ਜੱਤ ਵਾਲਾ। ਹਾਰਵਰਡ ਯੂਨੀਵਰਸਿਟੀ (ਅਮਰੀਕਾ) ਦਾ ਨਾਮਵਰ ਪ੍ਰਜਨਨ ਵਿਗਿਆਨੀ ਜਾਰਜ ਚਰਚ ਇਸ ਤੋਂ ਡੀ.ਐਨ.ਏ. ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ। ਉਸ ਦਾ ਦਾਅਵਾ ਹੈਕਿ ਉਹ ਏਸ਼ਿਆਈ ਹਾਥੀਆਂ ਦੇ ਜਿਨੋਮ ਸਿਲਸਿਲੇ ਤੇ ਇਸ ਡੀ.ਐਨ.ਏ. ਦੇ ਮੇਲ ਰਾਹੀਂ ਮੈਮਥ ਦੀ ਨਸਲ ਨੂੰ ਸੁਰਜੀਤ ਕਰ ਦਿਖਾਵੇਗਾ।

ਯਕੂਤੀਆ ਵਿਚ ਜੋ ਕੁਝ ਵਾਪਰਿਆ ਜਾਂ ਵਾਪਰ ਰਿਹਾ ਹੈ, ਉਸ ਤੋਂ ਮੁਕਾਮੀ ਲੋਕ ਫਿਕਰਮੰਦ ਤਾਂ ਹਨ ਪਰ ਬਹੁਤ ਜ਼ਿਆਦਾ ਨਹੀਂ। ਮੈਮਥ ਦੇ ਬਾਹਰੀ ਦੰਦ (ਟਸਕ) ਬੇਸ਼ਕੀਮਤੀ ਮੰਨੇ ਜਾਂਦੇ ਹਨ। ਚੀਨੀ ਵਪਾਰੀ ਹਾਥੀ ਦੰਦਾਂ ਦਾ ਬਹੁਤ ਮੁੱਲ ਪਾਉਂਦੇ ਹਨ। ਮੈਮਥ ਦਾ ਸਾਫ-ਸ਼ਫਾਫ ਦੰਦ 10 ਹਜ਼ਾਰ ਡਾਲਰਾਂ ਵਿਚ ਵਿਕਦਾ ਹੈ। ਇਹ ਰਕਮ ਆਮ ਲੋਕਾਂ ਦੀ ਕਈ ਮਹੀਨਿਆਂ ਦੀ ਆਮਦਨ ਤੋਂ ਵੱਧ ਹੈ। ਚੀਨ ਨੇ ਸੰਯੁਕਤ ਰਾਸ਼ਟਰ ਤੇ ਹੋਰ ਕਈ ਕੌਮਾਂਤਰੀ ਏਜੰਸੀਆਂ ਦੇ ਦਬਾਅ ਕਾਰਨ ਹਾਥੀ-ਦੰਦ ਦੇ ਕਾਰੋਬਾਰ ਉੱਤੇ ਪਾਬੰਦੀ ਲਗਾਈ ਹੋਈ ਹੈ ਪਰ ਚੀਨੀ ਸਮਗਲਰਾਂ ਨੂੰ ਇਸ ਪਾਬੰਦੀ ਦੀ ਪਰਵਾਹ ਨਹੀਂ। ਲਿਹਾਜ਼ਾ ਯਕੂਤੀਆ ਵਿਚ ਅਜਿਹੇ ਲੋਕਾਂ ਦੀ ਕਮੀ ਨਹੀਂ ਜੋ ਹਰ ਰੋਜ਼ ਸਵੇਰੇ ਮੈਮਥ ਦੇ ਦੰਦ ਖੋਜਣ ਨਿਕਲਦੇ ਹਨ ਅਤੇ ਪੂਰਾ ਦਿਨ ਬਾਹਰ ਰਹਿੰਦੇ ਹਨ। ਚੀਨੀ ਸਮਗਲਰਾਂ ਵਾਂਗ ਚੀਨੀ ਕੰਪਨੀਆਂ ਵੀ ਇਸ ਇਲਾਕੇ ਵਿਚ ਸਰਗਰਮ ਹਨ। ਕੁਝ ਟੈਂਕਰਾਂ ਵਿਚ ਪਾਣੀ ਭਰ ਕੇ ਆਪਣੇ ਮੁਲਕ ਭੇਜਦੀਆਂ ਹਨ ਅਤੇ ਕੁਝ ਨੇ ਪਾਣੀ ਨੂੰ ਬੋਤਲਬੰਦ ਕਰਨ ਦੇ ਪਲਾਂਟ ਲਾਏ ਹੋਏ ਹਨ। ਕੁਝ ਚੀਨੀ ਕੰਪਨੀਆਂ ਹਵਾ ਵਿਚਲੇ ਕਾਰਬਨ ਨੂੰ ਕੰਪਰੈੱਸ ਕਰ ਕੇ ਆਪਣੇ ਮੁਲਕ ਭੇਜਣ ਦੇ ਕੰਮ ਵਿਚ ਸਰਗਰਮ ਹਨ। ਇਹ ਕਾਰਬਨ ਇਲੈਕਟ੍ਰਿਕ ਵਾਹਨਾਂ ਦੀਆਂ ਬੈਟਰੀਆਂ ਵਿਚ ਵਰਤੀ ਜਾਂਦੀ ਹੈ।

ਸਾਇਮਨ ਮੰਡੀ ਦੀ ਕਿਤਾਬ 'ਰੇਸ ਫਾਰ ਟੁਮੌਰੋ' ਵਾਤਾਵਰਨ ਪਰਿਵਰਤਨ ਦੇ ਅਸਰਾਤ ਦੇ ਉਪਰੋਕਤ ਤਸੱਵੁਰ ਨਾਲ ਸ਼ੁਰੂ ਹੁੰਦੀ ਹੈ। ਇਹ ਛੇ ਮਹਾਂਦੀਪਾਂ ਦੇ 26 ਮੁਲਕਾਂ ਦੀਆਂ ਉਨ੍ਹਾਂ ਥਾਵਾਂ ਦੇ ਮੰਜ਼ਰ ਤੇ ਬਿਰਤਾਂਤ ਪੇਸ਼ ਕਰਦੀ ਹੈ ਜਿੱਥੇ ਆਲਮੀ ਤਪਸ਼ ਦਾ ਅਸਰ ਸਿੱਧੇ ਰੂਪ ਵਿਚ ਦੇਖਣ ਨੂੰ ਮਿਲ ਰਿਹਾ ਹੈ। ਇਸ ਤਪਸ਼ ਨੇ ਕਈ ਥਾਈਂ ਤਾਂ ਮੌਸਮ ਹੀ ਬਦਲ ਦਿੱਤੇ ਹਨ। ਉੱਤਰੀ ਧਰੁਵੀ ਖੇਤਰ ਵਿਚ ਨਵੰਬਰ ਮਹੀਨੇ ਅੰਤਾਂ ਦੀ ਗਰਮੀ ਪੈਣ ਦਾ ਕਿਆਸ ਇਕ ਦਹਾਕਾ ਪਹਿਲਾਂ ਤੱਕ






*ਪਿਘਲ ਰਹੀ ਧਰਤੀ ਦਾ ਹੌਲਨਾਕ ਚਿੱਤਰ ਅਤੇ (ਸੱਜੇ) ਸਾਇਮਨ ਮੰਡੀ ਦੀ ਕਿਤਾਬ 'ਰੇਸ ਫਾਰ ਟੁਮੌਰੋ' ਦਾ ਮੁਖੜਾ।*

ਕਿਸੇ ਨੇ ਨਹੀਂ ਕੀਤਾ ਹੋਵਾ ਪਰ 2016 ਤੋਂ ਬਾਅਦ ਨਵੰਬਰ ਦੇ ਕੁਝ ਦਿਨ ਅਜਿਹੇ ਰਹਿੰਦੇ ਹਨ ਜਦੋਂ ਦਿਨ ਦਾ ਤਾਪਮਾਨ 34 ਡਿਗਰੀ ਤਕ ਪੁੱਜ ਜਾਂਦਾ ਹੈ। ਪਹਿਲਾਂ ਇਹੋ ਮੰਨਿਆ ਜਾਂਦਾ ਸੀ ਕਿ ਤਬਦੀਲੀਆਂ ਹੌਲੀ-ਹੌਲੀ ਆਉਣਗੀਆਂ ਪਰ ਹੁਣ ਜੋ ਕੁਝ ਵਾਪਰਨਾ ਸ਼ੁਰੂ ਹੋ ਰਿਆ ਹੈ, ਉਹ ਅਨੁਮਾਨਾਂ ਤੋਂ ਐਨ ਉਲਟ ਹੈ। ਖੈਰੀਅਤ ਵਾਲੀ ਗੱਲ ਇਹ ਹੈ ਕਿ ਮਨੁੱਖ ਨੇ ਇਸ ਅਮਲ ਅੱਗੇ ਹਥਿਆਰ ਨਹੀਂ ਸੁੱਟੇ, ਉਹ ਹਰ ਤਬਦੀਲੀ/ਸੰਭਾਵੀ ਤਬਦੀਲੀ ਮੁਤਾਬਿਕ ਢਲਣ ਵਾਸਤੇ ਢੁਕਵੇਂ ਉਪਾਅ ਖੋਜਣ ਵਿਚ ਲੱਗਿਆ ਹੋਇਆ ਹੈ। ਇਸ ਕਾਰਜ ਲਈ ਲੋੜੀਂਦੀ ਤਕਨਾਲੌਜੀ ਤੇਜ਼ੀ ਨਾਲ ਵਿਕਸਿਤ ਕੀਤੀ ਜਾ ਰਹੀ ਹੈ। ਕਮਾਲ ਦੀ ਗੱਲ ਹੈ ਕਿ ਸਿਰ 'ਤੇ ਮੁਸੀਬਤ ਪਈ ਹੋਣ ਦੇ ਬਾਵਜੂਦ ਹਰ ਸਥਿਤੀ ਤੋਂ ਮੁਨਾਫਾ ਕਮਾਉਣ ਦੀ ਬਿਰਤੀ ਕਮਜ਼ੋਰ ਨਹੀਂ ਪਈ। ਇਸ ਨੂੰ ਲੋਭ ਜਾਂ ਲਚੀਲਾਪਣ ਜਾਂ ਦ੍ਰਿੜ੍ਹਤਾ ਕਹਿਣਾ ਤੁਹਾਡੀ ਸੋਚ 'ਤੇ ਨਿਰਭਰ ਕਰਦਾ ਹੈ। ਸਾਇਮਨ ਮੰਡੀ ਨੇ ਇਸ ਬਿਰਤੀ ਦੇ ਰੰਗ ਆਪਣੀ ਕਿਤਾਬ ਦੇ ਹਰ ਅਨੁਭਾਗ ਦੇ ਹਰ ਅਧਿਆਇ ਵਿਚ ਦਰਸਾਏ ਹਨ।

ਉਹ ਪੇਸ਼ੇਵਰ ਪੱਤਰਕਾਰ ਹੈ। ਵਰ੍ਹਿਆਂ ਤਕ ਉਹ ਨਾਮਵਰ ਬ੍ਰਿਟਿਸ਼ ਅਖਬਾਰ 'ਫਾਇਨਾਂਸ਼ਲ ਟਾਈਮਜ਼' (ਐਫ.ਟੀ.) ਦਾ ਭਾਰਤੀ ਨਾਮਾਨਿਗਾਰ ਰਿਹਾ। ਹੁਣ ਵੀ ਇਸੇ ਅਖਬਾਰ ਦੇ ਸੰਪਾਦਕੀ ਮੰਡਲ ਦਾ ਮੈਂਬਰ ਹੈ। ਮੁੰਬਈ ਰਹਿੰਦਿਆਂ 2016 ਵਿਚ ਉਸ ਨੇ ਬਚਾਅ, ਉਪਾਅ ਤੇ ਮੁਨਾਫੇ ਦੀ ਇਨਸਾਨੀ ਬਿਰਤੀ ਨੂੰ ਵਾਤਾਵਰਨ ਪਰਿਵਰਤਨ ਦੇ ਆਈਨੇ ਵਿਚੋਂ ਦੇਖਣਾ ਸ਼ੁਰੂ ਕੀਤਾ। ਫਿਰ ਦੋ ਵਰ੍ਹੇ ਇਸ ਪਰਿਵਰਤਨ ਦੀ ਥਾਹ ਪਾਉਣ ਅਤੇ ਇਸ ਦੇ ਅਸਰਾਤ ਦਾ ਜਾਇਜ਼ਾ ਲੈਣ ਦੇ ਕੰਮ ਉੱਤੇ ਲਾਏ। ਇਹ ਕਾਰਜ ਉਸ ਨੂੰ ਸਾਇਬੇਰੀਆ ਤੋਂ (ਪ੍ਰਸ਼ਾਂਤ ਮਹਾਂਸਾਗਰੀ) ਸੌਲੋਮਨ ਜਜ਼ੀਰਿਆਂ, ਬੰਗਲਾਦੇਸ਼ ਤੋਂ ਬ੍ਰਾਜ਼ੀਲ, ਆਈਸਲੈਂਡ ਤੋਂ ਆਸਟਰੇਲੀਆ ਅਤੇ ਚੀਨ ਤੋਂ ਚਿੱਲੀ ਤਕ ਲੈਗਿਆ। ਇਹ ਜਾਨਣ ਤੇ ਜਾਂਚਣ ਹਿੱਤ ਕਿ ਮੌਸਮੀ ਪਰਿਵਰਤਨਾਂ ਨੇ ਕਿਵੇਂ ਤੇ ਕਿੰਨਾ ਕਹਿਰ ਢਾਹਿਆ ਅਤੇ ਇਨ੍ਹਾਂ ਪਰਿਵਰਤਨਾਂ ਦਾ ਅਸਰ ਘਟਾਉਣ ਲਈ ਕਿਹੜੇ ਕਿਹੜੇ ਤੇ ਕਿੰਨੇ ਕੁ ਲਾਭਦਾਇਕ ਉਪਾਅ ਕੀਤੇ ਗਏ ਜਾਂ ਕੀਤੇ ਜਾ ਰਹੇ ਹਨ।

ਇਹ ਸਮੁੱਚਾ ਯਾਤਰਨਾਮਾ ਅਨੂਠੀ ਤਫਸੀਲ ਪੇਸ਼ ਕਰਦਾ ਹੈ। ਗਲੇਸ਼ੀਅਰ 10 ਹਜ਼ਾਰ ਟਨ ਪ੍ਰਤਿ ਸਕਿੰਟ ਦੀ ਦਰ ਨਾਲ ਸੁੰਗੜ (ਪਿਘਲ) ਰਹੇ ਹਨ, ਇਸ ਵਰਤਾਰੇ ਕਾਰਨ ਦੁਨੀਆਂ ਭਰ ਵਿਚ 3500 ਤੋਂ ਵੱਧ ਝੀਲਾਂ ਪੈਦਾ ਹੋ ਗਈਆਂ ਹਨ; ਇਨ੍ਹਾਂ ਵਿਚੋਂ 800 ਤੋਂ ਵੱਧ ਝੀਲਾਂ ਹਿਮਾਲੀਆ ਵਿਚ ਹਨ; ਇਨ੍ਹਾਂ ਝੀਲਾਂ ਵਿਚ ਵਧ ਰਿਹਾ ਪਾਣੀ ਲੱਖਾਂ ਟਨ ਚਟਾਨਾਂ ਤੇ ਗਾਰ ਵਾਲੇ ਅਚਨਚੇਤੀ ਹੜ੍ਹਾਂ ਦੀ ਵਜ੍ਹਾ ਬਣ ਰਿਹਾ ਹੈ। ਸੱਚਮੁੱਚ ਕਿੰਨਾ ਕੁਝ ਨਵਾਂ ਤੇ ਖਤਰਨਾਕ ਵਾਪਰ ਰਿਹਾ ਹੈ ਸਾਡੇ ਜਹਾਨ ਵਿਚ। ਆਸਟਰੇਲੀਆ ਵਿਚ ਬੇਮੌਸਮੀਆਂ ਬਾਰਸ਼ਾਂ ਹੋ ਰਹੀਆਂ ਹਨ, ਹੜ੍ਹ ਆ ਰਹੇ ਹਨ; ਇਥੋਪੀਆ ਵਿਚੋਂ ਸੋਕੇ ਮੁੱਕਣ ਦਾ ਨਾਂ ਨਹੀਂ ਲੈ ਰਹੇ। ਸੌਲੋਮਨ ਜਜ਼ੀਰਿਆਂ ਦੀ ਰਾਜਧਾਨੀ ਖੁਰਦੀ ਤੇ ਡੁੱਬ ਰਹੀ ਹੈ। ਇਹੋ ਹਸ਼ਰ ਮਾਲਦੀਵ ਦੇ ਕਈ ਟਾਪੂਆਂ ਦਾ ਹੋ ਰਿਹਾ ਹੈ। ਨਹਿਰਾਂ ਦੀ ਨਗਰੀ ਵੈਨਿਸ ਨੂੰ ਸਮੁੰਦਰ ਦੀ ਛੱਲਾਂ ਦੀ ਮਾਰ ਤੋਂ ਬਚਾਉਣ ਦੇ ਉਪਾਅ ਨਾ-ਕਾਰਗਰ ਸਾਬਤ ਹੋਏ ਹਨ। ਗ੍ਰੀਨਲੈਂਡ ਦੀ ਬਰਫੀਲੀ ਧਰਤ ਬਰਫ ਤੋਂ ਵਿਹੂਣੀ ਹੋ ਰਹੀ ਹੈ। ਉਸ ਦੀ ਧਰਤੀ ਅੰਦਰਲੇ ਸੰਭਾਵੀ ਖਣਿਜਾਂ ਉੱਤੇ ਕਾਬਜ਼ ਹੋਣ ਦੀ ਦੌੜ ਵਿਚ ਚੀਨ, ਅਮਰੀਕਾ ਨੂੰ ਠਿੱਬੀ ਮਾਰ ਗਿਆ ਸੀ ਪਰ ਐਨ ਆਖਰੀ ਮੌਕੇ ਡੈਨਮਾਰਕ ਨੇ ਚੀਨੀ ਚਾਲ ਨਾਕਾਮ ਬਣਾ ਦਿੱਤੀ।


ਕਿਤਾਬ ਵਿਚ ਬਹੁਤ ਕੁਝ ਹਨੇਰਮੁਖੀ ਹੈ ਪਰ ਕਈ ਕੁਝ ਉੱਜਲਾ ਵੀ ਹੈ। ਇਹ ਸਾਡੇ ਵਾਲੀ ਕਾਇਨਾਤ ਫਨਾਹ ਹੋਣ ਦੀ ਗੱਲ ਨਹੀਂ ਕਰਦੀ, ਫਨਾਹੀ ਤੋਂ ਬਚਣ ਲਈ ਕੀਤੇ ਜਾ ਰਹੇ ਉਪਾਵਾਂ ਦੀ ਸਾਰਥਿਕਤਾ ਦੀ ਬਾਤ ਪਾਉਂਦੀ ਹੈ। ਇਹ ਇਨਸਾਨ ਅੰਦਰਲੀ ਜੁਝਾਰੂ ਭਾਵਨਾ ਤੇ ਲਚੀਲੇਪਣ ਦੀ ਤਸਵੀਰ ਵੀ ਖੂਬਸੂਰਤੀ ਨਾਲ ਪੇਸ਼ ਕਰਦੀ ਹੈ ਪਰ ਨਾਲ ਹੀ ਇਹ ਸ਼ਿਕਵਾ ਵੀ ਕਰਦੀ ਹੈ ਕਿ ਉਪਰੋਕਤ ਜੁਝਾਰੂ ਜਜ਼ਬਾ, ਮੁਨਾਫੇ ਦਾ ਗੁਲਾਮ ਕਿਉਂ ਬਣ ਗਿਆ ਹੈ। ਕਿਤਾਬ ਦੀ ਭੂਮਿਕਾ ਵਿਚ ਸਾਇਮਨ ਮੰਡੀ ਲਿਖਦਾ ਹੈ ਕਿ ਉਹ ਰਿਪੋਰਟਰ ਹੈ, ਸਿਆਸੀ ਸਮਾਜਿਕ ਕਾਰਕੁਨ ਨਹੀਂ। ਇਸੇ ਲਈ ਉਸ ਨੇ ਹਰ ਆਧਿਆਇ ਵਿਚ ਆਪਣੇ ਸਾਹਮਣੇ ਵਾਪਰੇ ਘਟਨਾਕ੍ਰਮ ਦੀ ਤਸਵੀਰ ਪੇਸ਼ ਕੀਤੀ ਹੈ, ਕੋਈ ਫੈਸਲਾ ਦੇਣ ਜਾਂ ਧਿਰ ਬਣਨ ਤੋਂ ਪਰਹੇਜ਼ ਕੀਤਾ ਹੈ। ਅਜਿਹੀ ਪੇਸ਼ੇਵਾਰਾਨਾ ਵਚਨਬੱਧਤਾ ਆਪਣੀ ਥਾਂ ਦਰੁਸਤ ਹੈ ਪਰ ਜਦੋਂ (ਬ੍ਰਾਜ਼ੀਲ ਬਰਸਾਤੀ ਜੰਗਲਾਂ ਦੇ ਘਾਣ ਵਾਲੇ ਅਧਿਆਈ ਵਿਚ) ਅੱਖਾਂ ਸਾਹਮਣੇ ਖੂਨ ਹੋ ਰਿਹਾ ਹੋਵੇ ਤਾਂ ਪੇਸ਼ੇਵਾਰਾਨਾ ਪਹੁੰਚ ਦੇ ਲਬਾਦੇ ਹੇਠ ਆਪਣੇ ਅੰਦਰਲੇ ਇਨਸਾਨ ਨੂੰ ਮਾਰੀ ਰੱਖਣਾ ਕੀ ਜਾਇਜ਼ ਹੈ? ਬਹਰਹਾਲ, ਖਾਮੀਆਂ ਦੇ ਬਾਵਜੂਦ ਕਿਤਾਬ ਸ਼ਾਨਦਾਰ ਹੈ, ਜਾਨਦਾਰ ਹੈ।


**ਤਾਲਿਬਾਨ:** ਤਾਲਿਬਾਨ ਨੇ ਕਾਬੁਲ ਉੱਤੇ ਉਸ ਦਿਨ (15 ਅਗਸਤ, 2021) ਕਬਜ਼ਾ ਕੀਤਾ ਜਿਸ ਦਿਨ ਭਾਰਤ ਆਪਣਾ 75ਵਾਂ ਆਜ਼ਾਦੀ ਦਿਨ ਮਨਾ ਰਿਹਾ ਸੀ। ਇਕ ਪਾਸੇ ਦਿੱਲੀ ਦੇ ਲਾਲ ਕਿਲ੍ਹੇ ਦੇ ਮੈਦਾਨ ਵਿਚ ਕੌਮੀ ਪਰੇਡ ਚੱਲ ਰਹੀ ਸੀ, ਦੂਜੇ ਪਾਸੇ ਕਾਬੁਲ ਸਥਿਤ 'ਅਰਗ' (ਅਫਗਾਨ ਸਦਰ ਦੇ ਮਹੱਲ) ਵਿਚ ਤਾਲਿਬਾਨ ਵੱਲੋਂ ਬੱਕਰੇ ਬੁਲਾਏ ਜਾ ਰਹੇ ਸਨ। ਘਟਨਾਵਾਂ ਦੇ ਇਸ ਗੇੜ ਤੋਂ ਅਮਰੀਕਾ ਤੇ ਯੂਰਪ ਦੀਆਂ ਰਾਜਧਾਨੀਆਂ ਵਿਚ ਅੰਤਾਂ ਦੀ ਨਮੋਸ਼ੀ ਮਹਿਸੂਸ ਕੀਤੀ ਜਾ ਰਹੀ ਸੀ ਪਰ ਪਾਕਿਸਤਾਨੀ ਰਾਜਧਾਨੀ ਇਸਲਾਮਾਬਾਦ ਵਿਚ ਅੰਤਾਂ ਦੀਆਂ ਖੁਸ਼ੀਆਂ ਦਾ ਆਲਮ ਸੀ। ਚੀਨ ਖਾਮੋਸ਼ ਸੀ। ਉਸ ਨੇ ਤਾਲਿਬਾਨ ਦੀ ਜਿੱਤ ਅਤੇ ਅਮਰੀਕੀ ਸ਼ਿਕਸਤ ਤੋਂ ਉਪਜੀ ਸਥਿਤੀ ਨੂੰ ਕਈ ਮਹੀਨੇ ਪਹਿਲਾਂ ਭਾਂਪ ਲਿਆ ਸੀ। ਇਸ ਦਾ ਕਾਰੋਬਾਰੀ ਤੇ ਸਿਆਸੀ ਲਾਹਾ ਲੈਣ ਦੀਆਂ ਯੋਜਨਾਵਾਂ ਵੀ ਉਦੋਂ ਤੋਂ ਉਲੀਕਣੀਆਂ ਸ਼ੁਰੂ ਕਰ ਦਿੱਤੀਆਂ ਸਨ। ਬੇਸ਼ਕੀਮਤੀ ਖਣਿਜਾਂ ਦੀ ਖਾਣ ਮੰਨੀ ਜਾਂਦੀ ਹੈ ਅਫਗਾਨ ਭੂਮੀ। ਅਵੈੜ ਜਾਪਣ ਵਾਲੇ ਪਹਾੜਾਂ ਹੇਠ ਛੁਪੇ ਖਣਿਜੀ ਖਜ਼ਾਨੇ 'ਤੇ ਚੀਨ ਦੀ ਨਜ਼ਰ 1980ਵਿਆਂ ਤੋਂ ਹੈ। ਇਸੇ ਲਈ ਤਾਲਿਬਾਨ ਜਦੋਂ ਪਹਿਲੀ ਵਾਰ ਸੱਤਾ ਵਿਚ ਆਏ ਸਨ ਤਾਂ ਚੀਨ ਨੇ ਉਨ੍ਹਾਂ ਵੱਲ ਦੋਸਤੀ ਦਾ ਹੱਥ ਸਭ ਤੋਂ ਪਹਿਲਾਂ ਵਧਾਇਆ ਸੀ। ਹੁਣ ਹਾਲਾਤ ਵੱਧ ਸਾਜ਼ਗਾਰ ਹਨ। ਚੀਨ, ਅਫਗਾਨ ਭੂਮੀ ਦੀ ਭੂਗੋਲਿਕ ਸਥਿਤੀ ਦਾ ਵੱਧ ਆਰਥਿਕ-ਸਿਆਸੀ ਲਾਭ ਲੈਣ ਦੀ ਪੁਜ਼ੀਸ਼ਨ ਵਿਚ ਹੈ। ਇਸ ਮੁਲਕ ਨੂੰ ਉਹ ਅਰਬ ਦੇਸ਼ਾਂ ਤੱਕ ਸਿੱਧੀ ਸੜਕੀ ਪਹੁੰਚ ਦਾ ਵਸੀਲਾ ਵੀ ਮੰਨਦਾ ਹੈ। ਇਸ ਵਸੀਲੇ ਦਾ ਪੂਰਾ ਲਾਹਾ ਲੈਣ ਵਾਸਤੇ ਉਹ ਦ੍ਰਿੜ੍ਹ-ਸੰਕਲਪ ਹੈ।

ਉਪਰੋਕਤ ਕਥਾਕ੍ਰਮ ਤੇ ਵੱਖ-ਵੱਖ ਅੰਗਾਂ ਤੇ ਪੱਖਾਂ ਦਾ ਜਾਇਜ਼ਾ ਪੇਸ਼ ਕਰਦੀ ਹੈ ਅਨੰਤ ਕ੍ਰਿਸ਼ਨਨ ਤੇ ਸਟੈਨਲੀ ਜੌਹਨੀ ਦੀ ਕਿਤਾਬ 'ਦਿ ਕੌਮਰੇਡਜ਼ ਐਂਡ ਦਿ ਮੁੱਲਾਜ਼'। ਦੋਵੇਂ 'ਦਿ ਹਿੰਦੂ' ਅਖਬਾਰ ਦੇ ਸੰਪਾਦਕੀ ਮੰਡਲ ਦੇ ਮੈਂਬਰ ਹਨ; ਦੋਵੇਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਵਿਚ ਅਧਿਆਪਨ ਕਾਰਜ ਵੀ ਕਰ ਚੁੱਕੇ ਹਨ। ਸਟੈਨਲੀ ਜੌਹਨੀ ਨੂੰ ਭਾਰਤ ਦੇ ਪੱਛਮ ਵਿਚ ਪੈਂਦੇ ਇਸਲਾਮੀ ਮੁਲਕਾਂ ਦੇ ਮਾਮਲਿਆਂ ਦਾ ਮਾਹਿਰ ਮੰਨਿਆ ਜਾਂਦਾ ਹੈ (ਭਾਰਤ ਤੇ ਪਾਕਿਸਤਾਨ ਦਰਮਿਆਨ ਕੰਟਰੋਲ ਰੇਖਾ ਦੇ ਨਾਲ ਨਾਲ ਪੈਂਦੇ ਇਲਾਕਿਆਂ ਦੇ ਦੌਰੇ ਬਾਰੇ ਉਸ ਦੀ ਕਿਤਾਬ ਦੀ ਚਰਚਾ ਇਸ ਕਾਲਮ ਵਿਚ ਪਹਿਲਾਂ ਹੋ ਚੁੱਕੀ ਹੈ)। ਅੱਠ ਅਧਿਆਇ ਹਨ ਕਾਮਰੇਡਾਂ ਤੇ ਮੁੱਲਾਵਾਂ ਦੇ ਰਿਸ਼ਤਿਆਂ ਬਾਰੇ ਕਿਤਾਬ ਦੇ। ਪਹਿਲੇ ਚਾਰ ਅਧਿਆਇ ਤਾਲਿਬਾਨ ਦੀ ਪੈਦਾਇਸ਼, ਜੱਦੋਜਹਿਦ ਅਤੇ ਜਿੱਤਾਂ ਦਾ ਇਤਿਹਾਸ ਪੇਸ਼ ਕਰਦੇ ਹਨ। ਬਾਕੀ ਚਾਰ ਤਾਲਿਬਾਨ ਤੇ ਚੀਨ ਦੀ ਸਾਂਝ ਅਤੇ ਚੀਨ ਵੱਲੋਂ ਉਲੀਕੇ ਗਏ ਮਨਸੂਬਿਆਂ ਬਾਰੇ ਜਾਣਕਾਰੀ ਦਿੰਦੇ ਹਨ। ਕਿਤਾਬ ਦੱਸਦੀ ਹੈ ਕਿ ਚੀਨੀ ਮਨਸੂਬੇ ਭਾਵੇਂ ਜ਼ਾਹਰਾ ਤੌਰ 'ਤੇ ਗੈਰ-ਅਮਲੀ ਜਾਪਦੇ ਹਨ ਪਰ ਚੀਨੀਆਂ ਲਈ ਇਹ ਅਸਲਵਾਦੀ ਹਨ। ਇਸੇ ਲਈ ਜਦੋਂ ਅਮਰੀਕਾ ਤੇ ਹੋਰ ਮੁਲਕ, ਅਫਗਾਨਿਸਤਾਨ ਵਿਚੋਂ ਆਪੋ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੇ ਆਹਰ ਵਿਚ ਲੱਗੇ ਹੋਏ ਸਨ ਤਾਂ ਪਹਾੜ ਪੁੱਟਣ ਵਾਲੀ ਚੀਨੀ ਮਸ਼ੀਨਰੀ ਤੇ ਕਾਮੇ ਅਫਗਾਨ ਮੁਲਕ ਵਿਚ ਦਾਖਲ ਹੋਣੇ ਸ਼ੁਰੂ ਹੋ ਗਏ ਸਨ। ਚੀਨ-ਅਫਗਾਨ ਗੱਠਜੋੜ ਰਾਹੀਂ ਭਾਰਤ ਲਈ ਕਿਹੜੀਆਂ ਪੇਚੀਦਗੀਆਂ ਪੈਦਾ ਹੋ ਸਕਦੀਆਂ ਹਨ, ਉਨ੍ਹਾਂ ਦਾ ਜਾਇਜ਼ਾ ਵੀ ਪੇਸ਼ ਕਰਦੀ ਹੈ ਇਹ ਕਿਤਾਬ। ਰੌਚਿਕ ਢੰਗ ਨਾਲ, ਬਿਨਾਂ ਕਿਸੇ ਰਾਸ਼ਟਰਵਾਦੀ ਲੱਗ-ਲਬੇੜ ਦੇ।

**ਮੋਹਨਜੀਤ:** ਮੋਹਨਜੀਤ ਹੁਰਾਂ ਦਾ ਨਵਾਂ ਕਾਵਿ-ਸੰਗ੍ਰਹਿ 'ਕੋਈ ਲੀਕ ਮੇਰੀ ਵੀ' ਪੜ੍ਹਦਿਆਂ ਤਿੰਨ ਕਵਿਤਾਵਾਂ 'ਸਿਰਜਣਾ ਦਾ ਜਸ਼ਨ', 'ਸਿਰਫ ਤੂੰ ਹੀ' ਤੇ 'ਉਹ ਵੇਲਾ ਕਦੋਂ ਆਏਗਾ' ਨੇ ਉਚੇਚੇ ਤੌਰ 'ਤੇ ਕੀਲੀ ਰੱਖਿਆ। ਹਰ ਕਵਿਤਾ ਦਾ ਆਪਣਾ ਸਰੋਦੀ ਰੰਗ ਹੈ, ਆਪਣੀ ਨਿਵੇਕਲੀ ਮਹਿਕ ਹੈ, ਆਪਣੀ ਨਿਛੋਹ ਕਾਇਆ ਹੈ। ਜਿਵੇਂ 'ਤੂੰ ਆਏਂਗੀ ਤਾਂ ਇਕ ਦੂਜੇ 'ਚ ਰਲਾਂਗੇ, ਢਲਾਂਗੇ/ਤੇ ਫਿਰ ਆਪਣੇ ਰਾਹਾਂ 'ਤੇ ਤੁਰਾਂਗੇ/ਜੀਣ ਦਾ ਭੇਤ ਲੈ ਕੇ/ਤੁਰਨ ਦੀ ਜਾਚ ਲੈ ਕੇ' (ਸਿਰਜਣਾ ਦਾ ਜਸ਼ਨ, ਪੰਨਾ 47) ਜਾਂ 'ਉਹ ਆਉਂਦੀ/ਮੁਸਕਰਾਉਂਦੀ/ਆਖਦੀ: ਮੇਰੇ ਵੱਲ ਚੁੱਪ-ਚੁੱਪ ਵੇਖਦਾ ਰਹੁ/ਬੋਲਾਂ ਤੋਂ ਪਾਰ ਜਾਣ ਦਾ ਆਪਣਾ ਮਜ਼ਾ ਹੈ' (ਸਿਰਫ ਤੂੰ ਹੀ, ਪੰਨਾ 54-55) ਜਾਂ 'ਸਦੀਆਂ ਬੀਤੀਆਂ ਨੇ/ਅਜੇ ਵੀ ਬਾਬਰਾਂ ਦੀ ਚੜ੍ਹਤ ਹੈ/ਲਹੂ ਹੀ ਲਹੂ ਹੈ ਚੌਫੇਰੇ/ਜੋ ਹਾਕਮਾਂ ਦੇ ਅੱਗੇ ਬੋਲਦਾ ਹੈ/ਓਸ ਨੂੰ ਕਪਟੀ ਕਹਿੰਦੇ ਨੇ/ਦਲੀਲ ਦੁਸ਼ਮਣੀ ਦਾ ਨਾਮ ਬਣ ਗਈ ਹੈ' (ਉਹ ਵੇਲਾ ਕਦੋਂ ਆਏਗਾ, ਪੰਨਾ 93)।

ਮੈਨੂੰ ਖੁੱਲ੍ਹੀ ਕਵਿਤਾ ਅਕਸਰ ਪ੍ਰਭਾਵਿਤ ਨਹੀਂ ਕਰਦੀ ਪਰ ਜਦੋਂ ਉਪਰ ਦਰਜ ਸਤਰਾਂ ਵਰਗੇ ਪ੍ਰਗਟਾਓ (ਐਕਸਪ੍ਰੈਸ਼ਨਜ਼) ਪੜ੍ਹਨ ਨੂੰ ਮਿਲਦੇ ਹਨ ਤਾਂ ਰਾਇ ਖੁਦ-ਬਖੁਦ ਬਦਲ ਜਾਂਦੀ ਹੈ। ਅਲਫਾਜ਼ ਤੇ ਕਾਵਿਕਤਾ ਦਾ ਰੂਹਾਨੀ ਸੁਮੇਲ ਸੰਭਵ ਬਣਾਉਣ ਦਾ ਹੁਨਰ ਮੋਹਨਜੀਤ ਹੁਰਾਂ ਦੀ ਕਲਮ ਵਿਚ ਕੈਦ ਹੈ। ਇਹ ਹੁਨਰ ਤੇ ਕਲਮ, ਦੋਵੇਂ ਹੀ ਸਲਾਮ ਦੇ ਹੱਕਦਾਰ ਹਨ। ਮੈਂ ਸਿਰਫ ਤਿੰਨ ਕਵਿਤਾਵਾਂ ਦਾ ਜ਼ਿਕਰ ਕੀਤਾ ਹੈ; ਬਾਕੀ ਵੀ ਇਨ੍ਹਾਂ ਦੇ ਹਾਣ ਦੀਆਂ ਹਨ।




*ਅਨੰਤ ਕ੍ਰਿਸ਼ਨਨ ਤੇ ਸਟੈਨਲੀ ਜੌਹਨੀ ਦੀ ਕਿਤਾਬ 'ਦਿ ਕੌਮਰੇਡਜ਼ ਐਂਡ ਦਿ ਮੁੱਲਾਜ਼' ਅਤੇ ਮੋਹਨਜੀਤ ਦੀ ਕਿਤਾਬ 'ਕੋਈ ਲੀਕ ਮੇਰੀ ਵੀ' ਦੇ ਮੁਖੜੇ।*

*'ਪੰਜਾਬ ਟਾਈਮਜ਼' ਦੇ ਰੂਹ-ਏ-ਰਵਾਂ ਸ. ਅਮੋਲਕ ਸਿੰਘ ਜੰਮੂ ਦੀ ਸਦੀਵੀ ਸਰੀਰਕ ਰੁਖਸਤਗੀ ਵਾਲਾ ਇਕ ਸਾਲ ਮਾਨੋ ਇਕ ਸਦੀ ਜਿੱਡਾ ਜਾਪਿਆ ਹੈ ਪਰ ਇਸ ਸਮੇਂ ਦੌਰਾਨ 'ਪੰਜਾਬ ਟਾਈਮਜ਼' ਦੇ ਸਨੇਹੀਆਂ, ਲੇਖਕਾਂ ਤੇ ਪਾਠਕਾਂ ਨੇ ਅਖਬਾਰ ਅਤੇ ਅਖਬਾਰ ਦੇ ਕਾਮਿਆਂ ਲਈ ਜੋ ਮੋਹ-ਮੁਹੱਬਤ ਦਿਖਾਈ ਹੈ, ਉਸ ਨਾਲ ਅਖਬਾਰ ਚਲਾਉਣ ਦਾ ਬਿਖੜਾ ਪੈਂਡਾ ਵਾਕਈ ਆਸਾਨ ਹੋਇਆ ਹੈ; ਖਾਸਕਰ ਸ. ਅਮੋਲਕ ਸਿੰਘ ਜੰਮੂ ਦੀ ਪਹਿਲੀ ਬਰਸੀ ਮੌਕੇ ਛਪੀਆਂ ਲਿਖਤਾਂ ਤੋਂ ਬਾਅਦ ਜਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ, ਉਸ ਤੋਂ ਅਖਬਾਰ ਨੂੰ ਚੱਲਦਾ ਰੱਖਣ ਲਈ ਹੱਲਾਸ਼ੇਰੀ ਮਿਲੀ ਹੈ। ਸ. ਅਮੋਲਕ ਸਿੰਘ ਜੰਮੂ ਦੀ ਇਹ ਦਿਲੀ ਖਾਹਿਸ਼ ਸੀ ਕਿ 'ਪੰਜਾਬ ਟਾਈਮਜ਼' ਆਪਣਾ ਸਫਰ ਜਾਰੀ ਰੱਖੇ ਅਤੇ ਉਨ੍ਹਾਂ ਨੇ ਬੇਹੱਦ ਔਖੇ ਹਾਲਾਤ ਤੇ ਮਾਰੂ ਬਿਮਾਰੀ ਦੀ ਸੂਰਤ ਵਿਚ ਵੀ, ਨਿਰਵਿਘਨ ਇਹ ਸਫਰ ਜਾਰੀ ਰੱਖਣ ਦਾ ਸਿਰੜ ਨਿਭਾਇਆ। ਉਨ੍ਹਾਂ ਦੀ ਗੈਰ-ਮੌਜੂਦਗੀ ਵਿਚ ਹੁਣ ਅਸੀਂ ਇਹ ਸਫਰ ਜਾਰੀ ਰੱਖਣ ਲਈ ਜੂਝ ਰਹੇ ਹਾਂ। ਕੋਵਿਡ-19 ਵਾਲੀ ਮਹਾਮਾਰੀ ਦੀ ਮਾਰ ਦੌਰਾਨ ਜਦੋਂ ਵੱਡੇ-ਵੱਡੇ ਅਦਾਰਿਆਂ ਨੂੰ ਵੀ ਆਰਥਿਕ ਅਤੇ ਸਮਾਜਿਕ ਪੱਖ ਤੋਂ ਬੜੇ ਵੱਡੇ ਝਟਕੇ ਲੱਗੇ, ਵੀ ਅਸੀਂ ਸ. ਅਮੋਲਕ ਸਿੰਘ ਜੰਮੂ ਦਾ ਲਾਇਆ ਇਹ ਬੂਟਾ ਹਰਾ ਰੱਖਣ ਦੇ ਯਤਨ ਕੀਤੇ ਅਤੇ ਹਰ ਹਫਤੇ ਇੰਟਰਨੈੱਟ ਰਾਹੀਂ ਆਪਣੇ ਪਾਠਕਾਂ ਦੇ ਦਰਾਂ ਉਤੇ ਦਸਤਕ ਦਿੰਦੇ ਰਹੇ। ਇਹ ਸਾਰੀਆਂ ਦੁਸ਼ਵਾਰੀਆਂ ਅਤੇ ਦੁੱਖ-ਤਕਲੀਫਾਂ ਅਸੀਂ ਆਪਣੇ ਸਨੇਹੀਆਂ ਦੀ ਬਦੌਲਤ ਹੀ ਝੱਲ ਅਤੇ ਸਹਾਰ ਸਕੇ ਹਾਂ।*

*'ਪੰਜਾਬ ਟਾਈਮਜ਼' ਆਪਣੇ ਮਿਆਰ ਅਤੇ ਪੇਸ਼ੇਵਾਰਾਨਾ ਪਹੁੰਚ ਸਦਕਾ ਹੀ ਪੱਤਰਕਾਰੀ ਦੇ ਖੇਤਰ ਵਿਚ ਇਹ ਵਿਸ਼ੇਸ਼ ਮੁਕਾਮ ਹਾਸਲ ਕਰ ਸਕਿਆ ਹੈ। ਅਦਾਰੇ ਨੇ ਸਦਾ ਇਹੀ ਕੋਸ਼ਿਸ਼ ਕੀਤੀ ਹੈ ਕਿ ਇਹ ਪਰਦੇਸੀ ਧਰਤੀ ਉਤੇ ਆਪਣੇ ਭਾਈਚਾਰੇ ਦੀ ਆਵਾਜ਼ ਬੁਲੰਦ ਕਰਨ ਦੇ ਨਾਲ-ਨਾਲ ਪੰਜਾਬ ਅਤੇ ਵੱਖ-ਵੱਖ ਮੁਲਕਾਂ ਅੰਦਰ ਵਸੇ ਪੰਜਾਬੀਆਂ ਨਾਲ ਸੰਵਾਦ ਰਚਾਵੇ, ਉਨ੍ਹਾਂ ਨੂੰ ਦਰਪੇਸ਼ ਮਸਲੇ ਉਭਾਰੇ ਅਤੇ ਇਸ ਦੇ ਨਾਲ ਹੀ ਇਨ੍ਹਾਂ ਮਸਲਿਆਂ ਦੇ ਹੱਲ ਤਲਾਸ਼ਣ ਹਿਤ ਸਿਰ ਜੋੜ ਵਿਚਾਰਾਂ ਕਰਨ ਲਈ ਨਰੋਆ ਤੇ ਵਿਸ਼ਾਲ ਮੰਚ ਮੁਹੱਈਆ ਕਰਵਾਏ। ਮੋੜਵੇਂ ਰੂਪ ਵਿਚ ਭਾਈਚਾਰੇ ਨੇ ਜਿਸ ਤਰ੍ਹਾਂ ਦਾ ਹੁੰਗਾਰਾ ਭਰਿਆ ਹੈ, ਉਸ ਲਈ 'ਧੰਨਵਾਦ' ਸ਼ਬਦ ਬਹੁਤ ਛੋਟਾ ਪੈ ਗਿਆ ਜਾਪਦਾ ਹੈ। ਸ. ਅਮੋਲਕ ਸਿੰਘ ਜੰਮੂ ਦੀ ਬਰਸੀ ਮੌਕੇ ਅਣਗਿਣਤ ਸੱਜਣਾਂ-ਸਨੇਹੀਆਂ ਨੇ ਉਨ੍ਹਾਂ ਨੂੰ ਯਾਦ ਕੀਤਾ ਹੈ। ਬਹੁਤਿਆਂ ਨੇ ਫੋਨ ਦੇ ਨਾਲ-ਨਾਲ ਈਮੇਲ ਰਾਹੀਂ ਵੀ ਹੌਸਲਾ-ਅਫਜ਼ਾਈ ਕੀਤੀ ਹੈ। ਇਨ੍ਹਾਂ ਵਿਚੋਂ ਕੁਝ ਕੁ ਰਚਨਾਵਾਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ ਅਤੇ ਤਹੱਈਆ ਕਰਦੇ ਹਾਂ ਕਿ 'ਪੰਜਾਬ ਟਾਈਮਜ਼' ਦਾ ਇਹ ਸਫਰ ਜਾਰੀ ਰੱਖਾਂਗੇ। ਨਾਲ ਹੀ ਸੱਜਣਾਂ-ਸਨੇਹੀਆਂ ਨੂੰ ਅਪੀਲ ਹੈ ਕਿ ਉਹ ਵੀ ਪਹਿਲਾਂ ਵਾਂਗ 'ਪੰਜਾਬ ਟਾਈਮਜ਼' ਦੇ ਕਾਫਲੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਦੇ ਰਹਿਣ।*

# ਸਬਰ ਸੰਤੋਖ ਨੂੰ ਸਲਾਮ

ਅਮੋਲਕ ਸਿੰਘ ਦੇ ਵਰ੍ਹੀਣੇ 'ਤੇ ਚਾਹ ਕੇ ਵੀ ਕੁਝ ਲਿਖ ਨਹੀਂ ਸਕਿਆ। ਅਮੋਲਕ ਬਾਰੇ ਕੁਝ ਵੀ ਨਾ ਕਹਿਣ ਦਾ ਕੋਈ ਖਾਸ ਕਾਰਨ ਨਹੀਂ ਹੈ, ਕਿਉਂਕਿ ਮੈਂ ਅਮੋਲਕ ਨੂੰ ਸਦਾ ਉਸ ਦੀ ਹੱਥ-ਵਟਾਵੀ ਜਸਪ੍ਰੀਤ ਰਾਹੀਂ ਦੇਖਣ ਅਤੇ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਕਾਫੀ ਕੁਝ 'ਪੰਜਾਬ ਟਾਈਮਜ਼' ਵਿਚ ਅਮੋਲਕ ਬਾਰੇ ਕਿਹਾ ਜਾ ਰਿਹਾ ਹੈ ਅਤੇ ਇਹ



ਪ੍ਰੋ. ਬਲਕਾਰ ਸਿੰਘ
ਸਾਬਕਾ ਹੈੱਡ, ਗੁਰੂ ਗ੍ਰੰਥ ਸਾਹਿਬ ਵਿਭਾਗ,
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਸਭ ਕੁਝ ਮੈਂ ਧਿਆਨ ਨਾਲ ਪੜ੍ਹ ਵੀ ਰਿਹਾ ਹਾਂ। ਇਸ ਦੌਰਾਨ ਅਮੋਲਕ ਦੇ ਯਾਦ-ਸਮਾਗਮ ਵਾਲੀ 30 ਅਪਰੈਲ ਆ ਗਈ ਹੈ, ਸਮਾਂ ਲੰਘਦੇ ਦਾ ਪਤਾ ਹੀ ਨਹੀਂ ਲੱਗਾ। ਸਮੇਂ ਦਾ ਇਹ ਸੱਚ ਵੀ ਹੈ ਅਤੇ ਦੁਖਾਂਤ ਵੀ। ਇਸ ਘਮਸਾਨ ਭਰੇ ਸਮੇਂ ਵਿਚ ਮੈਂ ਜਸਪ੍ਰੀਤ ਨੂੰ ਦੁਬਕੇ ਜਿਹੇ ਉਦਾਸ ਇਨਸਾਨ ਵਾਂਗ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਉਂਝ ਵੀ ਮੈਂ ਅਮੋਲਕ ਤੇ ਜਸਪ੍ਰੀਤ, ਦੋਹਾਂ ਨੂੰ ਬੱਚਿਆਂ ਵਾਂਗ ਦੇਖਦਾ ਰਿਹਾ ਹਾਂ, ਤੇ ਬੱਚਿਆਂ ਵਿਚਕਾਰ ਮੋਹ ਅਤੇ ਸ਼ਰੀਕਾ ਇਕੱਠਿਆਂ ਵਹਿੰਦਾ ਦੇਖਣ ਦਾ ਮੇਰਾ ਅਨੁਭਵ ਬਹੁ-ਰੰਗੀ ਫੁਲਵਾੜੀ ਵਰਗਾ ਹੈ। ਵਿਆਹੁਤਾ ਜੀਵਨ ਦਾ ਵਹਾਅ ਮੈਨੂੰ ਕੁਝ ਚੜ੍ਹਦੀ ਕਲਾ ਅਤੇ ਢਹਿੰਦੀ ਕਲਾ ਦੇ ਸੰਘਰਸ਼ ਵਰਗਾ ਲਗਦਾ ਰਿਹਾ ਹੈ। ਦੋਹਾਂ ਵਿਚੋਂ ਕੋਈ ਵੀ ਕਿਸੇ ਰੰਗ ਦਾ ਪ੍ਰਤੀਨਿਧ ਹੋ ਸਕਦਾ ਹੈ। ਬਹੁਤੀ ਵਾਰ ਤਾਂ ਦੋਵੇਂ ਕਲਾਵਾਂ ਦੋਹਾਂ ਅੰਦਰ ਗੁੱਥਮ-ਗੁੱਥਾ ਹੁੰਦੀਆਂ ਰਹਿੰਦੀਆਂ ਹਨ। ਇਸ ਅਨੁਭਵਨੁਮਾ ਟਿਪਣੀ ਰਾਹੀਂ ਮੈਂ ਵਿਆਹੁਤਾ ਸੱਚ ਦੇ ਉਤਰਾਵਾਂ ਚੜ੍ਹਾਵਾਂ ਨੂੰ ਇਸ ਗੁਰਵਾਕ ਰਾਹੀਂ ਸਾਂਝਾ ਕਰਨਾ ਚਾਹੁੰਦਾ ਹਾਂ:

ਕਬਹੂ ਜੀਅੜਾ ਊਭਿ ਚੜਤ ਹੈ ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਚਾਰੇ ਕੁੰਡਾ ਭਾਲੈ॥ (876)

ਮਨ ਦੀ ਇਸ ਖੇਡ ਨੂੰ ਮਾਨਸਿਕਤਾ ਨੇ ਭੋਗਣਾ ਹੀ ਹੁੰਦਾ ਹੈ। ਉਲਾਰਾਂ ਨਾਲ ਨਿਭਣ ਦੇ ਜਿਸ ਤਰ੍ਹਾਂ ਦੇ ਅਵਸਰ ਵਿਆਹੁਤਾ ਜੀਵਨ ਵਿਚ ਮਿਲਦੇ ਰਹਿੰਦੇ ਹਨ, ਉਸ ਨੂੰ ਮੇਰੇ ਵਾਲੀ ਉਮਰ ਵਿਚ ਸਮਝਣ ਅਤੇ ਕਹਿਣ ਦੀ ਕੋਸ਼ਿਸ਼ ਕਰਾਂਗੇ ਤਾਂ ਗੁਰਮਤਿ ਵਿਚਲੀ ਗ੍ਰਹਿਸਤ ਧਰਮ ਦੀ ਚੂਲ ਸਮਝ ਆ ਜਾਏਗੀ। ਮੈਨੂੰ ਗੁਰਮਤਿ ਹਰ ਸਿੱਖ ਦੇ ਲਹੂ ਵਿਚ ਵਹਿੰਦੀ ਨਜ਼ਰ ਆਉਂਦੀ ਹੈ। ਅਸਲ ਵਿਚ ਜਿਸ ਤਰ੍ਹਾਂ ਅਮੋਲਕ ਦੀ ਬਿਮਾਰੀ ਨੇ ਹਾਲਾਤ ਪੈਦਾ ਕਰ ਦਿਤੇ ਸਨ, ਉਸ ਨਾਲ ਰਿਸ਼ਤਿਆਂ ਦੀ ਲੋੜ ਨਾਲੋਂ ਵੱਧ ਰਿਸ਼ਤਿਆਂ ਦੀ ਨੈਤਿਕਤਾ ਨਾਲ ਨਿਭਣ ਦੀਆਂ ਵੰਗਾਰਾਂ ਪੈਦਾ ਹੋ ਗਈਆਂ ਸਨ। ਵੰਗਾਰਾਂ ਦੇ ਇਸ ਘਮਸਾਨ ਵਿਚ ਜਿਸ ਤਰ੍ਹਾਂ ਜਸਪ੍ਰੀਤ ਨਿਭਦੀ ਰਹੀ, ਉਹ 'ਖੂਬ ਲੜੀ ਮਰਦਾਨੀ' ਨਾਲੋਂ ਘਟ ਨਹੀਂ ਸੀ। ਇਹੀ ਮੇਰੀ ਸੁਰਤੀ ਵਿਚ ਟਿਕਿਆ ਹੋਇਆ ਹੈ ਅਤੇ ਇਸ ਨੂੰ ਦੱਸਣ ਲਈ ਮੇਰੇ ਕੋਲ ਬਹੁਤ ਕੁਝ ਹੈ। ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿ 'ਪੰਜਾਬ ਟਾਈਮਜ਼' ਪਰਿਵਾਰ ਵਿਚ ਉਸ (ਜਸਪ੍ਰੀਤ) ਦੀ ਭੂਮਿਕਾ ਦੇ ਮੇਰੇ ਵਰਗੇ ਪਹਿਰੇਦਾਰ ਹਨ। ਅਮੋਲਕ ਇਸ ਪਰਿਵਾਰ ਦੀ ਜੜ੍ਹ ਵੀ ਸੀ ਅਤੇ ਪਰਕਾਸ਼ ਵੀ। ਇਸ ਨੂੰ ਸਿੰਜਣ-ਸੰਭਾਲਣ ਵਿਚ ਜਸਪ੍ਰੀਤ ਦੀ ਮਾਲੀਗੀਰੀ ਦੀ ਅਹਿਮੀਅਤ ਮੇਰੇ ਲਈ ਨੁਮਾਇਆ ਹੈ। ਮੇਰੇ ਇਨ੍ਹਾਂ ਲਫਜ਼ਾਂ ਨਾਲ ਉਸ ਨੂੰ ਕੋਈ ਧਰਵਾਸ ਨਾ ਵੀ ਮਿਲੇ, ਤਾਂ ਵੀ ਵਿਆਹੁਤਾ ਸੰਸਥਾ ਦੀ ਸਾਈਕਲ ਦਾ ਦੋ ਪਹੀਆਂ ਨਾਲ ਚਲਦੀ ਹੋਣਾ ਤਾਂ ਸਾਹਮਣੇ ਆ ਹੀ ਜਾਵੇਗਾ। ਉਸ ਦੇ ਸਬਰ ਸੰਤੋਖ ਨੂੰ ਸਲਾਮ ਕਰਦਾ ਹਾਂ ਅਤੇ ਅਮੋਲਕ ਦੇ ਵਰ੍ਹੀਣੇ ਦੀ ਪ੍ਰਾਪਤੀ ਮੰਨਦਾ ਹਾਂ। ਅਮੋਲਕ ਦੀ ਜਿਸ ਮਲੰਗੀ ਅਤੇ ਮਰਦਾਨਗੀ ਨਾਲ ਸਬੰਧਤ ਲਿਖਤਾਂ ਸਾਹਮਣੇ ਆ ਰਹੀਆਂ ਹਨ, ਉਸ ਵਿਚੋਂ ਜਸਪ੍ਰੀਤ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਦਾਅਵੇਦਾਰੀਆਂ ਉਸ ਦਾ ਸੁਭਾਅ ਨਹੀਂ ਹੈ, ਫਿਰ ਵੀ ਮੈਂ ਅੱਜ ਜਸਪ੍ਰੀਤ ਰਾਹੀਂ ਅਮੋਲਕ ਨੂੰ ਯਾਦ ਕਰ ਰਿਹਾ ਹਾਂ। ਗੁਰੂ ਜੀ ਅੰਗ-ਸੰਗ ਸਹਾਈ ਹੋਵਣ।

## 'ਪੰਜਾਬ ਟਾਈਮਜ਼' ਦਾ ਹੱਕ

ਇੱਕ ਸਾਲ ਬੀਤ ਗਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਪਾਠਕ, ਲੇਖਕ, ਆਲੋਚਕ, ਕਵੀ, ਕਹਾਣੀਕਾਰ ਅਤੇ ਹੋਰ ਖੇਤਰਾਂ ਵਿਚ ਵਿਚਰਦੇ ਲੋਕ ਸ. ਅਮੋਲਕ ਸਿੰਘ ਦੀ ਮਿੱਠੀ ਪਿਆਰੀ ਯਾਦ ਆਪਣੇ ਦਿਲਾਂ ਵਿਚ ਸਮੋਈ ਬੈਠੇ ਹਨ। ਉਨ੍ਹਾਂ ਦੇ ਤੁਰ ਜਾਣ ਨਾਲ 'ਪੰਜਾਬ ਟਾਈਮਜ਼' ਨੂੰ ਵੱਡਾ ਘਾਟਾ ਤਾਂ ਪੈਣਾ ਹੀ ਸੀ ਪਰ ਬੀਬੀ ਜਸਪ੍ਰੀਤ ਕੌਰ ਅਤੇ ਇਸ ਅਦਾਰੇ ਦੇ ਅਮਲੇ ਨੇ ਇਹ ਘਾਟ ਰੜਕਣ ਨਹੀਂ ਦਿੱਤੀ। ਇਹ ਜਸਪ੍ਰੀਤ ਕੌਰ ਜੀ ਦੇ ਪਿਆਰ, ਸਮਰਪਣ ਅਤੇ ਅਗਵਾਈ ਸਦਕਾ ਹੀ ਸੰਭਵ ਹੋ ਸਕਿਆ ਹੈ। ਅਸੀਂ ਆਸ ਕਰਦੇ ਹਾਂ ਕਿ ਸਾਡਾ 'ਪੰਜਾਬ ਟਾਈਮਜ਼' ਸ. ਅਮੋਲਕ ਸਿੰਘ ਜੀ ਦੇ ਵਿਛੋੜੇ ਕਾਰਨ ਪਏ ਖੱਪੇ ਨੂੰ ਪੂਰਾ ਕਰਦਾ ਰਹੇਗਾ। ਇਸ ਪੇਪਰ ਨੇ ਨਵੇਂ ਲੇਖਕਾਂ ਨੂੰ ਬਹੁਤ ਥਾਂ ਦਿੱਤੀ ਹੈ ਅਤੇ ਇਸ ਦੇ ਨਾਲ-ਨਾਲ ਪੁਰਾਣੇ ਲੇਖਕਾਂ ਦੀਆਂ ਉਚ ਪਾਏ ਦੀਆਂ ਲਿਖਤਾਂ ਵੀ ਪਾਠਕਾਂ ਨੂੰ ਪੜ੍ਹਨ ਲਈ ਦਿੱਤੀਆ ਹਨ। ਰਾਜਨੀਤੀ, ਸਮਾਜਕ ਤੇ ਧਾਰਮਿਕ ਸਰੋਕਾਰਾਂ, ਵਿਗਿਆਨ, ਖੇਡਾਂ ਬਾਰੇ ਆਲੋਚਨਤਮਿਕ ਅਤੇ ਖੋਜ ਭਰਪੂਰ ਸਾਹਿਤ ਦਿੱਤਾ ਹੈ। ਇਸੇ ਕਰਕੇ ਇਸ ਦੇ ਪਾਠਕਾਂ ਦਾ ਘੇਰਾ ਵਸੀਹ ਹੈ। ਪੰਜਾਬੀ ਜਾਣਨ ਵਾਲਾ ਹਰ ਸ਼ਖਸ ਇਸ ਘੇਰੇ ਵਿਚ ਆਉਂਦਾ ਹੈ। ਅੱਜ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਇਸ ਹਰਮਨ ਪਿਆਰੇ ਪਰਚੇ ਨਾਲ ਜੁੜੇ ਰਹੀਏ ਅਤੇ ਇਸ ਨੂੰ ਹੋਰ ਮੱਲਾਂ ਮਾਰਨ ਵਿਚ ਸਹਾਈ ਹੋਈਏ। ਪਿਛਲੇ 22 ਸਾਲਾਂ ਤੋਂ ਨਿਰਵਿਘਨ ਨਿਕਲ ਰਹੇ ਇਸ ਪੇਪਰ ਦਾ ਇਹ ਹੱਕ ਵੀ ਹੈ।

***-ਕਰਮ ਸਿੰਘ ਮਾਨ, ਫਰਿਜ਼ਨੋ***
***ਫੋਨ: 559-261-5024***

## 'ਪੰਜਾਬ ਟਾਈਮਜ਼' ਵਾਲਾ ਚਿਰਾਗ

ਪਿਆਰੇ ਸੱਜਣ ਅਮੋਲਕ ਸਿੰਘ ਜੰਮੂ ਦੇ ਜਾਣ ਦਾ ਡਾਢਾ ਦੁੱਖ ਹੈ। ਉਨ੍ਹਾਂ ਨਾਲ ਮੇਰੀ ਵਿਚਾਰਾਂ ਦੀ ਸਾਂਝ ਸੀ। ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ। ਅਖਬਾਰ ਲਈ ਕੁਝ ਭੇਜਣ ਲਈ ਆਖਦੇ ਰਹਿੰਦੇ ਸੀ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਰੱਜ ਕੇ ਮਿਹਨਤ ਕੀਤੀ ਜਿਸ ਕਾਰਨ ਵੱਡਾ ਪਾਠਕ ਵਰਗ 'ਪੰਜਾਬ ਟਾਈਮਜ਼' ਨਾਲ ਜੁੜਿਆ। ਅਮੋਲਕ ਸਿੰਘ ਜੰਮੂ 'ਪੰਜਾਬ ਟਾਈਮਜ਼' ਦੇ ਰੂਪ ਵਿਚ ਜੋ ਚਿਰਾਗ ਜਗਾ ਗਏ ਨੇ, ਉਹ ਹਮੇਸ਼ਾ ਰੌਸ਼ਨੀ ਵੰਡਦਾ ਰਹੇਗਾ।

***ਦੁਆਵਾਂ ਸਹਿਤ***
***-ਹਰਜਿੰਦਰ ਕੰਗ***

# ਅਮੋਲਕ ਸਿੰਘ ਦੀ ਯਾਦ ਵਿਚ

23 ਅਪਰੈਲ 2022 ਦੇ 'ਪੰਜਾਬ ਟਾਈਮਜ਼' ਵਿਚੋਂ ਜਸਪ੍ਰੀਤ ਹੁਰਾਂ ਦਾ ਆਪਣੇ ਸੁਹਿਰਦ ਤੇ ਸੂਝਵਾਨ ਪਾਠਕਾਂ ਨੂੰ ਸੰਬੋਧਿਤ ਕੀਤਾ ਵੈਰਾਗਮਈ ਖਤ ਪੜ੍ਹ ਕੇ ਮਨ ਦ੍ਰਵਿਤ ਹੋ ਗਿਆ। ਜਸਪ੍ਰੀਤ ਨੇ ਅਮੋਲਕ ਸਿੰਘ ਦੇ ਸਦੀਵੀ ਵਿਛੋੜੇ ਤੋਂ ਇਕ ਵਰ੍ਹੇ ਅੰਦਰ ਭੋਗੇ ਦੁਖ ਭਰੇ ਅਹਿਸਾਸ ਨੂੰ ਬੜੀ ਸੰਵੇਦਨਾ ਤੇ ਸ਼ਿੱਦਤ ਨਾਲ ਜਿਵੇਂ ਸਾਂਝਿਆਂ ਕੀਤਾ ਹੈ, ਉਹ ਪੀੜਾ ਸਚਮੁੱਚ ਹੀ ਦਿਲ ਦਹਿਲਾ ਦੇਣ ਵਾਲੀ ਹੈ। ਚੰਗੇ ਅਤੇ ਨੇਕ ਜੀਵਨ ਸਾਥੀ ਦੇ ਵਿਛੋੜੇ ਦਾ ਦਰਦ ਤੇ ਉਸ ਦੀ ਘਾਟ ਬੜੀ ਅਸਹਿ ਹੁੰਦੀ ਹੈ ਜਿਸ ਨੂੰ ਉਹੀ ਵਧੇਰੇ ਜਾਣ ਸਕਦਾ ਹੈ, ਜਿਸ

**ਜਸਪਾਲ ਕੌਰ ਕਾਂਗ (ਪ੍ਰੋ.)**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

ਨੇ ਇਸ ਬਿਰਹੋਂ ਅਗਨੀ ਦੇ ਸੇਕ ਨੂੰ ਸਹਿਆ ਹੋਵੇ। ਵਾਰਿਸ ਦੇ ਇਹ ਸ਼ਬਦ 'ਭਲਾ ਮੋਏ ਤੇ ਵਿਛੜੇ ਕੌਣ ਮੇਲੇ' ਬੜੀ ਕੌੜੀ ਸੱਚਾਈ ਨੂੰ ਪ੍ਰਗਟਾਉਂਦੇ ਹਨ। ਪਿਆਰੇ ਨੂੰ ਮੁੜ ਤੱਕਣ ਅਤੇ ਮਿਲਣ ਦੀ ਆਸ ਹੀ ਮੁੱਕ ਜਾਂਦੀ ਏ।

ਜਸਪ੍ਰੀਤ ਅਤੇ ਅਮੋਲਕ, ਦੋਵੇਂ ਮੇਰੇ ਜਮਾਤੀ ਰਹੇ ਨੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਏ. ਪੰਜਾਬੀ ਦੇ ਸਾਡੇ ਵਾਲੇ ਬੈਚ ਵਿਚ ਇਨ੍ਹਾਂ ਨਾਲ ਹੋਰ ਵੀ ਕੁਝ ਜਮਾਤੀ- ਹਰਭਜਨ ਹਲਵਾਰਵੀ, ਗੁਰਪ੍ਰੀਤ, ਹਰਿੰਦਰ, ਬਲਵਿੰਦਰ, ਅੰਮ੍ਰਿਤਪਾਲ, ਸੁਖਦੇਵ, ਸੋਢੀ, ਬਲਜੀਤ, ਗੁਰਤੇਜ, ਗੁਰਦੀਪ, ਗੁਰਮੇਲ, ਜਸਵਿੰਦਰ, ਗੁਰਨਾਮ, ਹਰਚਰਨ ਵੀ ਸਨ ਜਿਨ੍ਹਾਂ ਨਾਲ ਬੈਠ ਕੇ ਗੁਲਾਟੀ ਦੀ ਕੰਟੀਨ 'ਤੇ ਚਾਹ ਪੀਣੀ ਤੇ ਗੱਲਾਂ ਕਰਨੀਆਂ ਸਭ ਚੇਤੇ ਆ ਰਹੇ ਨੇ। ਅਮੋਲਕ ਅਤੇ ਜਸਪ੍ਰੀਤ ਨਾਲ ਬਿਤਾਏ ਦੋ ਵਰ੍ਹਿਆਂ ਦੀ ਇਸ ਸਾਂਝ ਵਿਚੋਂ ਚੰਗੀ ਤਰ੍ਹਾਂ ਯਾਦ ਹੈ ਕਿ ਅਮੋਲਕ ਨਾਲ ਮੇਰਾ ਪੜ੍ਹਾਈ ਵਿਚੋਂ ਅੱਵਲ ਰਹਿਣ ਦਾ ਮੁਕਾਬਲਾ ਵੀ ਚੱਲਦਾ ਰਹਿੰਦਾ ਸੀ ਤੇ ਜਸਪ੍ਰੀਤ ਦੀ ਛਵੀ ਮੇਰੇ ਮਨ ਵਿਚ ਉਸ ਵੇਲੇ ਤੋਂ ਹੀ ਬੜੀ ਚੁੱਪ-ਚਾਪ, ਸੰਗਾਊ, ਸਾਦ-ਮੁਰਾਦੀ, ਲੰਮੇ ਵਾਲਾਂ ਦੀਆਂ ਦੋ ਗੁੱਤਾਂ ਕਰਕੇ ਆਉਣ ਵਾਲੀ ਤੇ



ਅੰਤਰਮੁਖੀ ਝੁਕਾ ਰੱਖਣ ਵਾਲੀ ਕੁੜੀ ਦੀ ਬਣੀ ਸੀ ਜਿਸ ਦਾ ਪੜ੍ਹਨ-ਲਿਖਣ ਵਿਚ ਵੀ ਪੂਰਾ ਧਿਆਨ ਸੀ। ਇਹ ਦੋਵੇਂ ਜਣੇ ਕਲਾਸ ਵਿਚ ਪਿਛਲੇ ਬੈਂਚਾਂ ਦੀਆਂ ਉਚੀਆਂ ਸੀਟਾਂ 'ਤੇ ਅਕਸਰ ਬੈਠਦੇ ਪਰ ਇਹ ਮੈਨੂੰ ਉਦੋਂ ਹੀ ਪਤਾ ਲੱਗਿਆ ਕਿ ਚੁੱਪ-ਚਪੀਤੀ ਜਸਪ੍ਰੀਤ ਅਮੋਲਕ ਦਾ ਦਿਲ ਖਿੱਚ ਕੇ ਕਦੋਂ ਲੈ ਗਈ। ਬੜੀ ਖੁਸ਼ੀ ਹੁੰਦੀ ਸੀ ਇਸ ਸੁਹਿਰਦ ਜੋੜੀ ਨੂੰ ਦੇਖ ਕੇ, ਇਹ ਆਪਣੀ ਜੋੜੀ ਪ੍ਰੀਤ ਵਿਚ ਪੱਕੀ ਲਗਦੀ ਏ...

ਖੁਸ਼ੀ ਇਸ ਕਰਕੇ ਵੀ ਵੱਧ ਹੁੰਦੀ ਸੀ ਕਿ ਮੇਰੇ ਵਾਂਗੂ ਹੀ ਕੋਈ ਹੋਰ ਵੀ ਮੁਹੱਬਤ ਦੇ ਦੌਰ 'ਚੋਂ ਲੰਘ ਰਿਹੈ...

ਐਮ.ਏ. ਤੋਂ ਬਾਅਦ ਅਮੋਲਕ ਸਿੰਘ 'ਪੰਜਾਬੀ ਟ੍ਰਿਬਿਊਨ' ਵਿਚ ਮੁਲਾਜ਼ਮ ਹੋ ਗਏ ਤੇ ਮੈਂ ਐਮ.ਫਿਲ., ਪੀਐਚ.ਡੀ. ਤੋਂ ਬਾਅਦ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ (ਦੂਰਵਰਤੀ ਸਿਖਿਆ) ਵਿਚ ਨਿਯੁਕਤ ਹੋ ਗਈ। ਮੈਂ ਆਪਣੇ ਪਤੀ ਰੂਪੀ ਮੁਰਸ਼ਦ ਨੂੰ ਅਮਰਜੀਤ ਸਿੰਘ ਕਾਂਗ ਦੇ ਰੂਪ ਵਿਚ ਪਾਇਆ ਤੇ ਜਸਪ੍ਰੀਤ ਨੇ ਅਮੋਲਕ ਦੇ ਰੂਪ ਵਿਚ। ਦੋਨਾਂ ਨੂੰ ਬਹੁਤ ਚੰਗੀ ਜ਼ਿੰਦਗੀ ਮਿਲੀ ਪਰਿਵਾਰਕ ਰੂਪ ਵਿਚ ਵੀ ਤੇ ਪ੍ਰੋਫੈਸ਼ਨਲ ਰੂਪ ਵਿਚ ਵੀ। ਕਾਂਗ ਸਾਹਿਬ ਨੇ ਹਰਿਆਣੇ ਦੀ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਹੀ ਨਹੀਂ ਸਗੋਂ ਪੂਰੇ ਹਰਿਆਣੇ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਦੀਆਂ ਮੱਲਾਂ ਮਾਰੀਆਂ ਪਰ ਉਹ ਅਚਾਨਕ ਦਿਲ ਦਾ ਦੌਰਾ ਪੈਣ 'ਤੇ ਰੂਹਾਨੀ ਯਾਤਰਾ ਵਲ ਤੁਰ ਗਏ। ਇਸ ਜੀਵਨ-ਪਲਟਾਊ ਹਾਦਸੇ ਨੇ ਮੇਰੀ ਦੁਨੀਆ ਹਿਲਾ ਦਿੱਤੀ। ਜਿਸ ਵਡਭਾਗੀ ਰੂਹ ਨੇ ਸਦਾ ਮਾਣ ਨਾਲ ਜੀਣਾ ਸਿਖਾਇਆ, ਉਹੀ ਜੀਵਨ ਦੇ ਅਧਵਾਟੇ ਤੁਰ ਗਿਆ। ਉਦਾਸੀ ਦੇ ਗਹਿਰੇ ਪਰਛਾਵਿਆਂ ਨੇ ਘੇਰ ਲਿਆ ਪਰ ਤੁਰ ਗਏ ਜੀਵਨ ਸਾਥੀ ਦੀਆਂ ਸੁਹਿਰਦ ਯਾਦਾਂ ਨੇ ਮੁੜ ਕੇ ਮੈਨੂੰ ਸੰਭਾਲਿਆ ਤੇ ਅੱਗੇ ਤੁਰ ਕੇ ਜ਼ਿੰਮੇਵਾਰੀਆਂ ਸੰਭਾਲਣ ਦੀ ਤਾਕਤ ਵੀ ਦਿਤੀ। ਇਕ-ਇਕ ਕਰਕੇ ਦਿਨ ਮਹੀਨੇ ਸਾਲ ਯਾਦ ਤੇ ਸੰਘਰਸ਼ ਕਰਦਿਆਂ ਨਿਕਲ ਗਏ। ਕੁਕੂਨਸ ਵਾਂਗ ਆਪ ਸਵਾਹ ਹੋ ਕੇ ਆਪਣੀ ਰਾਖ ਵਿਚੋਂ ਹੀ ਮੁੜ ਜਨਮ ਲੈਣ ਵਰਗੇ ਸਫਰ ਵਾਂਗ ਹੀ ਸੀ। ਗੁਰਬਾਣੀ ਦੇ ਅਨਮੋਲ ਸ਼ਬਦਾਂ ਨੇ ਇਸ ਸਮੇਂ ਮੇਰੇ ਨਿਸਚੈ ਨੂੰ ਬੜਾ ਬਲਵਾਨ ਕੀਤਾ।

ਸੋ, ਜਸਪ੍ਰੀਤ ਦੇ ਖਤ ਵਿਚ ਸਾਂਝੇ ਕੀਤੇ ਅਹਿਸਾਸ ਮੈਨੂੰ ਆਪਣੇ ਅਹਿਸਾਸ ਨਾਲ ਮਿਲਦੇ ਜਾਪੇ। ਅਮੋਲਕ ਸਿੰਘ ਸ਼ਿਕਾਗੋ ਆ ਕੇ ਆਖਰੀ ਸਾਹ ਤਕ 'ਪੰਜਾਬ ਟਾਈਮਜ਼' ਲਈ ਆਪਣੀ ਵਚਨਬੱਧਤਾ ਨਿਭਾਉਂਦੇ ਰਹੇ ਤੇ ਕਾਂਗ ਸਾਹਿਬ ਆਖਰੀ ਦਮ ਤਕ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਆਪਣੀ ਝੰਡਾਬਰਦਾਰੀ ਨਿਭਾਉਂਦੇ ਰਹੇ।

ਜਸਪ੍ਰੀਤ ਦੇ ਖਤ ਦੇ ਆਖਰੀ ਸ਼ਬਦਾਂ ਵਿਚੋਂ ਮੈਂ ਜਸਪ੍ਰੀਤ ਨੂੰ ਆਪਣੇ ਗਮ ਵਿਚੋਂ ਉਭਰਦੇ ਦੇਖਿਆ ਹੈ, ਉਸ ਦੇ ਸ਼ਬਦ "ਮੈਂ 'ਪੰਜਾਬ ਟਾਈਮਜ਼' ਦੇ ਮਿਆਰ ਤੇ ਲਗਾਤਾਰਤਾ ਨੂੰ ਬਣਾਈ ਰਖਣ ਲਈ ਵਚਨਬੱਧ ਹਾਂ", ਇਹ ਦ੍ਰਿੜ੍ਹਤਾ ਹੀ ਉਸ ਦੀ ਨਵੀਂ ਤਾਕਤ ਹੈ, ਕੁਕੂਨਸ ਵਾਂਗ ਆਪਣੀ ਅੱਗ ਵਿਚ ਫਨਾਹ ਹੋ ਕੇ ਮੁੜ ਰਾਖ ਵਿਚੋਂ ਨਵਾਂ ਜੀਵਨ ਪ੍ਰਾਪਤ ਕਰਨ ਦੀ। ਜਸਪ੍ਰੀਤ ਦੀ ਹਿੰਮਤ ਨੂੰ ਸਲਾਮ ਤੇ ਅਮੋਲਕ ਸਿੰਘ ਨੂੰ ਪਿਆਰ ਭਿੱਜੀ ਸ਼ਰਧਾਂਜਲੀ।

ਅਮੋਲਕ ਸਿੰਘ ਦੀ ਰੂਹ ਜਸਪ੍ਰੀਤ ਦੀ ਇਸ ਹਿੰਮਤ ਨਾਲ ਸ਼ਾਂਤ ਤੇ ਪ੍ਰਸੰਨ ਹੋਵੇਗੀ- ਇਹ ਮੇਰਾ ਵਿਸ਼ਵਾਸ ਹੈ।

# ਅਣਮੁੱਲਾ ਸੱਜਣ ਤੇ ਪੰਜਾਬੀ ਮਾਂ ਬੋਲੀ ਦਾ ਸੱਚਾ ਸਪੂਤ ਸੀ ਅਮੋਲਕ ਸਿੰਘ ਜੰਮੂ

ਦਇਆ ਸਿੰਘ ਆਰਿਫ਼ ਦੀਆਂ ਕਿੱਸਾ 'ਜ਼ਿੰਦਗੀ ਬਿਲਾਸ' 'ਚ ਸਤਰਾਂ ਨੇ

'ਕੋਈ ਜੀਵਿਆ ਜਗ ਤੇ ਬਰਸ ਚਾਰੇ,
ਕੋਈ ਜੀਵਿਆ ਸੈਂਕੜੇ ਸਾਲ ਭਾਈ,
ਕੋਈ ਹੋ ਕੇ ਬਿਰਧ ਸਫੈਦ ਮਰਿਆ,
ਕੋਈ ਲੈ ਗਿਆ ਕਾਲੜੇ ਵਾਲ ਭਾਈ,
ਪਰ ਦਇਆ ਸਿਆਂ ਅਖੀਰ ਨੂੰ ਗੱਲ ਮੁੱਕੀ,
ਸਭ ਨੂੰ ਖਾ ਗਿਆ ਚੰਦਰਾ ਕਾਲ ਭਾਈ।



**ਐਸ. ਅਸ਼ੋਕ ਭੌਰਾ**

ਅਸੀਂ ਸਾਰੇ ਮੌਤ ਦੀਆਂ ਬੁਰਕੀਆਂ ਹਾਂ ਪਤਾ ਨਹੀਂ ਕੌਣ ਕਦੋਂ ਇਸ ਦੀ ਖੁਰਾਕ ਬਣ ਜਾਵੇ। ਸਮਾਜ ਇਹ ਨਹੀਂ ਦੇਖਦਾ ਕਿ ਕੌਣ ਕਿੰਨਾ ਚਿਰ ਜੀਅ ਕੇ ਗਿਆ ਹੈ ਪਰ ਇਹ ਹਿਸਾਬ-ਕਿਤਾਬ ਜ਼ਰੂਰ ਰੱਖਦਾ ਹੈ ਕਿ ਕੌਣ ਕੀ ਕਰ ਕੇ ਗਿਆ ਹੈ? 'ਪੰਜਾਬੀ ਟ੍ਰਿਬਿਊਨ' ਤੋਂ ਸ਼ੁਰੂ ਹੋ ਕੇ ਅਮਰੀਕਾ 'ਚ ਆ ਕੇ 'ਪੰਜਾਬ ਟਾਈਮਜ਼' ਜ਼ਰੀਏ ਸ. ਅਮੋਲਕ ਸਿੰਘ ਜੰਮੂ ਦੀਆਂ ਪਾਈਆਂ ਪੈੜਾਂ ਨੂੰ ਵਿਰੋਧੀ ਵੀ ਮੰਨਦੇ ਰਹੇ ਹਨ, ਉਹ ਕੋਰੇ-ਕਰਾਰੇ ਸੁਭਾਅ ਨਾਲ ਦਲੇਰਾਨਾ ਪੱਤਰਕਾਰੀ ਦੇ ਅੰਗ-ਸੰਗ ਹੋ ਕੇ ਵਿਚਰਿਆ ਹੈ। ਇੱਥੇ ਇਹ ਵੀ ਕਹਿਣ ਵਿਚ ਕੋਈ ਹਰਜ ਨਹੀਂ ਕਿ ਉਸਨੇ ਆਪਣੀ ਇਸ ਅਖਬਾਰ ਜ਼ਰੀਏ ਅਮਰੀਕਾ 'ਚ ਪੰਜਾਬੀ ਸਾਹਿਤ ਦੀ ਸੇਵਾ ਵੀ ਬੜੀ ਵੱਡੀ ਕੀਤੀ ਹੈ। ਉਹਨੇ ਉਨ੍ਹਾਂ ਲੋਕਾਂ ਨੂੰ ਵੀ ਅਖਬਾਰਾਂ ਪੜ੍ਹਨ ਲਾ ਦਿੱਤਾ ਸੀ, ਜਿਨ੍ਹਾਂ ਦਾ ਇਸ ਮੁਲਕ 'ਚ ਪੰਜਾਬੀ ਨਾਲੋਂ ਲਗਾਓ ਟੁੱਟਦਾ ਜਾ ਰਿਹਾ ਸੀ।

ਮੈਂ ਲਗਾਤਾਰ 'ਪੰਜਾਬੀ ਟ੍ਰਿਬਿਊਨ' 'ਚ ਕਾਲਮ ਤੇ ਲੇਖ ਲਿਖਦਾ ਆਇਆ ਹਾਂ ਤੇ ਇੱਥੇ ਹੀ ਅਮੋਲਕ ਸਿੰਘ ਜੰਮੂ ਨਾਲ ਸੰਖੇਪ ਮੁਲਾਕਾਤਾਂ ਹੁੰਦੀਆਂ ਰਹੀਆਂ। ਉਹ ਬਤੌਰ ਸਬ ਅਡੀਟਰ 'ਪੰਜਾਬੀ ਟ੍ਰਿਬਿਊਨ' 'ਚ ਨੌਕਰੀ ਕਰਦੇ ਸਨ ਤੇ ਇਹੀ ਸਾਂਝ ਸਾਡੀ ਪਰਿਵਾਰਕ ਸਾਂਝ ਦਾ ਆਧਾਰ ਵੀ ਬਣੀ ਜੋ ਕਿ ਅਮਰੀਕਾ ਤੱਕ ਨਿਭੀ।

ਅਮੋਲਕ ਸਿੰਘ ਜੰਮੂ ਨੇ ਅਮਰੀਕਾ 'ਚ 'ਪੰਜਾਬ ਟਾਈਮਜ਼' ਸ਼ੁਰੂ ਕੀਤਾ ਤੇ ਮੈਂ ਇਸ ਵਿਚ ਵੀ ਕਾਲਮ 'ਤੇ ਨਿਬੰਧ ਨਿਰੰਤਰ ਲਿਖੇ। ਪਰ ਇਹ ਚਿੱਤ-ਚੇਤੇ ਨਹੀਂ ਸੀ ਕਿ ਕਰੀਬ ਡੇਢ ਦਹਾਕਾ ਅਮਰੀਕਾ ਜਾ ਕੇ ਅਮੋਲਕ ਸਿੰਘ ਜੰਮੂ ਨਾਲ ਸਾਂਝ ਪਵੇਗੀ ਤੇ ਉਸਦੀ ਅਖਬਾਰ ਵਿਚ ਲਿਖ ਕੇ ਜਿੰਨੀ ਵਡਿਆਈ ਮੈਨੂੰ ਪੰਜਾਬ 'ਚ ਰਹਿੰਦਿਆਂ 'ਅਜੀਤ' ਅਖਬਾਰ ਨੇ ਲੈ ਕੇ ਦਿੱਤੀ, ਉਵੇਂ ਦਾ ਹੀ ਮਾਣ ਮੈਨੂੰ 'ਪੰਜਾਬ ਟਾਈਮਜ਼' ਜ਼ਰੀਏ ਅਮੋਲਕ ਸਿੰਘ ਜੰਮੂ ਨੇ ਅਮਰੀਕਾ 'ਚ ਲੈ ਕੇ ਦਿੱਤਾ। ਜਦੋਂ ਨਵਾਂ-ਨਵਾਂ ਅਮਰੀਕਾ ਆਇਆ ਤਾਂ ਅਮੋਲਕ ਸਿੰਘ ਜੰਮੂ ਦੀ ਇੱਛਾ ਸੀ ਕਿ ਮੈਂ 'ਪੰਜਾਬ ਟਾਈਮਜ਼' ਵਿਚ ਲਗਾਤਾਰ ਲਿਖਾਂ, ਕਿਉਂਕਿ ਉਹ ਮੇਰੀਆਂ ਪੰਜਾਬ ਵਿਚਲੀਆਂ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਤੋਂ ਵਾਕਫ ਸੀ। ਇਹ ਮੁਹੱਬਤ ਪਰਿਵਾਰ ਵਾਂਗ ਸਿਰਜੀ ਗਈ ਤੇ ਮੈਂ 'ਪੰਜਾਬ ਟਾਈਮਜ਼' ਦਾ ਇਕ ਜੀਅ ਬਣ ਗਿਆ। ਮੇਰੀਆਂ ਵੱਡ ਅਕਾਰੀ ਪੁਸਤਕਾਂ 'ਗੱਲੀਂ ਬਾਤੀਂ', 'ਨੈਣ ਨਕਸ਼' ਤੇ 'ਵਕਤ ਬੋਲਦਾ ਹੈ' ਅਸਲ 'ਚ ਪੰਜਾਬ ਟਾਈਮਜ਼ ਦੇ ਕਾਲਮਾਂ ਵਿਚੋਂ ਹੀ ਨਿਕਲੀਆਂ ਹਨ। 'ਗੱਲ ਬਣੀ ਕਿ ਨਹੀਂ' ਕਾਵਿ ਵਿਅੰਗ ਲਗਾਤਾਰ ਇਸੇ ਅਖਬਾਰ ਨੇ ਛਾਪਿਆ ਹੈ। ਇਸ ਗੱਲ ਤੋਂ 'ਪੰਜਾਬ ਟਾਈਮਜ਼' ਅਤੇ ਅਮੋਲਕ ਸਿੰਘ ਜੰਮੂ ਨੂੰ ਜਾਨਣ ਵਾਲੇ ਚੰਗੀ ਤਰ੍ਹਾਂ ਵਾਕਫ ਹਨ ਕਿ ਉਸਨੂੰ ਇਕ ਅਜਿਹੀ ਨਾਮੁਰਾਦ ਬਿਮਾਰੀ ਨੇ ਘੇਰਿਆ ਜੋ ਦੁਨੀਆਂ 'ਚ ਸ਼ਾਇਦ ਦੋ ਲੱਖ ਲੋਕਾਂ ਪਿੱਛੇ ਇਕ ਨੂੰ ਹੀ ਹੁੰਦੀ ਹੈ, ਸਰੀਰ 'ਚ ਮਾਸਪੇਸ਼ੀਆਂ ਦਾ ਲਗਾਤਾਰ ਟੁੱਟਦੇ ਜਾਣਾ ਤੇ ਹੌਲੀ ਹੌਲੀ ਸਰੀਰ ਦਾ ਨਕਾਰਾ ਹੋ ਜਾਣਾ। ਅਮੋਲਕ ਸਿੰਘ ਜੰਮੂ ਉਦੋਂ ਤੱਕ ਇਸ ਨਾਮੁਰਾਦ ਬਿਮਾਰੀ ਨਾਲ ਲੜਦਾ ਰਿਹਾ ਜਦੋਂ ਤੱਕ ਉਸਦੀ ਜ਼ੁਬਾਨ ਸਾਥ ਦਿੰਦੀ ਰਹੀ ਤੇ ਕੰਨ ਸੁਣਦੇ ਰਹੇ। ਉਹ ਆਖਦਾ, ਇਹ ਦਲੇਰੀ ਮੈਂ ਇਸੇ ਬਿਮਾਰੀ ਤੋਂ ਪੀੜਤ ਵਿਗਿਆਨੀ ਸਟੀਫਨ ਹਾਕਿੰਗ ਤੋਂ ਸਿੱਖੀ ਹੈ, ਜੋ ਆਖਰੀ ਦਮ ਤੱਕ ਹੌਂਸਲੇ ਨਾਲ ਉਦਾਹਰਣ ਬਣਿਆ ਰਿਹਾ। ਜਿਹੜੇ ਜੰਮੂ ਨੂੰ ਕਦੇ ਨਹੀਂ ਵੀ ਮਿਲੇ ਤੇ ਸਿਰਫ ਫੋਨ ਜ਼ਰੀਏ ਗੱਲਬਾਤ ਕਰਦੇ ਰਹੇ ਉਨ੍ਹਾਂ ਨੂੰ ਕਦੇ ਵੀ ਨਹੀਂ ਲੱਗਿਆ ਸੀ ਕਿ ਅਮੋਲਕ ਏਨੀ ਨਾਮੁਰਾਦ ਬਿਮਾਰੀ ਤੋਂ ਪੀੜਤ



ਹੋਵੇਗਾ, ਹੱਸ ਕੇ ਗੱਲ ਕਰਨੀ, ਅਵਾਜ਼ 'ਚ ਬੜ੍ਹਕ ਰੱਖਣੀ, ਦੂਜਿਆਂ ਨੂੰ ਦਲੇਰ ਬਣਾਉਣਾ ਅਮੋਲਕ ਸਿੰਘ ਜੰਮੂ ਦੇ ਹੀ ਹਿੱਸੇ ਆਇਆ ਸੀ। ਅਮਰੀਕਾ 'ਚ ਸਿਹਤਮੰਦ ਪੱਤਰਕਾਰੀ ਅਤੇ ਪੱਤਰਕਾਰੀ ਦੀਆਂ ਮਾਣ ਮਰਿਆਦਾਵਾਂ ਨੂੰ 'ਪੰਜਾਬ ਟਾਈਮਜ਼' ਜ਼ਰੀਏ ਅਮੋਲਕ ਸਿੰਘ ਜੰਮੂ ਨੇ ਅਮਰੀਕਾ 'ਚ ਸੱਚੀ-ਮੁੱਚੀਂ ਹੀ ਜਿਊਂਦਾ ਰੱਖਿਆ। ਹਰ ਤਰ੍ਹਾਂ ਦਾ ਸਾਹਿਤ ਚਾਹੇ ਖੋਡਾਂ ਹੋਣ, ਕਹਾਣੀ ਹੋਵੇ, ਮੁਲਾਕਾਤਾਂ ਹੋਣ, ਲੇਖ ਹੋਣ 'ਪੰਜਾਬ ਟਾਈਮਜ਼' 'ਚ ਹੀ ਪੜ੍ਹਨ ਨੂੰ ਮਿਲਦੇ ਸਨ ਅਤੇ ਸਾਰੀ ਦੀ ਸਾਰੀ ਸਮੱਗਰੀ ਮੌਲਿਕ ਹੁੰਦੀ ਸੀ। ਸੀਮਤ ਸਰੋਤਾਂ ਦੇ ਬਾਵਜੂਦ ਵੀ 'ਪੰਜਾਬ ਟਾਈਮਜ਼' ਨੂੰ ਉਸਨੇ ਉਦਾਰਣ ਬਣਾ ਕੇ ਪੇਸ਼ ਕੀਤਾ।

ਤਕਰੀਬਨ ਇਕ ਦਹਾਕਾ ਲਗਾਤਾਰ ਮੈਂ ਇਸ ਅਖਬਾਰ ਵਿਚ ਕਾਲਮ ਲਿਖਦਾ ਰਿਹਾ ਹਾਂ ਤੇ ਜਦੋਂ ਕਦੇ ਉਸਨੂੰ ਲੱਗਣਾ ਕਿ ਮੈਂ ਨਾਗਾ ਪਾ ਦੇਵਾਂਗਾ ਤਾਂ ਝੱਟ ਦੇਣੀ ਉਸਦਾ ਫੋਨ ਆ ਜਾਣਾ, 'ਅਸ਼ੋਕ ਤੈਨੂੰ ਪਤੈ ਤੇਰੇ ਪਾਠਕਾਂ ਦੀ ਗਿਣਤੀ ਕਿੱਡੀ ਵੱਡੀ ਹੈ, ਉਹ ਉਦਾਸ ਹੋ ਜਾਣਗੇ, ਉੱਠ ਤੇ ਲਿਖ'। ਦਰਜਨਾਂ ਬਾਰ ਮੈਂ ਉਹਦੇ ਸ਼ਿਕਾਗੋ ਵਿਚਲੇ ਘਰ ਗਿਆ, ਕਈ ਕਈ ਦਿਨ ਰਹਿਣਾ ਤੇ ਉੱਥੇ ਵੀ ਉਸਦਾ ਇਹੋ ਸਵਾਲ ਹੁੰਦਾ ਸੀ, 'ਚੱਕ ਕਾਗਜ਼ ਤੇ ਪੈੱਨ, ਨਾਲ ਦੇ ਕਮਰੇ 'ਚ ਬੈਠ, ਬਾਕੀ ਗੱਲਾਂ ਬਾਅਦ 'ਚ ਪਹਿਲਾਂ ਕਾਲਮ ਲਿਖ'। ਬੜਾ ਕੁਝ ਅਮੋਲਕ ਸਿੰਘ ਜੰਮੂ ਤੋਂ ਸਿੱਖਿਆ ਹੈ। ਉਸਨੇ ਹੀ ਸਿਖਾਇਆ ਹੈ ਕਿ ਲਿਖਤਾਂ ਦੀ ਕੀਮਤ ਸਿਰਫ ਪੈਸੇ ਹੀ ਨਹੀਂ ਹੁੰਦੀ, ਹੋਰ ਵੀ ਬੜਾ ਕੁਝ ਹੁੰਦੀ ਹੈ। ਉਸਦੀ ਧਰਮ ਪਤਨੀ ਤੇ ਸਾਡੀਆਂ ਵੱਡੀਆਂ ਭੈਣਾਂ ਵਰਗੀ ਜਸਪ੍ਰੀਤ ਨੇ ਜਿੰਨੇ ਸਬਰ ਨਾਲ ਅਮੋਲਕ ਸਿੰਘ ਜੰਮੂ ਦੀ ਸੇਵਾ ਕੀਤੀ ਹੈ, ਉਹ ਹਰ ਉਸ ਇਨਸਾਨ ਨੂੰ ਪਤੈ, ਜੋ ਇਸ ਪਰਿਵਾਰ ਤੇ ਅਖਬਾਰ ਨਾਲ ਵਿਚਰਦਾ ਆਇਆ ਹੈ, ਉਸ ਨੂੰ ਸ਼ਬਦਾਂ ਵਿਚ ਬੰਨ੍ਹਣਾ ਅਸੰਭਵ ਹੈ। ਕਈ ਉਹਦੇ ਸਰੀਰ ਦੁਆਲੇ ਲੱਗੀਆਂ ਮਸ਼ੀਨਾਂ, ਨਾੜੀਆਂ ਤੋਂ ਵੀ ਵੱਧ ਲਟਕਦੀਆਂ ਨਲਪੀਆਂ ਵੇਖ ਕੇ ਆਮ ਬੰਦਾ ਘਬਰਾ ਜਾਂਦਾ ਸੀ ਪਰ ਅਮੋਲਕ ਸਿੰਘ ਜੰਮੂ ਦਾ ਹਾਸਾ ਅਜਿਹੀ ਸਥਿਤੀ ਨੂੰ ਖੁਸ਼ਗਵਾਰ ਬਣਾ ਦਿੰਦਾ ਸੀ। ਅਸਲ 'ਚ ਜਿਊਣਾ ਅਮੋਲਕ ਸਿੰਘ ਜੰਮੂ ਨੂੰ ਹੀ ਆਉਂਦਾ ਸੀ, ਇਕ ਸਾਲ ਹੋ ਗਿਆ ਉਸਨੂੰ ਤੁਰ ਗਏ ਨੂੰ, ਹਾਲੇ ਕੱਲ ਦੀ ਗੱਲ ਲੱਗਦੀ ਹੈ, ਮੈਂ ਹਉਕਾ ਇਸ ਕਰ ਕੇ ਭਰਦਾ ਹਾਂ ਕਿ ਇਕ ਸਿਰਕੱਢ ਅਖਬਾਰ ਦਾ ਸੰਪਾਦਕ ਚਲੇ ਗਿਆ, ਪੰਜਾਬੀਆਂ ਨੂੰ ਸਾਹਿਤ ਵੰਡਣ ਵਾਲਾ ਮਨਫੀ ਹੋ ਗਿਆ, ਹਾਸਿਆਂ ਦੀਆਂ ਫੁਹਾਰਾਂ ਲਾਉਣ ਵਾਲਾ ਅਮੋਲਕ ਸਿੰਘ ਨਹੀਂ ਰਿਹਾ, ਪਰ ਮੇਰੇ ਲਈ ਇਕ ਵੱਡਾ ਭਰਾ ਵੀ ਰੁਖ਼ਸਤ ਹੋ ਗਿਆ ਹੈ। ਕਹਿਣਾ ਪਵੇਗਾ ਕਿ ਜਸਪ੍ਰੀਤ ਕੌਰ ਇਸ ਅਖਬਾਰ ਨੂੰ ਚੱਲਦਾ ਰੱਖਣ 'ਚ ਆਪਣੇ ਸਿਰੜ ਤੇ ਸਿਦਕ ਦੀ ਪ੍ਰੀਖਿਆ ਹੀ ਨਹੀਂ ਦੇ ਰਹੀ, ਸਗੋਂ ਅਮੋਲਕ ਸਿੰਘ ਜੰਮੂ ਦੇ ਸੁਪਨਿਆਂ ਦੀ 'ਪੰਜਾਬ ਟਾਈਮਜ਼' ਅਖਬਾਰ ਚਲਾਉਣ ਦਾ ਯਤਨ ਵੀ ਕਰ ਰਹੀ ਹੈ। ਸ਼ਿਕਾਗੋ 'ਚ ਵਸਦਾ ਰਿਹਾ ਇਹ ਪਿਆਰਾ ਇਨਸਾਨ ਸਾਡੇ ਚੇਤਿਆਂ 'ਚ ਵੀ ਹਮੇਸ਼ਾ ਵਸਦਾ ਰਹੇਗਾ।

# ਸਿਰੜੀ ਇਨਸਾਨ ਸਨ ਅਮੋਲਕ ਭਾਜੀ

ਭਾਜੀ ਅਮੋਲਕ ਸਿੰਘ ਜੰਮੂ ਨੂੰ ਮਿਲਣ ਦਾ ਮੌਕਾ ਪਹਿਲੀ ਵਾਰ ਸੰਨ 2000 ਵਿਚ ਉਦੋਂ ਮਿਲਿਆ, ਜਦੋਂ ਉਨ੍ਹਾਂ ਨੇ ਹਫਤਾਵਾਰੀ ਅਖ਼ਬਾਰ 'ਪੰਜਾਬ ਟਾਈਮਜ਼' ਸ਼ੁਰੂ ਹੀ ਕੀਤਾ ਸੀ ਤੇ ਉਨ੍ਹਾਂ

**ਜਸਵਿੰਦਰ (ਜੱਸੀ) ਗਿੱਲ**

ਮੈਨੂੰ ਅਖ਼ਬਾਰ 'ਚ ਇਸ਼ਤਿਹਾਰ ਦੇ ਕੇ ਮਦਦ ਕਰਨ ਲਈ ਆਖਿਆ।

ਅਮਰੀਕਾ ਵਿਚ ਪਹਿਲਾ ਵਧੀਆ ਪੰਜਾਬੀ ਪੇਪਰ ਪੜ੍ਹ ਕੇ ਮਾਣ ਮਹਿਸੂਸ ਹੋਇਆ ਤੇ ਮੈਂ ਕਿਹਾ, 'ਭਾਜੀ ਪੂਰੇ ਪੇਜ ਦਾ ਇਸ਼ਤਿਹਾਰ ਦੇਵਾਂਗੇ ਤੇ ਓਨਾ ਚਿਰ ਲਗਾਤਾਰ ਜਾਰੀ ਰੱਖਾਂਗੇ, ਜਿੰਨਾ ਚਿਰ ਸਾਡੇ ਘਰ ਦਾ ਚੁੱਲ੍ਹਾ ਗਰਮ ਰਹੇਗਾ।'

ਮਗਰੋਂ ਸਾਡੀ ਦੋਸਤੀ ਏਨੀ ਵਧ ਗਈ ਕਿ ਹਰ ਹਫ਼ਤੇ ਘੰਟਿਆਂਬੱਧੀ ਗੱਲ ਹੁੰਦੀ ਰਹਿਣੀ। ਸਭ ਪਰਿਵਾਰਕ ਗੱਲਾਂ ਵੀ ਸਾਂਝੀਆਂ ਕਰ ਲੈਣੀਆਂ ਜੋ ਮੇਰੀ ਆਦਤ ਹੈ, ਆਪਣੀਆਂ ਦੱਸਣੀਆਂ ਤੇ ਉਨ੍ਹਾਂ ਤੋਂ ਪੁੱਛਣੀਆਂ। ਸੱਚ ਪੁੱਛੋ ਭਰਾ ਹੀ ਬਣ ਗਏ ਸਾਂ। ਨਾਮੁਰਾਦ ਬਿਮਾਰੀ ਨੇ ਅਮੋਲਕ ਭਾਜੀ ਨੂੰ ਢਾਹ ਲਿਆ, ਪਰ ਸ਼ਿਕਾਗੋਵਾਸੀਆਂ ਬਲਕਿ ਪੂਰੇ ਮਿਡਵੈਸਟ ਵਾਲੇ ਪਰਿਵਾਰ ਨੇ ਭਾਜੀ ਨੂੰ ਡੋਲਣ ਨਹੀਂ ਦਿੱਤਾ। ਉਹ ਸਾਰੇ ਸਾਡਾ ਆਪਣਾ ਪਰਿਵਾਰ ਹੀ ਬਣ ਗਏ। ਜਿੱਥੇ ਕੋਈ ਮਿਲਦਾ ਹੈ, ਮੇਰੀ ਪਛਾਣ ਹੀ 'ਪੰਜਾਬ ਟਾਈਮਜ਼' ਵਾਲੇ 'ਜੱਸੀ ਭਾਜੀ' ਬਣ ਗਈ ਹੈ। ਨਾ ਤਾਂ ਮੈਂ ਜਨਮੇਜਾ ਜੋਹਲ ਵੱਲੋਂ ਖਿੱਚੀ ਫੋਟੋ ਬਦਲੀ ਤੇ ਅਖਬਾਰ 'ਤੇ ਆਪਣੇ-ਆਪ ਨੂੰ ਫੋਟੋ ਵਰਗਾ ਰੱਖਣ ਦੀ ਕੋਸ਼ਿਸ਼ ਵੀ ਜਾਰੀ ਹੈ।

ਬਿਮਾਰੀ ਦੇ ਨਾਲ ਬੇਵੱਸ ਮੰਜੇ 'ਤੇ ਪਿਆ ਸਿਰੜੀ ਬੰਦਾ ਵੀ ਖਿਝਣ ਲੱਗ ਜਾਂਦਾ ਹੈ ਪਰ ਭਾਜੀ ਬਿਮਾਰੀ ਦੇ ਬਾਵਜੂਦ ਫੋਨ 'ਤੇ ਇਹ ਮਹਿਸੂਸ ਨਹੀਂ ਸਨ ਹੋਣ ਦਿੰਦੇ ਤੇ ਚੜ੍ਹਦੀ ਕਲਾ 'ਚ ਗੱਲ ਕਰਦੇ ਰਹੇ ਤਾਂ ਕਿ ਮੈਂ ਉਨ੍ਹਾਂ ਦੀ ਬਿਮਾਰੀ ਬਾਰੇ ਸੋਚ ਕੇ ਉਦਾਸ ਨਾ ਹੋ ਜਾਵਾਂ।

ਸਿਰੜੀ ਬੰਦੇ ਦੀ ਸੇਵਾ ਵੀ ਸਬਰ, ਸੰਤੋਖ ਤੇ ਸਿਰੜ ਵਾਲੀ ਪਤਨੀ ਹੀ ਕਰ ਸਕਦੀ ਹੈ। ਭੈਣ ਜੀ ਜਸਪ੍ਰੀਤ ਦੀ ਲਗਨ ਨੂੰ ਸਿਜਦਾ ਕਰਦੇ ਹਾਂ। ਮਨਦੀਪ-ਸੰਦੀਪ ਦੀ ਜੋੜੀ ਵੀ ਨਿਮਰਤਾ ਦੀ ਪੁੰਜ ਹੈ। ਮੇਰੀ ਭੈਣ ਜੀ ਨੂੰ ਇਹੀ ਬੇਨਤੀ ਹੈ ਕਿ ਉਹ ਆਪਣੀ ਸਿਹਤ ਵੱਲ ਧਿਆਨ ਦੇਣ, ਕਿਉਂਕਿ ਪੋਤੇ-ਪੋਤੀਆਂ ਵੀ ਖਿਡਾਉਣੇ ਨੇ ਤੇ ਅਸੀਂ ਵੀ ਸਾਰੇ 'ਪੰਜਾਬ ਟਾਈਮਜ਼' ਪਰਿਵਾਰ ਦੇ ਨਾਲ ਹਾਂ।



ਅਮੋਲਕ ਸਿੰਘ ਜੰਮੂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਦੇ ਹੋਏ ਜੱਸੀ ਗਿੱਲ

# ਸ਼ਰਧਾਂਜਲੀ

ਨੂਰਾਨੀ ਦਿੱਖ ਵਾਲਾ
ਸੁਹਿਰਦ ਤੇ ਸਿਆਣਾ ਮਿੱਤਰ,
ਰੱਬਾ ਰੁਖਸਤ ਕੀਤਾ ਸਾਡੇ ਨਾਲੋਂ
ਯਾਦਾਂ ਬੜੀਆਂ ਆਉਂਦੀਆਂ ਨੇ।

ਯਾਦ ਉਸ ਦੀ ਵਿਚ ਲਾਈਏ ਪੌਦੇ,
ਹਵਾਵਾਂ ਚਲਦੀਆਂ ਵਿਚੋਂ
ਤੇਰੀਆਂ ਮਹਿਕਾਂ ਆਉਂਦੀਆਂ ਨੇ।

ਮੈਂ ਪਹਿਲੀ ਮੁਲਾਕਾਤ ਵਿਚ ਹੀ
ਕਾਇਲ ਹੋਇਆ,
ਉਸ ਅਜਨਬੀ ਦੀ ਅਪਣੱਤ 'ਤੇ।

ਲੰਬੇ ਰੂਟ ਦੀ ਬੱਸ ਰੁਕੀ
ਛੋਟੇ ਜਿਹੇ ਅੱਡੇ 'ਤੇ,
ਸਾਮਾਨ ਸੀ ਬਹੁਤਾ
ਰੱਖਣਾ ਪੈਣਾ ਛੱਤ 'ਤੇ।

ਬਸ ਖਾਲੀ ਸੀ ਅਮੋਲਕ ਸਿੰਘ
ਬੈਠਾ ਸੀ ਪਿਛਲੀ ਸੀਟ 'ਤੇ,
ਫਟਾਫਟ ਸਾਮਾਨ ਫੜਿਆ
ਬੱਸ ਅੰਦਰ ਹੀ ਦਿੱਤਾ ਟਿਕਾਅ।

ਫੁਰਤੀ ਨਾਲ ਬੱਸ ਚੜ੍ਹਿਆ ਮੈਂ
ਹੋਈ ਰਸਮੀ ਗੱਲਬਾਤ,
ਫਿਰ ਪੁੱਛਣ ਲੱਗੇ ਕਿੱਥੇ ਹੈ ਤੁਹਾਡਾ ਪੜਾਅ?

1971 ਦੀ ਜਨਗਣਨਾ ਵੇਲੇ
ਮੈਂ ਡਿਊਟੀ 'ਤੇ ਸੀ,
ਹਿਸਾਰ ਜ਼ਿਲ੍ਹੇ ਦੀ
ਸਿਰਸਾ ਤਹਿਸੀਲ ਵਿਚ ਤਾਇਨਾਤ।
ਸਿਰਸਾ ਨੇੜੇ ਹੀ
ਅਮੋਲਕ ਸਿੰਘ ਦਾ ਪਿੰਡ ਸੀ,
ਪਤਾ ਲੱਗਾ ਜਦੋਂ ਹੋਈ ਗੱਲਬਾਤ।

ਦੱਸਿਆ ਮੈਂ ਵੀ ਚੰਡੀਗੜ੍ਹ ਹੈ ਜਾਣਾ,
ਸੈਕਟਰ 15 ਵਿਚ ਕਿਰਾਏ 'ਤੇ ਹੈ
ਮੇਰਾ ਟਿਕਾਣਾ
ਕਹਿਣ ਲੱਗੇ ਕਿ
ਤੁਹਾਡੇ ਲਾਗੇ ਕਮਰਾ ਹੈ ਖਾਲੀ,
ਸਾਡੇ ਮਕਾਨ 'ਚ ਹੀ ਆ ਗਏ

ਉਹ ਤੇ ਘਰਵਾਲੀ।
ਉਹ ਵੀ ਟ੍ਰਿਬਿਊਨ ਦੇ
ਕੰਮਕਾਰ 'ਚ ਮਸਰੂਫ,
ਦਫ਼ਤਰੀ ਕੰਮ ਤੋਂ ਵਾਧੂ ਮੇਰੀ
ਹੋਰ ਕੰਮਾਂ 'ਚ ਵੀ ਸੀ ਭਾਈਵਾਲੀ।

ਦੋ ਮਹੀਨਿਆਂ ਬਾਅਦ
ਮਿਲ ਗਿਆ ਕਲੋਨੀ ਦਾ ਕੁਆਰਾਟਰ,
ਦੋ ਕੁ ਸਾਲ ਬਾਅਦ
ਬੇਟੇ ਦੀ ਦੇਣ ਗਿਆ ਵਧਾਈ।
ਰੁਝੇਵਿਆਂ 'ਚੋਂ ਨਿਕਲ ਪਤਾ ਕੀਤਾ,
ਟ੍ਰਿਬਿਊਨ ਵਿਚ 2011 'ਚ
ਇਕ ਰਚਨਾ ਸੀ ਛਪਾਈ।
ਪਤਾ ਕੀਤਾ ਅਮੋਲਕ ਸਿੰਘ ਬਾਰੇ,
ਥਹੁ ਪਤਾ ਨਾ ਲੱਗਿਆ ਕਾਈ।
ਵਿਦੇਸ਼ ਬੈਠੇ ਦੋਸਤ ਤੋਂ ਮਿਲੀ ਜਾਣਕਾਰੀ,
ਉਨ੍ਹਾਂ ਅਮਰੀਕਾ ਵਿਚ
'ਪੰਜਾਬ ਟਾਈਮਜ਼' ਹੈ ਚਲਾਈ।

ਸਿਹਤ ਉਨ੍ਹਾਂ ਦੀ ਠੀਕ ਨਹੀਂ ਰਹਿੰਦੀ,
ਫਿਰ ਵੀ ਉਨ੍ਹਾਂ ਦੀ ਦੇਖ-ਰੇਖ 'ਚ
ਕੰਮ ਚਲੇ ਬਲਾਈ।

ਪੂਰਬ ਪੱਛਮ ਉੱਤਰ ਦੱਖਣ 'ਚ
ਖੂਬ ਚਮਕਿਆ
ਨਾਮ ਉਨ੍ਹਾਂ ਦਾ, ਮੈਂ ਵੀ ਦਿੱਤੀ ਵਧਾਈ।
ਆਖਿਰ (2021) ਅੰਬਰਾਂ ਤੋਂ
ਆਇਆ ਬੁਲਾਵਾ,
ਜਿੱਥੇ ਪੇਸ਼ ਨੂੰ ਕਿਸੇ ਦੀ ਜਾਈ।

ਲੱਗਦਾ ਨਹੀਂ ਉਹ ਸਾਡੇ ਤੋਂ ਦੂਰ ਗਏ,
ਹਰ ਵੇਲੇ ਪਹਿਲੀ ਮੁਲਾਕਾਤ ਰਹਿੰਦੀ ਛਾਈ।
ਅਰਦਾਸ ਕਰੀਏ ਵਾਹਿਗੁਰੂ ਅੱਗੇ,
ਦੀਦੀ ਨੂੰ ਬਲ ਬਖ਼ਸ਼ੇ
ਪਰਮਾਤਮਾ ਹੋਵੇ ਸਹਾਈ।
ਅੰਬਰਾਂ 'ਚ ਸਾਡੇ ਸਤਿਕਾਰਯੋਗ ਵੀਰ
ਦੀ ਰੂਹ ਨੂੰ, ਸ਼ਾਂਤੀ ਦੀ ਕਰੇ ਰਸਾਈ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾਂ (ਪਟਿਆਲਾ)*
*ਫੋਨ: +91 9878469639*

## ਅਗਾਂਹਵਧੂ ਵਿਚਾਰਾਂ ਦੇ ਧਾਰਨੀ ਸਨ ਅਮੋਲਕ ਸਿੰਘ

ਅਗਾਂਹਵਧੂ ਵਿਚਾਰਾਂ ਦੇ ਧਾਰਨੀ, ਅੱਖਰਾਂ-ਸ਼ਬਦਾਂ ਦੇ ਗਿਆਤਾ, ਇਨਸਾਨੀਅਤ ਨਾਲ ਪਰਨਾਏ ਅਮੋਲਕ ਸਿੰਘ ਜੰਮੂ ਜਿਨ੍ਹਾਂ ਨਾਲ ਕਦੇ ਮੁਲਾਕਾਤ ਤਾਂ ਨਹੀਂ ਸੀ ਹੋਈ ਪਰ ਇੰਝ ਲੱਗਦਾ ਸੀ ਜਿਵੇਂ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਹਰ ਹਫਤੇ ਉਨ੍ਹਾਂ ਨਾਲ ਮਿਲਦੇ ਆ ਰਹੇ ਸਾਂ।

ਅਮੋਲਕ ਦੀ ਜ਼ਿੰਦਾ-ਦਿਲੀ, ਗਿਆਨ-ਭੰਡਾਰ, ਵੱਖ-ਵੱਖ ਵਿਸ਼ਿਆਂ ਉਪਰ ਮਜਬੂਤ ਪਕੜ ਵਿਲੱਖਣ ਸੀ। ਲੇਖਕਾਂ ਦੀ ਲੇਖਣੀ ਵਿਚਲੀਆਂ ਤਰੁੱਟੀਆਂ ਨੂੰ ਦੂਰ ਕਰਨਾ, ਉਨ੍ਹਾਂ ਨੂੰ ਸਹੀ ਤਰੀਕੇ ਨਾਲ ਪੇਸ਼ ਕਰਨਾ ਤੇ ਲੇਖਕਾਂ ਨੂੰ ਪਤਾ ਵੀ ਨਾ ਲੱਗਣ ਦੇਣਾ, ਇਹ ਉਨ੍ਹਾਂ ਦੀ ਬਹੁਪੱਖੀ ਸਖ਼ਸ਼ੀਅਤ ਦਾ ਕਮਾਲ ਸੀ। ਨਾਮੁਰਾਦ ਬਿਮਾਰੀ ਦੇ ਬਾਵਜੂਦ ਉਨ੍ਹਾਂ ਨੇ ਸਖਤ ਮਿਹਨਤ ਕੀਤੀ, ਜਿਸ ਸਦਕਾ ਅੱਜ ਪੰਜਾਬ ਟਾਈਮਜ਼ ਉਤਰੀ ਅਮਰੀਕਾ ਦਾ ਸਿਰਮੌਰ ਅਖਬਾਰ ਹੈ। ਭੈਣ ਜਸਪ੍ਰੀਤ ਨੂੰ ਸਲਾਮ ਹੈ ਜਿਨ੍ਹਾਂ ਦੀ ਅਣਥੱਕ ਘਾਲਣਾ ਸਦਕਾ ਪਾਠਕ ਹਰ ਹਫਤੇ ਅਮੋਲਕ ਜੀ ਨਾਲ ਸੰਵਾਦ ਰਚਾ ਰਹੇ ਹਨ। ਸਾਨੂੰ 'ਪੰਜਾਬ ਟਾਈਮਜ਼ ਨੂੰ ਚਲਦਾ ਰਖਣ ਲਈ ਆਪੋ-ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। *-ਧਰਮ ਸਿੰਘ ਗੋਰਾਇਆ*

# ਕਿਸਾਨ ਸੰਘਰਸ਼ ਦੀ ਸਦੀ

ਕਲਾ ਪਰਿਕਰਮਾ

ਸਿਆਸੀ ਵਿਸ਼ਲੇਸ਼ਕ ਪ੍ਰੋਫੈਸਰ ਰੌਣਕੀ ਰਾਮ ਦੀ ਅੰਗਰੇਜ਼ੀ ਵਿਚ ਲਿਖੀ ਦਸਤਾਵੇਜ਼ੀ ਪੁਸਤਕ 'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚਾ ਤੱਕ: ਪੰਜਾਬ ਕਿਸਾਨ ਸੰਘਰਸ਼ ਦੀ ਸਦੀ (1907-2021)' ਵਿਚ ਕਿਸਾਨ ਸੰਘਰਸ਼ ਦੇ ਵੱਖੋ-ਵੱਖਰੇ ਦੌਰਾਂ ਦੇ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਵਿਚ ਇਤਿਹਾਸਕ ਪਹਿਲੂਆਂ ਤੋਂ ਲੈ ਕੇ ਸਿਆਸੀ ਵਿਰੋਧਤਾਈਆਂ ਦੇ ਨਾਲ-ਨਾਲ ਪੰਜਾਬ ਦੀ ਧਰਾਤਲ ਵਿਚ ਕਾਰਜਸ਼ੀਲ ਪਹਿਲੂ ਵੀ ਸ਼ਾਮਲ ਹਨ। ਪੰਜਾਬ ਦੀ ਸਰਜ਼ਮੀਨ ਉਤੇ ਸਦੀਆਂ ਤੋਂ ਖੇਤੀਬਾੜੀ ਅਜਿਹਾ ਕਿੱਤਾ ਰਿਹਾ ਹੈ ਜੋ ਇਸ ਦੀ ਰਾਜਨੀਤੀ, ਆਰਥਕਤਾ, ਸਮਾਜਕਤਾ, ਧਾਰਮਿਕਤਾ ਅਤੇ ਸਾਹਿਤਕਾਰੀ ਨੂੰ ਪ੍ਰਭਾਵਿਤ ਕਰਦਾ ਹੈ। ਪੰਜਾਬ ਦੀ ਸਮੁੱਚੀ ਇਤਿਹਾਸਕਾਰੀ



ਡਾ. ਕੁਲਦੀਪ ਸਿੰਘ
ਫੋਨ: +91-98151-15429


ਕਿਸੇ ਵੀ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਹੋਵੇ, ਉਸ ਵਿਚ ਖੇਤੀਬਾੜੀ ਅਤੇ ਇਸ ਨਾਲ ਜੁੜੇ ਵੱਖ-ਵੱਖ ਕਿੱਤੇ ਤੇ ਪਹਿਲੂ ਆਪਣੇ-ਆਪ ਵਿਚ ਹੀ ਅਟੁੱਟ ਰੂਪ ਵਿਚ ਆ ਜਾਂਦੇ ਹਨ।

ਪੁਸਤਕ 'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚਾ ਤੱਕ: ਪੰਜਾਬ ਕਿਸਾਨ ਸੰਘਰਸ਼ ਦੀ ਸਦੀ' ਵਿਚ ਪ੍ਰੋਫੈਸਰ ਰੌਣਕੀ ਰਾਮ ਦੀ ਸਿਆਸੀ ਪੜਚੋਲ ਵਾਲੀ ਨਜ਼ਰ, ਇਤਿਹਾਸਕ ਦੌਰਾਂ ਦੀ ਨਿਸ਼ਾਨਦੇਹੀ, ਬੀਤੇ ਤੇ ਵਰਤਮਾਨ ਸਮਿਆਂ ਦੀਆਂ ਰਾਜਨੀਤਕ ਵਿਸੰਗਤੀਆਂ ਦੀ ਪਰਖ ਪੜਚੋਲ ਕਰ ਕੇ ਮੁੱਲਵਾਨ, ਸਾਂਭਣਯੋਗ ਦਸਤਾਵੇਜ਼ੀ ਕਾਰਜ ਕੀਤਾ ਹੈ। ਜਿਸ ਤਰ੍ਹਾਂ ਇਕ ਸਦੀ ਲੰਮੇ ਇਤਿਹਾਸਕ ਅਹਿੰਸਕ ਕਿਸਾਨ ਅੰਦੋਲਨ ਨੂੰ ਲੇਖੇ-ਜੋਖੇ ਦੇ ਰੂਪ ਵਿਚ ਕਲਮਬੱਧ ਕੀਤਾ ਹੈ, ਇਹ ਭਵਿੱਖ ਦੇ ਖੋਜਾਰਥੀਆਂ ਲਈ ਹਵਾਲਾ ਪੁਸਤਕ ਸਾਬਿਤ ਹੋਵੇਗੀ।

ਸਾਲ 2020 ਤੋਂ 2021 ਤੱਕ ਦੇ ਭਿਆਨਕ ਸਮਿਆਂ ਵਿਚ ਕੋਵਿਡ-19 ਨੇ ਜਿੰਨੀ ਸ਼ਿੱਦਤ ਨਾਲ ਸਮਾਜਕ ਜੀਵਨ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਹਰ ਖੇਤਰ ਵਿਚ ਚੱਲ ਰਹੇ ਸੰਘਰਸ਼ਾਂ ਨੂੰ ਨਿਹੱਥਲ ਕਰ ਦਿੱਤਾ ਸੀ, ਉਸ ਸਮੇਂ ਅਜਿਹੀ ਕਿਸਾਨ ਲਹਿਰ ਦਾ ਉਦੈ ਹੋਣਾ ਅਤੇ ਵੱਖ-ਵੱਖ ਸਮਾਜਕ ਵਰਗਾਂ ਨੂੰ ਇਸ ਵਿਚ ਸ਼ਾਮਿਲ ਕਰਨਾ ਇਹ ਦਰਸਾਉਂਦਾ ਸੀ ਕਿ ਪੰਜਾਬ ਦੀ ਆਰਥਕ ਰਾਜਨੀਤਕ ਬਣਤਰ ਵਿਚ ਜਿੱਥੇ ਖੇਤੀਬਾੜੀ ਖੇਤਰ ਵਿਚ ਤਬਦੀਲੀਆਂ ਵਾਪਰਦੀਆਂ ਹਨ, ਉੱਥੇ ਨਵੀਂ ਕਿਸਮ ਦੇ ਸੰਘਰਸ਼ ਅਤੇ ਲੜਾਈਆਂ ਨੇ ਵੀ ਜਨਮ ਲਿਆ।

ਹਾਲਾਂਕਿ ਪੰਜਾਬ ਲਗਾਤਾਰ ਕਈ ਕਿਸਮ ਦੀਆਂ ਤਬਦੀਲੀਆਂ ਦੇ ਦੌਰ ਵਿਚੋਂ ਗੁਜ਼ਰਦਾ ਰਿਹਾ ਹੈ ਜਿਨ੍ਹਾਂ ਵਿਚ ਬੁਨਿਆਦੀ ਤੌਰ 'ਤੇ ਆਰਥਕ ਕਾਰਨ ਹੀ ਕਿਰਿਆਸ਼ੀਲ ਰਹੇ ਹਨ, ਭਾਵੇਂ ਇਨ੍ਹਾਂ ਵਿਚੋਂ ਕਈ ਕਿਸਮ ਦੀ ਰਾਜਨੀਤੀ ਪਨਪਦੀ ਰਹੀ ਹੈ। ਪ੍ਰੋਫੈਸਰ ਰੌਣਕੀ ਰਾਮ ਅਨੁਸਾਰ ਪੂੰਜੀਵਾਦੀ ਦੌਰ ਦੇ ਸੰਸਾਰੀਕਰਨ ਨੇ ਤਿੰਨ ਖੇਤੀ ਕਾਨੂੰਨਾਂ ਰਾਹੀਂ ਸਮੁੱਚੇ ਪੰਜਾਬੀ ਸਮਾਜ ਨੂੰ ਆਧੁਨਿਕ ਮੰਡੀ ਦੀਆਂ ਤਾਕਤਾਂ ਅੱਗੇ ਸੁੱਟ ਦੇਣਾ ਸੀ। ਉਸ ਦੀ ਸਮਝ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਸ ਕਰਕੇ ਆ ਗਈ ਕਿਉਂਕਿ ਉਹ ਆਰਥਕ ਖੇਤਰ ਦੀਆਂ ਤਬਦੀਲੀਆਂ ਨੂੰ ਪਹਿਲਾਂ ਹੀ ਸੰਸਾਰ ਬੈਂਕ ਅਤੇ ਆਈ.ਐਮ.ਐਫ. ਦੀ ਸਮਝ ਹੋਣ ਕਰਕੇ ਸਮਝ ਰਹੇ ਸਨ। ਇਸ ਕਰਕੇ ਜਿਉਂ ਹੀ ਤਿੰਨ ਕਾਨੂੰਨ ਆਉਂਦੇ ਹਨ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਖੋ-ਵੱਖਰੇ ਢੰਗਾਂ ਰਾਹੀਂ ਇਸ ਦੇ ਵਿਰੋਧ ਵਿਚ ਡਟ ਜਾਂਦੀਆਂ ਹਨ।

ਇਸ ਦੌਰ ਦੇ ਦੁਨੀਆ ਦੇ ਸਭ ਤੋਂ ਵੱਡੇ, ਲੰਮੇ ਅਤੇ ਸ਼ਾਂਤਮਈ ਸੰਘਰਸ਼ ਨੇ ਵੱਖੋ-ਵੱਖਰੀਆਂ ਸਿਆਸੀ ਵਖਰੇਵੇਂ ਵਾਲੀਆਂ ਵਿਚਾਰਧਾਰਾਵਾਂ ਹੋਣ ਦੇ ਬਾਵਜੂਦ ਇੱਕਜੁੱਟ ਸੰਘਰਸ਼ ਕੀਤਾ ਜਿਸ ਦੀ ਤਾਕਤ ਸਦਕਾ ਹੀ




ਕਿਤਾਬ ਦਾ ਮੁਖੜਾ



ਪ੍ਰੋਫੈਸਰ ਰੌਣਕੀ ਰਾਮ

ਸੱਜੇ ਪੱਖੀ ਅਤੇ ਕਾਰਪੋਰੇਟ ਘਰਾਣਿਆਂ ਨਾਲ ਇਕਜੁੱਟ ਹੋ ਕੇ ਚੱਲਣ ਵਾਲੀ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣੇ ਪਏ। ਇਹ ਕਿਸਾਨ ਅੰਦੋਲਨ ਭਾਵੇਂ ਪੰਜਾਬ ਤੋਂ ਸ਼ੁਰੂ ਹੋਇਆ ਪਰ ਦਿੱਲੀ ਦੀਆਂ ਬਰੂਹਾਂ ਉਤੇ ਇਕਜੁੱਟ ਰੂਪ ਵਿਚ ਸ਼ੁਰੂ ਹੋਣ ਕਰਕੇ ਇਸ ਨੇ ਸਮੁੱਚੇ ਭਾਰਤ, ਖਾਸਕਰ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਨੂੰ ਆਪਣੇ ਕਲਾਵੇ ਵਿਚ ਲੈ ਗਿਆ। ਪ੍ਰੋਫੈਸਰ ਰੌਣਕੀ ਰਾਮ ਇਸ ਪੁਸਤਕ ਰਾਹੀਂ ਵੱਖ-ਵੱਖ ਦੌਰਾਂ ਵਿਚ ਲੜੇ ਸੰਘਰਸ਼ਾਂ ਨੂੰ ਬੜੇ ਤਰਕਮਈ ਢੰਗ ਨਾਲ ਪੰਜਾਬ ਦੀ ਧਰਤੀ ਦੇ ਵਹਿਣ ਦੇ ਰੂਪ ਵਿਚ ਦੇਖਦਾ ਹੈ, ਚਾਹੇ ਉਹ ਬਰਤਾਨਵੀ ਹਕੂਮਤ ਖਿਲਾਫ ਆਜ਼ਾਦੀ ਤੋਂ ਪਹਿਲਾਂ ਲੜੇ ਗਏ, ਤੇ ਚਾਹੇ ਦੇਸ਼ ਦੀ ਆਜ਼ਾਦੀ ਤੋਂ ਬਾਅਦ। ਸਮੁੱਚੇ ਇਤਿਹਾਸਕ ਦੌਰ ਵਿਚ ਖੇਤੀਬਾੜੀ ਸੰਕਟ, ਕਿਸਾਨੀ ਵਿਚ ਬੇਚੈਨੀ ਅਤੇ ਸਰਕਾਰੀ ਜਬਰ ਪੰਜਾਬ ਦੇ ਕਿਸਾਨੀ ਸੰਘਰਸ਼ਾਂ ਦਾ 1839 ਤੋਂ ਅਟੁੱਟ ਹਿੱਸਾ ਰਹੇ ਹਨ। ਹਰ ਇਤਿਹਾਸਕ ਦੌਰ ਵਿਚ ਕਿਸਾਨ ਸੰਘਰਸ਼ ਬਾਰੇ ਸਮਝ ਅਤੇ ਉਨ੍ਹਾਂ ਦੇ ਸੰਘਰਸ਼ੀ ਰੂਪਾਂ ਵਿਚਲੇ ਕਾਰਨਾਂ ਨੂੰ ਬੜੇ ਹੀ ਨੁਕਤਾਚੀਨੀ ਵਾਲੇ ਨਜ਼ਰੀਏ ਤੋਂ ਪ੍ਰੋਫੈਸਰ ਰੌਣਕੀ ਰਾਮ ਨੇ ਪਰਖਿਆ ਪੜਚੋਲਿਆ ਹੈ।

ਆਜ਼ਾਦੀ ਤੋਂ ਪਹਿਲਾਂ ਪਗੜੀ ਸੰਭਾਲ ਲਹਿਰ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਅਗਵਾਈ ਵਿਚ ਹੋਈ ਜਿਸ ਨੇ ਇਕ ਤੋਂ ਦੂਜੀ ਪੀੜ੍ਹੀ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਸਮਾਜ ਵਿਚ ਬੁਰੀ ਤਰ੍ਹਾਂ ਕਾਰਜਸ਼ੀਲ ਸੂਦਖੋਰੀ ਪ੍ਰਬੰਧ ਅਤੇ ਉਸ ਵਿਚਲੇ ਦਾਬੇ ਦੀ ਨਿਸ਼ਾਨਦੇਹੀ ਵੀ ਕੀਤੀ। ਇਸ ਦੇ ਨਾਲ ਹੀ ਪੱਛਮੀ ਪੰਜਾਬ ਵਿਚ ਸਮਾਜਕ ਅਤੇ ਸਿਆਸੀ ਚੇਤਨਾ ਪੈਦਾ ਹੋਈ ਜਿਸ ਵਿਚ ਇੱਜ਼ਤ (ਮਾਣ, ਸਵੈ-ਮਾਣ, ਖੁਦਮੁਖਤਾਰੀ) ਦੇ ਸੰਕਲਪ ਤਹਿਤ ਕਿਸਾਨੀ ਸੰਘਰਸ਼ ਨੂੰ ਬਰਤਾਨਵੀ ਸ਼ਾਸਨ ਖਿਲਾਫ ਪ੍ਰੇਰਕ ਦਾ ਕੰਮ ਕੀਤਾ। ਇਸੇ ਤਰ੍ਹਾਂ ਬਾਬਾ ਜਵਾਲਾ ਸਿੰਘ ਠੱਠੀਆਂ (1866-1938) ਜਿਹੜੇ ਪੰਜਾਬ ਕਿਸਾਨ ਸਭਾ ਦੇ ਪਹਿਲੇ ਪ੍ਰਧਾਨ ਸਨ, ਨੇ ਦੇਸ਼ਭਗਤ ਆਗੂ ਵਜੋਂ ਕਾਰਜ ਕਰਨ ਤੋਂ ਲੈ ਕੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਇਨਕਲਾਬੀ ਲਹਿਰ ਨੂੰ ਨਵੇਂ ਰੂਪ ਵਿਚ ਵਿਕਸਿਤ ਕੀਤਾ। ਇਸੇ ਕੜੀ ਵਿਚ ਹੀ ਨੀਲੀਬਾਰ ਮੋਰਚਾ, ਅੰਮ੍ਰਿਤਸਰ ਮੋਰਚਾ, ਮੁਜ਼ਾਰਾ ਸੰਘਰਸ਼ ਗੁਰਦਾਸਪੁਰ, ਚੜਿੱਕ ਮੋਰਚਾ, ਕੋਟਾਣਾ ਸੰਘਰਸ਼, ਲਾਹੌਰ ਮੋਰਚਾ, ਹਰਸ਼ਾ ਛੀਨਾ ਮੋਰਚਾ, ਉੜਮੁੜ ਟਾਂਡਾ ਮੋਰਚਾ ਆਦਿ ਦੇ ਵੱਖ-ਵੱਖ ਪਹਿਲੂਆਂ ਨੂੰ ਇਤਿਹਾਸਕਾਰੀ ਦੇ ਪੱਖ ਤੋਂ ਤੱਥਾਂ ਸਮੇਤ ਪੁਸਤਕ ਵਿਚ ਦਰਜ ਕੀਤਾ ਗਿਆ ਹੈ।

ਅਜ਼ਾਦੀ ਤੋਂ ਬਾਅਦ ਜਿਸ ਨੂੰ ਪ੍ਰੋਫੈਸਰ ਰੌਣਕੀ ਰਾਮ ਪੰਜਾਬ ਦੀ ਵੰਡ ਤੋਂ ਬਾਅਦ ਦਾ ਸਮਾਂ ਕਹਿੰਦੇ ਨੇ, ਦੇ ਦੌਰ ਦੇ ਕਿਸਾਨੀ ਸੰਘਰਸ਼ਾਂ ਦਾ ਉਲੇਖ ਕਰਦਿਆਂ ਉਨ੍ਹਾਂ ਨੇ ਮੁਜ਼ਾਰਾ ਲਹਿਰ, ਖੁਸ਼ਹੈਸੀਅਤ ਟੈਕਸ ਖਿਲਾਫ ਮੋਰਚਾ ਅਤੇ ਮਹਿਤਪੁਰ ਬੇਟ ਮੋਰਚਾ ਨੂੰ ਤੱਥਾਂ ਸਮੇਤ ਅਤੇ ਵੱਖ-ਵੱਖ ਦਸਤਾਵੇਜ਼ਾਂ ਨੂੰ ਖੰਘਾਲਦਿਆਂ ਕਿਸਾਨ ਮੋਰਚੇ ਦੇ ਅਜੋਕੇ ਪ੍ਰਸੰਗਾਂ ਨਾਲ ਜੋੜਿਆ ਹੈ। ਇਸੇ ਤਰ੍ਹਾਂ ਕਮਿਊਨਿਸਟ ਪਾਰਟੀ ਅਤੇ ਪੈਪਸੂ ਮੁਜ਼ਾਰਾ ਲਹਿਰ ਵਿਚ ਕਾਰਜਸ਼ੀਲ ਪਹਿਲੂਆਂ ਨੂੰ ਅਪਣਾਉਂਦੇ ਹੋਏ ਪੰਜਾਬ ਖੇਤੀਬਾੜੀ ਜਿਮੀਂਦਾਰਾ ਯੂਨੀਅਨ ਨੇ ਚੰਡੀਗੜ੍ਹ ਮੋਰਚਾ ਦੇ ਰੂਪ ਵਿਚ 1985 ਵਿਚ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿਚ ਲੜਿਆ। ਇਨ੍ਹਾਂ ਵੱਖ-ਵੱਖ ਪਹਿਲੂਆਂ ਨੂੰ ਸਮਝਦਿਆਂ, ਵਾਚਦਿਆਂ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਵੱਖ-ਵੱਖ ਵੰਨਗੀਆਂ ਦੀਆਂ ਕਿਸਾਨ ਯੂਨੀਅਨਾਂ ਤੇ ਉਨ੍ਹਾਂ ਵਿਚਲੇ ਵਿਰੋਧਾਭਾਸ ਦਾ ਉਲੇਖ ਦਿਖਾਈ ਦਿੰਦਾ ਹੈ ਪਰ ਪੰਜਾਬ ਦੇ ਧਰਾਤਲ ਵਿਚ ਕਿਸਾਨ ਸੰਘਰਸ਼ਾਂ ਦਾ ਇਤਿਹਾਸ ਇਸ ਸੰਘਰਸ਼ ਵਿਚ ਵੀ ਅਚੇਤ ਜਾਂ ਸੁਚੇਤ ਰੂਪ ਵਿਚ ਕਾਰਜਸ਼ੀਲ ਸੀ।

ਹਰੀ ਕ੍ਰਾਂਤੀ ਤੋਂ ਬਾਅਦ ਕਈ ਨਵੀਆਂ ਚਣੌਤੀਆਂ ਪੂੰਜੀਵਾਦੀ ਚੱਲਣ ਢੰਗ ਅਤੇ ਸੰਕਟਾਂ ਨਾਲ ਜੁੜੀਆਂ ਹੋਈਆਂ ਹਨ। ਇਸ ਦੇ ਨਾਲ ਹੀ ਸੰਸਾਰ ਬੈਂਕ ਅਤੇ ਆਈ.ਐਮ.ਐਫ. ਦਾ ਅਸਰ ਸਮੁੱਚੀ ਪੈਦਾਵਾਰੀ ਦਿਸ਼ਾ ਉਪਰ ਰਿਹਾ ਹੈ। ਇਸ ਵੱਲੋਂ ਪੰਜਾਬ ਅਤੇ ਹਰਿਆਣਾ ਦੀ ਆਰਥਕਤਾ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਇਸ ਵਿਚ ਪੈਦਾ ਹੋਏ ਨਵੇਂ ਮਸਲਿਆਂ ਖਾਸ ਕਰਕੇ ਸਬਸਿਡੀਆਂ, ਪਾਣੀ ਦੇ ਪੱਧਰ ਦਾ ਹੇਠਾਂ ਡਿੱਗਣਾ, ਦਵਾਈਆਂ ਦੀ ਵੱਧ ਵਰਤੋਂ ਕਰਨਾ, ਨਫੇ 'ਤੇ ਆਧਾਰਿਤ ਨਵੇਂ ਕਿਸਮ ਨਾਲ ਪੰਜਾਬੀ ਸਮਾਜ ਵਿਚ ਤਰੇੜਾਂ ਦਾ ਉਤਪੰਨ ਹੋਣਾ ਆਦਿ ਸਵਾਲਾਂ ਨੂੰ ਵੀ ਇਸ ਪੁਸਤਕ ਵਿਚ ਦਰਜ ਕੀਤਾ ਗਿਆ ਹੈ।

ਕਿਸਾਨ ਸੰਘਰਸ਼ ਦੀਆਂ ਇਨ੍ਹਾਂ ਵੱਖੋ-ਵੱਖਰੇ ਪੱਧਰ ਦੀਆਂ ਲੜਾਈਆਂ ਵਿਚ ਅਚੇਤ ਜਾਂ ਸੁਚੇਤ ਰੂਪ ਵਿਚ ਮੌਜੂਦਾ ਪ੍ਰਬੰਧ ਨਾਲ ਟਕਰਾਉਣ ਵਾਲੀਆਂ ਜਾਂ ਉਸ ਵਿਚ ਸੰਮਿਲਤ ਹੋਣ ਵਾਲੇ ਰਾਜਨੀਤਕ ਵਿਚਾਰਾਂ ਅਤੇ ਵਿਚਾਰਧਾਰਾਵਾਂ ਉਪਰ ਕਾਰਜ ਕਰਨਾ ਆਉਣ ਵਾਲੇ ਸਮੇਂ ਦੀ ਅਹਿਮ ਜ਼ਰੂਰਤ ਹੈ ਕਿਉਂਕਿ ਵੱਖ-ਵੱਖ ਪੱਧਰਾਂ ਦੀ ਕਿਸਾਨੀ ਜਦੋਂ ਇਕਜੁਟ ਹੋ ਕੇ ਸੰਘਰਸ਼ ਵਿਚ ਉਤਰਦੀ ਹੈ ਤਾਂ ਕਈ ਵਾਰੀ ਉਨ੍ਹਾਂ ਦੇ ਕੁਝ ਟਕਰਾਅ ਵਾਲੇ ਹਿੱਤ ਮੁੜ ਸੱਤਾ ਨਾਲ ਜੁੜਨ ਜਾਂ ਦੂਰ ਰਹਿਣ ਦੇ ਰੂਪ ਵਿਚ ਸਪਸ਼ਟ ਦਿਖਾਈ ਦੇਣ ਲੱਗਦੇ ਹਨ।

ਇਹ ਸਵਾਲ ਹਾਲੇ ਪੰਜਾਬ ਦੇ ਇਤਿਹਾਸਕਾਰੀ, ਰਾਜਨੀਤੀ ਅਤੇ ਸਮਾਜਕ ਤਾਣੇਬਾਣੇ ਦੀ ਬਣਤਰ ਨਾਲ ਜੂਝ ਰਹੇ ਵਿਦਵਾਨਾਂ ਦੇ ਸਾਹਮਣੇ ਖੜ੍ਹੇ ਹਨ। ਭਵਿੱਖ ਵਿਚ ਇਹ ਪੁਸਤਕ ਭਲਾ ਹੀ ਦਸਤਾਵੇਜ਼ੀ ਕਾਰਜ ਕਰਦੀ ਪ੍ਰਤੀਤ ਹੁੰਦੀ ਹੈ ਪਰ ਇਸ ਨੂੰ ਰਹਿ ਗਏ ਖੱਪਿਆਂ 'ਚੋਂ ਸਿੱਖਦਿਆਂ ਇਨ੍ਹਾਂ ਨੂੰ ਪੂਰਨ ਦੀ ਜ਼ਰੂਰਤ ਹੈ। ਇਉਂ ਇਹ ਪੁਸਤਕ ਨਵੇਂ ਖੋਜਾਰਥੀਆਂ ਲਈ ਮੁੱਲਵਾਨ ਹੈ ਅਤੇ ਪ੍ਰੌਢ ਸੋਚਵਾਨਾਂ ਲਈ ਹੋਰ ਕਾਰਜ ਕਰਨ ਵਾਸਤੇ ਕੁਝ ਨੁਕਤੇ ਪੇਸ਼ ਕਰਦੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਮਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-532



ਲੂੰਹਦੀ ਹੋਈ ਧੁੱਪ ਨੇ ਪਹਿਲਾਂ ਸੀਨਾ ਸਾੜਿਆ,
ਉੱਤੋਂ ਤਪਦਾ ਪਾਣੀ ਪੀ ਕੇ ਫਿਰ ਦਿਲ ਠਾਰਿਆ।
ਵਾਢੀ ਕਰ ਦਿੰਦੀ ਆ ਸਰੀਰ ਦੀਆਂ ਬੋਟੀਆਂ,
ਖੂਨ ਪਸੀਨਾ ਇਕ ਕਰ ਕੇ ਪੱਕਦੀਆਂ ਰੋਟੀਆਂ।

### ਕੈਪਸ਼ਨ ਮੁਕਾਬਲਾ-530



ਨਵੇਂ ਬੱਚੇ ਦੀ ਆਮਦ 'ਤੇ
ਮਾਪਿਆਂ ਨਾਲੋਂ ਵੱਧ
ਦਾਦਾ ਦਾਦੀ ਨੇ ਖੁਸ਼ੀ ਮਨਾਈ।
ਵਧਾਈਆਂ ਦੇ ਵਿਚ ਬਾਵਰੇ ਹੋਏ ਫਿਰਦੇ,
ਕੁਦਰਤ ਨੇ ਕੈਸੀ ਮੋਹ ਦੀ ਤੰਦ ਪਾਈ।
ਪਰਿਵਾਰ ਕੋਲੋਂ ਚੰਗੇ ਸੰਸਕਾਰ
ਲੈ ਨੰਨ੍ਹੇ ਮੁੰਨੇ ਨੇ,
ਅੱਲ੍ਹੜਪੁਣੇ ਤਕ ਦੋਸਤਾਂ ਮਿੱਤਰਾਂ 'ਚ
ਕਰਨੀ ਰਸਾਈ।
ਜਵਾਨੀ ਦੀ ਦਹਿਲੀਜ਼ ਪਾਰ ਕਰਦਿਆਂ,
ਮਾਪਿਆਂ ਤੇ ਬਜ਼ੁਰਗਾਂ ਦੀ
ਕਰਨੀ ਅਗਵਾਈ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*
*ਫੋਨ : 98784-69639*

---

ਕੋਹਾਂ ਤੱਕ ਜਾਂਦਾ ਲੱਗ ਪਤਾ
ਹੈ ਕੋਈ ਬੱਚਾ ਜਨਮਿਆ
ਖੁਸਰੇ, ਮਰਾਸੀ ਆ ਸਿੱਠਣੀਆਂ ਦਿੰਦੇ
ਏਕਾਂਤਵੱਸ ਬੁਢਾਪੇ 'ਚ ਦਾਦੀ ਬਾਬਾ
ਕੁੱਛੜ ਬੱਚਾ, ਕਰ ਲਾਡ
ਉਮਰ ਹੀ ਵਧ ਜਾਂਦੀ।
ਔਰਤ ਦੀ ਇੱਜ਼ਤ
ਦੁੱਗਣੀ ਚੌਗੁਣੀ ਹੁੰਦੀ
ਨਹੀਂ ਤਾਂ ਹਰ ਵੇਲੇ ਕੁੱਤੇਖਾਣੀ
ਇਹ ਕਦੇਸੜ ਕਿੱਥੋਂ ਆ ਗਈ।
ਜੰਮ ਪਿਆ ਬੱਚਾ
ਜੜ੍ਹ ਲੱਗੀ, ਔਂਤ ਨਹੀਂ ਮਰਦ
ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ
ਲੋਕ ਬੋਲਦੇ।
*-ਦਰਸ਼ਨ ਪਾਲ ਦੋਸਾਂਝ*

---

ਵਧਦੀ ਹੈ ਵੇਲ ਜਦੋਂ ਪਰਿਵਾਰ ਦੀ
ਤਾਂ ਖੁਸ਼ੀਆਂ ਦੀ ਰਹੇ ਨਾ ਹੱਦ ਕੋਈ,
ਜੜ੍ਹਾਂ ਵਿਚ ਆਉਂਦੀ ਹੈ ਰਵਾਨੀ,
ਮੌਲਦੀ ਹੈ ਹਰ ਡਾਲੀ ਪੱਤ ਪੱਤ ਸੋਈ।
ਬਾਬੇ ਦਾਦੀ ਵਿਹੜੇ ਚੰਨ ਚੜ੍ਹਦਾ,
ਖੁਸ਼ੀ ਫਿਰ ਲੁਕਦੀ ਨਾ ਲੁਕੋਈ,
ਦਿੰਦੇ ਅਸੀਸਾਂ ਵਾਰ ਵਾਰ ਚੁੰਮਦੇ,
ਹਰ ਚੀਜ਼ ਛੱਡਦੀ ਖੁਸ਼ਬੋਈ।
*-ਸੇਵਾ ਸਿੰਘ ਨੂਰਪੁਰੀ*
*ਫ਼ੋਨ: 408 912 3438*

---

ਲਾਡੋ ਰਾਣੀ ਜਦ ਘਰ ਵਿਚ ਆਈ,
ਖੁਸ਼ੀਆਂ ਖੇੜੇ ਨਾਲ ਲਿਆਈ।
ਘਰ ਦਾ ਹਰ ਜੀਅ ਫੁੱਲਿਆ ਫਿਰਦਾ।
ਹਰੇਕ ਦੇ ਮੂੰਹੋਂ ਹਾਸਾ ਕਿਰਦਾ।
ਆਖਿਓ ਨਾ ਕੋਈ ਪੱਥਰ ਇਸਨੂੰ,
ਸਾਨੂੰ ਤਾਂ ਮਿਲਿਆ ਅਰਸ਼ ਦਾ ਤਾਰਾ।
ਹਨੇਰਿਆਂ ਤਾਈਂ ਦੂਰ ਭਜਾ ਕੇ,
ਰੁਸ਼ਨਾਉਣਾ ਇਸ ਨੇ ਜੱਗ ਸਾਰਾ।
*-ਗੁਰਦੇਵ ਸਿੰਘ ਢਪਾਲੀ*
*ਗੁਰੂ ਤੇਗ ਬਹਾਦਰ ਨਗਰ, ਬਠਿੰਡਾ।*
*ਫੋਨ: 94176-49275*

---

ਦੁਨੀਆਂ ਦਾ ਹਰ ਇਨਸਾਨ
ਖੁਦ ਦੇ ਲਈ ਜਿਊਂਦਾ ਹੈ
ਪਰ ਮਾਤਾ ਪਿਤਾ ਹੀ ਇਕ
ਅਜਿਹੇ ਹੁੰਦੇ ਨੇ ਜੋ ਸਿਰਫ
ਆਪਣੀ ਔਲਾਦ ਲਈ ਜਿਊਂਦੇ ਨੇ।
*-ਬੱਲਾ ਲਬਾਣਾ*
*ਫੋਨ: 848-235-8344*

# ਬੋਧੀਆਂ ਦੀ ਬੁੱਕਲ

*ਮਨਮੋਹਨ ਸਿੰਘ ਬਾਵਾ ਅਜਿਹਾ ਸ਼ਖਸ ਹੈ ਜਿਸ ਨੇ ਵੱਖ-ਵੱਖ ਇਲਾਕਿਆਂ ਦੀਆਂ ਬਹੁਤ ਸਾਰੀਆਂ ਥਾਵਾਂ ਗਾਹੀਆਂ ਹਨ। ਅਜਿਹੇ ਸਫਰਾਂ ਅਤੇ ਮਿਥਿਹਾਸਕ-ਇਤਿਹਾਸਕ ਪਾਤਰਾਂ ਅਤੇ ਘਟਨਾਵਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਬਹੁਤ ਸਾਰੀਆਂ ਖੂਬਸੂਰਤ ਲਿਖਤਾਂ ਪੰਜਾਬੀ ਪਾਠਕਾਂ ਨੂੰ ਦਿੱਤੀਆਂ ਹਨ। ਇਸ ਲੇਖ ਵਿਚ ਉਨ੍ਹਾਂ ਆਪਣੇ ਪਹਿਲ-ਪਲੇਠੇ ਪੈਦਲ ਸਫਰ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ, ਜੋ ਦਿਲਚਸਪ ਤਾਂ ਹਨ ਹੀ, ਇਹ ਪਾਠਕ ਨੂੰ ਅਜਿਹੇ ਅਦਭੁੱਤ ਸਫਰਾਂ ਲਈ ਪ੍ਰੇਰਦੀਆਂ ਵੀ ਹਨ।*

ਜਦੋਂ ਮੈਂ ਹਾਲੇ ਸੋਲਾਂ-ਸਤਾਰਾਂ ਵਰ੍ਹਿਆਂ ਦਾ ਸਾਂ ਤਾਂ ਮੈਂ ਮੁੰਬਈ ਜਾਣ ਲਈ ਘਰੋਂ ਨੱਸ ਗਿਆ। ਇਸ ਦਾ ਕਾਰਨ ਇਹ ਸੀ ਕਿ ਮੇਰੇ ਵੱਡੇ ਭਰਾ ਅਤੇ ਮਾਂ-ਬਾਪ ਦਾ ਮੇਰੇ ਉਪਰ ਦਬਾਅ ਸੀ ਕਿ ਮੈਂ ਛੇਤੀ-ਛੇਤੀ ਟਾਈਪ ਕਰਨਾ ਸਿੱਖਾਂ ਅਤੇ ਕਲਰਕ ਦੀ ਨੌਕਰੀ 'ਤੇ ਲੱਗ ਜਾਵਾਂ ਪਰ ਮੈਨੂੰ ਉਦੋਂ ਤੱਕ ਚਿੱਤਰਕਲਾ ਦਾ ਸ਼ੌਕ ਹੋ ਗਿਆ ਸੀ। ਮੇਰੀ ਜਾਣਕਾਰੀ ਅਨੁਸਾਰ ਚਿੱਤਰਕਲਾ ਦਾ ਸਭ ਤੋਂ ਵੱਡਾ ਸਕੂਲ ਮੁੰਬਈ 'ਚ ਸਰ ਜੇ.ਜੇ. ਸਕੂਲ ਆਫ ਆਰਟ ਸੀ। ਮੈਂ ਇਧਰੋਂ-ਉਧਰੋਂ ਥੋੜ੍ਹੇ ਜਿਹੇ ਪੈਸੇ ਇਕੱਠੇ ਕਰ ਕੇ ਮੁੰਬਈ ਜਾਣ ਵਾਲੀ ਗੱਡੀ ਤੂਫਾਨ ਮੇਲ 'ਚ ਬੈਠ ਕੇ ਮੁੰਬਈ ਵੱਲ ਨੱਸ ਤੁਰਿਆ ਸਾਂ ਪਰ ਮੇਰੇ ਸੰਜੋਗ 'ਚ ਕੁਝ ਹੋਰ ਹੀ ਲਿਖਿਆ ਸੀ- ਖਾਸਕਰ ਉਹ ਜੋ ਮੇਰੇ ਨਾਲ ਮੁੰਬਈ ਪਹੁੰਚਣ ਤੋਂ ਪਹਿਲਾਂ ਹੋ ਗੁਜ਼ਰਿਆ। ਵਾਪਰਿਆ ਇਹ ਕਿ ਝਾਂਸੀ ਦੇ ਸਟੇਸ਼ਨ ਤੋਂ ਬਾਅਦ ਟੀ.ਟੀ.ਈ. ਸਵੇਰੇ-ਸਵੇਰੇ ਆ ਕੇ ਸਾਰਿਆਂ ਦੀਆਂ ਟਿਕਟਾਂ ਚੈੱਕ ਕਰਨ ਲੱਗਾ ਪਰ ਮੈਨੂੰ ਆਪਣੀ ਟਿਕਟ ਕਿਤੇ ਨਾ ਮਿਲੀ। ਰਾਤੀਂ ਸੌਣ ਲੱਗਿਆਂ ਕਿਤੇ ਡਿੱਗ-ਡੁੱਗ ਪਈ। ਉਸ ਤੋਂ ਅਗਲੇ ਗੰਜ ਬਸੋਦਾ ਸਟੇਸ਼ਨ 'ਤੇ ਗੱਡੀ ਰੁਕੀ ਤਾਂ ਟੀ.ਟੀ.ਈ. ਨੇ ਮੈਨੂੰ ਚਪੇੜ ਮਾਰ ਕੇ ਉਸ ਸਟੇਸ਼ਨ 'ਤੇ ਉਤਾਰ ਦਿੱਤਾ।



**ਮਨਮੋਹਨ ਸਿੰਘ ਬਾਵਾ**
ਫੋਨ: +91-81307-82551

ਮੈਂ ਅਨੁਭਵਹੀਣ ਮੁੰਡਾ। ਪੱਗ ਦੇ ਲੜ ਨਾਲ ਲੁਕਾਏ ਹੋਏ ਤੇਰਾਂ ਚੌਦਾਂ ਰੁਪਏ। ਸਵੇਰੇ-ਸਵੇਰੇ ਸਟੇਸ਼ਨ ਦੇ ਬਾਹਰ ਨਿਕਲਿਆ। ਚਾਹ ਦੀ ਦੁਕਾਨ ਵਾਲਾ ਅਜੇ ਆਪਣੀ ਅੰਗੀਠੀ ਮਘਾ ਰਿਹਾ ਸੀ। ਮੈਂ ਪੁੱਛਿਆ ਕਿ ਮੁੰਬਈ ਜਾਣ ਵਾਲੀ ਟਰੇਨ ਹੁਣ ਕਦੋਂ ਕੁ ਆਏਗੀ? ਉਸ ਦਾ ਜਵਾਬ ਸੀ ਕਿ ਮੁੰਬਈ ਜਾਣ ਵਾਲੀਆਂ ਤੇਜ਼ ਰਫਤਾਰ ਗੱਡੀਆਂ ਇੱਥੇ ਨਹੀਂ ਰੁਕਦੀਆਂ। ਮੇਰੇ ਵਾਲੀ ਟਰੇਨ ਸਿਗਨਲ ਡਾਊਨ ਨਾ ਹੋਣ ਕਾਰਨ ਰੁਕ ਗਈ ਸੀ। ਉਂਝ ਇਹ ਗੱਡੀ ਉਥੋਂ ਸੌ ਕੁ ਵੱਧ ਕਿਲੋਮੀਟਰ ਦੂਰ ਸਾਂਚੀ ਜਾ ਕੇ ਰੁਕਦੀ ਸੀ।

ਕਿਸਮਤ ਦੇ ਰੰਗ ਨਿਆਰੇ! ਜਿਸ ਟੀ.ਟੀ.ਈ. ਨੇ ਮੈਨੂੰ ਗੱਡੀ 'ਚੋਂ ਉਤਾਰਿਆ ਸੀ, ਉਹ ਤਾਂ ਪਰਮਾਤਮਾ ਦਾ ਭੇਜਿਆ ਹੋਇਆ ਕੋਈ ਦੂਤ ਸੀ, ਮੈਨੂੰ ਮੇਰੇ ਜੀਵਨ ਨੂੰ ਹਕੀਕੀ ਰਾਹ 'ਤੇ ਤੋਰਨ ਵਾਲਾ! ਆਪਣੇ ਜੀਵਨ ਦੀ ਇਸ ਪਹਿਲੀ ਯਾਤਰਾ 'ਚ ਜੋ ਮੈਂ ਦੇਖਿਆ ਅਤੇ ਅਨੁਭਵ ਕੀਤਾ, ਉਹ ਮੈਨੂੰ ਸਾਧਾਰਨ ਜੀਵਨ ਦੇ ਸਫਰ 'ਚ ਕਦੇ ਮਿਲ ਹੀ ਨਹੀਂ ਸੀ ਸਕਦਾ। ਇਹ ਵੀ ਕਹਿ ਸਕਦਾ ਹਾਂ ਕਿ ਮੇਰੇ ਜੀਵਨ ਦੀ ਅਸਲ ਯਾਤਰਾ ਇਸ ਛੋਟੇ ਜਿਹੇ ਸਟੇਸ਼ਨ 'ਗੰਜ ਬਸੋਦਾ' ਤੋਂ ਸ਼ੁਰੂ ਹੁੰਦੀ ਹੈ।

ਜੇ ਮੈਂ ਗੰਜ ਬਸੋਦਾ ਤੋਂ ਸਾਂਚੀ ਤੱਕ ਪੈਦਲ ਯਾਤਰਾ ਨੂੰ ਵਿਸਤਾਰ ਨਾਲ ਲਿਖਣ ਲੱਗਾ ਤਾਂ ਬਹੁਤ ਸਾਰੇ ਪੰਨੇ ਭਰ ਜਾਣਗੇ। ਉਂਝ ਮੈਨੂੰ ਇਹ ਵੀ ਯਾਦ ਨਹੀਂ ਕਿ ਇਸ ਵਿਚ ਕਿੰਨੇ ਦਿਨ ਲੱਗੇ। ਸੰਖੇਪ 'ਚ ਇਹ ਕਿ ਗੰਜ ਬਸੋਦਾ ਤੋਂ ਸਾਂਚੀ ਤਕ ਦੀ ਸੜਕ ਅਜੇ ਬਣੀ ਨਹੀਂ ਸੀ। ਗੱਡਿਆਂ ਦੇ ਆਉਣ-ਜਾਣ ਲਈ ਅਜੇ ਕੱਚੀ ਸੜਕ ਸੀ। ਕਿਤੇ-ਕਿਤੇ ਸੜਕ ਦੇ ਦੋਵੇਂ ਪਾਸੇ ਰੋੜੀ ਪੱਥਰਾਂ ਦੇ ਢੇਰ ਇਹ ਜ਼ਰੂਰ ਦੱਸ ਰਹੇ ਸਨ ਕਿ ਆਉਣ ਵਾਲੇ ਸਾਲਾਂ 'ਚ ਇਹ ਸੜਕ ਬਣ ਜਾਵੇਗੀ ਪਰ ਇਹ ਯਾਤਰਾ ਪੈਦਲ ਕਰਨ ਦਾ ਮੈਨੂੰ ਕੋਈ ਅਫਸੋਸ ਨਹੀਂ। ਮੈਂ ਸਗੋਂ ਇਹ ਕਹਿ ਸਕਦਾ ਹਾਂ ਕਿ ਇਸ ਤਰ੍ਹਾਂ ਦੇ ਅਨੁਭਵਾਂ ਦੇ ਅਵਸਰ ਕਿਸੇ-ਕਿਸੇ ਨੂੰ ਹੀ ਨਸੀਬ ਹੁੰਦੇ ਹਨ।



ਸਾਂਚੀ ਵਿਚ ਬਣਿਆ ਸਤੂਪ ਨੰਬਰ ਇਕ।

ਪਹਿਲੇ ਦਿਨ ਉੱਨੀ ਕਿਲੋਮੀਟਰ ਤੁਰਨ ਤੋਂ ਬਾਅਦ ਬਹੁਤ ਉੱਚਾ ਮੰਦਰ, ਇਕ ਪਿੰਡ ਵਿਚਕਾਰ ਦੇਖ ਕੇ ਰੁਕ ਗਿਆ। ਮੰਦਰ ਬਾਰੇ ਤਾਂ ਕੀ ਲਿਖਾਂ, ਮੈਂ ਇਸ ਤਰ੍ਹਾਂ ਦਾ ਪਿੰਡ ਵੀ ਸਾਰੀ ਦੁਨੀਆ 'ਚ ਕਿਤੇ ਨਹੀਂ ਦੇਖਿਆ। ਇਹ ਵੀ ਸਮਝ ਆਉਂਦਾ ਹੈ ਕਿ ਕਿਸੇ ਵੇਲੇ ਹਜ਼ਾਰ ਕੁ ਸਾਲ ਪਹਿਲਾਂ ਇਹ ਕਿਸੇ ਰਾਜੇ ਦੀ ਰਾਜਧਾਨੀ ਅਤੇ ਵਸਦਾ-ਰਸਦਾ ਸ਼ਹਿਰ ਹੋਵੇਗਾ। ਇਸ ਪਿੰਡ 'ਚ ਤਕਰੀਬਨ ਹਰ ਸ਼ੈਅ ਪੱਥਰ ਕੱਟ-ਕੱਟ ਕੇ 'ਨੌਂ ਇੰਚ ਗੁਣਾ ਅਠਾਰਾਂ ਇੰਚ' ਨਾਪ ਦੀਆਂ ਇੱਟਾਂ ਬਣਾ ਕੇ ਨਾ ਸਿਰਫ ਕੰਧਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ ਸਗੋਂ ਬਾਰੀਆਂ, ਦਰਵਾਜ਼ੇ ਵੀ ਪੱਥਰਾਂ ਦੀਆਂ ਸਿੱਲਾਂ ਨਾਲ ਬਣਾਏ ਗਏ ਸਨ। ਪਤਾ ਇਹ ਲੱਗਿਆ ਅਤੇ ਦੇਖਿਆ ਵੀ ਕਿ ਇਸ ਦੇ ਪਿਛਲੇ ਪਾਸੇ ਦੀ ਧਰਤੀ ਦੇ ਥੱਲੇ ਪੱਥਰ ਦੀਆਂ ਸਿੱਲਾਂ ਨਿਕਲਦੀਆਂ ਹਨ ਜਿਨ੍ਹਾਂ ਨੂੰ ਆਸਾਨੀ ਨਾਲ ਤਰਾਸ਼ ਕੇ ਮਨਚਾਹੇ ਨਾਪ ਦੀਆਂ ਸਿੱਲਾਂ ਬਣਾਈਆਂ ਜਾ ਸਕਦੀਆਂ ਹਨ।

ਅਗਲੇ ਦਿਨ ਵਿਦਿਸ਼ਾ ਜ਼ਿਲ੍ਹੇ ਵਿਚ ਗਿਆਰਸਪੁਰ ਨਾਮ ਦੇ ਪ੍ਰਾਚੀਨ ਉਜੜੇ ਜਿਹੇ ਸ਼ਹਿਰ 'ਚ ਜਾ ਪਹੁੰਚਿਆ ਅਤੇ ਉਥੋਂ ਦੇ ਸਰਕਾਰੀ ਗੈਸਟ ਹਾਊਸ ਜਾ ਠਹਿਰਿਆ। ਪਹਾੜੀ ਜਿਹੀ 'ਤੇ ਉੱਜੜੇ ਸ਼ਹਿਰ ਦੇ ਖੰਡਰਾਂ 'ਚੋਂ ਲੰਘਦਿਆਂ ਬਹੁਤ ਸ਼ਾਨਦਾਰ ਦਿਸਦੇ ਮੰਦਰ ਸਾਹਮਣੇ ਜਾ ਖੜ੍ਹਾ ਹੋਇਆ। ਕੁਝ ਪੁਰਾਤਤਵ ਮਾਹਿਰ ਅਤੇ ਚਿੱਤਰਕਾਰ ਇਸ ਮੰਦਰ ਦੀਆਂ ਡਰਾਇੰਗਾਂ ਬਣਾ ਰਹੇ ਸਨ। ਕਿਸੇ ਔਰਤ ਦੀ ਇਕ ਮੂਰਤੀ ਐਨੀ ਪ੍ਰਭਾਵਸ਼ਾਲੀ ਹੈ ਜਿਸ ਨੂੰ ਕੁਝ ਵਰ੍ਹਿਆਂ ਬਾਅਦ ਭਾਰਤ ਦੀਆਂ ਅਤਿ ਸੁੰਦਰ ਮੂਰਤੀਆਂ 'ਚ ਗਿਣਿਆ ਜਾਣ ਲੱਗਿਆ। ਅਸਲ ਮੂਰਤੀ ਹੁਣ ਦਿੱਲੀ ਦੇ ਨੈਸ਼ਨਲ ਮਿਊਜ਼ੀਅਮ 'ਚ ਹੈ।

ਗਿਆਰਸਪੁਰ ਤੋਂ ਅੱਗੇ ਮੇਰੇ ਪੜਾਅ ਵਿਦਿਸ਼ਾ ਅਤੇ ਵਿਦਿਸ਼ਾ ਤੋਂ ਬਾਅਦ ਸਾਂਚੀ ਸਨ। ਇਕ ਰਾਤ ਮੈਂ ਖੇਤ 'ਚ ਬਣੀ ਝੌਂਪੜੀ 'ਚ ਰੁਕਿਆ ਅਤੇ ਦੂਸਰੇ ਦਿਨ ਵਿਦਿਸ਼ਾ ਪਹੁੰਚ ਗਿਆ ਸਾਂ। ਇਹ ਕਾਲੀਦਾਸ ਦੇ ਸਮੇਂ ਦਾ ਬਹੁਤ ਪੁਰਾਣਾ ਸ਼ਹਿਰ ਹੈ। ਕਾਲੀਦਾਸ ਦੀ ਰਚਨਾ ਮੇਘਦੂਤ ਵਿਚ ਇਸ ਦਾ ਵਰਣਨ ਹੈ। ਇੱਥੇ ਪ੍ਰਾਚੀਨ ਮੰਦਰ ਹਨ। ਪਥਰੀਲੀਆਂ ਸੜਕਾਂ 'ਤੇ ਤੁਰਦਿਆਂ ਮੇਰੀ ਪਸ਼ੌਰੀ ਚੱਪਲ ਟੁੱਟ ਚੁੱਕੀ ਸੀ ਅਤੇ ਇਸ ਨੂੰ ਮੈਂ ਆਪਣੇ ਪੈਰਾਂ 'ਤੇ ਲੀਰਾਂ ਨਾਲ ਬੰਨ੍ਹਿਆ ਹੋਇਆ ਸੀ। ਇਕ ਧਰਮਸ਼ਾਲਾ 'ਚ ਵੜਨ ਤੋਂ ਪਹਿਲਾਂ ਮੋਚੀ ਨੂੰ ਚੱਪਲਾਂ ਮੁਰੰਮਤ ਕਰਨ ਲਈ ਦੇ ਦਿੱਤੀਆਂ।




ਗੰਜ ਬਸੋਦਾ ਦਾ ਰੇਲਵੇ ਸਟੇਸ਼ਨ ਜਿਥੇ ਟੀ.ਟੀ.ਈ. ਨੇ ਟਿਕਟ ਨਾ ਹੋਣ ਕਾਰਨ ਲੇਖਕ ਨੂੰ ਉਤਾਰ ਦਿੱਤਾ ਸੀ।

ਧਰਮਸ਼ਾਲਾ ਵੀ ਕਾਫੀ ਪੁਰਾਣੀ ਸੀ। ਉੱਥੇ ਮੈਨੂੰ ਇਕ ਹਾਲ ਕਮਰੇ 'ਚ ਰਾਤ ਗੁਜ਼ਾਰਨ ਲਈ ਤਖਤਪੋਸ਼ ਮਿਲ ਗਿਆ। ਮੇਰੇ ਨਾਲ ਵਾਲੇ ਤਖਤਪੋਸ਼ 'ਤੇ ਮੇਰੇ ਨਾਲੋਂ ਦੋ-ਤਿੰਨ ਸਾਲ ਵੱਡੀ ਉਮਰ ਦਾ ਸਮੀਰ ਪਾਲ ਨਾਂ ਦਾ ਨੌਜਵਾਨ ਬੈਠਾ ਸੀ। ਦੁਆ ਸਲਾਮ ਕਰਨ ਤੋਂ ਬਾਅਦ ਅਸੀਂ ਦੋਵੇਂ ਬਾਹਰ ਸੈਰ ਕਰਨ ਲਈ ਨਿਕਲ ਤੁਰੇ ਸਾਂ। ਉਸ ਨੂੰ ਵਿਦਿਸ਼ਾ ਬਾਰੇ ਕਾਫੀ ਵਾਕਫੀਅਤ ਸੀ। ਕਾਲੀਦਾਸ ਦਾ ਬਚਪਨ ਇੱਥੇ ਹੀ ਬੀਤਿਆ ਸੀ ਅਤੇ ਉਸ ਨੇ ਆਪਣੇ ਨਾਟਕ ਇੱਥੇ ਰਹਿੰਦਿਆਂ ਹੀ ਲਿਖੇ ਸਨ। ਇੱਥੇ ਹਰ ਰਾਤ ਮੈਦਾਨ 'ਚ ਨਗਰ ਦੇ ਆਦਮੀ ਔਰਤਾਂ ਆਪਣਾ ਰਾਤ ਦਾ ਖਾਣਾ ਖਾਣ ਤੋਂ ਬਾਅਦ ਆਣ ਇਕੱਠੇ ਹੁੰਦੇ ਸਨ। ਇਹ ਵਿਦਿਸ਼ਾ ਦੇ ਵਸਨੀਕਾਂ ਲਈ ਮਨੋਰੰਜਨ ਦਾ ਵਸੀਲਾ ਸੀ। ਕਿਤੇ ਕਾਲੀਦਾਸ ਦੇ ਲਿਖੇ ਨਾਟਕ, ਕਿਤੇ ਨਾਚ ਗਾਣੇ, ਕਿਤੇ ਉਂਝ ਹੀ ਕੋਈ ਮਸਖਰਾ ਰੰਗਮੰਚ 'ਤੇ ਖੜ੍ਹਾ ਦਰਸ਼ਕਾਂ ਦਾ ਮਨੋਰੰਜਨ ਕਰ ਰਿਹਾ ਹੁੰਦਾ। ਇਕ ਪਾਸੇ ਖਾਣ-ਪੀਣ ਦੀਆਂ ਛੋਟੀਆਂ-ਛੋਟੀਆਂ ਦੁਕਾਨਾਂ ਸਨ। ਮੇਲੇ 'ਚ ਹੀ ਦੇਵਕਾ ਨਾਂ ਦੀ ਪੰਝੀ ਛੱਬੀ ਵਰ੍ਹਿਆਂ ਦੀ ਨਰਤਕੀ ਮਿਲ ਗਈ। ਉਹ ਨਰਤਕੀ ਵੀ ਸੀ ਅਤੇ ਮੂਰਤੀਕਾਰਾਂ ਲਈ ਮਾਡਲ ਦਾ ਕੰਮ ਵੀ ਕਰਦੀ ਤੇ ਕਦੇ-ਕਦੇ ਕਾਲੀਦਾਸ ਦੇ ਨਾਟਕਾਂ 'ਚ ਅਦਾਕਾਰੀ ਵੀ ਕਰਦੀ ਸੀ।

ਵਿਦਿਸ਼ਾ 'ਚ ਹੋਰ ਦੋ ਦਿਨ ਦੇਵਕਾ ਅਤੇ ਸਮੀਰ ਪਾਲ ਨਾਲ ਇੱਥੋਂ ਦੀਆਂ ਪ੍ਰਸਿੱਧ ਗੁਫਾਵਾਂ, ਮੰਦਰਾਂ ਨੂੰ ਦੇਖਦਿਆਂ ਬੀਤ ਗਏ। ਰਾਤ ਦਾ ਖਾਣਾ ਦੇਵਕਾ ਦੇ ਘਰ ਹੀ...। ਦੇਵਕਾ ਅਤੇ ਉਸ ਦੀ ਮਾਂ ਨਾਲ ਗੱਲਾਂ ਕਰਦਿਆਂ ਪਤਾ ਲੱਗਿਆ ਕਿ ਉਸ ਦੀ ਮਾਂ ਨੇ ਦੇਵਕਾ ਉੱਤੇ ਕਿਸੇ ਪਰਾਏ ਆਦਮੀ ਨੂੰ ਆਪਣੇ ਘਰ ਲੈ ਕੇ ਆਉਣ 'ਤੇ ਪਾਬੰਦੀ ਲਾਈ ਹੋਈ ਸੀ। ਮੈਂ ਕਿਉਂਕਿ ਉਮਰ 'ਚ ਉਸ ਵੇਲੇ ਕਾਫੀ ਛੋਟਾ ਸਾਂ ਅਤੇ ਪਰਦੇਸੀ, ਇਸ ਲਈ ਮੇਰੇ ਲਈ ਇਸ ਬਾਰੇ ਲਿਹਾਜ਼ ਵਰਤਿਆ ਗਿਆ। ਦੋ ਦਿਨ ਬਾਅਦ ਦੇਵਕਾ ਅਤੇ ਸਮੀਰ ਪਾਲ ਮੈਨੂੰ ਵਿਦਾ ਦੇਣ ਲਈ ਵਿਦਿਸ਼ਾ ਨਗਰ ਦੇ ਬਾਹਰ ਤੱਕ ਆਏ ਸਨ।

ਅਗਲੇ ਦਿਨ ਮੈਂ ਆਪਣਾ ਝੋਲਾ ਮੋਢੇ ਨਾਲ ਲਮਕਾਈ ਸਾਂਚੀ ਵੱਲ ਤੁਰਿਆ ਜਾ ਰਿਹਾ ਸਾਂ ਕਿ ਇਕ ਯੱਕਾ ਪਿੱਛਿਓਂ ਆਉਂਦਿਆਂ ਮੇਰੇ ਕੋਲ ਪਹੁੰਚ ਕੇ ਰੁਕ ਗਿਆ। ਯੱਕਾ ਅੱਜ ਕੱਲ੍ਹ ਤਕਰੀਬਨ ਗਾਇਬ ਹੋ ਗਿਆ ਹੈ। ਇਹ ਇਕ ਤਰ੍ਹਾਂ ਦਾ ਟਾਂਗਾ ਹੀ ਹੁੰਦਾ ਸੀ ਪਰ ਇਸ 'ਤੇ ਬੈਠਣ ਵਾਲੀਆਂ ਸੀਟਾਂ ਦੀ ਬਜਾਏ ਸਪਾਟ ਜਿਹਾ ਪੈਂਦਾ ਹੁੰਦਾ ਜਿਸ ਉਪਰ ਸਵਾਰੀਆਂ ਚੌਕੜੀ ਮਾਰ ਕੇ ਬੈਠ ਜਾਂਦੀਆਂ ਸਨ। ਇਸ ਤਰ੍ਹਾਂ ਮੈਂ ਹਨੇਰਾ ਹੋਣ ਤੋਂ ਕੁਝ ਦੇਰ ਪਹਿਲਾਂ ਆਰਾਮ ਨਾਲ ਸਾਂਚੀ ਪਹੁੰਚ ਗਿਆ। ਸਾਂਚੀ ਦੇ ਸਤੂਪ ਪਹਾੜੀ ਦੇ ਉਪਰ ਕਰਕੇ ਹਨ। ਬੋਧੀਆਂ ਦੀ ਧਰਮਸ਼ਾਲਾ ਥੱਲੇ ਹੀ ਸੜਕ ਦੇ ਇਕ ਪਾਸੇ ਰੇਲਵੇ ਸਟੇਸ਼ਨ ਦੇ ਕੋਲ ਹੈ। ਨਲਕਾ ਖਰਾਬ ਹੋ ਜਾਣ ਕਾਰਨ ਨਹਾਉਣ ਲਈ ਮੈਨੂੰ ਰੇਲਵੇ ਸਟੇਸ਼ਨ 'ਤੇ ਜਾਣਾ ਪਿਆ।


ਦੂਸਰੇ ਦਿਨ ਮੈਂ ਕਾਫੀ ਸਾਰੀਆਂ ਪੌੜੀਆਂ ਚੜ੍ਹ ਕੇ ਸਾਂਚੀ ਦੇ ਸਤੂਪ ਕੋਲ ਪਹੁੰਚ ਗਿਆ। ਇਸ ਨੂੰ ਅਸ਼ੋਕ ਸਮਰਾਟ ਦੀ ਇਕ ਪਤਨੀ ਨੇ ਬਣਵਾਇਆ ਸੀ ਜਿਸ ਦਾ ਜਨਮ ਸਾਂਚੀ 'ਚ ਹੀ ਹੋਇਆ ਸੀ। ਇਸ ਤਰ੍ਹਾਂ ਦੇ ਸਤੂਪ ਸਾਰੇ ਭਾਰਤੀ ਉਪ-ਮਹਾਂਦੀਪ 'ਚ ਪਿਸ਼ਾਵਰ ਤੋਂ ਲੈ ਕੇ ਸ੍ਰੀਲੰਕਾ ਤੱਕ ਬਣੇ ਹੋਏ ਸਨ। ਹੁਣ ਇਨ੍ਹਾਂ ਵਿਚੋਂ ਬਹੁਤ ਸਾਰੇ ਗਾਇਬ ਹੋ ਚੁੱਕੇ ਹਨ। ਇਸ ਤੋਂ ਕਈ ਵਰ੍ਹੇ ਬਾਅਦ ਮੈਂ ਪੰਜਾਬ ਦੇ ਸੰਘੋਲ ਦੇ ਸਥਾਨ 'ਤੇ ਇਸ ਦੇ ਅਵਸ਼ੇਸ਼ ਦੇਖੇ ਸਨ। ਉੱਥੋਂ ਦੇ ਕਿਊਰੇਟਰ ਨੇ ਦੱਸਿਆ ਕਿ ਛੇਵੀਂ-ਸੱਤਵੀਂ ਸਦੀ ਤੋਂ ਪਹਿਲਾਂ ਇੱਥੇ ਬਾਈ ਸਤੂਪ ਹੁੰਦੇ ਸਨ ਜਿਨ੍ਹਾਂ 'ਚੋਂ ਦੋ ਤਿੰਨ ਦੀ ਖੁਦਾਈ ਤੋਂ ਬਾਅਦ ਹੁਣ ਇਸ ਦੀਆਂ ਨੀਂਹਾਂ, ਕੰਧਾਂ ਆਦਿ ਦੇਖੀਆਂ ਜਾ ਸਕਦੀਆਂ ਹਨ। ਸਾਂਚੀ ਤੱਕ ਪਹੁੰਚਦਿਆਂ ਮੇਰੀ ਜੇਬ 'ਚ ਜਿੰਨੇ ਪੈਸੇ ਸਨ, ਸਭ ਖਤਮ ਹੋ ਗਏ। ਸਾਂਚੀ ਤੋਂ ਬਾਹਰ ਨਿਕਲਦਿਆਂ ਹੀ ਸੜਕ ਦੇ ਖੱਬੇ ਪਾਸੇ ਇੱਟਾਂ ਦਾ ਭੱਠਾ ਨਜ਼ਰ ਆਇਆ। ਮੇਰੇ ਨਾਨੇ ਦੇ ਬਿਆਸ ਪਿੰਡ ਦੇ ਲਾਗੇ ਇੱਟਾਂ ਦੇ ਭੱਠੇ ਹੁੰਦੇ ਸਨ। ਮੇਰੇ ਬਚਪਨ ਦੇ ਕੁਝ ਦਿਨ ਉੱਥੇ ਹੀ ਬੀਤੇ ਸਨ। ਮੈਂ ਸਾਂਚੀ ਦੇ ਬਾਹਰਵਾਰ ਇੱਟਾਂ ਦੇ ਭੱਠੇ 'ਤੇ ਕੁਝ ਦਿਨ ਕੰਮ ਕੀਤਾ। ਪਹਿਲੇ ਦੋ ਦਿਨ ਮਜ਼ਦੂਰੀ ਵਾਲਾ ਅਤੇ ਉਸ ਤੋਂ ਬਾਅਦ ਭੱਠੇ 'ਤੇ ਕੰਮ ਕਰ ਰਹੇ ਮਜ਼ਦੂਰਾਂ ਦੀਆਂ ਹਾਜ਼ਰੀਆਂ ਅਤੇ ਹੋਰ ਫੁਟਕਲ ਕੰਮ ਕੀਤੇ। ਪੰਦਰਾਂ ਸੋਲਾਂ ਦਿਨ ਕੰਮ ਕਰਨ ਤੋਂ ਬਾਅਦ ਮੈਂ ਆਪਣੀ ਤਨਖਾਹ ਦੇ ਪੈਸੇ ਲਏ ਅਤੇ ਰੇਲਗੱਡੀ 'ਚ ਬੈਠ ਕੇ ਮੁੰਬਈ ਪਹੁੰਚ ਗਿਆ। ਉੱਥੇ ਪਹੁੰਚ ਕੇ ਮੈਂ ਸਰ ਜੇ.ਜੇ. ਸਕੂਲ ਆਫ ਆਰਟ 'ਚ ਦਾਖਲਾ ਲੈ ਲਿਆ।

# ਵਿਦਿਸ਼ਾ ਅਤੇ ਮਹਾਕਵੀ ਕਾਲੀਦਾਸ

ਵਿਦਿਸ਼ਾ ਦਾ ਮਹੱਤਵ ਇਸ ਤੱਥ ਵਿਚ ਹੈ ਕਿ ਜਿਹੜਾ ਪੁਰਾਤਨ ਵਪਾਰਕ ਮਾਰਗ ਪਾਟਲੀਪੁੱਤਰ (ਪਟਨਾ) ਤੋਂ ਉਜੈਨ ਜਾਂਦਾ ਸੀ, ਉਹ ਵਿਦਿਸ਼ਾ 'ਚੋਂ ਹੋ ਕੇ ਗੁਜ਼ਰਦਾ ਸੀ। ਕਈ ਵਿਦਵਾਨ ਵਿਦਿਸ਼ਾ ਨੂੰ ਮਹਾਕਵੀ ਕਾਲੀਦਾਸ ਦਾ ਜਨਮ ਸਥਾਨ ਮੰਨਦੇ ਹਨ। ਕਾਲੀਦਾਸ ਦੀ ਰਚਨਾ 'ਮੇਘਦੂਤ' ਵਿਚ ਧਨ ਦੇਵਤਾ ਕੁਬੇਰ ਦੇ ਸਰਾਪ ਕਾਰਨ ਆਪਣੀ ਪ੍ਰੇਮਿਕਾ ਤੋਂ ਵਿਛੜਿਆ ਯਕਸ਼ ਮੇਘਾਂ (ਬੱਦਲਾਂ) ਨੂੰ ਆਪਣੀ ਪ੍ਰੇਮਿਕਾ ਤੱਕ ਸੰਦੇਸ਼ ਲੈ ਜਾਣ ਲਈ ਕਹਿੰਦਾ ਹੈ। 'ਮੇਘਦੂਤ' ਵਿਚ ਵਿਦਿਸ਼ਾ ਦਾ ਵਰਣਨ ਇੰਦਾਂ ਹੈ (ਯਕਸ਼ ਮੇਘ ਨੂੰ ਕਹਿੰਦਾ ਹੈ): "ਵਿਦਿਸ਼ਾ ਦਸ਼ਾਰਨ ਦੀ ਰਾਜਧਾਨੀ ਹੈ, ਜਦ ਤੂੰ ਉਥੇ ਪਹੁੰਚੇਂਗਾ ਤਾਂ ਤੈਨੂੰ ਕਾਮਨਾ ਪੂਰੀ ਕਰਨ ਵਾਲੀ ਸਮੱਗਰੀ ਮਿਲ ਜਾਵੇਗੀ।"

ਹਰਸ਼ ਵਰਧਨ ਦੇ ਦਰਬਾਰੀ ਕਵੀ/ਨਾਟਕਕਾਰ ਬਾਣਭੱਟ ਦਾ ਨਾਵਲ 'ਕਾਦੰਬਰੀ' ਵਿਦਿਸ਼ਾ ਦੇ ਸਮਰਾਟ ਸ਼ੂਦਰਕ ਦੇ ਆਲੇ-ਦੁਆਲੇ ਘੁੰਮਦਾ ਹੈ। ਇਸ ਮਹਾਂ-ਕਾਵਿਕ ਨਾਵਲ ਵਿਚ ਕਬਾਇਲੀ ਕੁੜੀ ਸਮਰਾਟ ਨੂੰ 'ਵੈਸ਼ਮਪਾਇਨ' ਨਾਂ ਦਾ ਤੋਤਾ ਭੇਟ ਕਰਦੀ ਹੈ ਜੋ ਸਮਰਾਟ ਨੂੰ ਕਥਾ ਸਣਾਉਂਦਾ ਹੈ: ਪਹਿਲੀ ਕਥਾ 'ਚੋਂ ਦੂਸਰੀ, ਤੇ ਦੂਸਰੀ ਕਥਾ ਤੋਂ ਤੀਜੀ ਕਥਾ ਜਨਮ ਲੈਂਦੀ ਹੈ ਅਤੇ ਇਸ ਤਰ੍ਹਾਂ ਕਥਾਵਾਂ ਦੀ ਲੜੀ 'ਕਹਾਣੀ ਵਿਚ ਕਹਾਣੀ' ਦੀ ਤਕਨੀਕ ਰਾਹੀਂ ਮਨੁੱਖੀ, ਦੈਵੀ, ਅਰਧ-ਦੈਵੀ ਕਿਰਦਾਰਾਂ ਦਾ ਤਾਣਾ ਬਾਣਾ ਬੁਣਦੀ ਮਹਾਨ ਨਾਵਲ ਬਣਦੀ ਹੈ।

ਭੁਪਾਲ ਤੋਂ ਵਿਦਿਸ਼ਾ ਸ਼ਹਿਰ 62.5 ਕਿਲੋਮੀਟਰ ਦੂਰ ਹੈ। ਵਿਦਿਸ਼ਾ ਦੇ ਕਸਬੇ ਗਿਆਰਸਪੁਰ ਵਿਚ ਮਾਲਾਦੇਵੀ ਮੰਦਰ 850-900 ਈਸਵੀ ਦੌਰਾਨ ਬਣਿਆ ਮੰਨਿਆ ਜਾਂਦਾ ਹੈ। ਪਹਿਲਾਂ ਇਹ ਬ੍ਰਾਹਮਣੀ ਮਤ ਦਾ ਮੰਦਰ ਸੀ ਅਤੇ ਮਗਰੋਂ ਜੈਨ ਮਤ ਦਾ ਪੂਜਾ ਸਥਲ ਬਣ ਗਿਆ। 850-885 ਈਸਵੀ ਦੇ ਇਕ ਸ਼ਿਲਾਲੇਖ ਮੁਤਾਬਿਕ, ਇਸ ਦੀ ਨੀਂਹ ਵਾਲੇਕਾ ਦੇ ਰਾਜ ਦੌਰਾਨ ਰੱਖੀ ਗਈ। ਇਹ ਗਿਆਰਸਪੁਰ ਦਾ ਸਭ ਤੋਂ ਵੱਡਾ ਅਤੇ ਖੂਬਸੂਰਤ ਮੰਦਰ ਹੈ। ਮੂਰਤੀਕਲਾ ਸਦਕਾ ਪ੍ਰਸਿੱਧ ਇਹ ਮੰਦਰ ਗੁਪਤ ਕਾਲ ਤੋਂ ਬਾਅਦ ਦੀ ਭਵਨ ਨਿਰਮਾਣ ਕਲਾ ਦਾ ਨਮੂਨਾ ਹੈ। ਇਹ ਪ੍ਰਤੀਹਾਰ ਸ਼ੈਲੀ ਵਿਚ ਚੱਟਾਨ ਕੱਟ ਕੇ ਬਣਾਇਆ ਗਿਆ ਹੈ। ਇਸ ਵਿਚ ਤੀਰਥੰਕਰਾਂ,



ਗਿਆਰਸਪੁਰ ਦਾ ਮਾਲਾ ਦੇਵੀ ਮੰਦਰ।

ਯਕਸ਼ੀ ਅਤੇ ਯਕਸ਼ ਦੀਆਂ ਖੂਬਸੂਰਤ ਮੂਰਤੀਆਂ ਸੁਸ਼ੋਭਿਤ ਹਨ। ਇਸ ਦਾ ਹਰ ਕੋਨਾ ਮੂਰਤੀਕਲਾ ਨਾਲ ਸਜਿਆ ਹੈ। ਇਹ ਮੰਦਰ ਆਦਿਨਾਥ ਨੂੰ ਸਮਰਪਿਤ ਹੈ। ਇਸ ਮੰਦਰ ਵਿਚ ਸੁਸ਼ੋਭਿਤ ਸ਼ਾਂਤੀਨਾਥ ਦੀ ਮੂਰਤੀ ਅਤੇ ਚਾਰ ਬਾਹਾਂ ਵਾਲੇ ਯਕਸ਼ ਅਤੇ ਯਕਸ਼ੀ ਦੀਆਂ ਮੂਰਤੀਆਂ ਉੱਤਮ ਕਲਾ ਦਾ ਨਮੂਨਾ ਹਨ।

ਵਿਦਿਸ਼ਾ ਦੇ ਪਿੰਡ ਕਾਗਪੁਰ ਵਿਚ ਮੰਗਲਾ ਦੇਵੀ ਮੰਦਰ ਦੇ ਥੇਹ ਹਨ। ਇਹ ਵਿਦਿਸ਼ਾ ਤੋਂ 33 ਕਿਲੋਮੀਟਰ ਦੂਰ ਕੌਮੀ ਸ਼ਾਹਰਾਹ 19 'ਤੇ ਸਥਿਤ ਹੈ। ਇਸ ਮੰਦਰ ਦੀ ਉਸਾਰੀ ਪਰਮਾਰ ਰਾਜ ਵੰਸ਼ ਦੇ ਰਾਜ ਦੌਰਾਨ ਦਸਵੀਂ-ਗਿਆਰਵੀਂ ਸਦੀ ਵਿਚ ਕਰਵਾਈ ਗਈ। ਇਸ ਵਿਚ ਮੰਗਲਾ ਦੇਵੀ ਦੀ ਮੂਰਤੀ 1306 ਵਿਚ ਸਥਾਪਿਤ ਕੀਤੀ ਗਈ। ਇਸ ਮੰਦਰ ਵਿਚ ਤ੍ਰਿਭੰਗਾ ਮੁਦਰਾ ਵਿਚ ਨਾਗਕੰਨਿਆ ਦੀਆਂ ਪ੍ਰਤਿਮਾਵਾਂ ਹਨ। ਇਕ ਹੋਰ ਦੇਵੀ ਸਥਾਨਕ ਸੰਪਦ ਮੁਦਰਾ ਵਿਚ ਅਤੇ ਤਿੰਨ ਹੋਰ ਮਨੁੱਖੀ ਆਕਾਰ ਦਿਖਾਏ ਹੋਏ ਹਨ। ਇਸ ਦੇ ਮੰਡਪ ਦੀ ਸਿੱਧੀ ਛੱਤ 12 ਸਤੰਭਾਂ ਆਸਰੇ ਖੜ੍ਹੀ ਹੈ।

ਉਦੈਗਿਰੀ ਪਹਾੜੀਆਂ ਦੀ ਉੱਤਰ-ਪੂਰਬੀ ਦਿਸ਼ਾ ਵਿਚ ਚੱਟਾਨਾਂ ਕੱਟ ਕੇ ਬਣਾਈਆਂ ਵੀਹ ਗੁਫਾਵਾਂ ਹਨ। ਇਹ ਥਾਂ ਵਿਦਿਸ਼ਾ ਤੋਂ ਤਕਰੀਬਨ 6 ਕਿਲੋਮੀਟਰ, ਸਾਂਚੀ ਤੋਂ 11 ਕਿਲੋਮੀਟਰ ਅਤੇ ਭੁਪਾਲ ਤੋਂ 60 ਕਿਲੋਮੀਟਰ ਦੂਰ ਹੈ। ਉਦੈਗਿਰੀ ਗੁਫਾਵਾਂ ਵਿਚ ਦੇਸ਼ ਦੇ ਸਭ ਤੋਂ ਪੁਰਾਤਨ ਮੰਦਰ ਸਥਿਤ ਹਨ। ਇੱਥੇ ਮਿਲਦੇ ਤਿੰਨ ਸ਼ਿਲਾਲੇਖਾਂ ਮੁਤਾਬਿਕ ਇਹ ਗੁਫਾਵਾਂ ਗੁਪਤ ਵੰਸ਼ ਦੇ ਰਾਜ ਕਾਲ ਦੌਰਾਨ ਬਣਵਾਈਆਂ ਗਈਆਂ ਅਤੇ ਉਦੈਗਿਰੀ ਕਸਬੇ ਨੂੰ ਵਿਸ਼ਨੂੰਪਦਗਿਰੀ ਵੀ ਆਖਦੇ ਹਨ। ਇਨ੍ਹਾਂ ਗੁਫਾਵਾਂ ਦੀ ਦੇਖਭਾਲ ਭਾਰਤੀ ਪੁਰਾਤਤਵ ਵਿਭਾਗ ਕਰਦਾ ਹੈ। ਗੁਫਾਵਾਂ ਵਿਚਲੀਆਂ ਮੂਰਤੀਆਂ ਵੈਸ਼ਨਵਵਾਦ (ਭਗਵਾਨ ਵਿਸ਼ਨੂੰ), ਸ਼ਕਤੀਵਾਦ (ਮਾਤਾ ਦੁਰਗਾ ਅਤੇ ਹੋਰ ਦੇਵੀਆਂ) ਅਤੇ ਸ਼ੈਵਵਾਦ (ਭਗਵਾਨ ਸ਼ਿਵ) ਨਾਲ ਸਬੰਧਿਤ ਹਨ। ਇਹ ਭਗਵਾਨ ਵਿਸ਼ਨੂੰ ਦੇ ਵਰਾਹ (ਆਦਮੀ ਅਤੇ ਭਾਲੂ ਦੇ ਮਿਸ਼ਰਤ ਸਰੂਪ) ਅਵਤਾਰ ਦੀ ਮੂਰਤੀ ਸਦਕਾ ਪ੍ਰਸਿੱਧ ਹਨ। ਇਨ੍ਹਾਂ ਗੁਫਾਵਾਂ ਵਿਚਲੇ ਸ਼ਿਲਾਲੇਖ ਰਾਜਾ ਚੰਦਰਗੁਪਤ (375-415 ਈਸਵੀ) ਅਤੇ ਕੁਮਾਰਗੁਪਤ ਪਹਿਲੇ (415-455 ਈਸਵੀ) ਨੇ ਬਣਵਾਏ। ਗੌਰਤਲਬ ਹੈ ਕਿ ਬਿਹਾਰ ਅਤੇ ਉੜੀਸਾ ਵਿਚ ਵੀ ਉਦੈਗਿਰੀ ਨਾਂ ਦੀਆਂ ਥਾਵਾਂ ਹਨ ਜੋ ਮੱਧ ਪ੍ਰਦੇਸ਼ ਦੇ ਉਦੈਗਿਰੀ ਤੋਂ ਵੱਖ ਹਨ।

# ਓਲੰਪੀਅਨ ਪੱਤਰਕਾਰ ਜਤਿੰਦਰ ਸਾਬੀ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

**ਡਾ. ਜਤਿੰਦਰ ਸਾਬੀ ਇਕਹਿਰੇ ਜੁੱਸੇ ਦਾ ਦਬੰਗ ਪੱਤਰਕਾਰ ਹੈ। ਖੇਡ ਖੇਤਰ ਦੇ ਗੁੱਝੇ ਭੇਤ ਨਸ਼ਰ ਕਰਨ ਤੇ ਸੱਚ 'ਤੇ ਪਹਿਰਾ ਦੇਣ ਵਾਲਾ। ਉਹ ਖੇਡ ਮਨੋਵਿਗਿਆਨ ਦਾ ਪੀਐੱਚਡੀ ਹੈ। ਉਸ ਨੇ ਖੇਡ ਮਨੋਵਿਗਿਆਨ ਦੇ ਚਾਰ ਪੱਖ, ਸੈਲਫ ਐਕਸੈਪਟੈਂਸ, ਇਮੋਸ਼ਨਲ ਮੈਚਿਓਰਿਟੀ, ਮੈਂਟਲ ਸਕਿੱਲ ਤੇ ਐਨਜ਼ਾਈਟੀ ਨੂੰ ਮੁੱਖ ਰੱਖ ਕੇ 150 ਵੇਟਲਿਫਟਰਾਂ ਦੇ ਤਿੰਨ ਵਰਗਾਂ 'ਤੇ ਖੋਜ ਕੀਤੀ। ਪੰਜਾਬੀ ਦਾ ਉਹ ਓਲੰਪੀਅਨ ਪੱਤਰਕਾਰ ਹੈ ਜਿਸ ਨੇ ਸੈਫ ਖੇਡਾਂ, ਐਫਰੋ ਏਸ਼ੀਅਨ, ਏਸ਼ਿਆਈ, ਕਾਮਨਵੈਲਥ, ਓਲੰਪਿਕ ਤੇ ਹੋਰ ਬਹੁਤ ਸਾਰੀਆਂ ਖੇਡਾਂ ਕਵਰ ਕੀਤੀਆਂ ਅਤੇ ਖੇਡਾਂ ਖਿਡਾਰੀਆਂ ਬਾਰੇ ਇਕ ਹਜ਼ਾਰ ਦੇ ਕਰੀਬ ਲੇਖ ਲਿਖੇ। ਉਸ ਦੀ ਜੀਵਨ ਸਾਥਣ ਡਾ. ਬਲਜੀਤ ਕੌਰ ਐਨਆਈਐੱਸ ਪਟਿਆਲਾ ਵਿਖੇ ਚੀਫ ਹਾਕੀ ਕੋਚ ਹੋਣ ਦੇ ਨਾਲ ਨਾਲ ਖੇਡਾਂ ਦੀ ਪੀਐੱਚਡੀ ਹੈ। ਉਸ ਨੇ 300 ਹਾਕੀ ਖਿਡਾਰਨਾਂ ਦਾ ਮਨੋਵਿਗਿਆਨਕ ਨਿਰੀਖਣ ਕੀਤਾ। ਪਤੀ-ਪਤਨੀ ਦੋਹਾਂ ਨੂੰ** ਸੀਟੀ ਯੂਨੀਵਰਸਿਟੀ ਲੁਧਿਆਣਾ ਤੋਂ ਹੁਣੇ ਪੀਐੱਚਡੀ ਦੀਆਂ ਡਿਗਰੀਆਂ ਮਿਲਣ ਨਾਲ ਉਨ੍ਹਾਂ ਨੇ ਪਹਿਲੀ ਡਾਕਟਰ ਜੋੜੀ ਬਣਨ ਦਾ ਮਾਣ ਹਾਸਲ ਕਰ ਲਿਆ ਹੈ।

ਜਤਿੰਦਰ ਸਾਬੀ ਨੇ ਪਹਿਲਾਂ ਐਮਏ ਰਾਜਨੀਤੀ ਸ਼ਾਸਤਰ, ਫਿਰ ਬੀ ਪੀ ਐੱਡ, ਐਮ ਪੀ ਐੱਡ, ਪੋਸਟ ਗਰੈਜੂਏਟ ਡਿਪਲੋਮਾ ਇਨ ਜਰਨਲਿਜ਼ਮ, ਦੋ ਸਾਲਾ ਡਿਪਲੋਮਾ ਸਿੱਖ ਮਿਸ਼ਨਰੀ, ਐਨਆਈਐਸ ਕੋਚਿੰਗ ਡਿਪਲੋਮਾ ਆਫ ਵੇਟ ਲਿਫਟਿੰਗ, ਸਰਟੀਫਿਕੇਟ ਕੋਰਸ ਸਪੋਰਟਸ ਵੇਟ ਲਿਫਟਿੰਗ ਤੇ ਯੋਗਾ ਅਤੇ ਐਮਫਿਲ ਫਿਜ਼ੀਕਲ ਐਜੂਕੇਸ਼ਨ ਦੀਆਂ ਡਿਗਰੀਆਂ ਹਾਸਲ ਕੀਤੀਆਂ ਸਨ। ਉਹ ਖੁਦ ਖਿਡਾਰੀ, ਖੇਡ ਟ੍ਰੇਨਰ ਤੇ ਸਰੀਰਕ ਸਿੱਖਿਆ ਦਾ ਅਧਿਆਪਕ ਰਿਹਾ। ਉਸ ਨੇ ਖੇਡ ਪੱਤਰਕਾਰ ਵਜੋਂ 2003 ਵਿਚ ਪਹਿਲੀਆਂ ਐਫਰੋ ਏਸ਼ੀਅਨ ਗੇਮਜ਼ ਹੈਦਰਾਬਾਦ, 2004 ਵਿਚ ਸਾਊਥ ਏਸ਼ੀਅਨ ਗੇਮਜ਼ ਇਸਲਾਮਾਬਾਦ, 2006 ਵਿਚ ਦੋਹਾ ਏਸ਼ੀਅਨ ਗੇਮਜ਼ ਕਤਰ, 2008 ਵਿਚ ਬੀਜਿੰਗ ਓਲੰਪਿਕ ਖੇਡਾਂ ਚੀਨ, 2012 ਵਿਚ ਲੰਡਨ ਓਲੰਪਿਕ ਖੇਡਾਂ ਇੰਗਲੈਂਡ, 2014 ਵਿਚ ਕਾਮਨਵੈਲਥ ਖੇਡਾਂ ਨਵੀਂ ਦਿੱਲੀ, 2014 ਵਿਚ ਗੁਆਂਗਝੂ ਏਸ਼ੀਅਨ ਖੇਡਾਂ ਚੀਨ, 2018 ਵਿਚ ਏਸ਼ੀਅਨ ਖੇਡਾਂ ਜਕਾਰਤਾ ਇੰਡੋਨੇਸ਼ੀਆ, ਵਿਸ਼ਵ ਕਬੱਡੀ ਕੱਪ ਪੰਜਾਬ-2011, ਐਫਆਈਐਚ ਹਾਕੀ ਕੱਪ ਅਤੇ ਹੋਰ ਅਨੇਕਾਂ ਕੌਮੀ ਤੇ ਕੌਮਾਂਤਰੀ ਟੂਰਨਾਮੈਂਟਾਂ ਦੀ ਅਖ਼ਬਾਰੀ ਕਵਰੇਜ ਕੀਤੀ ਹੈ।

ਡਾ. ਬਲਜੀਤ ਕੌਰ ਨੇ ਵੀ ਬੀ ਪੀ ਐੱਡ, ਐਮ ਪੀ ਐੱਡ, ਐਨ ਆਈ ਐਸ ਡਿਪਲੋਮਾ ਕੋਚਿੰਗ ਇਨ ਹਾਕੀ, ਸਰਟੀਫਿਕੇਟ ਕੋਰਸ ਸਪੋਰਟਸ ਯੋਗਾ, ਡਿਪਲੋਮਾ ਕੋਰਸ ਸਿੱਖ ਮਿਸ਼ਨਰੀ ਤੇ ਐਮਫਿਲ ਫਿਜ਼ੀਕਲ ਐਜੂਕੇਸ਼ਨ ਦੀਆਂ ਡਿਗਰੀਆਂ ਹਾਸਲ ਕੀਤੀਆਂ ਹਨ। ਹਾਕੀ ਇੰਡੀਆ ਦੇ ਤਕਨੀਕੀ ਅਧਿਕਾਰੀ ਅਤੇ ਖੇਡ ਲੇਖਕ ਵਜੋਂ ਉਸ ਨੇ ਵੀ ਅਨੇਕਾਂ ਆਰਟੀਕਲ ਲਿਖੇ ਹਨ। ਉਨ੍ਹਾਂ ਦਾ ਸਪੁੱਤਰ ਇੰਜ. ਨਵਤੇਜ ਪਾਲ ਸਿੰਘ ਐਮਟੈਕ, ਕੈਨੇਡਾ 'ਚ ਟਰਾਂਸਪੋਰਟ ਦਾ ਕਾਰੋਬਾਰੀ ਹੈ ਅਤੇ ਬੇਟੀ ਪਰਨੀਤ ਕੌਰ ਕੈਨੇਡਾ ਵਿਖੇ ਡਾਕਟਰੀ ਦੀ ਪੜ੍ਹਾਈ ਕਰ ਰਹੀ ਹੈ। ਸਾਬੀ ਦੇ ਸਵਰਗੀ ਪਿਤਾ ਸ. ਸੰਤੋਖ ਸਿੰਘ ਜਿਮਨਾਸਟਿਕਸ ਦੇ ਰਾਸ਼ਟਰੀ ਪੱਧਰ ਦੇ ਖਿਡਾਰੀ ਸਨ।

ਪੰਜਾਬੀ ਪੱਤਰਕਾਰਾਂ 'ਚ ਜਤਿੰਦਰ ਸਾਬੀ ਨੂੰ ਸਭ ਤੋਂ ਵੱਧ ਕੌਮਾਂਤਰੀ ਖੇਡ ਮੇਲੇ ਕਵਰ ਕਰਨ ਦਾ ਮਾਣ ਹਾਸਲ ਹੈ। ਉਹ ਦੋ ਵਾਰ ਓਲੰਪਿਕ ਖੇਡਾਂ, ਦੋ ਵਾਰ ਏਸ਼ਿਆਈ ਖੇਡਾਂ, ਇੱਕ-ਇੱਕ ਵਾਰ ਰਾਸ਼ਟਰਮੰਡਲ ਖੇਡਾਂ, ਐਫਰੋ ਏਸ਼ੀਅਨ ਖੇਡਾਂ, ਸੈਫ ਖੇਡਾਂ ਅਤੇ ਇੰਡੋ-ਪਾਕਿ ਪੰਜਾਬ ਖੇਡਾਂ ਦੀ ਕਵਰੇਜ ਕਰ ਚੁੱਕਾ ਹੈ। ਇਸ ਤੋਂ ਇਲਾਵਾ ਕੌਮੀ ਤੇ ਸੂਬਾ ਪੱਧਰ ਉਤੇ ਕਵਰ ਕੀਤੇ ਖੇਡ ਮੇਲਿਆਂ ਦਾ ਵੀ ਲੇਖਾ ਨਹੀਂ। ਕਿਤੇ ਵੀ ਕੋਈ ਖੇਡ ਮੇਲਾ ਹੋਵੇ, ਉਹ ਆਪਣੀ ਕਲਮੀ ਹਾਜ਼ਰੀ ਲਗਾਉਣ ਤੋਂ ਪਿੱਛੇ ਨਹੀਂ ਹਟਦਾ। ਉਸ ਦਾ ਜਨਮ 29 ਸਤੰਬਰ, 1963 ਨੂੰ ਜ਼ਿਲ੍ਹਾ ਹੁਸ਼ਿਆਰਪੁਰ, ਤਹਿਸੀਲ ਦਸੂਹਾ, ਗੁਰਦੁਆਰਾ ਗਰਨਾ ਸਾਹਿਬ ਦੇ ਲਹਿੰਦੇ ਪਾਸੇ ਪੈਂਦੇ ਪਿੰਡ ਭਿੰਗਣ ਕਲਾਂ ਵਿਖੇ ਸ. ਸੰਤੋਖ ਸਿੰਘ ਦੇ ਘਰ ਮਾਤਾ ਜੁਗਿੰਦਰ ਕੌਰ ਦੀ ਕੁੱਖੋਂ ਹੋਇਆ। ਉਸ ਨੂੰ ਖੇਡਾਂ ਦੀ ਗੁੜ੍ਹਤੀ ਵਿਰਾਸਤ ਵਿਚ ਮਿਲੀ ਸੀ। ਉਸ ਦੇ ਬਾਬਾ ਬੀਰ ਚੰਦ ਤਕੜੇ ਪਹਿਲਵਾਨ ਸਨ। ਉਹ ਪਿੰਡਾਂ ਦੇ ਦੰਗਲਾਂ ਤੇ ਛਿੰਝਾਂ 'ਚ ਜਾਂਦੇ ਅਤੇ ਮਾਲੀਆਂ ਮਾਰਦੇ। ਉਹਦੇ ਪਿਤਾ ਪੰਜਾਬ ਪੁਲਿਸ ਤੇ ਬੀਐਸਐਫ ਵੱਲੋਂ ਖੇਡ ਮੁਕਾਬਲਿਆਂ 'ਚ ਭਾਗ ਲੈਂਦੇ ਆਲ ਇੰਡੀਆ ਪੁਲਿਸ ਖੇਡਾਂ ਅਤੇ ਨੈਸ਼ਨਲ ਵਿਚੋਂ ਚੈਂਪੀਅਨ ਬਣਦੇ ਰਹੇ ਅਤੇ ਬੀਐਸਐਫ ਵਿੱਚੋਂ ਬਤੌਰ ਇੰਸਪੈਕਟਰ ਸੇਵਾ ਮੁਕਤ ਹੋਏ।

ਜਤਿੰਦਰ ਸਾਬੀ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ, 9ਵੀਂ ਤੋਂ ਗਿਆਰਵ੍ਹੀਂ ਤੱਕ ਦੀ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਤੇ ਬੀਏ ਦੀ ਪੜ੍ਹਾਈ ਡੀਏਵੀ ਕਾਲਜ ਦਸੂਹਾ ਤੋਂ ਕੀਤੀ। ਐਮਏ ਰਾਜਨੀਤੀ ਸ਼ਾਸਤਰ ਦੀ ਡਿਗਰੀ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਟਾਂਡਾ ਉੜਮੁੜ ਤੋਂ ਹਾਸਲ ਕੀਤੀ। ਬਾਅਦ ਵਿਚ ਉਹਦਾ ਰੁਝਾਨ ਸਰੀਰਕ ਸਿੱਖਿਆ ਦੀ ਪੜ੍ਹਾਈ ਵੱਲ ਹੋ ਗਿਆ। ਉਸ ਨੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਪਟਿਆਲਾ ਤੋਂ ਬੀਪੀਐੱਡ ਤੇ ਐਮਪੀਐੱਡ ਕੀਤੀ। ਉਹ ਵੇਖਣ ਨੂੰ ਭਾਵੇਂ ਹਲਕੇ ਭਾਰ ਤੇ ਲੰਮੇ ਕੱਦ ਦਾ ਹੋਣ ਕਰਕੇ ਹਾਈ ਜੰਪਰ ਲੱਗਦੇ ਪਰ ਖੇਡ ਉਸ ਦੀ ਵੇਟਲਿਫਟਿੰਗ ਰਹੀ। ਤਦੇ ਉਸ ਨੇ ਐਨਆਈਐਸ ਪਟਿਆਲਾ ਤੋਂ ਵੇਟਲਿਫਟਿੰਗ ਦਾ ਕੋਚਿੰਗ ਡਿਪਲੋਮਾ ਤੇ ਯੋਗਾ ਦਾ ਕੋਰਸ ਕੀਤਾ। ਉਹ ਸਰਕਾਰੀ ਕਾਲਜ ਟਾਂਡਾ ਤੇ ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲਾ ਵੱਲੋਂ ਇੰਟਰਵਰਸਿਟੀ ਮੁਕਾਬਲਿਆਂ 'ਚ ਹਿੱਸਾ ਲੈਂਦਾ ਰਿਹਾ ਅਤੇ ਪੰਜਾਬ ਚੈਂਪੀਅਨ ਬਣ ਕੇ ਨੈਸ਼ਨਲ ਪੱਧਰ ਉਤੇ ਸੂਬੇ ਦੀ ਨੁਮਾਇੰਦਗੀ ਕਰਦਾ ਰਿਹਾ।

ਸਾਬੀ ਵੱਲੋਂ ਦੇਸ਼ ਵਿਚ ਹੋਈਆਂ ਹੋਰਨਾਂ ਖੇਡਾਂ ਦੀ ਕਵਰੇਜ ਦਾ ਤਾਂ ਹਿਸਾਬ ਕਿਤਾਬ ਹੀ ਨਹੀਂ। ਹੀਰੋ ਹਾਕੀ ਇੰਡੀਆ ਲੀਗ, ਵਿਸ਼ਵ ਸੀਰੀਜ਼ ਹਾਕੀ ਲੀਗ, ਵਿਸ਼ਵ ਕਬੱਡੀ ਕੱਪ, ਹਾਕੀ ਸੀਨੀਅਰ ਨੈਸ਼ਨਲ, ਰਾਸ਼ਟਰਮੰਡਲ ਕੁਸ਼ਤੀ ਚੈਂਪੀਅਨਸ਼ਿਪ, ਚਾਰ ਮੁਲਕੀ ਹਾਕੀ ਗੋਲਡ ਕੱਪ, ਸੁਰਜੀਤ ਹਾਕੀ ਟੂਰਨਾਮੈਂਟ, ਬਲਵੰਤ ਕਪੂਰ ਹਾਕੀ ਟੂਰਨਾਮੈਂਟ, ਹਾਕੀ ਫੈਡਰੇਸ਼ਨ ਕੱਪ, ਸ਼ਹੀਦ ਭਗਤ ਸਿੰਘ ਕੁਸ਼ਤੀ ਟੂਰਨਾਮੈਂਟ, ਵਿਸ਼ਵ ਕਬੱਡੀ ਲੀਗ, ਪ੍ਰੀਮੀਅਰ ਹਾਕੀ ਲੀਗ, ਸਕੂਲ ਨੈਸ਼ਨਲ ਖੇਡਾਂ ਤੋਂ ਕੌਮੀ ਖੇਡਾਂ ਸਣੇ ਪੰਜਾਬ ਦੀਆਂ ਰਵਾਇਤੀ ਖੇਡਾਂ ਜਿਵੇਂ ਕਿਲਾ ਰਾਏਪੁਰ ਦੀਆਂ ਖੇਡਾਂ, ਹਕੀਮਪੁਰ ਦਾ ਪੁਰੇਵਾਲ ਖੇਡ ਮੇਲਾ, ਕੋਟਲਾ ਸ਼ਾਹੀਆ ਦੀਆਂ ਕਮਲਜੀਤ ਖੇਡਾਂ ਆਦਿ ਦੀ ਵੀ ਕਵਰੇਜ ਕੀਤੀ।

ਖੇਡ ਪੱਤਰਕਾਰ ਵਜੋਂ ਨਿਭਾਈਆਂ ਸੇਵਾਵਾਂ ਕਰਕੇ ਉਸ ਨੂੰ ਅਨੇਕਾਂ ਮਾਣ-ਸਨਮਾਨ ਮਿਲੇ ਜਿਨ੍ਹਾਂ ਵਿਚ ਪ੍ਰਮੁੱਖ ਲੰਡਨ ਓਲੰਪਿਕਸ-2012 ਦੀ ਕਵਰੇਜ ਦੌਰਾਨ ਹਾਊਸ ਆਫ ਕਾਮਨ ਲੰਡਨ ਵਿਖੇ ਮੈਂਬਰ ਪਾਰਲੀਮੈਂਟ ਵਰਿੰਦਰ ਸ਼ਰਮਾ ਵੱਲੋਂ, ਬੀਜਿੰਗ ਓਲੰਪਿਕਸ ਦੀ ਕਵਰੇਜ ਲਈ ਹਜ਼ੂਰ ਸਾਹਿਬ ਦੀ ਧਰਤੀ 'ਤੇ ਗੁਰਤਾ ਗੱਦੀ ਦਿਵਸ ਸਮਾਰੋਹ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ, ਦੋਹਾ ਏਸ਼ਿਆਈ ਖੇਡਾਂ ਦੀ ਕਵਰੇਜ ਲਈ ਸੁਰਜੀਤ ਸਪੋਰਟਸ ਐਸੋਸੀਏਸ਼ਨ ਬਟਾਲਾ ਵੱਲੋਂ ਸ਼ਾਮਲ ਹਨ। ਉਸ ਨੂੰ ਪੰਜਾਬ ਪ੍ਰੈਸ ਕਲੱਬ ਜਲੰਧਰ, ਪੰਜਾਬ ਬਾਸਕਟਬਾਲ ਐਸੋਸੀਏਸ਼ਨ, ਗੁਡਵਿੱਲ ਅਥਲੈਟਿਕਸ ਕਲੱਬ ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਜੂਡੋ ਐਸੋਸੀਏਸ਼ਨ, ਜ਼ਿਲ੍ਹਾ ਜਲੰਧਰ ਜੂਡੋ ਐਸੋਸੀਏਸ਼ਨ, ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਅਤੇ ਜ਼ਿਲ੍ਹਾ ਜਲੰਧਰ ਸਕੂਲ ਟੂਰਨਾਮੈਂਟ ਕਮੇਟੀ ਵੱਲੋਂ ਵੀ ਸਨਮਾਨਤ ਕੀਤਾ ਗਿਆ।

2021 ਵਿਚ ਟੋਕੀਓ ਓਲੰਪਿਕ ਖੇਡਾਂ ਦੀ ਕਵਰੇਜ ਕਰਨ ਲਈ ਜਤਿੰਦਰ ਸਾਬੀ ਨੇ ਜਪਾਨ ਜਾਣਾ ਸੀ ਪਰ ਕਰੋਨਾ ਕਾਰਨ ਨਹੀਂ ਜਾ ਸਕਿਆ। ਤਦ ਉਸ ਨੇ ਜਲੰਧਰ ਬੈਠਿਆਂ ਹੀ ਖੇਡਾਂ ਦੀ ਪਲ-ਪਲ ਦੀ ਕਵਰੇਜ ਕੀਤੀ। ਨੀਰਜ ਚੋਪੜਾ ਵੱਲੋਂ ਜੈਵਲਿਨ ਥਰੋਅ ਵਿਚ ਸੋਨ ਤਗਮਾ ਜਿੱਤਣ 'ਤੇ ਲਿਖੀ ਜਤਿੰਦਰ ਸਾਬੀ ਦੀ ਰਿਪੋਰਟ:



### ਨੀਰਜ ਚੋਪੜਾ ਦਾ ਕਮਾਲ

ਟੋਕੀਓ ਓਲੰਪਿਕ ਵਿਚੋਂ ਸੋਨ ਤਗਮਾ ਜਿੱਤ ਕੇ ਨੀਰਜ ਚੋਪੜਾ ਨੇ ਨਵਾਂ ਇਤਿਹਾਸ ਰਚ ਦਿੱਤਾ। ਇਹ ਜੈਵਲਿਨ ਥਰੋਅਰ ਅਥਲੈਟਿਕਸ 'ਚ ਓਲੰਪਿਕ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ। ਇਸ ਜਿੱਤ ਨੇ ਕਰੋੜਾਂ ਭਾਰਤੀਆਂ ਦੇ ਦਿਲ ਜਿੱਤ ਲਏ ਪਰ ਇਸ ਮਾਣਮੱਤੀ ਜਿੱਤ ਲਈ ਨੀਰਜ ਨੂੰ ਕਈ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ। ਨੀਰਜ ਚੋਪੜਾ ਦੀ ਕਹਾਣੀ ਸਰੀਰਕ ਭਾਰ ਘਟਾਉਣ ਤੋਂ ਸ਼ੁਰੂ ਹੁੰਦੀ ਹੈ। 10-11 ਸਾਲ ਦੀ ਉਮਰ ਵਿੱਚ ਨੀਰਜ ਦਾ ਭਾਰ ਬਹੁਤ ਵੱਧ ਸੀ, ਜਿਸ ਕਰਕੇ ਇਹਦੇ ਚਾਚੇ ਤੇ ਪਿਤਾ ਨੇ ਭਾਰ ਘਟ ਕਰਨ ਲਈ ਕਿਹਾ। ਉਸ ਨੂੰ ਪਾਣੀਪਤ ਦੇ ਸ਼ਿਵਾਜੀ ਸਟੇਡੀਅਮ ਵਿਚ ਭੇਜਿਆ ਤੇ ਉਥੇ ਇਸ ਕੋਲੋਂ ਕਈ ਖੇਡਾਂ ਕਰਵਾਈਆਂ ਗਈਆਂ ਪਰ ਸਭਨਾਂ ਵਿਚ ਭਾਰ ਵੱਧ ਹੋਣ ਕਰਕੇ ਮੁਸ਼ਕਲ ਪੇਸ਼ ਆ ਰਹੀ ਸੀ। ਇੱਕ ਦਿਨ ਨੀਰਜ ਨੇ ਮਜ਼ਾਕ ਵਿਚ ਨੇਜ਼ਾ ਚੁੱਕ ਲਿਆ। ਉਸ ਨੇ ਪੂਰੀ ਤਾਕਤ ਨਾਲ ਥਰੋਅ ਕੀਤੀ ਤੇ ਉਸ ਦੀ ਥਰੋਅ ਦੇਖ ਕੇ ਸਾਰੇ ਦੰਗ ਰਹਿ ਗਏ। 11 ਸਾਲ ਦੀ ਉਮਰ ਵਿਚ ਨੀਰਜ ਨੇ 25 ਮੀਟਰ ਥਰੋਅ ਕੀਤੀ ਤੇ ਇਸ ਤੋਂ ਬਾਅਦ ਨੀਰਜ ਦੀ ਇਸ ਖੇਡ ਨਾਲ ਮੁਹੱਬਤ ਹੋ ਗਈ ਅਤੇ ਉਹ ਰੋਜ਼ਾਨਾ 7-8 ਘੰਟੇ ਪ੍ਰੈਕਟਿਸ ਕਰਨ ਲੱਗਾ।

ਨੀਰਜ ਇੱਕ ਕਿਸਾਨ ਪਰਿਵਾਰ ਨਾਲ ਸਬੰਧਤ ਸੀ, ਜਿਸ ਦੇ ਆਰਥਿਕ ਹਾਲਾਤ ਵੀ ਚੰਗੇ ਨਹੀਂ ਸਨ। ਸਾਂਝਾ ਵੱਡਾ ਪਰਿਵਾਰ ਸੀ। ਉਸ ਵੇਲੇ ਸਟੈਂਡਰਡ ਦੇ ਜੈਵਲਿਨ ਦੀ ਕੀਮਤ 1.50 ਲੱਖ ਸੀ ਪਰ ਪਰਿਵਾਰ ਨੇ ਉਸ ਨੂੰ ਮੁਸ਼ਕਲ ਨਾਲ 7 ਹਜ਼ਾਰ ਰੁਪਏ ਦੀ ਜੈਵਲਿਨ ਲੈ ਕੇ ਦਿੱਤੀ। ਫਿਰ ਵੀ ਬੁਲੰਦ ਹੌਸਲੇ ਨਾਲ ਨੀਰਜ ਲਗਾਤਾਰ ਪ੍ਰੈਕਟਿਸ ਕਰਨ ਲੱਗਾ। ਉਸ ਦਾ ਕੋਈ ਵੀ ਕੋਚ ਨਹੀਂ ਸੀ ਪਰ ਉਸ ਨੇ ਹਾਰ ਨਹੀਂ ਮੰਨੀ। ਯੂ. ਟਿਊਬ ਤੋਂ ਵੀਡੀਓ ਵੇਖ ਕੇ ਟਰੇਨਿੰਗ ਕਰਨ ਲੱਗਾ ਜਿਸ ਨਾਲ ਉਸ ਦੇ ਕੈਰੀਅਰ ਨੂੰ ਨਵੀਂ ਉਡਾਣ ਮਿਲੀ। 2013 ਵਿਚ ਵਰਲਡ ਯੂਥ ਚੈਂਪੀਅਨਸ਼ਿਪ 'ਚ ਹਿੱਸਾ ਲਿਆ ਪਰ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ। ਉਥੇ ਉਹ 66.75 ਮੀਟਰ ਦੀ ਥਰੋਅ ਨਾਲ 19ਵੇਂ ਸਥਾਨ 'ਤੇ ਰਿਹਾ। ਵੁਹਾਨ ਏਸ਼ੀਅਨ ਚੈਂਪੀਅਨਸ਼ਿਪ ਵਿਚ 70.50 ਮੀਟਰ ਨਾਲ 9ਵੇਂ ਸਥਾਨ ਉਤੇ ਆਇਆ।

2016 ਦੀਆਂ ਸੈਫ ਖੇਡਾਂ ਵਿਚ 82.23 ਮੀਟਰ ਨਾਲ ਸੋਨ ਤਗਮਾ ਜਿੱਤਿਆ। ਇਸੇ ਸਾਲ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ 86.48 ਮੀਟਰ ਥਰੋਅ ਦੇ ਨਵੇਂ ਰਿਕਾਰਡ ਨਾਲ ਸੋਨ ਤਗਮਾ ਜਿੱਤਣ ਨਾਲ ਨੀਰਜ ਦੀ ਗੁੱਡੀ ਚੜ੍ਹ ਗਈ। ਇਸ ਤੋਂ ਬਾਅਦ ਨੀਰਜ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਰਾਸ਼ਟਰਮੰਡਲ ਖੇਡਾਂ ਵਿਚ ਨੀਰਜ ਨੇ 86.47 ਮੀਟਰ ਥਰੋਅ ਨਾਲ ਸੋਨ ਤਗਮਾ ਅਤੇ ਫੇਰ ਜਕਾਰਤਾ ਏਸ਼ਿਆਈ ਖੇਡਾਂ ਵਿਚ 88.06 ਮੀਟਰ ਥਰੋਅ ਨਾਲ ਸੋਨ ਤਗਮਾ ਜਿੱਤਿਆ। ਓਲੰਪਿਕ ਖੇਡਾਂ ਤੱਕ ਪੁੱਜਣ ਲਈ ਉਸ ਨੇ ਕਈ ਖ਼ਤਰਨਾਕ ਚੋਟਾਂ ਦਾ ਮੁਕਾਬਲਾ ਕੀਤਾ ਅਤੇ ਕੋਵਿਡ-19 ਨਾਲ ਵੀ ਲੜਾਈ ਲੜੀ। ਇਹਦੇ ਬਾਵਜੂਦ ਇਸ ਜੁਝਾਰੂ ਅਥਲੀਟ ਨੇ ਟੋਕੀਓ ਓਲੰਪਿਕ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਭਾਰਤ ਦਾ ਮਾਣ ਵਧਾਇਆ।

### ਉੱਡਣਾ ਬਾਜ਼ ਗੁਰਬਚਨ ਸਿੰਘ ਰੰਧਾਵਾ

ਪੰਜਾਬੀ ਖੇਡ ਜੀਵਨੀਆਂ ਤੇ ਸਵੈ-ਜੀਵਨੀਆਂ ਦੀ ਗੱਲ ਕਰਦਿਆਂ ਹਾਕੀ ਦੇ ਮਹਾਨ ਖਿਡਾਰੀ ਬਲਬੀਰ ਸਿੰਘ ਸੀਨੀਅਰ, ਫਲਾਈਂਗ ਸਿੱਖ ਮਿਲਖਾ ਸਿੰਘ, ਏਸ਼ੀਆ ਦੇ ਚੈਂਪੀਅਨ ਜੋਗਿੰਦਰ ਸਿੰਘ ਜੋਗੀ, ਹਾਕੀ ਖਿਡਾਰੀ ਕਰਨਲ ਬਲਬੀਰ ਸਿੰਘ ਤੇ ਪਹਿਲਵਾਨ ਦਾਰਾ ਸਿੰਘ ਨੇ ਜਿੱਥੇ ਆਪਣੀਆਂ ਸਵੈ-ਜੀਵਨੀਆਂ ਲਿਖੀਆਂ, ਉਥੇ ਕਈ ਨਾਮਵਰ ਖਿਡਾਰੀਆਂ ਦੀਆਂ ਹੋਰਨਾਂ ਖੇਡ ਲੇਖਕਾਂ ਵੱਲੋਂ ਜੀਵਨੀਆਂ ਵੀ ਲਿਖੀਆਂ ਗਈਆਂ। ਉਨ੍ਹਾਂ ਵਿਚ ਫੁੱਟਬਾਲਰ ਜਰਨੈਲ ਸਿੰਘ, ਅਥਲੀਟ ਪ੍ਰਦੁਮਣ ਸਿੰਘ, ਬ੍ਰਿਗੇਡੀਅਰ ਲਾਭ ਸਿੰਘ, ਮੈਰੀਕਾੱਮ ਤੇ ਸੁਨੀਤਾ ਰਾਣੀ, ਬਲਵਿੰਦਰ ਫਿੱਡਾ, ਹਰਜੀਤ ਬਾਜਾਖਾਨਾ, ਪਹਿਲਵਾਨ ਕਰਤਾਰ ਸਿੰਘ ਤੇ ਕ੍ਰਿਕਟਰ ਹਰਭਜਨ ਸਿੰਘ ਪ੍ਰਮੁੱਖ ਹਨ। ਪਹਿਲਵਾਨ ਦਾਰਾ ਸਿੰਘ ਦੁਲਚੀਪੁਰੀਏ ਬਾਰੇ ਨਾਵਲ ਲਿਖਿਆ ਗਿਆ। ਬਲਬੀਰ ਸਿੰਘ ਸੀਨੀਅਰ ਤੇ ਮਿਲਖਾ ਸਿੰਘ ਦੀਆਂ ਜੀਵਨੀਆਂ ਵੀ ਛਪੀਆਂ ਹਨ।

ਹੁਣ ਓਲੰਪੀਅਨ ਅਥਲੀਟ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ ਚਰਚਾ ਵਿਚ ਹੈ। 1966 ਵਿਚ ਸਰਵਣ ਸਿੰਘ ਨੇ ਉਸ ਦਾ ਸ਼ਬਦ ਚਿੱਤਰ 'ਮੁੜ੍ਹਕੇ ਦਾ ਮੋਤੀ' ਲਿਖਿਆ ਸੀ ਜੋ ਉਸ ਦੀ ਪੁਸਤਕ 'ਪੰਜਾਬੀ ਦੇ ਉੱਘੇ ਖਿਡਾਰੀ' 'ਚ ਸ਼ਾਮਲ ਹੈ। ਹੁਣ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਲਿਖੀ ਉਸ ਦੀ ਜੀਵਨੀ 'ਉੱਡਣਾ ਬਾਜ਼' ਨਾਲ ਇਕ ਹੋਰ ਅਣਗੌਲਿਆ ਮਹਾਨ ਖਿਡਾਰੀ ਵੀ ਮਹਾਨ ਖਿਡਾਰੀਆਂ ਦੀ ਸੂਚੀ ਵਿਚ ਆ ਗਿਆ ਹੈ, ਜਿਸ ਦੇ ਖੇਡ ਕੈਰੀਅਰ ਤੇ ਪ੍ਰਾਪਤੀਆਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਤੇ ਖਿਡਾਰੀ ਪ੍ਰੇਰਨਾ ਲੈਂਦੇ ਰਹਿਣਗੇ।

ਪਿੰਡ ਨੰਗਲੀ, ਜ਼ਿਲ੍ਹਾ ਅੰਮ੍ਰਿਤਸਰ ਦੇ ਜੰਮਪਲ ਗੁਰਬਚਨ ਸਿੰਘ ਰੰਧਾਵਾ ਆਲ ਰਾਊਂਡਰ ਅਥਲੀਟ ਰਹੇ ਹਨ, ਜਿਨ੍ਹਾਂ ਨੇ ਡਿਕੈਥਲਨ ਅਤੇ ਹਰਡਲਜ਼ ਦੌੜ ਵਿਚ ਵਿਸ਼ਵ ਪੱਧਰ ਅਤੇ ਕੌਮੀ ਪੱਧਰ ਉਤੇ ਦੌੜਾਂ, ਛਾਲਾਂ ਤੇ ਥਰੋਆਂ ਤਿੰਨੇ ਈਵੈਂਟਾਂ ਵਿਚ ਆਪਣਾ ਝੰਡਾ ਬੁਲੰਦ ਕੀਤਾ ਸੀ। ਗੁਰਬਚਨ ਸਿੰਘ ਰੰਧਾਵੇ ਨੇ ਜਕਾਰਤਾ-1962 ਦੀਆਂ ਏਸ਼ਿਆਈ ਖੇਡਾਂ ਸਮੇਂ ਡਿਕੈਥਲਨ 'ਚੋਂ ਸੋਨੇ ਦਾ ਤਗਮਾ ਜਿੱਤ ਕੇ ਬੈਸਟ ਅਥਲੀਟ ਦਾ ਖ਼ਿਤਾਬ ਜਿੱਤਿਆ ਸੀ। ਫਿਰ ਸੱਟ ਲੱਗਣ ਕਾਰਨ ਡਿਕੈਥਲਨ ਛੱਡ ਕੇ ਉਨ੍ਹਾਂ ਨੇ 110 ਮੀਟਰ ਹਰਡਲਜ਼ ਦੌੜ ਹੀ ਦੌੜਨੀ ਸ਼ੁਰੂ ਕੀਤੀ। ਟੋਕੀਓ ਓਲੰਪਿਕ-1964 ਵਿਚ ਗੁਰਬਚਨ ਸਿੰਘ ਨੇ 110 ਮੀਟਰ ਹਰਡਲਜ਼ ਦੌੜ ਵਿਚ 14 ਸਕਿੰਟ ਦੇ ਨਵੇਂ ਰਿਕਾਰਡ ਨਾਲ ਪੰਜਵਾਂ ਸਥਾਨ ਹਾਸਲ ਕੀਤਾ। ਉਹ ਇਸ ਈਵੈਂਟ ਦੇ ਫਾਈਨਲ ਵਿਚ ਪਹੁੰਚਣ ਵਾਲੇ ਪਹਿਲੇ ਏਸ਼ੀਅਨ ਅਥਲੀਟ ਬਣੇ ਸਨ। ਗੁਰਬਚਨ ਸਿੰਘ ਨੇ ਇਸ ਤੋਂ ਪਹਿਲਾਂ 1960 ਵਿਚ 21 ਵਰ੍ਹਿਆਂ ਦੀ ਉਮਰੇ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਵੀ ਹਿੱਸਾ ਲਿਆ ਸੀ।

ਉਸ ਨੇ ਦੋ ਦਿਨਾਂ 'ਚ ਚਾਰ ਕੌਮੀ ਰਿਕਾਰਡ ਬਣਾ ਕੇ ਆਪਣੀ ਆਲਰਾਊਂਡ ਪ੍ਰਤਿਭਾ ਦਾ ਮੁਜ਼ਾਹਰਾ ਕੀਤਾ ਸੀ। ਇਹ ਰਿਕਾਰਡ ਡਿਕੈਥਲਨ, 110 ਮੀਟਰ ਹਰਡਲਜ਼ ਦੌੜ, ਉੱਚੀ ਛਾਲ ਤੇ ਜੈਵਲਿਨ ਥਰੋਅ ਵਿਚ ਰੱਖੇ ਗਏ ਸਨ। ਉਨ੍ਹਾਂ ਨੇ ਆਲ ਇੰਡੀਆ ਪੁਲਿਸ ਖੇਡਾਂ ਵਿਚ ਲਗਾਤਾਰ ਛੇ ਸਾਲ ਹੋਮ ਮਨਿਸਟਰ ਮੈਡਲ ਜਿੱਤਿਆ। ਇੰਟਰ ਸਟੇਟ, ਨੈਸ਼ਨਲ ਓਪਨ ਤੇ ਆਲ ਇੰਡੀਆ ਪੁਲਿਸ ਮੁਕਾਬਲੇ ਮਿਲਾ ਕੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚੋਂ ਉਨ੍ਹਾਂ ਨੇ 34 ਸੋਨ ਤਗਮੇ ਜਿੱਤੇ ਸਨ, ਜਿਨ੍ਹਾਂ ਵਿਚੋਂ ਇਕੱਲੇ ਪੁਲਿਸ ਖੇਡਾਂ ਦੇ 22 ਸੋਨ ਤਗਮੇ ਸ਼ਾਮਿਲ ਹਨ। 15 ਵਾਰ ਤਾਂ ਉਨ੍ਹਾਂ ਨੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਨਵਾਂ ਕੌਮੀ ਰਿਕਾਰਡ, ਮੀਟ ਰਿਕਾਰਡ ਜਾਂ ਇਸ ਦੀ ਬਰਾਬਰੀ ਕੀਤੀ ਸੀ। 110 ਮੀਟਰ ਹਰਡਲਜ਼ ਦੌੜ ਵਿਚ ਬਣਾਇਆ ਉਨ੍ਹਾਂ ਦਾ ਕੌਮੀ ਰਿਕਾਰਡ 37 ਸਾਲ ਅਤੇ ਡਿਕੈਥਲਨ ਵਿਚ ਬਣਾਇਆ ਕੌਮੀ ਰਿਕਾਰਡ 12 ਸਾਲ ਬਰਕਰਾਰ ਰਿਹਾ। ਉਹ ਹਰਫਨਮੌਲਾ ਅਥਲੀਟ ਸਨ।

ਗੁਰਬਚਨ ਸਿੰਘ ਰੰਧਾਵਾ ਦੇਸ਼ ਦਾ ਪਹਿਲਾ ਅਰਜੁਨਾ ਐਵਾਰਡੀ ਖਿਡਾਰੀ ਹੈ, ਜਿਨ੍ਹਾਂ ਨੂੰ 1961 ਵਿਚ ਇਹ ਸਨਮਾਨ ਮਿਲਿਆ। ਉਨ੍ਹਾਂ ਨੂੰ ਭਾਰਤ ਸਰਕਾਰ ਨੇ 2005 ਵਿਚ ਦੇਸ਼ ਦੇ ਚੌਥੇ ਸਰਬਉੱਚ ਨਾਗਰਿਕ ਸਨਮਾਨ ਪਦਮਸ਼੍ਰੀ ਨਾਲ ਅਤੇ ਪੰਜਾਬ ਸਰਕਾਰ ਨੇ 2019 ਵਿਚ ਖੇਡਾਂ ਦੇ ਸਭ ਤੋਂ ਵੱਡੇ ਪੁਰਸਕਾਰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਵੀ ਸਨਮਾਨਿਆ। ਬਤੌਰ ਪੁਲਿਸ ਅਫ਼ਸਰ ਵੀ ਉਨ੍ਹਾਂ ਦਾ ਕੈਰੀਅਰ ਰਿਕਾਰਡ ਸ਼ਾਨਦਾਰ ਰਿਹਾ। ਉਨ੍ਹਾਂ ਨੂੰ ਸੀਆਰਪੀਐਫ ਵਿਚ ਮਿਸਾਲੀ ਸੇਵਾਵਾਂ ਨਿਭਾਉਣ ਬਦਲੇ ਰਾਸ਼ਟਰਪਤੀ ਪੁਲਿਸ ਮੈਡਲ ਦਿੱਤਾ ਗਿਆ। ਸ. ਸਰਵਣ ਸਿੰਘ ਬੋਪਾਰਾਏ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਸਨ ਤਾਂ ਉਨ੍ਹਾਂ ਨੇ ਗੁਰਬਚਨ ਸਿੰਘ ਰੰਧਾਵਾ ਨੂੰ ਯੂਨੀਵਰਸਿਟੀ ਦਾ ਖੇਡ ਸਲਾਹਕਾਰ ਨਿਯੁਕਤ ਕਰ ਲਿਆ ਸੀ। ਉਨ੍ਹਾਂ ਦੀ ਯੋਜਨਾਕਾਰੀ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਇੰਟਰਵਰਸਿਟੀ ਖੇਡ ਖੇਤਰ ਵਿਚ ਸਭ ਤੋਂ ਵੱਡਾ ਪੁਰਸਕਾਰ ਮਾਕਾ ਟਰਾਫੀ ਮਿਲਣੀ ਆਰੰਭ ਹੋਈ। ਗੁਰਬਚਨ ਸਿੰਘ ਰੰਧਾਵਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਨਰੇਰੀ ਡਾਕਟਰੇਟ ਦੀ ਡਿਗਰੀ ਤੇ ਫੈਲੋਸ਼ਿਪ ਪ੍ਰਦਾਨ ਕੀਤੀ। ਗੁਰਬਚਨ ਸਿੰਘ ਰੰਧਾਵਾ ਭਾਰਤ ਦੀ ਅਥਲੈਟਿਕਸ ਟੀਮ ਦੀ ਚੋਣ ਕਮੇਟੀ ਦੇ ਮੁਖੀ ਹਨ ਅਤੇ ਵਿਸ਼ਵ ਭਰ ਵਿਚ ਜਾਣੇ ਜਾਂਦੇ ਹਨ।

### ਸ਼ੂਟਿੰਗ ਖਿਡਾਰਨ ਦੀ ਖ਼ੁਦਕੁਸ਼ੀ

ਪਿਛਲੇ ਦਿਨੀਂ ਫ਼ਰੀਦਕੋਟ ਦੀ 17 ਸਾਲਾ ਰਾਸ਼ਟਰੀ ਪੱਧਰ ਦੀ ਸ਼ੂਟਿੰਗ ਖਿਡਾਰਨ ਦੀ ਦਰਦਨਾਕ ਖ਼ੁਦਕੁਸ਼ੀ ਨੇ ਪੰਜਾਬ ਦੇ ਸਮੁੱਚੇ ਖੇਡ ਜਗਤ ਨੂੰ ਹਲੂਣ ਕੇ ਰੱਖ ਦਿੱਤਾ ਹੈ। ਇਸ ਉਭਰਦੀ ਖਿਡਾਰਨ ਨੇ ਆਪਣੇ ਪਿਸਤੌਲ ਨਾਲ ਗੋਲੀ ਮਾਰ ਕੇ ਪੰਜਾਬ ਦੇ ਸਮੁੱਚੇ ਖੇਡ ਸਿਸਟਮ 'ਤੇ ਜ਼ਰੂਰੀ ਸਵਾਲ ਖੜ੍ਹੇ ਕਰ ਦਿੱਤੇ ਹਨ। ਦਿੱਲੀ ਦੀਆਂ ਬਰੂਹਾਂ 'ਤੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਅੱਸੀ ਸਾਲ ਤੋਂ ਵੀ ਵਡੇਰੀ ਉਮਰ ਦੇ ਬਾਬਿਆਂ ਨੇ ਆਪਣੇ ਸਿਰੜ, ਸਿਦਕ ਤੇ ਜੀਵਨ ਦੇ ਇਕੱਠੇ ਕੀਤੇ ਤਜਰਬਿਆਂ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੀ ਜਵਾਨੀ ਦੇ ਜੋਸ਼, ਤਾਕਤ ਤੇ ਬੁਲੰਦ ਹੌਸਲਿਆਂ ਨੂੰ ਪ੍ਰੋਅ ਕੇ ਬੇਮਿਸਾਲ ਜਿੱਤ ਹਾਸਲ ਕਰਦਿਆਂ ਇੱਕ ਨਵਾਂ ਇਤਿਹਾਸ ਸਿਰਜਿਆ ਹੈ ਤੇ ਹੁਣ ਪੰਜਾਬ ਵਿਚ 2022 ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ। ਹਰ ਤਰ੍ਹਾਂ ਦੀਆਂ ਰਾਜਨੀਤਕ ਪਾਰਟੀਆਂ ਦੇ ਸਿਆਸੀ ਮਹਾਂਰਥੀ ਵੋਟਾਂ ਦੀ ਫ਼ਸਲ ਵੱਢਣ ਲਈ ਹਰ ਤਰ੍ਹਾਂ ਦੀ ਸਿਆਸੀ ਸ਼ਤਰੰਜ ਵਿਛਾ ਕੇ ਆਪਣੇ ਪਿਆਦਿਆਂ ਦੀ ਕਸਰਤ ਕਰਵਾਉਣ ਲਈ ਲੰਗੋਟ ਕੱਸ ਕੇ ਚੋਣ ਅਖਾੜੇ ਵਿਚ ਕੁੱਦ ਚੁੱਕੇ ਹਨ।

ਪੰਜਾਬ ਦੀ ਨੌਜਵਾਨੀ ਲਈ ਹੁਣ ਇਹ ਖ਼ਾਸ ਮੌਕਾ ਹੈ ਕਿ ਕਿਸਾਨੀ ਘੋਲ ਦੇ ਸੰਘਰਸ਼ ਤੋਂ ਪ੍ਰੇਰਿਤ ਹੋ ਕੇ ਚੋਣ ਅਖਾੜੇ 'ਚ ਕੁੱਦੇ ਉਮੀਦਵਾਰਾਂ ਨੂੰ ਘੇਰ ਕੇ ਇਹ ਸਵਾਲ ਜ਼ਰੂਰ ਪੁੱਛਣ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ੇ, ਨੰਗੇਜ਼, ਨਕਲ ਤੇ ਮਜਬੂਰੀ ਦੇ ਪਰਵਾਸ ਤੋਂ ਬਚਾਉਣ ਲਈ ਤੁਹਾਡਾ ਕਿਸ ਤਰ੍ਹਾਂ ਦਾ ਰੋਡ-ਮੈਪ ਹੈ? ਪੰਜਾਬ ਦੀਆਂ ਖੇਡ ਜਥੇਬੰਦੀਆਂ ਨੇ ਸਿੱਖਿਆ ਵਿਭਾਗ ਪੰਜਾਬ ਅੰਦਰ ਖੇਡਾਂ ਦੇ ਨਿਘਾਰ ਬਾਰੇ ਸਿੱਖਿਆ ਮੰਤਰੀ ਨੂੰ ਸਵਾਲ ਕਰ ਕੇ ਇਸ ਦੀ ਸ਼ੁਰੂਆਤ ਕਰ ਦਿੱਤੀ ਹੈ।

*(ਬਾਕੀ ਅਗਲੇ ਸਫੇ 'ਤੇ)*

# ਬਹੁਤਾ ਭਲਾ ਨਾ ਬੋਲਣਾ ਬਹੁਤੀ ਭਲੀ ਨਾ ਚੁੱਪ

ਬੰਦੇ ਲਈ ਬੋਲਣਾ ਜਾਂ ਗੱਲ ਕਰਨਾ ਆਮ ਗਲ ਹੈ। ਜੇ ਕਿਸੇ ਨੂੰ ਬੋਲਣ ਸਬੰਧੀ ਕੋਈ ਬਿਮਾਰੀ ਨਹੀਂ ਤਾਂ ਬੰਦਾ ਹੀ ਇਕ ਅਜਿਹਾ ਪ੍ਰਾਣੀ ਹੈ ਜੋ ਬੋਲਦਾ ਹੈ, ਜਿਸ ਦੀ ਭਾਸ਼ਾ ਹੈ, ਜਿਸ ਕੋਲ ਸ਼ਬਦ ਹਨ, ਵਿਚਾਰਾਂ ਦੇ ਆਦਾਨ-ਪ੍ਰਦਾਨ ਦੇ ਸਾਧਨ ਹਨ। ਪਸ਼ੂ-ਪੰਛੀ ਵੀ ਬੋਲਦੇ ਹਨ ਪਰ ਸਿਰਫ ਆਵਾਜ਼ਾਂ ਹੀ ਕੱਢਦੇ ਹਨ, ਜਿਨ੍ਹਾਂ ਦਾ ਅਰਥ ਸਾਡੀ ਸਮਝ ਤੋਂ ਪਰੇ ਹੁੰਦੈ। ਇਸ਼ਾਰਿਆਂ ਰਾਹੀਂ ਤਾਂ ਉਹ ਲੋਕ ਵੀ ਗੱਲਬਾਤ ਕਰ ਲੈਂਦੇ ਹਨ ਜਿਨ੍ਹਾਂ ਕੋਲ ਬੋਲਣ ਦੀ ਸਮਰੱਥਾ ਨਹੀਂ ਹੁੰਦੀ। ਗੁਰਬਾਣੀ ਵਿਚ ਕਿਹਾ ਗਿਐ,

"ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਸੁਣੀਐ ਕਿਛੁ ਕਹੀਐ"॥

ਬੋਲਣ ਲਈ ਅੱਖਰ\ਸ਼ਬਦ ਚਾਹੀਦੇ ਹਨ। ਅੱਖਰਾਂ ਦੀ ਬੜੀ ਮਹਿਮਾ ਹੈ,

"ਅਖਰੀ ਨਾਮੁ, ਅਖਰੀ ਸਾਲਾਹ॥
ਅਖਰੀ, ਗਿਆਨੁ ਗੀਤ ਗੁਣ ਗਾਹ॥
ਅਖਰੀ,ਲਿਖਣੁ ਬੋਲਣਿ ਬਾਣਿ॥

ਨਾਮ, ਸਿਮਰਨ ਤੇ ਪ੍ਰਭੂ-ਪ੍ਰਸ਼ੰਸਾ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਐ। ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਰਾਹੀਂ ਹੀ ਹੁੰਦੈ।

ਸ਼ਬਦ, ਅਰਥਾਂ ਦੇ ਵਾਹਨ ਹੁੰਦੇ ਹਨ। ਸ਼ਬਦਾਂ ਵਿਚ ਬੜੀ ਸ਼ਕਤੀ ਹੁੰਦੀ ਹੈ। ਇਹ ਸ਼ਕਤੀ ਦੁਵੱਲਾ ਕੰਮ ਕਰਦੀ ਹੈ। ਸੋਹਣੇ ਸ਼ਬਦ ਸੁਹਾਵਣਾ ਮਾਹੌਲ ਸਿਰਜਦੇ ਹਨ, ਮੰਦੇ ਸ਼ਬਦ ਕੁੜੱਤਣ ਪੈਦਾ ਕਰਦੇ ਹਨ। ਜਾਂ ਪਾਲ ਸਾਰਤਰ ਤਾਂ ਸ਼ਬਦਾਂ ਨੂੰ ਭਰੇ ਹੋਏ ਪਿਸਤੌਲ ਕਹਿੰਦੈ। ਇਕ ਚੀਨੀ ਕਹਾਵਤ ਹੈ ਕਿ ਨਿਕਲੇ ਹੋਏ ਸ਼ਬਦਾਂ\ਬੋਲਾਂ ਨੂੰ ਫੌਜਾਂ ਵੀ ਵਾਪਿਸ ਨਹੀਂ ਲਿਆ ਸਕਦੀਆਂ। ਪੰਜਾਬੀ ਵਿਚ ਵੀ ਕਹਿੰਦੇ ਹਨ ਕਿ ਗਲ ਜ਼ੁਬਾਨੋਂ ਤੇ ਤੀਰ ਕਮਾਨੋਂ ਨਿਕਲ ਜਾਣ ਤਾਂ ਮੁੜਦੇ ਨਹੀਂ। ਇਹ ਵੀ ਕਹਿੰਦੇ ਹਨ ਕਿ ਗੱਲ ਕਹਿੰਦੀ ਏ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ\ਸ਼ਹਿਰੋਂ ਕੱਢਾਂਗੀ। ਇਸ ਲਈ ਹੀ 'ਪਹਿਲਾਂ ਤੋਲੋ,ਫਿਰ ਬੋਲੋ' ਦੀ ਸਲਾਹ ਦਿੱਤੀ ਜਾਂਦੀ ਹੈ। 'ਮੰਦਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ' ਦੀ ਨਸੀਹਤ ਵੀ ਕੀਤੀ ਜਾਂਦੀ ਹੈ।

ਮਹਾਨਕੋਸ਼ ਵਿਚ ਸ਼ਬਦ ਦੇ 11 ਅਰਥ ਕੀਤੇ ਗਏ ਹਨ। ਇਸ ਦਾ ਮੂਲ ਸੰਸਕ੍ਰਿਤ ਦਸਦਿਆਂ ਬਤੌਰ ਸੰਗਯਾ ਸ਼ਬਦ ਦਾ ਅਰਥ ਧੁਨਿ, ਆਵਾਜ਼, ਸੁਰ ਕੀਤਾ ਗਿਆ ਹੈ। ਲਫਜ਼, ਗੁਫਤਗੂ, ਗੁਰਉਪਦੇਸ਼ ਵੀ ਅਰਥ ਕੀਤੇ ਗਏ ਹਨ। ਧਰਮ, ਮਜ਼ਹਬ ਅਤੇ ਬ੍ਰਹਮ, ਕਰਤਾਰ ਦੇ ਅਰਥ ਵੀ ਮੌਜੂਦ ਹਨ,

'ਜੋਗਿ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ" ਅਤੇ "ਗੁਰੂ ਸੁਰਤਿ ਧੁਨਿ ਚੇਲਾ"(ਗੁਰਬਾਣੀ)। ਸ਼ਬਦ ਦੀ ਪਾਕੀਜ਼ਗੀ ਇਸ ਗੱਲ ਤੋਂ ਹੀ ਸਮਝੀ ਜਾ ਸਕਦੀ ਹੈ ਕਿ ਸਿੱਖ ਧਰਮ ਵਿਚ ਸ਼ਬਦ ਨੂੰ ਹੀ ਗੁਰੂ\ਪ੍ਰਮੇਸ਼ਰ ਮੰਨਿਆ ਜਾਂਦਾ ਹੈ।

ਗੱਲਾਂ ਕਰਨ, ਬੋਲਣ ਨਾਲ ਸਬੰਧਤ ਅਨੇਕਾਂ ਅਖਾਣ-ਮੁਹਾਵਰੇ ਹਨ, 'ਗੱਲੀਂ ਬਾਤੀਂ ਮੈਂ ਵੱਡੀ ਕਰਤੂਤੋਂ ਵੱਡੀ ਜਠਾਣੀ', ਗੱਲਾਂ ਦੇ ਗੁਲਗੁਲੇ ਪਕਾਉਣੇ', 'ਗਲੀਂ ਗਲਾਂ ਤੇ ਦੰਮੀ ਘੋੜੇ', 'ਧੀਏ ਗੱਲ ਕਰ ਤੇ ਨੂੰਹੇਂ ਕੰਨ ਕਰ', 'ਗਾਲੜੀ ਗੱਲ ਕਰੇ ਸਿਆਣਾ ਕਿਆਸ ਕਰੇ', 'ਗਲੋਂ ਗਲੈਣ ਅਗੋਂ ਅਗੈਣ', 'ਗੱਲਾਂ ਦਾ ਖਟਿਆ ਖਾਣਾ', 'ਗੱਲਾਂ ਵਾਲਾ ਜਿਤੇ ਕੰਮ ਵਾਲਾ ਹਾਰੇ', 'ਗਲ ਹੋਈ ਪੁਰਾਣੀ ਬੁਕਲ ਮਾਰ ਬੈਠੀ ਸਵਾਣੀ' ਆਦਿ।

ਗੱਲਾਂ ਬਾਰੇ ਕਈ ਪੰਜਾਬੀ ਗੀਤ ਵੀ ਹਨ। ਆਸਾ ਸਿੰਘ ਮਸਤਾਨਾ ਦਾ ਇਕ ਪੁਰਾਣਾ ਗੀਤ ਹੈ, 'ਨਿੱਕੀ ਜਿੰਨੀ ਗੱਲ ਦਾ ਖਲਾਰ ਪੈ ਗਿਆ,\ਗੱਲਾਂ ਗਲਾ ਵਿਚ ਗਲ ਪਿਆਰ ਪੈ ਗਿਆ'। ਇਕ ਅਜੋਕਾ ਗੀਤ ਵੀ ਦੇਖੋ, 'ਮੈਨੂੰ ਨਿਕੀ ਨਿਕੀ ਗੱਲ 'ਤੇ ਰਵਾਇਆ ਤੇਰੇ ਸ਼ਹਿਰ ਨੇ'। 1956 ਦੀ ਹਿੰਦੀ ਫਿਲਮ 'ਜਾਗਤੇ ਰਹੋ' ਵਿਚ ਇਕ ਗੀਤ ਦੇ ਅਖੀਰ 'ਚ ਬੋਲਣ ਸਬੰਧੀ ਪ੍ਰਸ਼ਨ ਸੀ, 'ਤੇ ਕੀ ਮੈਂ ਝੂਠ ਬੋਲਿਆ, ਕੋਈ ਨਾ, ਕੀ ਮੈਂ ਕੁਫਰ ਤੋਲਿਆ, ਕੋਈ ਨਾ।'

ਬੰਦੇ ਨੂੰ ਲੋੜ ਅਨੁਸਾਰ ਹੀ ਬੋਲਣਾ ਚਾਹੀਦੈ। ਗੁਰਬਾਣੀ ਅਨੁਸਾਰ 'ਬਹੁਤਾ ਬੋਲਣ ਝਖਣ ਹੋਇ'(ਝਖਣ-ਬੇਫਾਇਦਾ)। ਖਾਲੀ ਭਾਂਡਾ ਹੀ ਜ਼ਿਆਦਾ ਖੜਕਦੈ, ਭਰਿਆ ਹੋਇਆ ਨਹੀਂ।

'ਕਹੁ ਕਬੀਰ ਛੂਛਾ ਘਟ ਬੋਲੈ॥
ਭਰਿਆ ਹੋਇ ਸੁ ਕਬਹੁ ਨ ਡੋਲੈ॥
ਅਧ ਜਲ ਗਗਰੀ ਛਲਕਤ ਜਾਇ! ਥੋਥਾ ਚਨਾ, ਬਾਜੇ ਘਨਾ।

ਭਗਤ ਕਬੀਰ ਅਨੁਸਾਰ,'ਬੋਲਤ ਬੋਲਤ ਬਢਿਹ ਬਿਕਾਰਾ'॥ ਭਾਈ ਗੁਰਦਾਸ ਅਨੁਸਾਰ 'ਬੋਲਣ ਕਾਜ ਵਿਗਾੜਿਆ, ਜਿਉਂ ਮੂਲੀ ਪਤਾ'। ਵੈਸੇ ਵੀ ਕਹਿੰਦੇ ਹਨ ਕਿ 'ਬਹੁਤਾ ਭਲਾ ਨਾ ਮੇਘਲਾ, ਬਹੁਤੀ ਭਲੀ ਨਾ ਧੁੱਪ, ਬਹੁਤਾ ਭਲਾ ਨਾ ਬੋਲਣਾ, ਬਹੁਤੀ ਭਲੀ ਨਾ ਚੁੱਪ'।

ਸਿਆਣੇ ਕਹਿੰਦੇ ਹਨ, 'ਇਕ ਚੁਪ ਸੌ ਸੁਖ!' ਇਹ ਵੀ ਕਿਹਾ ਜਾਂਦੈ ਕਿ 'ਚੁਪ ਰਹਿਸੇਂ ਤੇ ਮੋਤੀ ਮਿਲਸੇ\ ਸਬਰ ਕਰੇਂ ਤੇ ਹੀਰੇ'। ਵੈਸੇ ਵੀ ਸਿਆਣੇ ਬੰਦੇ ਨੂੰ ਕੁਝ ਕਹਿਣ ਦੀ ਲੋੜ ਨਹੀਂ ਤੇ ਮੂਰਖ ਨੂੰ ਕੁਝ ਕਹਿਣ ਦਾ ਲਾਭ ਨਹੀਂ। ਇਸੇ ਲਈ ਗੁਰਬਾਣੀ ਵਿਚ ਨਸੀਹਤ ਕੀਤੀ ਗਈ ਹੈ,

'ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥ ਕਿਉਂਕਿ 'ਮੂਰਖ ਨਾਲਿ ਚੰਗੇਰੀ ਚੁਪਾ॥ ਅਤੇ 'ਮੂਰਖ ਸਿਉ ਬੋਲੇ ਝਖ ਮਾਰੀ'॥

ਕਈਆਂ ਨੂੰ ਗੱਲ ਦਾ ਗਲੈਣ ਬਣਾਉਣ ਦੀ ਆਦਤ ਹੁੰਦੀ ਹੈ। ਜਾਣੀ ਰਾਈ ਦਾ ਪਹਾੜ ਬਣਾਉਣ ਦੀ। ਪਰ ਆਖਿਰ ਵਿਚ 'ਪਟਿਆ ਪਹਾੜ ਨਿਕਲੀ ਚੂਹੀਆ' ਵਾਲਾ ਹਾਲ ਹੁੰਦੈ। ਅਸੀਂ ਇਕ ਅਜਿਹੇ ਵਿਅਕਤੀ ਨੂੰ ਜਾਣਦੇ ਹਾਂ ਜੋ ਇਸ ਕਲਾ ਦਾ ਮਾਹਿਰ ਹੈ। ਜੇ ਕਿਸੇ ਦੀ ਚੀਚੀ 'ਤੇ ਮਾੜੀ ਜਿਹੀ ਝਰੀਟ ਆ ਜਾਏ ਤਾਂ ਉਹ ਰੌਲਾ ਪਾ ਦਏਗਾ,'ਫਲਾਣੇ ਦੇ ਮੁੰਡੇ ਦਾ ਐਕਸੀਡੈਂਟ ਹੋ ਗਿਆ, ਬਹੁਤ ਗੰਭੀਰ ਸੱਟਾਂ ਲੱਗੀਆਂ, ਹਸਪਤਾਲ ਲੈ ਗਏ ਐ, ਮੁਸ਼ਕਿਲ ਨਾਲ ਈ ਬਚੂ'। ਪਰ ਅਸਲੀਅਤ ਉਦੋਂ ਸਾਹਮਣੇ ਆ ਜਾਊ ਜਦ ਉਹ ਮੁੰਡਾ ਮਾੜੀ ਜਿਹੀ ਲੀਰ ਬੰਨ੍ਹ ਕੇ ਖੇਡਦਾ ਮੱਲ੍ਹਦਾ ਫਿਰੂ।

ਇਸ ਤਰ੍ਹਾਂ ਦੇ ਲੋਕ ਬੜੇ ਮਿਰਚ ਮਸਾਲੇ ਲਾ ਕੇ ਗੱਲ ਪੇਸ਼ ਕਰਨਗੇ। ਖਾਸ ਕਰਕੇ ਜੇ ਗੱਲ ਕਿਸੇ ਮੁੰਡੇ-ਕੁੜੀ ਦੇ 'ਚੱਕਰ' ਦੀ ਹੋਵੇ ਤਾਂ ਫਿਰ ਤਾਂ ਬਸ ਅੱਲ੍ਹਾ ਈ ਬੇਲੀ। ਆਲ-ਪਤਾਲ ਦੀਆਂ, ਉਰਲੀਆਂ-ਪਰਲੀਆਂ, ਹੋਈਆਂ-ਅਣਹੋਈਆਂ ਗੱਲਾਂ ਦਾ ਪੂਰਾ ਪੈਕੇਜ ਸਾਰੇ ਪਿੰਡ ਵਿਚ ਘੁੰਮ ਜਾਏਗਾ ਤੇ ਗੱਲ ਘਰ ਘਰ ਦੀ ਗੱਲ ਬਣ ਜਾਏਗੀ। ਜੌਨ ਇਲੀਯਾ ਦਾ ਇਕ ਖੂਬਸੂਰਤ ਸ਼ੇਅਰ ਹੈ, 'ਉਸ ਕੀ ਗਲੀ ਸੇ ਉਠ ਕੇ ਮੈਂ ਆ ਪੜਾ ਥਾ ਅਪਨੇ ਘਰ,\ਏਕ ਗਲੀ ਕੀ ਬਾਤ ਥੀ ਔਰ ਗਲੀ ਗਲੀ ਗਈ'। ਉਹ ਗੱਲਾਂ ਵੀ ਜੋੜ ਦਿੱਤੀਆਂ ਜਾਣਗੀਆਂ ਜੋ ਹੋਈਆਂ ਈ ਨਹੀਂ ਹੁੰਦੀਆਂ, 'ਵੋਹ ਬਾਤ ਜਿਸ ਕਾ ਸਾਰੇ ਫਸਾਨੇ ਮੇਂ ਜ਼ਿਕਰ ਨਾ



ਥਾ,\ਵੋਹ ਬਾਤ ਉਨ ਕੋ ਬਹੁਤ ਨਾਗਵਾਰ ਗੁਜ਼ਰੀ ਹੈ'। ਪਿੰਡ ਦੀ ਆਕਾਸ਼ਬਾਣੀ ਵਰਗੇ ਇਹ ਲੋਕ ਢਿੰਡੋਰਾ ਪਿੱਟਣ ਅਤੇ ਮਨ-ਘੜਨੀਆਂ ਦੇ ਮਾਹਿਰ ਹੁੰਦੇ ਹਨ। ਇਨ੍ਹਾਂ ਬਾਰੇ ਹੀ ਤਾਂ ਇਕ ਸ਼ਾਇਰ ਕਹਿੰਦੈ, 'ਦਿਨ ਚੜ੍ਹਿਆ ਤਾਂ ਲੋਕਾਂ ਦੇ ਬੁੱਲਾਂ 'ਤੇ ਸੀ,\ਰਾਤੀਂ ਜੋ ਮੈਂ ਕੀਤੀ ਸੀ ਦੀਵਾਰਾਂ ਨਾਲ ਗੱਲ'। ਅਜਿਹੇ ਸੱਜਣ ਅਜੋਕੇ ਸੀ.ਸੀ.ਟੀ.ਵੀ. ਕੈਮਰਿਆਂ ਦਾ ਕੰਮ ਕਰਦੇ ਹਨ!

ਕਈਆਂ ਨੂੰ ਊਲ-ਜਲੂਲ, ਯੱਭਲੀਆਂ, ਬੇਤੁਕੀਆਂ ਜਾਂ ਬੇ-ਸਿਰ-ਪੈਰ ਦੀਆਂ ਗੱਲਾਂ ਕਰਨ ਦੀ ਆਦਤ ਹੁੰਦੀ ਹੈ। ਪੰਜਾਬੀ ਫਿਲਮ 'ਲਾਵਾਂ-ਫੇਰੇ' ਵਿਚ ਇਨ੍ਹਾਂ ਬੇਥਵੀਆਂ ਦੀ ਮਿਸਾਲ ਇਸ ਫਿਲਮ ਦੇ ਇਕ ਪਾਤਰ ਦੇ ਅਨੇਕਾਂ ਡਾਇਲੌਗਾਂ ਰਾਹੀਂ ਦੇਖਣ-ਸੁਣਨ ਨੂੰ ਮਿਲਦੀ ਹੈ। ਕੇਵਲ ਦੋ ਉਦਾਹਰਨਾਂ ਪੇਸ਼ ਹਨ, 'ਜੇ ਬੰਦਾ ਖੇਸੀ ਦੀ ਬੁੱਕਲ ਮਾਰੂ ਤਾਂ ਸਾਈਕਲ ਤਾਂ ਪੰਚਰ ਹੋਣਾ ਈ ਆ','ਜੇ ਟੋਭੇ ਵਿਚ ਡੱਡੂ ਬੋਲਣਗੇ ਤਾਂ ਚੀਨ ਦਾ ਪ੍ਰਧਾਨ ਮੰਤਰੀ ਬਦਲੂਗਾ ਈ'। ਕਈ ਗੱਲ 'ਚੋਂ ਗੱਲਾਂ ਦੀਆਂ ਡਾਰਾਂ ਬਣਾਉਣ ਦੇ ਕਾਰੀਗਰ ਹੁੰਦੇ ਹਨ। ਮਹਿਮਾਨ ਅਤੇ ਮੇਜ਼ਬਾਨ ਵਿਚ ਸਵਾਲ-ਜਵਾਬ ਦੇ ਰੂਪ 'ਚ ਇਕ ਮਿਸਾਲ ਪੇਸ਼ ਹੈ:

ਸਵਾਲ: ਚਾਹ, ਕਾਫੀ, ਲੱਸੀ ਜਾਂ ਠੰਢਾ ਪੀਉਂਗੇ?

ਜਵਾਬ:

ਚਾਹ।

ਸਵਾਲ: ਵ੍ਹਾਈਟ, ਬਲੈਕ, ਗਰੀਨ, ਹਰਬਲ, ਅਦਰਕ, ਮਸਾਲਾ ਜਾਂ ਪੁਦੀਨਾ ਚਾਹ?

ਜਵਾਬ: ਵ੍ਹਾਈਟ (ਭਾਵ ਦੁੱਧ ਵਾਲੀ)।

ਸਵਾਲ: ਦੁੱਧ ਇਕ ਚਮਚ ਕਿ ਦੋ?

ਜਵਾਬ: ਦੋ।

ਸਵਾਲ: ਚਮਚ ਵੱਡੇ ਕਿ ਛੋਟੇ?

ਜਵਾਬ : ਛੋਟੇ।

ਸਵਾਲ: ਚਾਹ ਮਿੱਠੀ, ਘਟ ਮਿੱਠੇ ਵਾਲੀ, ਫਿੱਕੀ ਕਿ ਸ਼ੂਗਰ ਫਰੀ?

ਜਵਾਬ: ਮਿੱਠੀ।

ਸਵਾਲ: ਖੰਡ, ਗੁੜ, ਸ਼ਹਿਦ, ਕਿਊਬਜ਼, ਪਾਊਚ ਕਿ ਗੋਲੀਆਂ ਵਾਲੀ?

ਇਸ ਤੋਂ ਪਹਿਲਾਂ ਕਿ ਮੇਜ਼ਬਾਨ ਇਨ੍ਹਾਂ ਵਿਚੋਂ ਦੱਸੀ ਜਾਣ ਵਾਲੀ ਕਿਸੇ ਇਕ ਦੀ ਮਾਤਰਾ ਪੁੱਛਦਾ, ਮਹਿਮਾਨ ਕੰਨ ਲਪੇਟਦਾ ਸੁੱਚੇ ਮੂੰਹ ਚਲਦਾ ਬਣਿਆ!

ਕਈ ਰੱਜ ਕੇ ਗੱਪੀ ਹੁੰਦੇ ਹਨ, ਜ਼ਮੀਨ ਆਸਮਾਨ ਇਕ ਕਰ ਦੇਣਗੇ। ਗੱਪ ਵੀ ਐਡੀ ਮਾਰਨਗੇ ਕਿ ਵਿਚਾਰੀ ਗੱਪ ਦੀ ਹੀ ਟੰਗ ਟੁੱਟ ਜਾਏ! ਇਨ੍ਹਾਂ ਲੋਕਾਂ ਨੇ ਵੱਡੇ ਵੱਡੇ ਅਹੁਦਿਆਂ ਵਾਲੇ ਲੋਕਾਂ ਦਾ ਨਾਮ ਵਰਤਣ ਦੀ ਹਰ ਡਿਗਰੀ ਕੀਤੀ ਹੁੰਦੀ ਹੈ। ਇਹ ਲੋਕ ਪ੍ਰਾਂਤ ਦੇ ਮੁੱਖ ਮੰਤਰੀ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਗੱਲਾਂ ਕਰਨਗੇ। ਅੰਗਰੇਜ਼ੀ ਵਿਚ ਅਜਿਹੇ ਬੰਦਿਆਂ ਨੂੰ 'ਨੇਮ-ਡਰਾਪਰ'(ਵੱਡੇ ਰੁਤਬੇ ਵਾਲਿਆਂ ਦਾ ਨਾਮ ਵਰਤਣ ਵਾਲੇ) ਕਹਿੰਦੇ ਹਨ। ਕਈ ਬੜੀ ਬੁੜ-ਬੁੜ ਕਰਦੇ ਰਹਿੰਦੇ ਹਨ ਅਤੇ ਕਈ ਬਿਲਕੁਲ ਚੁਪ-ਗੜੁੱਪ ਮੋਨਧਾਰੀ। ਕਈ ਤਾਂ ਉਸ ਸਿਧਾਂਤ ਦੇ ਧਾਰਨੀ ਹੁੰਦੇ ਹਨ ਜੋ ਤਤਕਾਲੀਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੋਲਾ-ਘੁਟਾਲੇ ਬਾਰੇ ਟਿੱਪਣੀ ਸਮੇਂ ਇਕ ਸ਼ੇਅਰ ਰਾਹੀਂ ਪ੍ਰਗਟ ਕੀਤੇ ਸਨ, "ਹਜ਼ਾਰੋਂ ਜਵਾਬੋਂ ਸੇ ਅੱਛੀ ਹੈ ਮੇਰੀ ਖਾਮੋਸ਼ੀ, ਨ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖੀ"! ਕਈ ਅੰਗਰੇਜ਼ੀ ਦੀ ਕਹਾਵਤ 'ਬੋਲਣਾ ਚਾਂਦੀ ਤੇ ਚੁੱਪ ਸੋਨਾ' ਜਾਂ 'ਖਾਮੋਸ਼ੀ ਬੋਲਣ ਨਾਲੋਂ ਵਧੇਰੇ ਸੁਵਕਤੀ' ਹੁੰਦੀ ਹੈ' ਦੇ ਅਨੁਸਾਰੀ ਹੁੰਦੇ ਹਨ।

ਗੱਲਾਂ ਮਾਖਿਉਂ ਮਿੱਠੀਆਂ ਵੀ ਹੁੰਦੀਆਂ ਹਨ ਤੇ ਤੁੰਮੇ ਵਰਗੀਆਂ ਕੌੜੀਆਂ ਵੀ। ਇਹ ਖੱਟ-ਮਿੱਠੀਆਂ ਤੇ ਚਟ-ਪਟੀਆਂ ਵੀ ਹੁੰਦੀਆਂ ਹਨ।

ਭਾਸ਼ਨ ਆਮ ਤੌਰ 'ਤੇ ਇਕ-ਤਰਫਾ ਵਰਤਾਰਾ ਹੁੰਦੈ ਜਿਸ ਵਿਚ ਫੋਕਸ ਭਾਸ਼ਨਕਾਰ ਉਪਰ ਹੀ ਹੁੰਦੈ। ਗੱਲਬਾਤ ਦੁਪਾਸੜੀ ਕਾਰਜ ਹੈ ਅਤੇ ਇਸ ਵਿਚ ਫੋਕਸ ਵੀ ਦੁਵੱਲਾ ਹੁੰਦੈ। ਵਿਚਾਰ-ਵਿਮਰਸ਼ ਮਸਲਾ ਸੁਲਝਾਉਣ ਲਈ ਕਰੀਦੈ ਪਰ ਵਾਦ-ਵਿਵਾਦ ਆਪਣੀ ਮਨਵਾਉਣ ਜਾਂ ਦੂਸਰੇ ਉਪਰ 'ਸਕੋਰ' ਕਰਨ ਦੇ ਮਕਸਦ ਨਾਲ ਕੀਤਾ ਜਾਂਦੈ। ਨਾ ਹੀ ਗਲਾਧੜੀ ਦਾ ਬਕੜ-ਬਾਹ ਚੰਗੈ ਤੇ ਨਾ ਹੀ ਮੋਨਧਾਰੀ ਦੀ ਅਣਬੋਲਣੀ। ਜਿੱਥੇ ਹਉਮੈ-ਹੰਕਾਰ ਅਤੇ ਲੋਭ-ਲਾਲਚ ਸਾਡੇ ਝਗੜਿਆਂ ਦਾ ਕਾਰਨ ਹਨ, ਉਥੇ ਅਣਬੋਲਣੀ, ਸੰਵਾਦਹੀਣਤਾ, ਗੱਲਬਾਤ ਦੇ ਸਾਰੇ ਦਰਵਾਜ਼ਿਆਂ ਦਾ ਬੰਦ ਹੋਣਾ ਵੀ ਇਨ੍ਹਾਂ ਝਗੜਿਆਂ ਦਾ ਕਾਰਨ ਹਨ। ਘਰ-ਪਰਿਵਾਰ ਤੋਂ ਲੈ ਕੇ ਵਿਸ਼ਵ-ਸੰਸਾਰ ਤਕ ਸਭ ਮਸਲਿਆਂ ਦਾ ਹੱਲ ਗੱਲ ਹੀ ਹੈ! ਲੜਾਈਆਂ-ਝਗੜਿਆਂ, ਯੁੱਧਾਂ-ਜੰਗਾਂ ਦਾ ਆਖਰੀ ਹੱਲ 'ਟੇਬਲ-ਟਾਕ'(ਗਲਬਾਤ) ਹੀ ਹੁੰਦੈ!

ਕਈ ਵਾਰ ਬੋਲਣਾ ਮੁਸ਼ਕਿਲ ਹੋ ਜਾਂਦੈ। ਜ਼ਾਲਮ ਨਿਜ਼ਾਮ ਸੱਚ ਬੋਲਣ ਨਹੀਂ ਦਿੰਦੇ। ਵਿਡੰਬਣਾ ਦੇਖੋ ਕਿ ਬੰਦਾ ਬੋਲਣਾ ਚਾਹੁੰਦੈ ਪਰ ਬੋਲ ਨਹੀਂ ਸਕਦਾ-'ਯੇ ਕੈਸੀ ਜ਼ੁਬਾਂ-ਬੰਦੀ ਹੈ ਤੇਰੀ ਮਹਿਫਲ ਮੇਂ, ਕਿ ਬਾਤ ਕਰਨੇ ਕੋ ਤਰਸਤੀ ਹੈ ਜ਼ੁਬਾਂ ਮੇਰੀ'। ਅਜਿਹੀ ਸਥਿਤੀ ਬਾਰੇ ਇਕ ਪਾਕਿਸਤਾਨੀ ਸ਼ਾਇਰ ਜ਼ਹੂਰ ਹੁਸੈਨ ਜ਼ਹੂਰ ਦੀਆਂ ਸਤਰਾਂ ਹਨ,

'ਸੋਚਾਂ ਦੀ ਮਈਅਤ ਨੂੰ ਚਾ ਕੇ ਹੁਣ ਮੈਂ ਕਿਹੜੇ ਦਰ ਜਾਵਾਂਗਾ।

ਜੇ ਬੋਲਾਂ ਤਾਂ ਮਾਰ ਦੇਣਗੇ, ਨਾ ਬੋਲਾਂ ਤਾਂ ਮਰ ਜਾਵਾਂਗਾ"।

ਸੁਰਜੀਤ ਪਾਤਰ ਦੀਆਂ ਲਾਈਨਾਂ ਵੀ ਹਨ,
'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ'।

ਅਜਿਹੀ ਸੂਰਤ ਵਿਚ ਹਰ ਹਾਲ ਬੋਲਣਾ ਬਣਦੈ। ਫੈਜ਼ ਅਹਿਮਦ ਫੈਜ਼ ਨੇ ਬਾਕਮਾਲ ਕਿਹੈ,

'ਬੋਲ, ਕਿ ਲਬ ਆਜ਼ਾਦ ਹੈਂ ਤੇਰੇ
ਬੋਲ,ਜ਼ੁਬਾਂ ਅਬ ਤਕ ਤੇਰੀ ਹੈ
ਬੋਲ, ਯੇ ਥੋੜਾ ਵਕਤ ਬਹੁਤ ਹੈ,
ਜਿਸਮ-ਓ-ਜ਼ੁਬਾਂ ਕੀ ਮੌਤ ਸੇ ਪਹਿਲੇ
ਬੋਲ ਕਿ ਸਚ ਜ਼ਿੰਦਾ ਹੈ ਅਬ ਤਕ,
ਬੋਲ, ਜੋ ਕੁਛ ਕਹਿਨਾ ਹੈ ਕਹਿ ਲੇ"।

ਮੌਕੇ ਸਿਰ ਬੋਲਣਾ ਮਾਨਵੀ ਮਹਿਮਾ ਦਾ ਮੁਕਟ ਹੈ, ਬੇਮੌਕਾ ਅਤੇ ਬਹੁਤਾ ਬੋਲਣਾ ਬੇ-ਫਾਇਦਾ ਤੇ ਮੂਰਖਾਨਾ ਵਰਤਾਰਾ ! ਅਖੀਰ ਵਿਚ ਇਕ ਰੌਚਕ ਕਿੱਸੇ ਦੀ ਕਥਾ ਕਰਦੇ ਹਾਂ।

ਜ਼ੁਬਾਨ ਦੇ ਰਸ ਵਾਲ਼ੀ ਗੱਲ ਤਾਂ ਤੁਸੀਂ ਸੁਣੀ ਹੀ ਹੋਵੇਗੀ? ਇਕ ਸਿਧੜ ਘਰੋਂ ਤੁਰਨ ਲੱਗਿਆਂ ਪੁਛਦੈ ਕਿ ਜੇ ਉਸ ਨੂੰ ਕੋਈ ਮਿਲੇ ਤਾਂ ਉਹ ਕੀ ਕਹੇ? ਘਰ ਵਾਲੇ ਕਹਿੰਦੇ ਕਿ ਕਹਿ ਦਈਂ ਕਿ 'ਅੱਛਾ ਹੋਇਆ'। ਅਗੋਂ ਰੋਂਦੇ ਕੁਰਲਾਉਂਦੇ ਲੋਕ ਮਿਲੇ ਤਾਂ ਪੁੱਛਿਆ ਕਿ ਕੀ ਹੋਇਐ? ਉਨ੍ਹਾਂ ਜਵਾਬ ਦਿੱਤਾ ਕਿ ਬੰਦਾ ਮਰ ਗਿਐ? ਸਿੱਧੜ ਘਰ ਦਿਆਂ ਦੇ ਦੱਸੇ ਅਨੁਸਾਰ ਕਹਿੰਦਾ 'ਚਲੋ ਅੱਛਾ ਹੋਇਆ'! ਬੜੀ ਛਿੱਤਰ ਪਰੇਡ ਹੋਈ! ਕੁੱਟਣ ਵਾਲਿਆਂ ਕਿਹਾ ਕਿ 'ਮਾੜਾ ਹੋਇਆ' ਕਹੀਦੈ। ਅੱਗੋਂ ਵਿਆਹ-ਸ਼ਾਦੀ ਦੀ ਡੋਲੀ ਮਿਲੀ ਤਾਂ ਸਿੱਧੜ ਜੀ ਕਹਿੰਦੇ 'ਕਿ ਮਾੜਾ ਹੋਇਆ'। ਹੋਰ ਵੀ ਵਧੇਰੇ ਕੁਟਾਪਾ ਚੜ੍ਹਿਆ। ਖੂਨ ਦੀਆਂ ਵਗਦੀਆਂ ਘਰਾਲਾਂ ਨਾਲ ਰੋਂਦਾ-ਕੁਰਲਾਉਂਦਾ ਘਰ ਵਾਪਿਸ ਆ ਰਿਹਾ ਸੀ ਤਾਂ ਲੋਕਾਂ ਪੁੱਛਿਆ ਲਹੂ ਕਿਉਂ ਵਗ ਰਿਹੈ? ਸਿੱਧੜ ਬੋਲਿਆ ਕਿ ਇਹ ਤਾਂ ਜ਼ੁਬਾਨ ਦਾ ਰਸ ਹੈ ਜੋ ਵਗ ਰਿਹੈ!

ਹਿੰਦੀ ਫਿਲਮ 'ਪੀ.ਕੇ' ਵਿਚ ਵੀ ਇਕ ਅਜਿਹਾ ਦ੍ਰਿਸ਼ ਹੈ ਜਿਥੇ ਇਕ ਬਾਹਰੀ ਮੰਡਲ ਤੋਂ ਆਇਆ ਨਾਇਕ ('ਏਲੀਅਨ') ਬਸ ਵਿਚ ਬੈਠੀ ਇਕ ਔਰਤ ਦੀ ਉਦਾਸੀ ਦੇ ਕਾਰਨ ਬਾਰੇ ਪੁੱਛਦੈ ਤਾਂ ਬਾਕੀ ਮੁਸਾਫਿਰ ਉਸ ਨੂੰ ਇਹ ਕਹਿੰਦਿਆਂ ਕੁੱਟਣ ਨੂੰ ਪੈਂਦੇ ਹਨ ਕਿ ਉਹ ਇਕ ਵਿਧਵਾ ਉਪਰ 'ਲਾਈਨ' ਮਾਰ ਰਿਹੈ। 'ਏਲੀਅਨ' ਨੂੰ ਇਹ ਪਤਾ ਲਗਣ ਉਪਰੰਤ ਕਿ ਚਿੱਟੇ ਵਸਤਰਾਂ ਵਾਲੀ ਔਰਤ ਵਿਧਵਾ ਹੁੰਦੀ ਹੈ, ਬੜਾ ਸੰਤਾਪ ਝੱਲਣਾ ਪੈਂਦੈ। ਉਹ ਈਸਾਈ ਮਤ ਅਨੁਸਾਰ ਚਿੱਟੇ ਵਸਤਰਾਂ ਵਿਚ ਸਜੀ ਦੁਲਹਨ ਨੂੰ ਵਿਧਵਾ ਸਮਝ ਕੇ ਉਸ ਦੇ 'ਪਤੀ ਮਰਨ ਦਾ ਅਫਸੋਸ' ਕਰਦੈ ਤਾਂ ਉਸ ਦਾ ਕੁੱਟ-ਕੁਟਾਪਾ ਹੋਣ ਲੱਗਦੈ। ਫਿਰ ਉਨ੍ਹਾਂ ਤੋਂ ਇਹ ਜਾਣਕਾਰੀ ਮਿਲਣ ਉਪਰੰਤ ਕਿ ਮੌਤ ਸਮੇਂ ਕਾਲੇ ਕੱਪੜੇ ਪਹਿਨੇ ਜਾਂਦੇ ਹਨ ਤਾਂ ਉਹ ਤਿੰਨ ਬੁਰਕਾਧਾਰੀ ਮੁਸਲਿਮ ਔਰਤਾਂ ਨਾਲ ਉਨ੍ਹਾਂ ਦੇ ਪਤੀਆਂ ਦੇ ਸੁਰਗਵਾਸ ਹੋਣ ਦੀ ਹਮਦਰਦੀ ਕਰਦੈ ਤਾਂ ਉਸ ਦੀ ਧੁਲਾਈ ਹੋਣ ਲਗਦੀ ਐ!

ਜਾਣੀ ਜੀਭ ਵਿਚ ਹੱਡੀ ਤਾਂ ਬੇਸ਼ਕ ਨਹੀਂ ਹੁੰਦੀ ਪਰ ਇਹ ਇੰਚ-ਡੇਢ ਇੰਚ ਲੰਮੀ ਨਾਮੁਰਾਦ ਸ਼ੈਅ ਬੰਦੇ ਦੀਆਂ ਹੱਡੀਆਂ ਜ਼ਰੂਰ ਤੁੜਵਾ ਸਕਦੀ ਐ!

---

## ਓਲੰਪੀਅਨ ਪੱਤਰਕਾਰ ਜਤਿੰਦਰ ਸਾਬੀ

(ਪਿਛਲੇ ਸਫੇ ਦਾ ਬਾਕੀ)

ਜਥੇਬੰਦੀ ਦੇ ਪ੍ਰਧਾਨ ਨੇ ਸਰਕਾਰ ਨੂੰ ਪੁੱਛਿਆ ਹੈ ਕਿ ਪੰਜਾਬ 'ਚ ਖੇਡਾਂ ਦਾ ਵਿਸ਼ਾ ਲਾਵਾਰਿਸ ਕਿਉਂ ਹੈ? ਇਸ ਦਾ ਖੇਡ ਪ੍ਰਬੰਧਕੀ ਢਾਂਚਾ ਰੇਤ ਦੀਆਂ ਨੀਹਾਂ 'ਤੇ ਕਿਉਂ ਉਸਾਰਿਆ ਗਿਆ ਹੈ? ਜ਼ਿਲ੍ਹਾ ਸਹਾਇਕ ਖੇਡ ਅਫ਼ਸਰਾਂ ਦੀਆਂ ਅਸਾਮੀਆਂ ਤੋਂ ਲੈ ਕੇ ਡਿਪਟੀ ਡਾਇਰੈਕਟਰ ਤੇ ਯੋਗ ਪ੍ਰਬੰਧਕ ਦੀ ਪੱਕੀ ਭਰਤੀ ਕਿਉਂ ਨਹੀਂ ਕੀਤੀ ਗਈ? ਖੇਡਾਂ ਤੇ ਸਰੀਰਕ ਅਧਿਆਪਕਾਂ ਦੇ ਹੋਰ ਜਾਇਜ਼ ਮਸਲਿਆਂ ਦੇ ਹੱਲ ਨਾ ਕਰਨ ਲਈ ਆਖਿਰ ਕੌਣ ਜ਼ਿੰਮੇਵਾਰ ਹੈ? ਪਿਛਲੇ ਦੋ ਸਾਲਾਂ ਤੋਂ ਕਰੋਨਾ ਦੀ ਭੇਟ ਚੜ੍ਹੇ ਖਿਡਾਰੀਆਂ ਨੂੰ ਮਾਨਸਿਕ ਤਣਾਅ ਤੋਂ ਬਚਾਉਣ ਲਈ ਵਿਭਾਗ ਨੇ ਕੀ ਉਪਰਾਲਾ ਕੀਤਾ ਹੈ? ਬੰਦ ਪਏ ਸਪੋਰਟਸ ਹੋਸਟਲਾਂ ਦੇ ਤਾਲੇ ਕਦ ਖੁੱਲ੍ਹਣਗੇ ਤੇ ਪ੍ਰੋਫੈਸ਼ਨਲ ਸਿੱਖਿਆ ਦੇ ਕਾਲਜਾਂ ਵਿਚ ਖੇਡ ਕੋਟੇ ਦੇ ਦਾਖਲੇ ਕਿਸ ਤਰ੍ਹਾਂ ਹੋਣਗੇ? ਖਿਡਾਰੀਆਂ ਲਈ ਰਾਖਵੀਆਂ ਨੌਕਰੀਆਂ ਕਦੋਂ ਦਿੱਤੀਆਂ ਜਾਣਗੀਆਂ?

ਦਸਵੀਂ ਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਖੇਡਾਂ ਦੇ ਗਰੇਸ ਅੰਕ ਦੇਣ ਲਈ ਕਿਹੜਾ ਪੈਮਾਨਾ ਹੋਵੇਗਾ? ਕਰੋਨਾ-ਕਾਲ ਦੌਰਾਨ ਵਿਦਿਆਰਥੀਆਂ ਤੋਂ ਇਕੱਠਾ ਕੀਤਾ ਸਪੋਰਟਸ ਫੰਡ ਕਿੱਥੇ ਖ਼ਰਚ ਕੀਤਾ ਗਿਆ? ਰੰਗ ਬਿਰੰਗੀਆਂ ਖਾਲੀ ਗਰਾਊਂਡਾਂ ਨੇ ਖਿਡਾਰੀਆਂ 'ਚ ਕਿਹੜੇ ਨਵੇਂ ਰੰਗ ਭਰੇ ਨੇ? ਉਧਰ ਜਨਤਾ ਦੇ ਮਨ ਵਿਚ ਸਰਕਾਰ ਦੇ ਮੁੱਖ ਮੰਤਰੀ, ਵਿੱਤ ਮੰਤਰੀ, ਪਾਰਟੀ ਪ੍ਰਧਾਨ ਅਤੇ ਸਿੱਖਿਆ ਤੇ ਖੇਡ ਮੰਤਰੀ ਦੀ ਜਨਮ ਪੱਤਰੀ 'ਚ ਖੇਡ ਪ੍ਰੇਮੀ ਹੋਣ ਦੀ ਕੁੰਡਲੀ 'ਤੇ ਵੀ ਤਿੱਖੇ ਸਵਾਲਾਂ ਦਾ ਰਾਹੂ-ਕੇਤੂ ਦਾ ਪਹਿਰਾ ਬਿਠਾਉਣਾ ਵੀ ਲਾਜ਼ਮੀ ਹੈ। ਪੰਜਾਬ ਦੇ ਇੱਕ ਲੋਕ ਗਾਇਕ ਦੀ ਬੋਲੀ ਬਿਲਕੁਲ ਸਾਰਥਕ ਹੁੰਦੀ ਜਾ ਰਹੀ ਹੈ ਕਿ ਅਸੀਂ ਉਂਗਲਾਂ 'ਤੇ ਨਚਾਉਣਾ ਸਿੱਖ ਗਏ ਜਦੋਂ ਦੇ ਬਣੇ ਅਸੀਂ ਮੰਤਰੀ ਬਣੇ। ਖੇਡ ਵਿਭਾਗ ਵੱਲੋਂ ਸੂਬੇ 'ਚ 700 ਕੋਚ ਭਰਤੀ ਕਰਨ ਦਾ ਟੀਚਾ ਸੀ ਪਰ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਠੇਕੇ ਦੇ ਕੋਚਾਂ ਲਈ ਨਾ ਕੋਈ ਸਾਲਾਨਾ ਤਰੱਕੀ ਤੇ ਨਾ ਹੀ ਕੋਈ ਪੱਕੀ ਭਰਤੀ ਦਾ ਪ੍ਰੋਗਰਾਮ ਹੈ। ਪੰਜਾਬ ਦੇ ਨੌਜਵਾਨ ਤੇ ਬੇਰੁਜ਼ਗਾਰ ਖੇਡ ਅਧਿਆਪਕ ਸੰਘਰਸ਼ ਦੇ ਰਾਹ ਪੈ ਕੇ ਟੈਂਕੀਆਂ 'ਤੇ ਚੜ੍ਹਨ ਲਈ ਮਜਬੂਰ ਹਨ। ਪੰਜਾਬ ਪੁਲਿਸ ਤੇ ਹੋਰ ਖੇਡ ਅਦਾਰਿਆਂ 'ਚ ਖਿਡਾਰੀਆਂ ਦੀ ਭਰਤੀ ਦੇ ਬੰਦ ਪਏ ਬੂਹੇ ਕਦੋਂ ਖੋਹਲੇ ਜਾਣਗੇ? ਅਤੇ ਇਹ ਵੀ ਕਿ ਗੁਆਂਢੀ ਰਾਜਾਂ ਦੇ ਖਿਡਾਰੀ ਪੰਜਾਬ ਦੇ ਖਿਡਾਰੀਆਂ ਦੇ ਹੱਕਾਂ 'ਤੇ ਡਾਕਾ ਕਿਉਂ ਮਾਰਦੇ ਹਨ?

ਓਲੰਪਿਕ ਖੇਡਾਂ ਦੀ ਕਵਰੇਜ ਦਾ ਹਲਕਾ ਫੁਲਕਾ ਪੱਖ ਵੀ ਪੜ੍ਹ ਲਓ। ਨਵਦੀਪ ਸਿੰਘ ਗਿੱਲ ਦੀ ਪੁਸਤਕ 'ਅੱਖੀਂ ਵੇਖੀਆਂ ਓਲੰਪਿਕ ਖੇਡਾਂ' ਜੋ ਬੀਜਿੰਗ ਦਾ ਸਫ਼ਰਨਾਮਾ ਹੈ, ਉਹਦੇ ਵਿਚ ਲਿਖਿਆ ਹੈ: ਮੈਂ ਜਦੋਂ ਵੀ ਜਤਿੰਦਰ ਸਾਬੀ, ਪ੍ਰਭਜੋਤ ਭਾਜੀ ਤੇ ਹਰਜਿੰਦਰ ਸਿੰਘ ਲਾਲ ਹੁਰਾਂ ਨੂੰ ਮਿਲਦਾ ਹਾਂ ਤਾਂ ਮੁੜ ਬੀਜਿੰਗ ਦੀਆਂ ਯਾਦਾਂ ਵਿਚ ਗੁਆਚ ਜਾਂਦਾ ਹਾਂ। ਉਹ ਆਪਣੇ ਸਾਥੀਆਂ ਦੇ 'ਪੰਜਾਬੀ ਜੁਗਾੜ' ਦਾ ਜ਼ਿਕਰ ਇੰਜ ਕਰਦਾ ਹੈ:

### ਬੀਅਰ ਦੀਆਂ ਬੋਤਲਾਂ ਦਾ ਜੁਗਾੜ

ਬੀਜਿੰਗ ਵਿਚ ਸਾਡੇ ਚਾਰ ਪੱਤਰਕਾਰਾਂ ਦੇ ਗਰੁੱਪ 'ਚ ਸਭ ਤੋਂ ਸੀਨੀਅਰ ਪ੍ਰਭਜੋਤ ਸਿੰਘ ਸਨ। ਉਹ ਸਾਥੋਂ ਉਮਰ ਤੇ ਤਜਰਬੇ ਦੋਹਾਂ ਵਿਚ ਹੀ ਸੀਨੀਅਰ ਸਨ। ਮੈਂ, ਜਤਿੰਦਰ ਸਾਬੀ ਤੇ ਹਰਜਿੰਦਰ ਲਾਲ ਜਿਥੇ ਪਹਿਲੀ ਵਾਰ ਓਲੰਪਿਕ ਖੇਡਾਂ ਦੀ ਕਵਰੇਜ ਕਰਨ ਗਏ ਸਾਂ ਉਥੇ ਪ੍ਰਭਜੋਤ ਭਾਜੀ ਦੀ ਪੰਜਵੀਂ ਓਲੰਪਿਕ ਸੀ। ਇਸ ਤੋਂ ਪਹਿਲਾਂ ਉਹ ਬਾਰਸੀਲੋਨਾ-1992, ਐਟਲਾਂਟਾ-1996, ਸਿਡਨੀ-2000 ਤੇ ਏਥਨਜ਼-2004 ਵਿਚ ਓਲੰਪਿਕ ਖੇਡਾਂ ਦੀ ਕਵਰੇਜ ਕਰ ਚੁੱਕੇ ਸਨ। ਉਨ੍ਹਾਂ ਦਾ ਇਕੋ ਸ਼ੌਕ ਸੀ ਬੀਅਰ ਪੀਣੀ। ਇਸ ਲਈ ਪਾਰਟੀ ਜਾਂ ਲੌਂਜ ਵਿਚ ਉਨ੍ਹਾਂ ਨੂੰ ਲੱਭਣ ਵਾਲੇ ਸਭ ਤੋਂ ਪਹਿਲਾਂ ਬੀਅਰ ਕਾਊਂਟਰ 'ਤੇ ਦੇਖਣ ਜਾਂਦੇ ਬਈ ਓਥੇ ਈ ਮਿਲਣਗੇ। ਸਾਡੇ ਅਪਾਰਟਮੈਂਟ ਦੇ ਨਾਲ ਹੀ ਇਕ ਸਟੋਰ ਸੀ ਜਿਥੋਂ ਪ੍ਰਚੂਨ ਦੇ ਸਾਮਾਨ ਤੋਂ ਇਲਾਵਾ ਬੀਅਰ ਵੀ ਮਿਲਦੀ ਸੀ। ਪ੍ਰਭਜੋਤ ਭਾਜੀ ਹਰ ਰੋਜ਼ ਸਾਡੇ ਨਾਲ ਉਥੇ ਜਾਂਦੇ ਤੇ ਦੋ ਬੀਅਰਾਂ ਲੈ ਆਉਂਦੇ। ਇਸ ਸਟੋਰ 'ਤੇ ਦੋ ਬੀਅਰਾਂ ਦੀ ਕੀਮਤ 4 ਜੁਆਂ ਸੀ ਤੇ ਬੀਅਰ ਦੀਆਂ ਦੋਵੇਂ ਖਾਲੀ ਬੋਤਲਾਂ ਇਕ ਜੁਆਂ ਵਿਚ ਮੁੜ ਵਿਕ ਜਾਂਦੀਆਂ। ਕਦੇ ਕਦੇ ਅਸੀਂ ਵੀ ਬੀਅਰ ਪੀਣ ਲਈ ਲੈ ਆਉਂਦੇ।

ਥੋੜ੍ਹੇ ਦਿਨਾਂ ਬਾਅਦ ਸਾਡਾ ਚੱਕਰ ਇਕ ਹੋਰ ਸਟੋਰ 'ਤੇ ਲੱਗਿਆ ਜੋ ਅਪਾਰਟਮੈਂਟ ਤੋਂ ਥੋੜ੍ਹੀ ਦੂਰ ਸੀ। ਉਸ ਸਟੋਰ 'ਤੇ ਬੀਅਰ ਦੀ ਬੋਤਲ 6 ਜੁਆਂ ਸੀ ਜੋ ਪਹਿਲਾਂ ਵਾਲੇ ਸਟੋਰ ਤੋਂ ਡੇਢ ਗੁਣਾ ਸੀ। ਪਰ ਖਾਲੀ ਇਕੋ ਬੋਤਲ ਉਥੇ ਇਕ ਜੁਆਂ ਵਿਚ ਵਾਪਸ ਲਈ ਜਾਂਦੀ ਸੀ। ਉਸ ਦਿਨ ਤੋਂ ਬਾਅਦ ਅਸੀਂ ਸਸਤੇ ਸਟੋਰ ਤੋਂ ਬੀਅਰ ਦੀ ਬੋਤਲ ਦੋ ਜੁਆਂ ਵਿਚ ਖਰੀਦਦੇ ਤੇ ਖਾਲੀ ਹੋਈ ਬੋਤਲ ਮਹਿੰਗੇ ਸਟੋਰ 'ਤੇ ਇਕ ਜੁਆਂ ਨੂੰ ਵੇਚ ਦਿੰਦੇ। ਇਸ ਤਰ੍ਹਾਂ ਸਾਨੂੰ ਬੀਅਰ ਦੀ ਬੋਤਲ ਅੱਧੇ ਭਾਅ ਭਾਵ ਭਾਰਤੀ ਕਰੰਸੀ ਅਨੁਸਾਰ ਸਿਰਫ਼ 7 ਰੁਪਏ 'ਚ ਪੈਂਦੀ। ਦੋ ਹਫ਼ਤੇ ਗੁਜ਼ਰਨ ਬਾਅਦ ਸਸਤੇ ਸਟੋਰ ਵਾਲੇ ਮਾਲਕ ਨੇ ਪੁੱਛਿਆ, ਤੁਸੀਂ ਬੀਅਰ ਦੀਆਂ ਬੋਤਲਾਂ ਤਾਂ ਲੈ ਜਾਂਦੇ ਓ ਪਰ ਖਾਲੀ ਵਾਪਸ ਵੇਚਣ ਨਹੀਂ ਲਿਆਉਂਦੇ। ਇਹੋ ਸਵਾਲ ਮਹਿੰਗੇ ਸਟੋਰ ਮਾਲਕ ਨੇ ਪੁੱਛ ਲਿਆ ਕਿ ਤੁਸੀਂ ਖਾਲੀ ਬੋਤਲਾਂ ਤਾਂ ਵੇਚਣ ਲਈ ਲੈ ਆਉਂਦੇ ਹੋ ਪਰ ਕਦੇ ਖਰੀਦ ਕੇ ਨਹੀਂ ਲਿਜਾਂਦੇ। ਅਸੀਂ ਆਪਣੇ ਪੰਜਾਬੀ ਜੁਗਾੜ ਦਾ ਭੇਤ ਨਾ ਖੋਲ੍ਹਿਆ ਬਈ ਕਿਤੇ ਚੀਨ ਵਾਲੇ ਸਾਡਾ ਜੁਗਾੜ ਵਰਤ ਕੇ ਤਰੱਕੀ ਨਾ ਕਰ ਜਾਣ!

ਬੀਜਿੰਗ ਤੋਂ ਵਾਪਸ ਮੁੜਨ ਵੇਲੇ ਸਾਡੇ ਕੋਲ ਦੋ ਦਰਜਨ ਦੇ ਕਰੀਬ ਖਾਲੀ ਬੋਤਲਾਂ ਇਕੱਠੀਆਂ ਹੋ ਗਈਆਂ ਸਨ ਜਿਹੜੀਆਂ ਅਸੀਂ ਵੇਚ ਕੇ ਟੈਕਸੀ ਕਰ ਲਈ ਤੇ ਹਵਾਈ ਅੱਡੇ ਨੂੰ ਚੱਲ ਪਏ। ਖਾਲੀ ਬੋਤਲਾਂ ਦੀ ਭਾਨ ਨਾਲ ਅਸੀਂ ਟੈਕਸੀ ਦਾ ਕਿਰਾਇਆ ਦੇ ਕੇ ਹਵਾਈ ਜਹਾਜ਼ ਚੜ੍ਹੇ ਤੇ ਦਿੱਲੀ ਆ ਉੱਤਰੇ। ਉਥੇ ਖਿਡਾਰੀਆਂ ਨਾਲ ਸਾਡੇ ਗਲਾਂ ਵਿਚ ਵੀ ਹਾਰ ਪਾਏ ਗਏ। ਅਸੀਂ ਹੈਰਾਨ ਹੋਏ! ਹਾਰ ਪਾਉਣ ਵਾਲਿਆਂ ਨੂੰ ਪਤਾ ਨਹੀਂ ਸਾਡੀ 'ਜੁਗਾੜੂ ਚੈਂਪੀਅਨ' ਬਣਨ ਦੀ ਖ਼ਬਰ ਕਿੱਥੋਂ ਮਿਲੀ?

# ਫਿਰਕੂ ਦੰਗੇ ਅਤੇ ਭਾਰਤੀ ਪੁਲਿਸ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਹ ਅਹਿਮ ਪੁਸਤਕ ਅਸੀਂ ਆਪਣੇ ਪਾਠਕਾਂ ਲਈ ਲੜੀਵਾਰ ਛਾਪ ਰਹੇ ਹਾਂ। ਇਸ ਪੁਸਤਕ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਭਾਰਤ ਵਰਗੇ ਬਹੁਲਵਾਦੀ ਦੇਸ਼ ਲਈ ਫਿਰਕਾਪ੍ਰਸਤੀ ਸਭ ਤੋਂ ਵੱਡਾ ਖਤਰਾ ਹੈ। ਇਸ ਨੇ ਭਾਰਤੀ ਸੰਵਿਧਾਨ ਦੇ ਬੁਨਿਆਦੀ ਉਦੇਸ਼ਾਂ ਨੂੰ ਹੀ ਚੁਣੌਤੀ ਦਿੱਤੀ ਹੋਈ ਹੈ। ਆਜ਼ਾਦੀ ਤੋਂ ਬਾਅਦ ਮੁਲਕ ਨੂੰ ਧਰਮ ਨਿਰਪੱਖ ਪਰਜਾਤੰਤਰ ਰੱਖਣ ਦਾ ਇਰਾਦਾ ਸੀ ਪਰ ਪਿਛਲੇ ਦਹਾਕੇ ਤੋਂ ਸਾਡੇ ਧਰਮ ਨਿਰਪੱਖ ਅਕਸ 'ਤੇ ਖਤਰੇ ਦੇ ਬੱਦਲ ਛਾਏ ਹੋਏ ਹਨ। ਜੇ ਭਾਰਤੀ ਸਮਾਜ ਨੇ ਇਸ ਵਧ ਰਹੀ ਫਿਰਕਾਪ੍ਰਸਤੀ ਨੂੰ ਠੱਲ੍ਹ ਨਾ ਪਾਈ ਅਤੇ ਫਿਰਕੂ ਦੰਗਿਆਂ ਨੂੰ ਸਖਤੀ ਨਾਲ ਨਾ ਨਜਿੱਠਿਆ ਤਾਂ ਸੰਵਿਧਾਨ ਦੀ ਬੁਨਿਆਦ ਹੀ ਢਹਿ-ਢੇਰੀ ਹੋ ਜਾਵੇਗੀ ਜਿਸ ਉਤੇ ਸਾਡੇ ਨੇਤਾਵਾਂ ਨੇ ਉਦਾਰ, ਧਰਮ ਨਿਰਪੱਖ, ਪ੍ਰਗਤੀਸ਼ੀਲ ਸਮਾਜ ਉਸਾਰਨ ਦਾ ਸੁਪਨਾ ਲਿਆ ਸੀ।

ਫਿਰਕਾਪ੍ਰਸਤੀ ਕਿਸੇ ਇਕ ਫਿਰਕੇ ਦੀ ਜ਼ਿੰਮੇਵਾਰੀ ਨਹੀਂ ਸਗੋਂ ਸਾਰੇ ਛੋਟੇ-ਵੱਡੇ ਧਾਰਮਿਕ ਸਮੂਹ ਇਸ ਤੋਂ ਪ੍ਰਭਾਵਿਤ ਹੁੰਦੇ ਹਨ। ਭਾਰਤ ਵਿਚ ਦੋ ਵੱਡੇ ਧਾਰਮਿਕ ਫਿਰਕੇ ਹਿੰਦੂ ਅਤੇ ਮੁਸਲਮਾਨ ਹਨ। ਸਾਰੇ ਹਿੰਦੂ ਅਤੇ ਮੁਸਲਮਾਨ ਫਿਰਕਾਪ੍ਰਸਤ ਨਹੀਂ ਹਨ ਪਰ ਇਹ ਵੀ ਕੌੜਾ ਸੱਚ ਹੈ ਕਿ ਹਿੰਦੂ ਅਤੇ ਮੁਸਲਮਾਨ ਫਿਰਕਿਆਂ ਦੇ ਲੋਕਾਂ ਅੰਦਰ ਇਕ ਦੂਜੇ ਪ੍ਰਤੀ ਧਾਰਨਾ ਬਣਾਉਣ ਸਮੇਂ ਉਨ੍ਹਾਂ 'ਤੇ ਫਿਰਕਾਪ੍ਰਸਤੀ ਦਾ ਅਸਰ ਦਿਖਾਈ ਦਿੰਦਾ ਹੈ।

ਭਾਰਤੀ ਸਮਾਜ ਦੇ ਲਗਭਗ ਹਰ ਹਿੱਸੇ ਵਿਚ ਫਿਰਕੂ ਦੰਗਿਆਂ ਸਮੇਂ ਭੜਕਣ ਵਾਲੀ ਹਿੰਸਾ, ਇਸ ਦੀ ਸਭ ਤੋਂ ਘਿਨਾਉਣੀ ਸਥਿਤੀ ਹੈ। ਫਿਰਕੂ ਹਿੰਸਾ ਤੋਂ ਭਾਵ ਹੈ, ਜਦੋਂ ਕਿਸੇ ਵਿਅਕਤੀ ਜਾਂ ਸਮੂਹ ਨੂੰ ਧਾਰਮਿਕ ਪਛਾਣ ਦੇ ਨਾਮ ਹੇਠ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਜ਼ਿਆਦਾ ਮਾਮਲਿਆਂ ਵਿਚ ਇਹ ਸਮਝਿਆ ਜਾਂਦਾ ਹੈ ਕਿ ਇਕ ਧਾਰਮਿਕ ਫਿਰਕੇ ਦੇ ਹਿਤ ਦੂਜੇ ਧਾਰਮਿਕ ਫਿਰਕੇ ਦੇ ਹਿਤਾਂ ਨੂੰ ਨਿਸ਼ਾਨਾ ਬਣਾ ਕੇ ਹੀ ਸੁਰੱਖਿਅਤ ਰਹਿ ਸਕਦੇ ਹਨ। ਇਹ ਜ਼ਰੂਰੀ ਨਹੀਂ ਕਿ ਹਰ ਵਾਰ ਸਰੀਰਕ ਹਮਲਾ ਕਰਕੇ ਹੀ ਇਹ ਹਿੰਸਾ ਕੀਤੀ ਜਾਵੇ। ਇਹ ਮਨੋਵਿਗਿਆਨਕ ਹਿੰਸਾ ਵੀ ਹੋ ਸਕਦੀ ਹੈ। ਪਾਕਿਸਤਾਨ ਵਰਗੇ ਧਰਮ ਆਧਾਰਿਤ ਦੇਸ਼ ਵਿਚ ਘੱਟ-ਗਿਣਤੀਆਂ ਦੀ ਸਥਿਤੀ ਦੂਜੇ ਦਰਜੇ ਦੇ ਨਾਗਰਿਕਾਂ ਵਰਗੀ ਹੈ, ਉਹ ਬਹੁਤ ਸਾਰੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਹਨ। ਇਸ ਗੱਲ ਦਾ ਕੋਈ ਮਤਲਬ ਨਹੀਂ ਕਿ ਇਸ ਸਮਾਜ ਅੰਦਰ ਘੱਟ-ਗਿਣਤੀਆਂ ਵਿਰੁੱਧ ਹਿੰਸਾ ਦੇ ਕਿੰਨੇ ਮਾਮਲੇ ਦਰਜ ਹੋਏ ਹਨ ਕਿਉਂਕਿ ਰੋਜ਼ਾਨਾ ਜੀਵਨ ਵਿਚ ਉਹ ਸਰੀਰਕ ਹਿੰਸਾ ਤੋਂ ਇਲਾਵਾ ਬਹੁਤ ਸਾਰੀ ਮਾਨਸਿਕ ਹਿੰਸਾ ਵਿਚੋਂ ਵੀ ਗੁਜ਼ਰਦੇ ਹਨ। ਭਾਰਤ ਵਿਚ ਕਈ ਧਾਰਮਿਕ ਫਿਰਕਿਆਂ ਨੇ ਆਪਣੇ ਭੋਜਨ, ਕੱਪੜੇ ਅਤੇ ਤਿਓਹਾਰ ਇਸ ਲਈ ਬਦਲ ਲਏ ਹਨ, ਕਿਉਂਕਿ ਬਹੁ-ਗਿਣਤੀ ਧਾਰਮਿਕ ਫਿਰਕੇ ਦੇ ਲੋਕ ਇਸ ਨੂੰ ਪਸੰਦ ਨਹੀਂ ਕਰਦੇ। ਇਹ ਤਬਦੀਲੀ ਭਾਵੇਂ ਸਵੈ-ਇੱਛਕ ਹੋਵੇ ਪਰ ਆਪਣੀ ਪਛਾਣ ਗੁਆਚਣ ਦੀ ਭਾਵਨਾ ਦਾ ਪ੍ਰਤੀਰੋਧ ਉਨ੍ਹਾਂ ਅੰਦਰ ਸਾਫ ਦਿਖਾਈ ਦਿੰਦਾ ਹੈ। ਇਹ ਵੀ ਫਿਰਕੂ ਹਿੰਸਾ ਹੀ ਹੈ ਜੋ ਸਮਾਂ ਪਾ ਕੇ ਸਰੀਰਕ ਹਿੰਸਾ ਦਾ ਰੂਪ ਲੈ ਸਕਦੀ ਹੈ।

ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਫਿਰਕੂ ਵਿਚਾਰਧਾਰਾ ਵਾਲੇ ਲੋਕ ਜ਼ਰੂਰੀ ਨਹੀਂ ਕਿ ਆਪ ਉਸ ਵਿਚ ਹਿੱਸਾ ਲੈਣ। ਉਨ੍ਹਾਂ ਨੂੰ ਭੜਕਾਉਣ ਵਾਲੇ, ਹਮਦਰਦੀ ਰੱਖਣ ਵਾਲੇ ਸਾਰਿਆਂ ਦੇ ਆਪੋ-ਆਪਣੇ ਹਿਤ ਹਨ। ਫਿਰਕੂ ਵਿਚਾਰਧਾਰਾ ਵਾਲੇ ਲੋਕ ਫਿਰਕੂ ਹਿੰਸਾ ਲਈ ਹਮੇਸ਼ਾ ਆਪਣੇ ਆਪ ਨੂੰ ਜਾਇਜ਼ ਠਹਿਰਾਉਂਦੇ ਹਨ। ਉਹ ਸਮਝਦੇ ਹਨ ਕਿ ਅਜਿਹਾ ਕਰਕੇ ਉਹ ਆਪਣੀ ਹਿੱਸੇਦਾਰੀ ਹਿੰਦੂ ਰਾਸ਼ਟਰ, ਦਾਰੁਲਹਰਮ ਜਾਂ ਖਾਲਿਸਤਾਨ ਦੇ ਉਦੇਸ਼ਾਂ ਦੀ ਪੂਰਤੀ ਲਈ ਪਾ ਰਹੇ ਹਨ।

ਇਸ ਹਿੰਸਾ ਨਾਲ ਨਜਿੱਠਣ ਲਈ ਪਹਿਲਾਂ ਪੁਲਿਸ ਬਲ ਹੀ ਹੁੰਦੇ ਹਨ। ਇਹ ਕੇਂਦਰੀ ਜਾਂ ਰਾਜ ਦੀ ਪੁਲਿਸ ਹੋ ਸਕਦੀ ਹੈ। ਇਹ ਤਿੰਨਾਂ ਪੜਾਵਾਂ - ਹਿੰਸਾ ਦੀ ਤਿਆਰੀ, ਹਿੰਸਾ ਸਮੇਂ ਅਤੇ ਬਾਅਦ ਵਿਚ ਪੁਨਰਵਾਸ ਸਮੇਂ ਸਰਗਰਮ ਭੂਮਿਕਾ ਨਿਭਾਉਂਦੇ ਹਨ। ਭਾਰਤੀ ਸੰਵਿਧਾਨ ਅਨੁਸਾਰ ਅਮਨ ਕਾਨੂੰਨ ਰਾਜ ਸਰਕਾਰਾਂ ਦਾ ਵਿਸ਼ਾ ਹੈ। ਇਸ ਲਈ ਅਜਿਹੇ ਫਿਰਕੂ ਹਿੰਸਾ ਦੇ ਸਮੇਂ ਰਾਜ ਦੀ ਪੁਲਿਸ ਪਹਿਲਾਂ ਹਰਕਤ ਵਿਚ ਆਉਂਦੀ ਹੈ। ਜੇ ਰਾਜ ਪੁਲਿਸ ਅਸਫਲ ਹੋ ਜਾਵੇ ਤਾਂ ਕੇਂਦਰੀ ਪੁਲਿਸ ਬਲਾਂ ਦੀ ਸਹਾਇਤਾ ਲਈ ਜਾਂਦੀ ਹੈ।



ਪੁਲਿਸ ਬਲਾਂ ਵਿਚ ਸ਼ਾਮਲ ਵਿਅਕਤੀ ਵੀ ਉਸ ਸਮਾਜ ਵਿਚੋਂ ਹੀ ਆਉਂਦੇ ਹਨ ਜਿਸ ਵਿਚ ਇਹ ਫਿਰਕੂ ਹਿੰਸਾ ਦੇ ਕੀੜੇ ਪੈਦਾ ਹੁੰਦੇ ਹਨ ਅਤੇ ਵਧਦੇ ਫੁੱਲਦੇ ਹਨ। ਪੁਲਿਸ ਵਿਚ ਭਰਤੀ ਹੋਣ ਸਮੇਂ ਉਹ ਸਾਰੇ ਮਾੜੇ ਪ੍ਰਭਾਵ, ਸੰਦੇਹ, ਡਰ ਅਤੇ ਨਫਰਤ ਆਪਣੇ ਨਾਲ ਹੀ ਲੈ ਕੇ ਆਉਂਦੇ ਹਨ। ਪੁਲਿਸ ਬਲ ਵਿਚ ਸ਼ਾਮਲ ਹੋਣ ਤੋਂ ਬਾਅਦ ਵੀ ਉਹ ਆਪਣੇ ਧਰਮ ਵਾਲਿਆਂ ਨੂੰ 'ਅਸੀਂ' ਅਤੇ ਦੂਜੇ ਧਰਮ ਵਾਲਿਆਂ ਨੂੰ 'ਉਹ' ਕਹਿ ਕੇ ਹੀ ਬੁਲਾਉਂਦੇ ਹਨ।

ਪੁਲਿਸ ਬਲਾਂ ਵਿਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਧਾਰਮਿਕ ਪਛਾਣ ਛੱਡ ਕੇ ਧਰਮ ਨਿਰਪੱਖ ਪਛਾਣ ਬਣਾਉਣੀ ਹੁੰਦੀ ਹੈ ਪਰ ਦੇਖਣ ਵਿਚ ਆਇਆ ਹੈ ਕਿ ਬਹੁਤੀਆਂ ਸਥਿਤੀਆਂ ਵਿਚ ਉਹ ਆਪਣੀ ਧਾਰਮਿਕ ਪਛਾਣ ਹੀ ਬਣਾ ਕੇ ਰੱਖਦੇ ਹਨ। ਖਾਕੀ ਵਰਦੀ ਵਿਚ ਵੀ ਉਹ ਹਿੰਦੂ ਜਾਂ ਮੁਸਲਮਾਨ ਹੀ ਹੁੰਦੇ ਹਨ।

ਆਪਣੀ ਧਾਰਮਿਕ ਪਛਾਣ ਬਣਾ ਕੇ ਰੱਖਣ ਕਰਕੇ ਹੀ ਪੁਲਿਸ ਬਲਾਂ ਦੀ ਭੂਮਿਕਾ ਸਭ ਤੋਂ ਵੱਧ ਪ੍ਰਭਾਵਿਤ ਹੁੰਦੀ ਹੈ। ਬਹੁਤੀਆਂ ਸਰਕਾਰੀ ਪੜਤਾਲਾਂ ਅੰਦਰ ਉਨ੍ਹਾਂ ਨੂੰ ਭਾਵੇਂ ਮੁਸਲਿਮ ਵਿਰੋਧੀ ਵਤੀਰਾ ਅਪਨਾਉਣ ਦੇ ਦੋਸ਼ਾਂ ਤੋਂ ਬਰੀ ਕੀਤਾ ਜਾਂਦਾ ਹੈ ਪਰ ਗੈਰ-ਸਰਕਾਰੀ ਅਧਿਐਨ ਇਹ ਸਾਬਤ ਕਰਦੇ ਹਨ ਕਿ ਦੰਗਿਆਂ ਦੌਰਾਨ ਪੁਲਿਸ ਦਾ ਰੋਲ ਓਨਾ ਨਿਰਪੱਖ ਨਹੀਂ ਰਿਹਾ ਜਿੰਨੀ ਉਮੀਦ ਕੀਤੀ ਜਾਂਦੀ ਹੈ। ਬਹੁਤ ਵਾਰੀ ਪੁਲਿਸ ਬਲਾਂ ਨੇ ਘੱਟ-ਗਿਣਤੀਆਂ ਖਿਲਾਫ ਅਜਿਹੇ ਦੰਗਿਆਂ ਸਮੇਂ ਸਪਸ਼ਟ ਨਜ਼ਰ ਆਉਣ ਵਾਲੇ ਪੱਖਪਾਤੀ ਵਰਤਾਓ ਦਾ ਪ੍ਰਗਟਾਵਾ ਕੀਤਾ ਹੈ। ਇਸ ਦੇ ਪਿੱਛੇ ਉਨ੍ਹਾਂ ਦੀ ਹਿੰਦੂ ਹੋਣ ਦੀ ਮਾਨਸਿਕਤਾ ਅਤੇ ਸਮਾਜ ਵਿਚ ਪਹਿਲਾਂ ਤੋਂ ਪਏ ਮਾੜੇ ਪ੍ਰਭਾਵਾਂ ਤੋਂ ਉਨ੍ਹਾਂ ਦਾ ਮੁਕਤ ਨਾ ਹੋਣਾ ਹੀ ਹੈ। ਸ਼ਾਂਤੀ ਅਤੇ ਵਿਵਸਥਾ ਕਾਇਮ ਰੱਖਣ ਵਾਲੀ ਸੰਸਥਾ ਬਣਨ ਦੀ ਬਜਾਇ ਪੁਲਿਸ ਬਲ ਇਕ ਧਿਰ ਦੇ ਤੌਰ 'ਤੇ ਕੰਮ ਕਰਦੇ ਨਜ਼ਰ ਆਉਂਦੇ ਹਨ। ਵੱਖ-ਵੱਖ ਫਿਰਕੂ ਦੰਗਿਆਂ ਅਨੁਸਾਰ ਪੁਲਿਸ ਦੀ ਭੂਮਿਕਾ ਦੇ ਅਧਿਐਨ ਤੋਂ ਹੇਠ ਲਿਖੇ ਤੱਥ ਸਾਹਮਣੇ ਆਏ ਹਨ:


(1) ਭਾਰਤ ਦੀ ਆਜ਼ਾਦੀ ਤੋਂ ਬਾਅਦ ਘੱਟ-ਗਿਣਤੀਆਂ ਦੀ ਆਬਾਦੀ ਵਿਚ ਪ੍ਰਤੀਸ਼ਤ ਦੇ ਮੁਕਾਬਲੇ ਪੁਲਿਸ ਬਲਾਂ ਅੰਦਰ ਉਨ੍ਹਾਂ ਦਾ ਅਨੁਪਾਤ ਕਿਤੇ ਘੱਟ ਹੈ ਜਿਵੇਂ (ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ 4.2, ਉਤਰ ਪ੍ਰਦੇਸ਼ 4.9 ਜਦੋਂ ਕਿ ਆਬਾਦੀ 18% ਦੇ ਨੇੜੇ ਹੈ।

(2) ਪੁਲਿਸ ਕਰਮਚਾਰੀ/ਅਧਿਕਾਰੀ ਸਮਾਜ ਵਿਚ ਪਹਿਲਾਂ ਤੋਂ ਪ੍ਰਚਲਿਤ ਮਾੜੇ ਪ੍ਰਭਾਵ, ਡਰ, ਚਿੰਤਾ ਨਾਲ ਲੈ ਕੇ ਆਉਂਦੇ ਹਨ ਜੋ ਅਸਲੀ ਨਹੀਂ ਸਗੋਂ ਕਲਪਨਿਕ ਹੁੰਦੇ ਹਨ।

(3) ਫਿਰਕੂ ਹਾਲਾਤ ਵਿਚ ਪੁਲਿਸ ਬਲਾਂ ਦਾ ਵਿਹਾਰ ਨਿਰਪੱਖ ਨਹੀਂ ਰਿਹਾ (ਜਿਵੇਂ ਬਾਬਰੀ ਮਸਜਿਦ ਢਾਹੁਣ ਵੇਲੇ 2 ਦਸੰਬਰ 1992 ਅਤੇ ਜਨਵਰੀ 1993 ਵਿਚ ਮੁੰਬਈ ਦੰਗਿਆਂ ਸਮੇਂ ਵੱਖ-ਵੱਖ ਵਤੀਰਾ ਨਜ਼ਰ ਆਇਆ)।

(4) ਬਹੁ-ਗਿਣਤੀ ਫਿਰਕੇ ਅਤੇ ਘੱਟ-ਗਿਣਤੀ ਧਾਰਮਿਕ ਸਮੂਹਾਂ ਅੰਦਰ ਪੁਲਿਸ ਸਬੰਧੀ ਵੱਖੋ-ਵੱਖਰੀ ਧਾਰਨਾ ਹੈ। ਮੁਸਲਮਾਨ ਪੁਲਿਸ ਨੂੰ ਦੁਸ਼ਮਣ ਦੇ ਰੂਪ ਵਿਚ ਦੇਖਦੇ ਹਨ ਅਤੇ ਹਿੰਦੂ ਮਿੱਤਰ ਦੇ ਰੂਪ ਵਿਚ। ਫਿਰਕੂ ਹਿੰਸਾ ਸਮੇਂ ਘੱਟ-ਗਿਣਤੀਆਂ ਪੁਲਿਸ ਦੀ ਥਾਂ ਕੇਂਦਰੀ ਬਲਾਂ ਜਾਂ ਫੌਜ ਬੁਲਾਉਣ ਦੀ ਮੰਗ ਕਰਦੀਆਂ ਹਨ। ਬਹੁਤ ਸਾਰੇ ਮਾਮਲਿਆਂ ਵਿਚ ਫਿਰਕੂ ਹਿੰਸਾ ਸਮੇਂ ਆਪਸੀ ਹਿੰਸਾ ਪੁਲਿਸ-ਮੁਸਲਮਾਨ ਟਕਰਾਓ ਵਿਚ ਬਦਲ ਜਾਂਦੀ ਹੈ।

ਇਹ ਅਧਿਐਨ ਅਤੇ ਤੱਥ ਰਾਸ਼ਟਰੀ ਪੁਲਿਸ ਅਕੈਡਮੀ ਹੈਦਰਾਬਾਦ ਵਿਖੇ ਫੈਲੋਸ਼ਿਪ ਸਮੇਂ ਘੱਟ-ਗਿਣਤੀ ਅਤੇ ਬਹੁ-ਗਿਣਤੀ ਧਿਰਾਂ, ਪੁਲਿਸ ਬਲਾਂ ਦੇ ਕਰਮਚਾਰੀਆਂ ਅਤੇ ਸਬੰਧਤ ਰਿਕਾਰਡ ਦੀ ਘੋਖ ਪੜਤਾਲ ਦੇ ਸਿੱਟੇ ਵਜੋਂ ਸਾਹਮਣੇ ਆਏ ਹਨ। ਇਹ ਕਾਨਪੁਰ 1931, ਰਾਂਚੀ 1967, ਅਹਿਮਦਾਬਾਦ 1969, ਭਿਵੰਡੀ ਤੇ ਜਲਗਾਓਂ 1970, ਬਨਾਰਸ 1977, ਜਮਸ਼ੇਦਪੁਰ 1979, ਮੇਰਠ 1986-87, ਭਾਗਲਪੁਰ 1989, ਅਯੁੱਧਿਆ 1992, ਮੁੰਬਈ 1992-93 ਸਮੇਂ ਹੋਏ ਫਿਰਕੂ ਦੰਗਿਆਂ ਦੀ ਪੜਤਾਲ ਸਮੇਂ ਸਾਹਮਣੇ ਆਏ ਹਨ। ਇਸ ਵਿਚ ਸਰਕਾਰੀ ਦਸਤਾਵੇਜ਼ ਜਾਂਚ ਕਮੇਟੀ ਦੀਆਂ ਰਿਪੋਰਟਾਂ, ਰਾਸ਼ਟਰੀ ਕਮਿਸ਼ਨਾਂ ਦੀਆਂ ਰਿਪੋਰਟਾਂ, ਨਾਗਰਿਕ ਅਧਿਕਾਰ ਸੰਗਠਨਾਂ ਦੀਆਂ ਰਿਪੋਰਟਾਂ ਦਾ ਅਧਿਐਨ ਕੀਤਾ ਗਿਆ। ਦੂਜੇ ਪੜਾਅ ਵਿਚ ਦੋਹਾਂ ਫਿਰਕਿਆਂ ਦੇ ਲੋਕਾਂ, ਨੌਕਰੀ ਕਰ ਰਹੇ ਅਤੇ ਸੇਵਾ ਮੁਕਤ ਪੁਲਿਸ ਕਰਮਚਾਰੀਆਂ ਨਾਲ ਵਿਸਥਾਰਤ ਗੱਲਬਾਤ ਰਾਹੀਂ ਇਹ ਅਧਿਐਨ ਕੀਤਾ ਗਿਆ ਹੈ।



***ਵਿਭੂਤੀ ਨਰਾਇਣ ਰਾਏ ਦੀ ਕਿਤਾਬ ਦੇ ਪੰਜਾਬੀ ਅਨੁਵਾਦ ਦਾ ਮੁਖੜਾ।***

### ਭਾਰਤ ਵਿਚ ਫਿਰਕੂ ਦੰਗਿਆਂ ਦਾ ਇਤਿਹਾਸ

ਪ੍ਰੋ. ਬਿਪਨ ਚੰਦ ਅਨੁਸਾਰ ਫਿਰਕਪ੍ਰਸਤੀ ਅਜਿਹੀ ਧਾਰਨਾ ਹੈ ਜਿਸ ਅਨੁਸਾਰ ਇਕ ਧਰਮ ਨੂੰ ਮੰਨਣ ਵਾਲੇ ਸਾਰੇ ਲੋਕਾਂ ਦੇ ਸਮਾਜਕ, ਧਾਰਮਿਕ, ਰਾਜਨੀਤਕ ਅਤੇ ਆਰਥਕ ਹਿਤ ਸਮਾਨ ਹੁੰਦੇ ਹਨ। ਸਮਾਜ ਸ਼ਾਸਤਰ ਦੀਆਂ ਵਿਧੀਆਂ ਨੂੰ ਪਰਖਦਿਆਂ ਇਸ ਮੁਤਾਬਕ ਭਾਰਤ ਵਿਚ ਹਿੰਦੂ, ਮੁਸਲਮਾਨ, ਇਸਾਈ ਅਤੇ ਸਿੱਖ ਅਲੱਗ-ਅਲੱਗ ਕੌਮੀਅਤਾਂ ਹਨ ਜੋ ਇਕ ਦੂਜੇ ਤੋਂ ਵੱਖਰੀਆਂ ਹਨ ਅਤੇ ਆਪਣੇ ਅੰਦਰੋਂ ਇਕ ਧਰਮ ਨੂੰ ਮੰਨਣ ਵਾਲਿਆਂ ਦੇ ਧਾਰਮਿਕ ਹਿਤ ਤਾਂ ਸਾਂਝੇ ਹਨ ਹੀ, ਗੈਰ-ਧਾਰਮਿਕ ਹਿਤ ਜਿਵੇਂ ਰਾਜਨੀਤਕ, ਸਮਾਜਕ, ਆਰਥਕ ਅਤੇ ਸਭਿਆਚਾਰਕ ਹਿਤ ਵੀ ਸਾਂਝੇ ਹੁੰਦੇ ਹਨ। ਇਹ ਹਿਤ ਦੂਜੇ ਧਾਰਮਿਕ ਸਮੂਹ ਦੇ ਲੋਕਾਂ ਨਾਲ ਟਕਰਾਵੇਂ ਵੀ ਹੋ ਸਕਦੇ ਹਨ। ਇਸ ਪਰਿਭਾਸ਼ਾ ਅਨੁਸਾਰ:

(1) ਭਾਰਤ ਵਰਗੇ ਸਮਾਜ ਵਿਚ ਅਨੇਕਾਂ ਕੌਮੀਅਤਾਂ ਹਨ ਜੋ ਭਾਸ਼ਾ, ਖਾਣ-ਪੀਣ ਅਤੇ ਸਮਾਜਕ ਮਾਨਤਾਵਾਂ ਪੱਖੋਂ ਭਾਵੇਂ ਵੱਖੋ-ਵੱਖਰੀਆਂ ਹੋਣ ਪਰ ਉਸ ਧਾਰਮਿਕ ਸਮੂਹ ਦੇ ਲੋਕਾਂ ਦੀ ਪਛਾਣ ਅਤੇ ਹਿਤ ਸਮਾਨ ਹੁੰਦੇ ਹਨ।

(2) ਫਿਰਕਾਪ੍ਰਸਤੀ ਨੂੰ ਹਮੇਸ਼ਾ ਕਿਸੇ ਦੁਸ਼ਮਣ ਦੀ ਲੋੜ ਹੁੰਦੀ ਹੈ। ਇਹ ਦੁਸ਼ਮਣ ਦੂਜੇ ਧਰਮ ਦਾ ਪੈਰੋਕਾਰ ਹੋ ਸਕਦਾ ਹੈ। ਇਕ ਧਰਮ ਦੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਉਸ ਦੇ ਸਾਰੇ ਹਿਤ ਤਾਂ ਹੀ ਸੁਰੱਖਿਅਤ ਹਨ, ਜੇ ਉਹ ਦੂਜੇ ਧਰਮ ਦੇ ਪੈਰੋਕਾਰਾਂ ਦਾ ਵਿਰੋਧ ਕਰਦਾ ਹੈ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਸ ਧਰਮ ਦੇ ਲੋਕਾਂ ਨੂੰ ਆਪਣੇ ਧਰਮ ਦੇ ਪੱਕੇ ਪੈਰੋਕਾਰ ਬਣਾ ਕੇ ਉਸ ਦੀ ਰੱਖਿਆ ਕਰਨਾ ਹੀ ਉਸ ਦਾ ਫਰਜ਼ ਹੈ।

(3) ਇਸ ਦਾ ਭਾਵ ਹੈ ਕਿ ਹਿੰਦੂ, ਮੁਸਲਮਾਨ, ਇਸਾਈ ਅਤੇ ਸਿੱਖਾਂ ਦੇ ਹਿਤ ਵੱਖ-ਵੱਖ ਹੀ ਨਹੀਂ ਹਨ ਸਗੋਂ ਇਕ ਦੂਜੇ ਦੇ ਵਿਰੋਧੀ ਹਨ।

ਭਾਰਤੀ ਲੋਕਾਂ ਦੇ ਸਬੰਧ ਵਿਚ ਫਿਰਕਾਪ੍ਰਸਤੀ ਦਾ ਮੁੱਖ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵੱਡੇ ਪੱਧਰ 'ਤੇ ਸ਼ੱਕ, ਡਰ, ਮੁਕਾਬਲੇਬਾਜ਼ੀ, ਨਫਰਤ ਅਤੇ ਹਿੰਸਾ ਹੈ। ਇਸ ਅਧਿਐਨ ਦਾ ਭਾਵ ਅਕਾਦਮਿਕ ਤੌਰ 'ਤੇ ਫਿਰਕਾਪ੍ਰਸਤੀ ਦਾ ਵਿਸ਼ਲੇਸ਼ਣ ਕਰਨਾ ਨਹੀਂ। ਅਸੀਂ ਸਿਰਫ ਫਿਰਕੂ ਦੰਗਿਆਂ ਦੇ ਅਧਿਐਨ ਤੱਕ ਸੀਮਤ ਰਹਾਂਗੇ। ਦੰਗਿਆਂ ਦੀ ਚਰਚਾ ਕਰਦੇ ਕਰਦੇ ਇਨ੍ਹਾਂ ਨੂੰ ਵਧਾਉਣ ਵਾਲੀਆਂ ਤਾਕਤਾਂ ਅਤੇ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਹੀ ਹੋਵੇਗਾ।

ਭਾਰਤ ਵਿਚ ਫਿਰਕੂ ਦੰਗੇ ਮੁੱਖ ਰੂਪ ਵਿਚ ਅੰਗਰੇਜ਼ ਸਾਮਰਾਜ ਦੇ ਅੰਤਰ-ਵਿਰੋਧਾਂ ਦੀ ਉਪਜ ਹਨ। ਸਾਮਰਾਜੀ ਸ਼ਾਸਕਾਂ ਦਾ ਵਿਸ਼ਵਾਸ ਸੀ ਕਿ ਆਜ਼ਾਦੀ ਦੀ ਪ੍ਰਾਪਤੀ ਲਈ ਉੱਠ ਰਹੇ ਲੋਕ-ਉਭਾਰ ਨੂੰ ਧਾਰਮਿਕ ਫਿਰਕਾਪ੍ਰਸਤੀ ਦੀ ਚਾਸ਼ਨੀ ਵਿਚ ਡੁਬੋ ਕੇ ਚੋਗਾ ਪਾਇਆ ਜਾ ਸਕਦਾ ਹੈ ਅਤੇ ਆਪਣਾ ਰਾਜ ਬਰਕਰਾਰ ਰੱਖਿਆ ਜਾ ਸਕਦਾ

***(ਬਾਕੀ ਅਗਲੇ ਸਫੇ 'ਤੇ)***



## ਵੱਡੀ ਵੰਗਾਰ

*ਫਿਰਕੂ ਹਿੰਸਾ ਨਾਲ ਨਜਿੱਠਣਾ ਪੁਲਿਸ ਲਈ ਵੱਡੀ ਚੁਣੌਤੀ ਹੈ। ਭਾਰਤ ਵਰਗੇ ਬਹੁ-ਧਰਮੀ ਸਮਾਜ ਵਿਚ ਵੱਖ-ਵੱਖ ਗੁੱਟਾਂ ਅੰਦਰ ਹਿੰਸਾ ਹੋਣਾ ਕੁਦਰਤੀ ਹੈ ਪਰ ਪੁਲਿਸ ਲਈ ਇਸ ਨਾਲ ਨਜਿੱਠਣਾ ਅਗਨੀ ਪ੍ਰੀਖਿਆ ਹੁੰਦੀ ਹੈ। ਅਸਲ ਵਿਚ ਪੁਲਿਸ ਕਰਮਚਾਰੀ ਝਗੜੇ ਵਾਲੇ ਕਿਸੇ ਇਕ ਸਮੂਹ ਵਿਚੋਂ ਹੀ ਹੁੰਦੇ ਹਨ। ਇਸ ਲਈ ਬਿਨਾਂ ਪੱਖਪਾਤ ਤੋਂ ਪੇਸ਼ੇਵਰਾਨਾ ਢੰਗ ਨਾਲ ਦੰਗਿਆਂ ਨਾਲ ਨਜਿੱਠਣਾ ਅਤੇ ਲੜ ਰਹੇ ਭਾਈਚਾਰਿਆਂ ਦਾ ਵਿਸ਼ਵਾਸ ਜਿੱਤਣਾ ਵੱਡੀ ਚੁਣੌਤੀ ਹੈ। ਪੁਲਿਸ ਨੂੰ ਇਸ ਕੰਮ ਲਈ ਸਿੱਖਿਆ ਅਤੇ ਵਿਹਾਰਕ ਸਿਖਲਾਈ ਦੀ ਲੋੜ ਹੈ। ਚੋਣਾਂ ਸਮੇਂ ਵੀ ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ।*

*ਇੰਗਲੈਂਡ ਅਤੇ ਅਮਰੀਕਾ ਦੇ ਪੁਲਿਸ ਬਲ ਨਸਲੀ ਹਿੰਸਾ ਨਾਲ ਨਜਿੱਠਣ ਲਈ ਵਧੇਰੇ ਕਾਰਗਰ ਹਨ ਕਿਉਂਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਦੂਜਾ, ਅਫਰੀਕੀ ਮੂਲ ਦੇ ਲੋਕਾਂ ਨੂੰ ਸੁਚੇਤ ਤੌਰ 'ਤੇ ਪੁਲਿਸ ਵਿਚ ਵਧਰੇ ਪ੍ਰਤੀਨਿਧਤਾ ਦੇ ਕੇ ਨਸਲੀ ਹਿੰਸਾ ਨੂੰ ਠੱਲ੍ਹ ਪਾਈ ਜਾਂਦੀ ਹੈ। ਦੱਖਣੀ ਏਸ਼ੀਆ ਦੇ ਬਾਕੀ ਦੇਸ਼ ਜਿਵੇਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਭੂਟਾਨ ਆਦਿ ਵਿਚ ਇਸ ਗੱਲ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਾਂਦਾ। ਇਸ ਲਈ ਸਮੱਸਿਆਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ ਜੋ ਕਈ ਵਾਰ ਕਾਫੀ ਗੰਭੀਰ ਨਤੀਜੇ ਲੈ ਕੇ ਆਉਂਦੀਆਂ ਹਨ।*

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ। ਇਸ ਲਈ ਉਸ ਸੋਚ ਨੂੰ ਸੰਤੁਲਿਤ ਬਣਾਉਣਾ ਵਧੇਰੇ ਜ਼ਰੂਰੀ ਹੈ। ਅਸੀਂ ਦੇਖਿਆ ਹੈ ਕਿ 6 ਦਸੰਬਰ 1992 ਨੂੰ ਵੀਹ ਹਜ਼ਾਰ ਤੋਂ ਵੱਧ ਪੁਲਿਸ ਦੇ ਹੁੰਦਿਆਂ ਬਾਬਰੀ ਮਸਜਿਦ ਤੋੜ ਦਿੱਤੀ ਗਈ ਅਤੇ ਉਹ ਬਿੱਟਰ-ਬਿੱਟਰ ਦੇਖਦੇ ਰਹੇ, ਕਿਉਂਕਿ ਉਨ੍ਹਾਂ ਦੀ ਅੰਦਰੋਂ ਇਸ ਲਈ ਹਮਾਇਤ ਸੀ।*

*ਇਹ ਪੁਸਤਕ 1994 ਵਿਚ ਰਾਸ਼ਟਰੀ ਪੁਲਿਸ ਅਕਾਦਮੀ ਵਿਚ ਇਕ ਸਾਲ ਲਈ ਮਿਲੀ ਫੈਲੋਸ਼ਿਪ ਸਮੇਂ ਲਿਖੀ ਗਈ। ਬਹੁਤ ਸਾਰੀਆਂ ਥਾਵਾਂ 'ਤੇ ਫਿਰਕੂ ਦੰਗਿਆਂ ਦਾ ਅਧਿਐਨ ਕਰਨ ਤੋਂ ਬਾਅਦ, ਦੰਗਾ ਪੀੜਤਾਂ ਨਾਲ ਗੱਲ ਕਰਕੇ, ਬਹੁਤ ਸਾਰੇ ਦਸਤਾਵੇਜ਼ਾਂ ਦਾ ਅਧਿਐਨ ਕਰਕੇ ਅਤੇ ਪੁਲਿਸ ਮੁਲਾਜ਼ਮਾਂ ਤੇ ਅਫਸਰਾਂ ਨਾਲ ਗੱਲ ਕਰਕੇ ਮੇਰਾ ਵਿਸ਼ਵਾਸ ਹੋਰ ਪੱਕਾ ਹੋਇਆ ਹੈ ਕਿ ਭਾਰਤੀ ਸਮਾਜ ਨੂੰ ਗਤੀਸ਼ੀਲ, ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਉਸ ਨੂੰ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਵਿਚ ਭਾਰਤੀ ਪੁਲਿਸ ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਤਾਂ ਹੀ ਸੰਭਵ ਹੈ, ਜੇ ਉਹ ਆਪਣੀ ਬਣਤਰ ਨੂੰ ਵਿਗਿਆਨਕ ਅਤੇ ਸਾਰਿਆਂ ਦੀ ਸ਼ਮੂਲੀਅਤ ਵਾਲੀ ਅਤੇ ਧਰਮ ਨਿਰਪੱਖ ਦਿੱਖ ਦੇਵੇ ਅਤੇ ਸਭ ਦਾ ਵਿਸ਼ਵਾਸ ਹਾਸਲ ਕਰੇ। **-ਵਿਭੂਤੀ ਨਰਾਇਣ ਰਾਏ***

# ਜਦੋਂ ਘਰ ਆਊਣਗੇ ਦਾਣੇ...

ਪੰਜਾਬ ਵਿਚ ਸ਼ੁਰੂ ਤੋਂ ਹੀ ਹਾੜ੍ਹੀ-ਸਾਉਣੀ ਦੀਆਂ ਭਰਪੂਰ ਫਸਲਾਂ ਹੁੰਦੀਆਂ ਆਈਆਂ ਹਨ। ਇਸ ਦਾ ਨਤੀਜਾ ਇਹ ਰਿਹਾ ਕਿ ਪੰਜਾਬ ਕੇਵਲ ਆਪਣੇ ਸੂਬੇ ਦੇ ਲੋਕਾਂ ਦਾ ਢਿੱਡ ਹੀ ਨਹੀਂ ਸੀ ਭਰਦਾ ਸਗੋਂ ਪੂਰੇ ਭਾਰਤ ਨੂੰ ਅੰਨ ਮੁਹੱਈਆ ਕਰਵਾਉਂਦਾ ਰਿਹਾ ਹੈ। ਪੰਜਾਬ ਦਾ ਬਹੁਤ ਸਾਰਾ ਰਕਬਾ ਕੱਲਰ ਜਾਂ ਰੇਤਲਾ ਰਿਹਾ ਹੈ ਪਰ ਪੰਜਾਬੀਆਂ ਦੀ ਮਿਹਨਤ ਸਦਕਾ ਹਰ ਤਰ੍ਹਾਂ ਦੀ ਜ਼ਮੀਨ ਵਿਚੋਂ ਜ਼ਮੀਨ ਦੀ ਤਾਸੀਰ ਮੁਤਾਬਕ ਅੰਨ ਜਾਂ ਦਾਲਾਂ ਪੈਦਾ ਹੁੰਦੀਆਂ ਰਹੀਆਂ ਹਨ।

ਇਹੀ ਕਾਰਨ ਹੁੰਦਾ ਸੀ ਕਿ ਜਦੋਂ ਵੀ ਕੋਈ ਫਸਲ ਪੱਕ ਕੇ ਤਿਆਰ ਹੁੰਦੀ ਤਾਂ ਪੰਜਾਬੀ


**ਬਹਾਦਰ ਸਿੰਘ ਗੋਸਲ**
**ਫੋਨ: +91-98764-52223**

ਕਿਸਾਨਾਂ ਦੇ ਘਰ ਵੱਡੇ-ਵੱਡੇ ਭੜੋਲੇ ਦਾਣਿਆਂ ਨਾਲ ਭਰ ਜਾਂਦੇ। ਹਾੜ੍ਹੀ ਦੀ ਫਸਲ ਪਿੱਛੋਂ ਤਾਂ ਸਾਰਾ ਪੰਜਾਬ ਹੀ ਖੁਸ਼ ਹੋ ਜਾਂਦਾ ਸੀ। ਕਣਕ ਜੌਂ ਅਤੇ ਛੋਲੇ ਐਨੇ ਹੁੰਦੇ ਸਨ ਕਿ ਕਿਸਾਨਾਂ ਨੂੰ ਸੰਭਾਲ ਕਰਨੀ ਮੁਸ਼ਕਿਲ ਹੋ ਜਾਂਦੀ ਸੀ। 60-65 ਸਾਲ ਪਹਿਲਾਂ ਮੰਡੀ ਸਿਸਟਮ ਇੰਨਾ ਮਜ਼ਬੂਤ ਨਹੀਂ ਸੀ, ਇਸ ਲਈ ਆਮ ਤੌਰ 'ਤੇ ਕਿਸਾਨਾਂ ਨੂੰ ਘਰ ਹੀ ਅਨਾਜ ਸੰਭਾਲਣਾ ਪੈਂਦਾ ਸੀ, ਜਾਂ ਫਿਰ ਉਹ ਲੋੜਵੰਦਾਂ ਨੂੰ ਪਿੰਡ ਵਿਚ ਆਪਣਾ ਅਨਾਜ ਵੇਚ ਦਿੰਦੇ। ਇੱਥੋਂ ਤੱਕ ਕੇ ਪਿੰਡ ਵਿਚ ਆਪਣੇ ਲਈ ਕੱਪੜੇ, ਜੁੱਤੀ, ਕਿਸਾਨੀ ਸੰਦ ਜਾਂ ਸਬਜ਼ੀਆਂ ਆਦਿ ਖਰੀਦਣ ਲਈ ਉਨ੍ਹਾਂ ਦੇ ਵੱਟੇ ਉਹ ਅਨਾਜ ਹੀ ਦੇ ਦਿੰਦੇ। ਇਸ ਦਾ ਫਾਇਦਾ ਦੂਜੀਆਂ ਬਰਾਦਰੀਆਂ ਦੇ ਲੋਕਾਂ ਨੂੰ ਵੀ ਹੁੰਦਾ, ਉਨ੍ਹਾਂ ਦੇ ਘਰ ਵੀ ਸਾਰਾ ਸਾਲ ਖਾਣ ਜੋਗੇ ਦਾਣੇ ਇਕੱਠੇ ਹੋ ਜਾਂਦੇ।

ਉਨ੍ਹਾਂ ਦਿਨਾਂ ਵਿਚ ਮਸ਼ੀਨੀ ਕਾਰੋਬਾਰ ਵੀ ਇੰਨਾ ਨਹੀਂ ਸੀ ਹੁੰਦਾ ਜਿਸ ਕਾਰਨ ਹਾੜ੍ਹੀ ਦੀ ਫਸਲ ਦੀ ਸਾਰੀ ਵਾਢੀ ਹੱਥਾਂ ਨਾਲ ਹੀ ਹੁੰਦੀ ਸੀ। ਇਸ ਲਈ ਜ਼ਰੂਰਤ ਹੁੰਦੀ ਸੀ ਵਧੇਰੇ ਹੱਥਾਂ ਦੀ ਜਾਂ ਮਜ਼ਦੂਰਾਂ ਦੀ। ਗਰੀਬ ਜਾਂ ਗੈਰ ਕਿਸਾਨੀ ਪਰਿਵਾਰ ਹਾੜ੍ਹੀ ਦੇ ਦਿਨਾਂ ਵਿਚ ਪੂਰੀ ਮਿਹਨਤ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਸਾਰੇ ਸਾਲ ਦੇ ਦਾਣੇ ਇਕੱਠੇ ਕਰ ਲੈਂਦੇ। ਕਹਿਣ ਦਾ ਭਾਵ ਕਿ ਹਰ ਗਰੀਬ-ਅਮੀਰ ਦੇ ਘਰ ਦਾਣੇ ਆ ਜਾਂਦੇ।

ਹਰ ਪਰਿਵਾਰ ਲਈ ਅੰਨ ਪਹਿਲੀ ਲੋੜ ਹੈ, ਇਸ ਲਈ ਪੰਜਾਬ ਦਾ ਹਰ ਘਰ ਖੁਸ਼ ਨਸੀਬ ਹੁੰਦਾ ਸੀ। ਰੋਟੀ ਦੀ ਚਿੰਤਾ ਨਾ ਹੋਣ ਕਾਰਨ ਪੰਜਾਬ, ਵਿਦਿਅਕ, ਸਮਾਜਿਕ, ਰਾਜਨੀਤਕ ਅਤੇ ਸਰੀਰਕ ਪੱਖੋਂ ਮੋਹਰੀ ਸੂਬਾ ਬਣਿਆ ਰਿਹਾ। ਇਸ ਦੇ ਨਾਲ ਹੀ ਪੰਜਾਬ ਨੇ ਆਪਣੇ ਸਭਿਆਚਾਰਕ ਵਿਰਸੇ ਨੂੰ ਵੀ ਨਿਵੇਕਲਾ ਬਣਾ ਲਿਆ। ਖਾਣ-ਪੀਣ ਅਤੇ ਪਹਿਨਣ ਵਿਚ ਪੰਜਾਬੀਆਂ ਦੀ ਕੋਈ ਹੋਰ ਸੂਬਾ ਰੀਸ ਨਾ ਕਰ ਸਕਿਆ। ਇਸੇ ਗੱਲ ਨੇ ਪੰਜਾਬ ਨੂੰ ਦੂਜਿਆਂ ਦੀ ਮਦਦ ਕਰਨ ਅਤੇ ਦਾਨ ਦੇਣ ਦੀ ਪ੍ਰਕਿਰਿਆ ਨੂੰ ਵੱਧ ਤੋਂ ਵੱਧ ਅਪਣਾਉਣ ਦਾ ਮੌਕਾ ਦਿੱਤਾ। ਹਰ ਘਰ ਵਿਚੋਂ ਦੁੱਧ, ਦਹੀਂ ਅਤੇ ਲੱਸੀ ਦੂਜੇ ਲੋਕਾਂ ਨੂੰ ਮੁਫਤ ਦਿੱਤੇ ਜਾਂਦੇ ਅਤੇ ਪੰਜਾਬੀਆਂ ਨੇ ਤਾਂ ਥਾਂ-ਥਾਂ ਲੰਗਰ ਲਗਾ ਕੇ ਕਿਸੇ ਨੂੰ ਵੀ ਭੁੱਖੇ ਪੇਟ ਨਹੀਂ ਛੱਡਿਆ।

ਪੰਜਾਬੀਆਂ ਦੀ ਇਸੇ ਖੁੱਲ੍ਹ-ਦਿਲੀ ਅਤੇ ਸੇਵਾ ਭਾਵਨਾ ਸਦਕਾ ਉਨ੍ਹਾਂ ਦਿਨਾਂ ਵਿਚ ਜਦੋਂ ਹਰ ਪੰਜਾਬੀ ਦੇ ਘਰ ਵਾਢੀਆਂ ਤੋਂ ਬਾਅਦ ਦਾਣਿਆਂ ਨਾਲ ਭਰ ਜਾਂਦੇ ਤਾਂ ਇੱਕ ਹੋਰ ਸਭਿਆਚਾਰਕ ਰੰਗ ਦੇਖਣ ਨੂੰ ਮਿਲਦਾ। ਉਹ ਸੀ ਪਿੰਡਾਂ ਵਿਚ ਤਮਾਸ਼ੇ ਦਿਖਾਉਣ ਵਾਲਿਆਂ ਦਾ। ਤਰ੍ਹਾਂ-ਤਰ੍ਹਾਂ ਦੇ ਲੋਕ ਆਪਣੇ ਪਰਿਵਾਰਾਂ ਦੇ ਪੇਟ ਪਾਲਣ ਲਈ ਪਿੰਡਾਂ ਵਿਚੋਂ ਦਾਣੇ ਇਕੱਠੇ ਕਰਨ ਲਈ ਨਵੇਂ-ਨਵੇਂ ਰੰਗ ਦਿਖਾਉਂਦੇ। ਕੋਈ ਬਾਂਦਰ-



ਬਾਂਦਰੀ ਦਾ ਨਾਚ ਦਿਖਾਉਂਦਾ, ਕੋਈ ਬੱਕਰਾ-ਭਾਲੂ ਲੈ ਕੇ ਪਿੰਡ ਵਿਚ ਆਉਂਦਾ, ਕੋਈ ਕਿਸੇ ਛੋਟੇ ਬੱਚੇ ਨੂੰ ਜਮੂਰੇ ਦੇ ਰੂਪ ਵਿਚ ਮਦਾਰੀ ਬਣ ਕੇ ਆਉਂਦਾ ਜਾਂ ਬਾਜ਼ੀਗਰ ਪਿੰਡਾਂ ਦੇ ਵੱਡੇ ਇਕੱਠਾ ਵਿਚ ਬਾਜ਼ੀ ਪਾ ਕੇ ਦਿਖਾਉਣ ਦਾ ਕੰਮ ਕਰਦੇ। ਇਹ ਸਭ ਲੋਕ ਪੈਸੇ ਦੀ ਥਾਂ ਅਨਾਜ ਨੂੰ ਤਰਜੀਹ ਦਿੰਦੇ ਅਤੇ ਸਭ ਘਰਾਂ 'ਚੋਂ ਜੋ ਬੱਚੇ ਇਨ੍ਹਾਂ ਦੇ ਤਮਾਸ਼ੇ ਦੇਖਣ ਆਉਂਦੇ, ਤਮਾਸ਼ਾ ਖਤਮ ਹੁੰਦਿਆਂ ਹੀ ਦਾਣਿਆਂ ਦੀਆਂ ਬਾਟੀਆਂ ਭਰ-ਭਰ ਲੈ ਆਉਂਦੇ। ਥੋੜ੍ਹੇ ਸਮੇਂ ਵਿਚ ਹੀ ਉਸ ਤਮਾਸ਼ਾ ਦਿਖਾਉਣ ਵਾਲੇ ਦੀ ਝੋਲੀ ਦਾਣਿਆਂ ਨਾਲ ਭਰ ਜਾਂਦੀ। ਗਰਮੀ ਦੇ ਦਿਨਾਂ ਵਿਚ ਤਾਂ ਉਹ ਪਿੰਡ ਦੇ ਦਰਵਾਜ਼ੇ ਦੁਪਹਿਰ ਨੂੰ ਟਿਕ ਜਾਂਦੇ, ਨਾਲ ਹੀ ਉਨ੍ਹਾਂ ਨੂੰ ਪਿੰਡ ਵਿਚੋਂ ਖਾਣ-ਪੀਣ ਲਈ ਖੁੱਲ੍ਹਾ ਮਿਲ ਜਾਂਦਾ। ਇਸੇ ਬਹਾਨੇ ਪਿੰਡ ਦੇ ਬੱਚੇ ਖੁਸ਼ ਹੋ ਜਾਂਦੇ ਅਤੇ ਉਹ ਕਈ-ਕਈ ਦਿਨ ਉਸ ਤਮਾਸ਼ੇ ਬਾਰੇ ਗੱਲਾਂ ਕਰਦੇ ਰਹਿੰਦੇ।

ਜਦੋਂ ਵੀ ਕੋਈ ਤਮਾਸ਼ੇ ਵਾਲਾ ਪਿੰਡ ਵਿਚ ਆ ਕੇ ਡੁਗਡੁਗੀ ਵਜਾਉਂਦਾ ਤਾਂ ਪਿੰਡ ਦੇ ਨਿਆਣੇ ਘਰਾਂ 'ਚੋਂ ਨਿਕਲ ਪਿੰਡ ਦੀ ਸੱਥ ਵਿਚ ਪਹੁੰਚ ਜਾਂਦੇ ਅਤੇ ਤਮਾਸ਼ੇ ਵਾਲੇ ਦੇ ਗਿਰਦ ਝੁਰਮਟ ਬਣਾ ਲੈਂਦੇ। ਜਦੋਂ ਤਮਾਸ਼ੇ ਵਾਲਾ ਆਪਣੇ ਜਮੂਰੇ ਨੂੰ ਫੜ ਕੇ ਉਸ ਦੇ ਕੰਨਾਂ ਵਿਚੋਂ ਜਾਂ ਕੱਛਾਂ ਥੱਲਿਓਂ ਸਿੱਕੇ ਕੱਢਦਾ ਤਾਂ ਬੱਚੇ ਹੈਰਾਨੀ ਵਿਚ ਖੁਸ਼ ਹੋ ਕੇ ਤਾੜੀਆਂ ਮਾਰਦੇ। ਜਦੋਂ ਕਦੇ ਬਾਂਦਰ-ਬਾਂਦਰੀ ਵਾਲਾ ਆਪਣੇ ਬਾਂਦਰ ਨੂੰ ਬਾਂਦਰੀ ਨੂੰ ਲਿਆਉਣ ਲਈ ਸਹੁਰੇ ਭੇਜਦਾ ਅਤੇ ਬਾਂਦਰੀ ਉਸ ਦੇ ਨਾਲ ਆਉਣ ਤੋਂ ਇਨਕਾਰ ਕਰ ਦਿੰਦੀ ਤਾਂ ਬਾਂਦਰ ਸੋਟੀ ਲੈ ਕੇ ਬਾਂਦਰੀ ਨੂੰ ਮਾਰਨ ਦੌੜਦਾ, ਇਹ ਦੇਖ ਬੱਚੇ ਕਿਲਕਾਰੀਆਂ ਮਾਰ-ਮਾਰ ਹੱਸਦੇ ਅਤੇ ਫਿਰ ਦਾਣਿਆਂ ਨਾਲ ਮਦਾਰੀ ਦੀ ਝੋਲੀ ਭਰ ਦਿੰਦੇ। ਪਿੰਡਾਂ ਵਿਚ ਇਨ੍ਹਾਂ ਤਮਾਸ਼ਿਆਂ ਨੂੰ ਕੇਵਲ ਬੱਚੇ ਹੀ ਨਹੀਂ ਸਨ ਦੇਖਦੇ ਸਗੋਂ ਵੱਡੇ ਅਤੇ ਔਰਤਾਂ ਵੀ ਬੜੇ ਚਾਅ ਨਾਲ ਦੇਖਦੀਆਂ। ਕਈ ਵਾਰ ਤਾਂ ਪਿੰਡਾਂ ਵਿਚ ਸੱਪ ਦਿਖਾਉਣ ਵਾਲੇ ਜੋਗੀ ਆ ਕੇ ਮਜਮਾਂ ਲਗਾਉਂਦੇ ਅਤੇ ਪਿੰਡ ਵਾਲੇ ਜ਼ਹਿਰੀਲੇ ਸੱਪਾਂ ਦੇ ਕਰਤੱਵ ਦੇਖ, ਸਪੇਰੇ ਦੀ ਵਾਹ-ਵਾਹ ਕਰਦੇ ਅਤੇ ਉਸ ਨੂੰ ਵੱਧ ਤੋਂ ਵੱਧ ਦਾਣੇ ਪਾਉਂਦੇ।

ਜਿੱਥੇ ਇਹ ਤਮਾਸ਼ੇ ਵਾਲੇ ਆਪਣੇ ਘਰ ਪਰਿਵਾਰਾਂ ਲਈ ਦਾਣੇ ਇਕੱਠੇ ਕਰ ਲੈਂਦੇ, ਉੱਥੇ ਉਹ ਉਨ੍ਹਾਂ ਦਾਣਿਆਂ ਬਦਲੇ ਪਿੰਡ ਵਾਲਿਆਂ ਦਾ ਭਰਪੂਰ ਮਨੋਰੰਜਨ ਕਰਦੇ। ਪਿੰਡ ਵਾਲੇ ਵੀ ਖੂਬ ਆਨੰਦ ਮਾਣਦੇ ਕਿਉਂਕਿ ਉਨ੍ਹਾਂ ਦਿਨਾਂ ਵਿਚ ਪਿੰਡਾਂ ਵਿਚ ਮਨੋਰੰਜਨ ਦੇ ਸਾਧਨ ਸੀਮਤ ਸਨ। ਇਸ ਤਰ੍ਹਾਂ ਪਿੰਡ ਦੇ ਨਿਆਣਿਆਂ ਲਈ ਤਾਂ ਇਹ ਤਮਾਸ਼ੇ ਵਾਲੇ ਖੁਸ਼ੀ ਦਾ ਪੈਗ਼ਾਮ ਲੈ ਕੇ ਆਉਂਦੇ ਅਤੇ ਬੱਚੇ ਵੀ ਨਵੇਂ-ਨਵੇਂ ਤਮਾਸ਼ੇ ਵਾਲਿਆਂ ਨੂੰ ਉਡੀਕਦੇ ਰਹਿੰਦੇ। ਉਹ ਤਾਂ ਸਮਝਦੇ ਸਨ ਕਿ ਉਨ੍ਹਾਂ ਦਾ ਜੀਵਨ ਇੱਕ ਰੰਗ ਤਮਾਸ਼ਾ ਹੀ ਹੈ ਅਤੇ ਉਹ ਇਨ੍ਹਾਂ ਤਮਾਸ਼ਿਆਂ ਬਾਰੇ ਗੱਲਾਂ ਕਰਦੇ ਨਾ ਥੱਕਦੇ। ਇੱਥੋਂ ਤੱਕ ਕਿ ਜਦੋਂ ਇਕੱਤੀ ਮਾਰਚ ਨੂੰ ਉਨ੍ਹਾਂ ਦੇ ਸਕੂਲਾਂ ਵਿਚ ਸਾਲਾਨਾ ਨਤੀਜਾ ਆਉਣਾ ਹੁੰਦਾ ਤਾਂ ਉਹ ਇਸ ਨੂੰ ਵੀ ਤਮਾਸ਼ੇ ਨਾਲ ਜੋੜ ਦਿੰਦੇ ਅਤੇ ਸਵੇਰੇ-ਸਵੇਰੇ ਹੀ ਗਾਉਂਦੇ ਫਿਰਦੇ:

ਅੱਜ ਖੇਲ ਤਮਾਸ਼ਾ ਹੋਵੇਗਾ
ਕੋਈ ਹੱਸੇਗਾ ਕੋਈ ਰੋਵੇਗਾ।

ਸੱਚ ਵਿਚ ਹੀ ਪੇਂਡੂ ਬੱਚਿਆਂ ਨੇ ਤਾਂ ਇਨ੍ਹਾਂ ਤਮਾਸ਼ਿਆਂ ਨੂੰ ਆਪਣੇ ਜੀਵਨ ਵਿਚ ਹੀ ਅਪਣਾ ਲਿਆ ਸੀ। ਸਰਦੀਆਂ ਵਿਚ ਖੇਤਾਂ ਵਿਚ ਜੰਮੀਆਂ ਛੋਟੀਆਂ-ਛੋਟੀਆਂ ਹਰੀਆਂ ਕਣਕਾਂ-ਛੋਲਿਆਂ ਨੂੰ ਦੇਖ ਉਹ ਉਡੀਕਾਂ ਕਰਦੇ ਕਿ ਕਦੋਂ ਇਹ ਵੱਡੇ ਹੋ ਕੇ ਵਾਢੀ ਆਵੇਗੀ ਅਤੇ ਫਿਰ ਸਭ ਦੇ ਘਰ ਦਾਣਿਆਂ ਨਾਲ ਭਰ ਜਾਣਗੇ ਅਤੇ ਫਿਰ ਇਨ੍ਹਾਂ ਦਾਣਿਆਂ ਵਾਸਤੇ ਆਉਣਗੇ ਤਰ੍ਹਾਂ-ਤਰ੍ਹਾਂ ਦੇ ਖੇਲ ਤਮਾਸ਼ੇ ਦਿਖਾਉਣ ਵਾਲੇ। ਵਾਢੀਆਂ ਆਉਣ 'ਤੇ ਉਨ੍ਹਾਂ ਦੇ ਮਨ ਚਾਵਾਂ ਨਾਲ ਭਰ ਜਾਂਦੇ ਅਤੇ ਸ਼ੁਰੂ ਹੋ ਜਾਂਦੀ ਉਡੀਕ ਉਨ੍ਹਾਂ ਤਮਾਸ਼ੇ ਵਾਲਿਆਂ ਦੀ। ਅਜਿਹੇ ਹਰ ਸਾਲ ਵਾਪਰਨ ਵਾਲੇ ਮਾਹੌਲ ਨੂੰ ਦੇਖ ਕੇ ਕਈ ਵਾਰ ਬਜ਼ੁਰਗ ਵੀ ਕਹਿੰਦੇ ਰਹਿੰਦੇ:

ਜਦੋਂ ਘਰ ਆਉਣਗੇ ਦਾਣੇ
ਸ਼ੁਰੂ ਹੋਣਗੇ ਤਮਾਸ਼ੇ ਵਾਲੇ ਆਉਣੇ
ਤਾਂ ਖੁਸ਼ ਹੋਣਗੇ ਪਿੰਡਾਂ ਦੇ ਨਿਆਣੇ।

---

ਹੈ। ਜਦੋਂ ਵੀ ਹਿੰਦੂ ਅਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ, ਉਸ ਤੋਂ ਬਾਅਦ ਫਿਰਕੂ ਦੰਗਿਆਂ ਦਾ ਗ੍ਰਾਫ ਇਕਦਮ ਬਹੁਤ ਉਪਰ ਚਲਿਆ ਗਿਆ। ਜਦੋਂ ਵੀ ਉਹ ਇਕੱਠੇ ਹੋ ਕੇ ਸੰਘਰਸ਼ਸ਼ੀਲ ਹੋਏ, ਫਿਰਕੂ ਦੰਗੇ ਪੂਰੀ ਤਰ੍ਹਾਂ ਬੰਦ ਰਹੇ। ਜਦੋਂ ਹੀ ਸੰਘਰਸ਼ ਅਸਫਲ ਹੋਇਆ ਜਾਂ ਅੰਦੋਲਨ ਵਾਪਸ ਲਿਆ ਗਿਆ, ਉਸੇ ਵੇਲੇ ਅੰਗਰੇਜ਼ਾਂ ਦੀ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ ਦਾ ਸ਼ਿਕਾਰ ਹੋ ਗਏ। ਵਿਦੇਸ਼ੀ ਸ਼ਾਸਕਾਂ ਦੇ ਖਿਲਾਫ ਲੜਨ ਦੀ ਥਾਂ ਆਪਸ ਵਿਚ ਵੱਢ-ਟੁੱਕ ਕਰਨ ਲੱਗੇ।

ਭਾਰਤ ਦੇ ਆਜ਼ਾਦੀ ਅੰਦੋਲਨ ਦੀਆਂ ਤਿੰਨ ਘਟਨਾਵਾਂ ਦਾ ਅਸੀਂ ਇਸ ਦੀ ਗਵਾਹੀ ਵਜੋਂ ਜ਼ਿਕਰ ਕਰ ਰਹੇ ਹਾਂ। 1857-58 ਦੀ ਆਜ਼ਾਦੀ ਦੀ ਪਹਿਲੀ ਲੜਾਈ ਦੌਰਾਨ ਹਿੰਦੂ ਅਤੇ ਮੁਸਲਮਾਨ ਸਿਪਾਹੀਆਂ ਨੇ ਅੰਗਰੇਜ਼ ਅਫਸਰਾਂ ਖਿਲਾਫ ਸ਼ਾਨਦਾਰ ਇਕਜੁੱਟਤਾ ਦਿਖਾਈ। ਉਨੀਵੀਂ ਸਦੀ ਦੇ ਸ਼ੁਰੂ ਹੋਣ ਵੇਲੇ ਫਿਰਕੂ ਦੰਗਿਆਂ ਦੀ ਸ਼ੁਰੂਆਤ ਹੋ ਚੁੱਕੀ ਸੀ। ਬਨਾਰਸ (1809) ਨਿਉਲ (1820), ਮੁਰਾਦਾਬਾਦ, ਸੰਭਲ ਕਾਸ਼ੀਪੁਰ (1833), ਸ਼ਾਹਜਹਾਂਪੁਰ (1837), ਬਰੇਲੀ ਕਾਨ੍ਹਪੁਰ ਅਲਾਹਾਬਾਦ (1837-1852) ਵਿਚ ਹੋਏ ਫਸਾਦਾਂ ਨੂੰ ਹਿੰਦੂ ਮੁਸਲਿਮ ਦੰਗਿਆਂ ਦਾ ਨਾਮ ਦਿੱਤਾ ਜਾ ਸਕਦਾ ਹੈ ਪਰ 1857-58 ਦੇ ਦੋ ਸਾਲ ਅਜਿਹੇ ਹਨ ਕਿ ਇਕ ਵੀ ਫਿਰਕੂ ਦੰਗਾ ਨਹੀਂ ਹੋਇਆ। ਹਿੰਦੂ ਮੁਸਲਮਾਨਾਂ ਵਿਚ ਹੋਈ ਇਸ ਏਕਤਾ ਨੂੰ ਸਮਝਣ ਲਈ ਅਵਧ ਵਿਚ 1853 ਅਤੇ 1855 ਵਿਚ ਵਾਪਰੀਆਂ ਦੋ ਘਟਨਾਵਾਂ ਨੂੰ ਸਮਝਣਾ ਲਾਹੇਵੰਦ ਰਹੇਗਾ।

ਅਮੇਠੀ ਦੇ ਸੂਫੀ ਸੰਤ ਬੰਦਗੀ ਮੀਆਂ ਦੇ ਚੇਲੇ ਮੌਲਵੀ ਆਮਿਰ ਅਲੀ ਨੇ ਸੁਣਿਆ ਕਿ ਅਯੁੱਧਿਆ ਵਿਚ ਬੈਰਾਗੀਆਂ ਨੇ ਬਾਬਰੀ ਮਸਜਿਦ ਨਸ਼ਟ ਕਰ ਦਿੱਤੀ ਅਤੇ ਉਸ ਉੱਤੇ ਕਬਜ਼ਾ ਕਰ ਲਿਆ ਹੈ। ਇਹ ਸੁਣ ਕੇ ਉਨ੍ਹਾਂ ਨੇ ਲਖਨਊ ਦੇ ਨਵਾਬ ਵਾਜਿਦ ਅਲੀ ਸ਼ਾਹ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਮੁਲਾਕਾਤ ਨਾ ਹੋਣ ਤੋਂ ਨਿਰਾਸ਼ ਹੋ ਕੇ ਉਸ ਨੇ ਲਖਨਊ ਵਿਚ ਜਹਾਦ ਦਾ ਐਲਾਨ ਕਰ ਦਿੱਤਾ। ਨਵਾਬ ਵਾਜਿਦ ਅਲੀ ਸ਼ਾਹ ਨੇ ਸਮੱਸਿਆ ਨੂੰ ਸ਼ਾਂਤੀਪੂਰਨ ਹੱਲ ਕਰਨ ਲਈ ਯਤਨ ਸ਼ੁਰੂ ਕੀਤੇ। ਉਹਦੇ ਹੁਕਮਾਂ ਦੇ ਬਾਵਜੂਦ ਬੈਰਾਗੀਆਂ ਨੇ ਮਸਜਿਦ 'ਤੇ ਕਬਜ਼ਾ ਨਾ ਛੱਡਿਆ ਪਰ ਮਸਜਿਦ ਨੂੰ ਤੋੜਨ ਦੀ ਖਬਰ ਕੋਰੀ ਅਫਵਾਹ ਸੀ। ਮੌਲਵੀ ਆਮਿਰ ਅਲੀ ਵਾਪਸ ਅਮੇਠੀ ਆ ਗਿਆ ਅਤੇ ਜਹਾਦ ਦੇ ਨਾਮ 'ਤੇ ਹਥਿਆਰਬੰਦ ਮੁਸਲਮਾਨਾਂ ਦੀ ਵੱਡੀ ਫੌਜ ਇਕੱਠੀ ਕਰ ਲਈ ਅਤੇ ਅਯੁੱਧਿਆ ਵੱਲ ਵਧਣਾ ਜਾਰੀ ਰੱਖਿਆ। ਅਯੁੱਧਿਆ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਈਸਟ ਇੰਡੀਆ ਕੰਪਨੀ ਕੋਲ ਸੀ। ਨਵਾਬ ਦੇ ਕਹਿਣ ਦੇ ਬਾਵਜੂਦ ਅੰਗਰੇਜ਼ ਰੈਜੀਡੈਂਟ ਨੇ ਸ਼ਾਂਤੀ ਵਿਵਸਥਾ ਬਣਾਈ ਰੱਖਣ ਲਈ ਕੋਈ ਕੋਸ਼ਿਸ਼ ਨਾ ਕੀਤੀ ਸਗੋਂ ਹਿੰਦੂ ਅਤੇ ਮੁਸਲਮਾਨਾਂ ਵਿਚ ਵਿਰੋਧ ਪੈਦਾ ਕਰਨ ਦੀ ਕੋਈ ਕਸਰ ਬਾਕੀ ਨਾ ਛੱਡੀ। ਵਾਜਿਦ ਅਲੀ ਸ਼ਾਹ ਅਤੇ ਮੌਲਵੀ ਆਮਿਰ ਅਲੀ ਵਿਚਕਾਰ ਖੂਨੀ ਟੱਕਰ ਹੋਈ। ਲੰਮੀ ਲੜਾਈ ਬਾਅਦ ਹਿਆਤ ਨਗਰ ਦੇ ਨੇੜੇ ਸੂਜਾਗੰਜ ਬਾਜ਼ਾਰ ਵਿਚ ਮੌਲਵੀ ਆਮਿਰ ਅਲੀ ਮਾਰਿਆ ਗਿਆ। 1855 ਵਿਚ ਹਿੰਦੂਆਂ ਅਤੇ ਮੁਸਲਮਾਨ ਬਜ਼ੁਰਗਾਂ ਨੇ ਮਿਲ ਬੈਠ ਕੇ ਸਮਝੌਤਾ ਕਰ ਲਿਆ ਅਤੇ ਹਿੰਦੂ ਮੁਸਲਿਮ ਏਕਤਾ ਤੋਂ ਬਾਅਦ 1857-58 ਦਾ ਸੰਘਰਸ਼ ਹੋਇਆ ਪਰ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਤੋਂ ਪੈਦਾ ਹੋਈਆਂ ਨਫਰਤਾਂ, ਮੱਤਭੇਦ ਅਤੇ ਸ਼ੰਕੇ ਇੰਨੇ ਗੰਭੀਰ ਹੁੰਦੇ ਗਏ ਜੋ ਅੱਜ ਤੱਕ ਵੀ ਜਾਰੀ ਹਨ।



***ਮਾਰਚ 1947 ਵਿਚ ਅੰਮ੍ਰਿਤਸਰ ਵਿਚ ਹੋਏ ਦੰਗਿਆਂ ਦਾ ਦ੍ਰਿਸ਼।***

1919-20 ਦੇ ਰੌਲਟ ਐਕਟ ਵਿਰੋਧੀ ਅੰਦੋਲਨ ਅਤੇ ਜੱਲਿਆਂਵਾਲਾ ਕਾਂਡ ਵਿਰੁੱਧ ਨਾ-ਮਿਲਵਰਤਨ ਅੰਦੋਲਨ ਦੇ ਰੂਪ ਵਿਚ ਪੂਰੇ ਦੇਸ਼ ਵਿਚ ਸਰਗਰਮੀ ਸਿਖਰਾਂ 'ਤੇ ਸੀ। ਹਿੰਦੂ ਮੁਸਲਿਮ ਦੰਗੇ ਪੂਰੀ ਤਰ੍ਹਾਂ ਸ਼ਾਂਤ ਸਨ। 1858 ਤੋਂ 1918 ਤੱਕ ਬਹੁਤ ਭਿਆਨਕ ਫਿਰਕੂ ਦੰਗੇ ਦੇਖੇ ਗਏ ਜੋ ਅਜਿਹੀਆਂ ਥਾਵਾਂ 'ਤੇ ਵੀ ਵਾਪਰੇ ਜਿਥੇ ਪਹਿਲਾਂ ਉਨ੍ਹਾਂ ਦਾ ਨਾਮੋ-ਨਿਸ਼ਾਨ ਨਹੀਂ ਸੀ; ਜਿਵੇਂ ਬਰੇਲੀ (1871), ਮਊ (1893), ਬੰਬਈ (1893), ਨਾਸਿਕ (1894), ਪੂਰਬੀ ਬੰਗਾਲ (1907), ਪਿਸ਼ਾਵਰ (1910), ਅਯੁੱਧਿਆ (1912), ਆਗਰਾ (1913), ਸ਼ਾਹਬਾਦ (1917), ਕਰਤਾਰਪੁਰ (1918) ਵਧੇਰੇ ਵਰਨਣਯੋਗ ਹਨ।

1919-20 ਵਿਚ ਇਕ ਵੀ ਦੰਗਾ ਨਹੀਂ ਹੋਇਆ। ਸਾਰੇ ਦੰਗੇ ਇਕਦਮ ਰੁਕ ਗਏ। ਪਹਿਲੀ ਸੰਸਾਰ ਜੰਗ ਵਿਚ ਲੱਖਾਂ ਭਾਰਤੀ ਸੈਨਿਕਾਂ ਨੇ ਭਾਗ ਲਿਆ। ਇਸ ਯੁੱਧ ਵਿਚ ਯੂਰਪ ਦੀਆਂ ਸਾਮਰਾਜੀ ਸ਼ਕਤੀਆਂ ਦੇ ਹਿਤ ਆਪਸ ਵਿਚ ਟਕਰਾਅ ਵਾਲੇ ਰਹੇ ਸਨ, ਭਾਰਤੀ ਲੋਕਾਂ ਦਾ ਉਸ ਨਾਲ ਦੂਰੋਂ-ਨੇੜਿਓਂ ਕੋਈ ਸਬੰਧ ਨਹੀਂ ਸੀ। ਫਿਰ ਵੀ ਲੱਖਾਂ ਸੈਨਿਕ ਉਸ ਲੜਾਈ ਵਿਚ ਮਾਰੇ ਗਏ ਜਿਨ੍ਹਾਂ ਵਿਚੋਂ ਬਹੁਤੇ ਭਾਰਤੀ ਸਨ। ਬਹੁਤ ਸਾਰੇ ਭਾਰਤੀ ਸਿਆਸਤਦਾਨ ਜੋ ਸਾਮਰਾਜ ਬਾਰੇ ਪੂਰੀ ਸਮਝ ਨਹੀਂ ਰੱਖਦੇ ਸਨ, ਸੋਚਦੇ ਸਨ ਕਿ ਯੁੱਧ ਸਮਾਪਤ ਹੋਣ ਤੋਂ ਬਾਅਦ ਅੰਗਰੇਜ਼ ਭਾਰਤ ਨੂੰ ਪੂਰਨ ਆਜ਼ਾਦੀ ਨਾ ਸਹੀ, ਘੱਟੋ-ਘੱਟ ਸਵੈ-ਸ਼ਾਸਨ ਦਾ ਹੱਕ ਤਾਂ ਦੇ ਹੀ ਦੇਣਗੇ ਪਰ ਯੁੱਧ ਦੀ ਸਮਾਪਤੀ ਤੋਂ ਬਾਅਦ ਅੰਗਰੇਜ਼ੀ ਸ਼ਾਸਕਾਂ ਦਾ ਅਸਲ ਰੂਪ ਸਾਹਮਣੇ ਆ ਗਿਆ, ਜਦੋਂ ਉਨ੍ਹਾਂ ਰੋਲਟ ਐਕਟ ਵਰਗਾ ਸਖਤ ਕਾਨੂੰਨ ਭਾਰਤੀ ਲੋਕਾਂ 'ਤੇ ਲਾਗੂ ਕਰ ਦਿੱਤਾ। ਇਸ ਕਾਨੂੰਨ ਮੁਤਾਬਕ ਪੁਲਿਸ ਨੂੰ ਕਿਸੇ ਵੀ ਭਾਰਤੀ ਨਾਗਰਿਕ ਨੂੰ ਬਿਨਾਂ ਕੋਈ ਕਾਰਨ ਦੱਸੇ ਗ੍ਰਿਫਤਾਰ ਕਰਨ, ਤਲਾਸ਼ੀ ਲੈਣ ਅਤੇ ਜੇਲ੍ਹ ਵਿਚ ਬੰਦ ਕਰਨ ਦੇ ਅਧਿਕਾਰ ਸਨ। ਇਸ ਕਾਨੂੰਨ ਬਾਰੇ ਕਿਹਾ ਜਾਂਦਾ ਸੀ- 'ਨਾ ਵਕੀਲ, ਨਾ ਦਲੀਲ, ਨਾ ਅਪੀਲ'। ਇਸ ਕਾਨੂੰਨ ਵਿਰੁੱਧ ਵਿਆਪਕ ਲਾਮਬੰਦੀ ਹੋਈ। 13 ਅਪਰੈਲ 1919 ਨੂੰ ਜੱਲਿਆਂਵਾਲਾ ਬਾਗ ਵਿਚ ਨਿਹੱਥੇ ਲੋਕਾਂ 'ਤੇ ਗੋਲਾਬਾਰੀ ਕਰਕੇ ਹਜ਼ਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਰਹਿੰਦਿਆਂ ਨੂੰ ਜ਼ਲੀਲ ਕਰਨ ਲਈ ਰੀਂਗ ਕੇ ਚੱਲਣ ਲਈ ਮਜਬੂਰ ਕੀਤਾ ਗਿਆ। ਇਸ ਜ਼ੁਲਮ ਖਿਲਾਫ ਲੋਕਾਂ ਵਿਚ ਬੇਹੱਦ ਵਿਰੋਧ ਸੀ। ਖਿਲਾਫਤ ਅੰਦੋਲਨ ਅਤੇ ਨਾ-ਮਿਲਵਰਤਨ ਅੰਦੋਲਨ ਸ਼ੁਰੂ ਹੋਏ। ਅਸਲ ਵਿਚ ਤੁਰਕੀ ਦੀ ਹਾਰ ਤੋਂ ਬਾਅਦ ਮੁਸਲਿਮ ਸੰਸਾਰ ਵਿਚ ਖਲੀਫਾ ਦਾ ਪ੍ਰਭਾਵ ਖਤਮ ਹੋ ਗਿਆ। ਸਿੱਟੇ ਵਜੋਂ ਖਿਲਾਫਤ ਅੰਦੋਲਨ ਦੇ ਰੂਪ ਵਿਚ ਹਿੰਦੂ ਮੁਸਲਿਮ ਏਕਤਾ ਦਾ ਨਵਾਂ ਦੌਰ ਦੇਖਣ ਵਿਚ ਆਇਆ। 9 ਜੁਲਾਈ 1919 ਨੂੰ ਖਿਲਾਫਤ ਅੰਦੋਲਨ ਅਤੇ ਨਾ-ਮਿਲਵਰਤਨ ਅੰਦੋਲਨ ਦੀਆਂ ਮੀਟਿੰਗਾਂ ਵਿਚ ਇਕੋ ਜਿਹੇ ਪ੍ਰਸਤਾਵ ਪਾਸ ਕੀਤੇ ਗਏ ਜਿਨ੍ਹਾਂ ਅਨੁਸਾਰ ਅੰਗਰੇਜ਼ਾਂ ਦੀਆਂ ਨੌਕਰੀਆਂ ਤੋਂ ਅਸਤੀਫੇ, ਅੰਗਰੇਜ਼ਾਂ ਵਲੋਂ ਮਿਲੇ ਮਾਣ-ਸਨਮਾਨ ਵਾਪਸ ਮੋੜਨ ਅਤੇ ਟੈਕਸ ਨਾ ਦੇਣ ਵਰਗੇ ਪ੍ਰੋਗਰਾਮ ਸਨ।

1919-20 ਦੌਰਾਨ ਚੱਲੇ ਸੰਘਰਸ਼ ਸਮੇਂ ਹਿੰਦੂ ਮੁਸਲਮਾਨਾਂ ਵਿਚਕਾਰ ਕਮਾਲ ਦੀ ਸਾਂਝ ਦੇਖੀ ਗਈ। ਹਿੰਦੂਆਂ ਨੇ ਖਾਣ ਪੀਣ ਸਬੰਧੀ ਸਭ ਸੰਕੀਰਨਤਾਵਾਂ ਛੱਡ ਕੇ ਮੁਸਲਮਾਨਾਂ ਹੱਥੋਂ ਪਾਣੀ ਪੀਤਾ ਅਤੇ ਸਭ ਕੁਝ ਖਾਧਾ। ਮੁਸਲਮਾਨਾਂ ਨੇ ਮਸਜਿਦਾਂ ਤੋਂ ਬੋਲਣ ਲਈ ਹਿੰਦੂ ਲੀਡਰਾਂ ਨੂੰ ਸੱਦਾ ਦਿੱਤਾ। ਦਿੱਲੀ ਦੀ ਜਾਮਾ ਮਸਜਿਦ ਵਿਚ ਸਵਾਮੀ ਸ਼ਰਧਾਨੰਦ ਨੇ ਧਾਰਮਿਕ ਉਪਦੇਸ਼ ਦਿੱਤੇ। ਗਾਂਧੀ ਜੀ ਅਤੇ ਸਰੋਜਨੀ ਨਾਇਡੂ ਬੰਬਈ ਦੀ ਮਸਜਿਦ ਵਿਚ ਬੋਲੇ। ਮੁਸਲਮਾਨਾਂ ਨੇ ਹੜਤਾਲਾਂ ਅਤੇ ਸੱਤਿਆਗ੍ਰਹਿ ਵਿਚ ਹਿੰਦੂਆਂ ਨੂੰ ਖੂਬ ਸਹਿਯੋਗ ਦਿੱਤਾ। ਹਿੰਦੂਆਂ ਨਾਲ ਮਿਲ ਕੇ ਲਾਠੀਆਂ ਖਾਧੀਆਂ, ਜੇਲ੍ਹ ਗਏ ਅਤੇ ਜਾਇਦਾਦਾਂ ਜ਼ਬਤ ਕਰਵਾਈਆਂ। ਡਾ. ਸੱਤਪਾਲ ਅਤੇ ਕਿਚਲੂ ਅੰਮ੍ਰਿਤਸਰ ਵਿਚ ਜੋੜੇ ਨੇਤਾ ਬਣ ਗਏ। ਗਾਂਧੀ ਅਤੇ ਮੁਹੰਮਦ ਅਲੀ ਜਿਨਾਹ ਨੇ ਇਕੱਠੇ ਹੋ ਕੇ ਰਾਸ਼ਟਰੀ ਅੰਦੋਲਨ ਦਾ ਸਾਥ ਦਿੱਤਾ। ਇਸ ਏਕਤਾ ਦਾ ਅਸਰ ਫਿਰਕੂ ਦੰਗਿਆਂ ਦੇ ਗ੍ਰਾਫ ਤੋਂ ਸਾਫ ਨਜ਼ਰ ਆਉਂਦਾ ਹੈ।

1921 ਵਿਚ ਕੇਰਲ ਵਿਚ ਮੋਪਲਾ ਵਿਦਰੋਹ ਹੋਇਆ। ਇਹ ਮੁੱਖ ਤੌਰ 'ਤੇ ਕਰੂਰ, ਸ਼ੋਸ਼ਣ ਕਰਨ ਵਾਲੇ ਆਰਥਕ ਸਬੰਧਾਂ ਨੂੰ ਧਾਰਮਿਕ ਅੰਦੋਲਨ ਵਿਚ ਵਰਤਣ ਦੀ ਉਦਾਹਰਨ ਹੈ। 1921 ਵਿਚ ਮਾਲੇਗਾਓਂ ਅਤੇ 1922 ਵਿਚ ਮੁਲਤਾਨ ਵਿਚ ਹੋਏ ਫਿਰਕੂ ਦੰਗਿਆਂ ਤੋਂ ਬਿਨਾਂ ਦੰਗਿਆਂ ਦੇ ਹੋਰ ਕੇਸ ਘੱਟ ਹੀ ਨਜ਼ਰ ਆਏ। 5 ਫਰਵਰੀ 1922 ਨੂੰ ਗੋਰਖਪੁਰ ਜ਼ਿਲ੍ਹੇ ਦੇ ਚੌਰਾਚੌਰੀ ਥਾਣੇ ਵਿਚ ਮੌਜੂਦ ਸਾਰੇ ਪੁਲਿਸ ਕਰਮਚਾਰੀ ਜਿੰਦਾ ਜਲਾ ਦਿੱਤੇ ਗਏ। ਗਾਂਧੀ ਜੀ ਨੇ ਅੰਦੋਲਨ ਦੇ ਹਿੰਸਕ ਹੋ ਜਾਣ ਦੇ ਡਰੋਂ ਉਸ ਨੂੰ ਵਾਪਸ ਲੈ ਲਿਆ। ਬਹੁਤ ਹੀ ਸਰਗਰਮ ਹੋਈ ਜਨਤਾ ਇਕਦਮ ਗੈਰ-ਸਰਗਰਮ ਹੋ ਗਈ। ਉਦੇਸ਼ ਵਿਹੀਣ, ਦਿਸ਼ਾਹੀਣ, ਹਿੰਮਤ ਹਾਰ ਕੇ ਬੈਠੀ ਜਨਤਾ ਅੰਗਰੇਜ਼ਾਂ ਦੀ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ ਦਾ ਫੇਰ ਸ਼ਿਕਾਰ ਹੋ ਗਈ। ਸ਼ੁੱਧੀ ਅਤੇ ਤਬਲੀਗ ਵਰਗੇ ਅੰਦੋਲਨਾਂ ਨੇ ਵੱਡੇ ਵਰਗ ਨੂੰ ਆਪਣੇ ਕਲਾਵੇ ਵਿਚ ਲੈ ਲਿਆ। 1923 ਵਿਚ ਵੱਖ-ਵੱਖ ਥਾਵਾਂ 'ਤੇ ਫਿਰਕੂ ਦੰਗੇ ਹੋਏ। ਇਨ੍ਹਾਂ ਵਿਚ ਅੰਮ੍ਰਿਤਸਰ, ਲਾਹੌਰ ਅਤੇ ਸਹਾਰਨਪੁਰ ਖਾਸ ਸਨ। 1924 ਵਿਚ ਭਿਆਨਕ ਦੰਗੇ ਹੋਏ। ਇਹ ਅਲਾਹਾਬਾਦ, ਕਲਕੱਤਾ, ਦਿੱਲੀ, ਗੁਲਬਰਗ, ਕੋਹਾਟ, ਲਖਨਊ, ਨਾਗਪੁਰ, ਜਬਲਪੁਰ, ਸ਼ਾਹਜਹਾਂਪੁਰ ਵਿਚ ਵਾਪਰੇ। ਇਨ੍ਹਾਂ ਦੰਗਿਆਂ ਸਮੇਂ ਜਾਨ-ਮਾਲ ਦਾ ਬਹੁਤ ਨੁਕਸਾਨ ਹੋਇਆ। ਇਹ ਵੀ ਮਹਿਸੂਸ ਹੋਇਆ ਕਿ ਜੇ ਰਾਜ ਸੱਤਾ ਹੀ ਦੰਗੇ ਕਰਵਾਉਣ 'ਤੇ ਉਤਾਰੂ ਹੋਵੇ ਤਾਂ ਕਿਤੇ ਵੀ ਦੰਗਾ ਕਰਵਾਉਣਾ ਮੁਸ਼ਕਿਲ ਨਹੀਂ ਹੁੰਦਾ।

1930 ਵਿਚ ਸਿਵਲ ਨਾ-ਫੁਰਮਾਨੀ ਅੰਦੋਲਨ ਤੋਂ ਪਹਿਲਾਂ ਧਾਰਮਿਕ ਮੱਤਭੇਦ ਅਸਥਾਈ ਰੂਪ ਵਿਚ ਦਬ ਗਏ ਅਤੇ ਫਿਰਕੂ ਦੰਗੇ ਜੋ ਰਾਸ਼ਟਰੀ ਜੀਵਨ ਦਾ ਅੰਗ ਬਣ ਗਏ ਸਨ, ਕਾਫੀ ਹੱਦ ਤੱਕ ਰੁਕ ਗਏ। ਇਸ ਸਾਲ ਕੇਵਲ ਢਾਕਾ ਅਤੇ ਬੰਬਈ ਵਿਚ ਹੀ ਦੰਗੇ ਹੋਏ। ਇਨ੍ਹਾਂ ਬਾਰੇ ਬਹੁਤਾ ਵਰਨਣ ਨਹੀਂ ਹੁੰਦਾ। ਇਸ ਨਾ-ਮਿਲਵਰਤਣ ਅੰਦੋਲਨ ਦੀ ਪਹਿਲੀ ਉਦਾਹਰਨ ਸੀ ਪੇਸ਼ੇਵਰ ਫੌਜੀਆਂ ਵਲੋਂ ਜਨਤਾ 'ਤੇ ਗੋਲੀ ਚਲਾਉਣ ਤੋਂ ਇਨਕਾਰ। ਇਹ ਇਨਕਾਰ ਕਰਨ ਵਾਲੀ ਪਲਟਨ ਗੜ੍ਹਵਾਲੀ ਹਿੰਦੂਆਂ ਦੀ ਸੀ। ਜਿਨ੍ਹਾਂ 'ਤੇ ਗੋਲੀ ਚਲਾਉਣ ਨੂੰ ਕਿਹਾ ਸੀ, ਉਹ ਮੁਸਲਮਾਨ ਪਠਾਣ ਸਨ। ਇਹੋ ਜਿਹੀ ਏਕਤਾ ਅੰਦੋਲਨਾਂ ਸਮੇਂ ਹੀ ਦੇਖਣ ਨੂੰ ਮਿਲਦੀ ਸੀ। ਮਾਰਚ 1931 ਵਿਚ ਅੰਦੋਲਨ ਦੇ ਵਾਪਸ ਲੈਣ ਤੋਂ ਬਾਅਦ ਫਿਰ ਪਹਿਲਾਂ ਵਾਲੀ ਸਥਿਤੀ ਪੈਦਾ ਹੋ ਗਈ। 1931 ਵਿਚ ਆਗਰਾ, ਬਨਾਰਸ ਅਤੇ ਕਾਨਪੁਰ ਵਿਚ ਭਿਆਨਕ ਦੰਗੇ ਹੋਏ। ਕਾਨਪੁਰ ਦੰਗਾ ਉਤਰ ਪ੍ਰਦੇਸ਼ ਦਾ ਸਭ ਤੋਂ ਮਾੜਾ ਫਿਰਕੂ ਦੰਗਾ ਸੀ। ਇਸ ਵਿਚ ਰਾਸ਼ਟਰਵਾਦੀ, ਹਿੰਦੂ ਮੁਸਲਿਮ ਏਕਤਾ ਦੇ ਵੱਡੇ ਸਮਰਥਕ, ਬੁੱਧੀਜੀਵੀ ਗਣੇਸ਼ ਸ਼ੰਕਰ ਵਿਦਿਆਰਥੀ ਦੀ ਮੌਤ ਹੋਈ। ਸਰਕਾਰੀ ਅੰਕੜਿਆਂ ਅਨੁਸਾਰ 400 ਲੋਕ ਮਾਰੇ ਗਏ। 1200 ਤੋਂ ਵੱਧ ਜ਼ਖਮੀ ਹੋਏ। 18 ਮਸੀਤਾਂ, 32 ਮੰਦਿਰ, 248 ਹਿੰਦੂ ਅਤੇ 101 ਮੁਸਲਿਮ ਘਰ ਤਬਾਹ ਹੋਏ।

ਬਹੁਤ ਥੋੜ੍ਹੇ ਸਮੇਂ ਲਈ ਚੱਲੇ ਆਜ਼ਾਦੀ ਸੰਘਰਸ਼ ਸਮੇਂ ਫਿਰਕਾਪ੍ਰਸਤੀ ਖਤਮ ਨਹੀਂ ਸੀ ਹੋਈ ਸਗੋਂ ਉਹ ਪੂਰੀ ਤਰ੍ਹਾਂ ਜਾਰੀ ਸੀ ਪਰ ਜਨਤਾ ਦਾ ਵੱਡਾ ਹਿੱਸਾ ਆਜ਼ਾਦੀ ਦੇ ਸੰਘਰਸ਼ ਦੀ ਸਾਂਝੀ ਲੜਾਈ ਵਿਚ ਰੁੱਝਿਆ ਹੋਣ ਕਾਰਨ ਸਰਕਾਰ ਨੂੰ ਦੰਗੇ ਭੜਕਾਉਣ ਵਾਲੇ 'ਸਵੈ-ਸੇਵਕ' ਨਹੀਂ ਸੀ ਮਿਲ ਰਹੇ, ਇਸ ਲਈ ਉਨ੍ਹਾਂ ਸਮਿਆਂ ਦੌਰਾਨ ਫਿਰਕੂ ਸਦਭਾਵਨਾ ਨਜ਼ਰ ਆਈ। ਜੇ ਰਾਸ਼ਟਰੀ ਨੇਤਾ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਧਾਰਮਿਕ ਪ੍ਰਤੀਕਾਂ (ਖਿਲਾਫਤ ਅਤੇ ਗਊ ਰੱਖਿਆ) ਆਦਿ ਵਿਚ ਏਕਤਾ ਦੀ ਥਾਂ ਉਨ੍ਹਾਂ ਨੂੰ ਸਾਂਝੇ ਆਰਥਕ, ਰਾਜਨੀਤਕ ਅਤੇ ਸਮਾਜਕ ਮੁੱਦਿਆਂ 'ਤੇ ਇਕੱਠੇ ਕਰਕੇ ਸਾਮਰਾਜਵਾਦ ਦੇ ਵਿਰੁੱਧ ਸੰਘਰਸ਼ ਲਈ ਜਥੇਬੰਦ ਕਰਦੇ ਤਾਂ ਨਤੀਜੇ ਕੁਝ ਹੋਰ ਹੁੰਦੇ।

***(ਚੱਲਦਾ)***

# ਭਾਰਤ ਨੂੰ ਬਚਾਉਣ ਦੀ ਲੜਾਈ ਲੜਨੀ ਪਵੇਗੀ

***ਮਸ਼ਹੂਰ ਲੇਖਕ ਅਤੇ ਕਾਰਕੁਨ ਅਰੁੰਧਤੀ ਰਾਏ ਨੇ 19 ਅਪਰੈਲ ਨੂੰ ਅਮਰੀਕਾ ਦੀ ਟੈਕਸਸ ਯੂਨੀਵਰਸਿਟੀ ਦੇ ਆਸਟਿਨ ਕੈਂਪਸ ਦੇ ਲਿਡਨਨ ਬੀ. ਜੋਹਸੋਨਨ ਆਡੀਟੋਰੀਅਮ ਵਿਚ 'ਸਿਸੀ ਫੇਰੈਂਟਹੋਲਡ ਯਾਦਗਾਰੀ ਲੈਕਚਰ' ਦਿੱਤਾ। ਸਿਸੀ ਫੇਰੈਂਟਹੋਲਡ ਉੱਘੀ ਅਮਰੀਕਨ ਲਿਬਰਲ ਸਿਆਸਤਦਾਨ ਅਤੇ ਬਰਾਬਰੀ ਤੇ ਹੱਕਾਂ ਦੀ ਝੰਡਾਬਰਦਾਰ ਸੀ ਜੋ ਸਤੰਬਰ 2021 'ਚ ਸਦੀਵੀ ਵਿਛੋੜਾ ਦੇ ਗਈ। ਅਸੀਂ ਇਸ ਲੈਕਚਰ ਦਾ ਪੰਜਾਬੀ ਰੂਪ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਭਾਰਤ ਵਿਚ ਹੋ ਰਹੀ ਕੱਟੜ ਸਿਆਸੀ ਉਥਲ-ਪੁਥਲ ਨੂੰ ਬਹੁਤ ਗਹਿਰਾਈ ਵਿਚ ਫੜ ਕੇ ਅਵਾਮ ਅੱਗੇ ਰੱਖਣ ਦਾ ਯਤਨ ਕੀਤਾ ਹੈ। ਇਸ ਲੈਕਚਰ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**



ਮੈਨੂੰ ਸਿਸੀ ਫਰੈਂਟਹੋਲਡ ਲੈਕਚਰ ਦੇਣ ਵਾਸਤੇ ਸੱਦਾ ਦੇਣ ਲਈ ਧੰਨਵਾਦ। ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਯੂਕਰੇਨ ਵਿਚ ਜੰਗ ਬਾਰੇ ਕੁਝ ਸ਼ਬਦ ਕਹਿਣਾ ਚਾਹਾਂਗੀ। ਮੈਂ ਸਪਸ਼ਟ ਤੌਰ 'ਤੇ ਯੂਕਰੇਨ ਉਪਰ ਰੂਸ ਦੇ ਹਮਲੇ ਦੀ ਨਿੰਦਾ ਕਰਦੀ ਹਾਂ ਅਤੇ ਯੂਕਰੇਨ ਦੇ ਲੋਕਾਂ ਦੇ ਬਹਾਦਰੀ ਭਰੇ ਟਾਕਰੇ ਦੀ ਸ਼ਲਾਘਾ ਕਰਦੀ ਹਾਂ। ਮੈਂ ਹਕੂਮਤ ਨਾਲ ਅਸਹਿਮਤ ਲੋਕਾਂ ਵੱਲੋਂ ਭਾਰੀ ਮੁੱਲ ਚੁਕਾ ਕੇ ਦਿਖਾਈ ਗਈ ਹਿੰਮਤ ਦੀ ਤਾਰੀਫ ਕਰਦੀ ਹਾਂ। ਇਉਂ ਕਰਦੇ ਹੋਏ ਮੈਨੂੰ ਅਮਰੀਕਾ ਅਤੇ ਯੂਰਪ ਦੇ ਦੋਗਲੇਪਣ ਦਾ ਡੂੰਘਾ ਦਰਦ ਭਰਿਆ ਅਹਿਸਾਸ ਹੈ ਜਿਨ੍ਹਾਂ ਨੇ ਮਿਲ ਕੇ ਦੁਨੀਆ ਦੇ ਹੋਰ ਮੁਲਕਾਂ ਉਪਰ ਇਸੇ ਤਰ੍ਹਾਂ ਦੇ ਯੁੱਧ ਛੇੜੇ ਹਨ।

ਉਨ੍ਹਾਂ ਨੇ ਮਿਲ ਕੇ ਪਰਮਾਣੂ ਦੌੜ ਦੀ ਅਗਵਾਈ ਕੀਤੀ ਹੈ ਅਤੇ ਐਨੇ ਹਥਿਆਰ ਜਮ੍ਹਾਂ ਕਰ ਲਏ ਹਨ ਜੋ ਇਸ ਧਰਤੀ ਨੂੰ ਕਈ ਵਾਰ ਤਬਾਹ ਕਰ ਸਕਦੇ ਹਨ। ਇਹ ਹਕੀਕਤ ਕਿੱਡੀ ਵਿਡੰਬਨਾ ਹੈ ਕਿ ਉਨ੍ਹਾਂ ਕੋਲ ਇਹ ਹਥਿਆਰ ਹੋਣ ਦੇ ਬਾਵਜੂਦ ਹੁਣ ਉਹ ਉਸ ਮੁਲਕ ਨੂੰ ਤਬਾਹ ਹੁੰਦਾ ਦੇਖਦੇ ਰਹਿਣ ਮਜਬੂਰ ਹਨ ਜਿਸ ਨੂੰ ਉਹ ਆਪਣਾ ਸੰਗੀ ਮੰਨਦੇ ਹਨ - ਅਜਿਹਾ ਮੁਲਕ ਜਿਸ ਦੇ ਲੋਕਾਂ ਅਤੇ ਜਿਸ ਦੇ ਖੇਤਰ, ਜਿਸ ਦੀ ਹੋਂਦ ਹੀ ਸਾਮਰਾਜੀ ਸ਼ਕਤੀਆਂ ਨੇ ਆਪਣੀ ਯੁੱਧ-ਖੇਡ ਅਤੇ ਦਬਦਬੇ ਦੀ ਅਨੰਤ ਲਾਲਸਾ ਕਾਰਨ ਖਤਰੇ 'ਚ ਪਾ ਦਿੱਤੀ ਹੈ।

ਤੇ ਹੁਣ ਮੈਂ ਭਾਰਤ ਵੱਲ ਆਉਂਦੀ ਹਾਂ। ਇਹ ਗੱਲਬਾਤ ਮੈਂ ਭਾਰਤ ਵਿਚ ਜ਼ਮੀਰ ਦੇ ਕੈਦੀਆਂ ਦੀ ਵਧ ਰਹੀ ਗਿਣਤੀ ਨੂੰ ਸਮਰਪਿਤ ਕਰਦੀ ਹਾਂ। ਮੇਰੀ ਗੁਜ਼ਾਰਿਸ਼ ਹੈ ਕਿ ਆਪਾਂ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ, ਵਿਦਵਾਨਾਂ, ਕਾਰਕੁਨਾਂ, ਗਾਇਕਾਂ ਤੇ ਵਕੀਲਾਂ ਨੂੰ ਚੇਤੇ ਕਰੀਏ ਜੋ ਭੀਮਾ ਕੋਰੇਗਾਓਂ-16 ਵਜੋਂ ਜਾਣੇ ਜਾਂਦੇ ਹਨ, ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ) ਦਾ ਵਿਰੋਧ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਕਾਰਕੁਨ ਅਤੇ ਪੰਜ ਮਹੀਨੇ ਪਹਿਲਾਂ ਕਸ਼ਮੀਰ ਵਿਚ ਗ੍ਰਿਫਤਾਰ ਕੀਤੇ ਖੁਰਮ ਪਰਵੇਜ਼ (ਪੱਤਰਕਾਰ) ਨੂੰ ਚੇਤੇ ਕਰੀਏ। ਖੁਰਮ ਉਨ੍ਹਾਂ ਅਸਾਧਾਰਨ ਲੋਕਾਂ ਵਿਚੋਂ ਹੈ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ। ਉਹ ਜਿਸ ਜਥੇਬੰਦੀ, ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ (ਜੇ.ਕੇ.ਸੀ.ਸੀ.ਐਸ.) ਲਈ ਕੰਮ ਕਰਦਾ ਹੈ, ਉਹ ਸਾਲਾਂ ਤੋਂ ਕਸ਼ਮੀਰ ਦੇ ਲੋਕਾਂ ਨੂੰ ਦਿੱਤੇ ਜਾ ਰਹੇ ਤਸੀਹਿਆਂ, ਲਾਪਤਾ ਕਰ ਦਿੱਤੇ ਜਾਣ ਅਤੇ ਮਾਰ ਦੇਣ ਦੀ ਦਾਸਤਾਂ ਨੂੰ ਬਾਰੀਕੀ ਨਾਲ ਦਸਤਾਵੇਜ਼ੀ ਰੂਪ ਦੇ ਰਹੇ ਹਨ। ਮੇਰੀ ਅੱਜ ਦੀ ਗੱਲ ਇਨ੍ਹਾਂ ਸਾਰਿਆਂ ਨੂੰ ਸਮਰਪਿਤ ਹੈ।

ਭਾਰਤ ਵਿਚ ਹਰ ਤਰ੍ਹਾਂ ਦੀ ਅਸਹਿਮਤੀ ਨੂੰ ਜੁਰਮ ਬਣਾ ਦਿੱਤਾ ਗਿਆ ਹੈ। ਕੁਝ ਸਮਾਂ ਪਹਿਲਾਂ ਤੱਕ, ਹਕੂਮਤ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਰਾਸ਼ਟਰ-ਵਿਰੋਧੀ ਕਿਹਾ ਜਾਂਦਾ ਸੀ। ਹੁਣ ਸਾਨੂੰ ਖੁੱਲ੍ਹੇਆਮ ਬੁੱਧੀਜੀਵੀ ਦਹਿਸ਼ਤਗਰਦ ਕਿਹਾ ਜਾਂਦਾ ਹੈ। ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਵਿਚ ਇਸ ਹਕੂਮਤ ਨੇ ਇਸ ਤਰੀਕੇ ਨਾਲ ਸੋਧ ਕਰ ਲਈ ਹੈ ਤਾਂ ਜੋ ਬੌਧਿਕ ਦਹਿਸ਼ਤਵਾਦ ਬਾਰੇ ਆਪਣੇ ਫਤੂਰ ਨੂੰ ਇਸ ਵਿਚ ਸ਼ਾਮਿਲ ਕੀਤਾ ਜਾ ਸਕੇ। ਇਸ ਕਾਨੂੰਨ ਤਹਿਤ ਲੋਕਾਂ ਨੂੰ ਸਾਲਾਂ ਤੱਕ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਰੱਖਿਆ ਜਾ ਰਿਹਾ ਹੈ, ਸਾਨੂੰ ਸਭ ਨੂੰ ਮਾਓਵਾਦੀ ਕਰਾਰ ਦਿੱਤਾ ਗਿਆ ਹੈ - ਰੋਜ਼ਮੱਰਾ ਸ਼ਬਦਾਵਲੀ 'ਚ ਸ਼ਹਿਰੀ ਨਕਸਲੀ ਜਾਂ ਜਹਾਦੀ, ਤੇ ਅਸੀਂ ਸਾਰੇ ਉਨ੍ਹਾਂ ਦੇ ਨਿਸ਼ਾਨੇ 'ਤੇ ਹਾਂ। ਕੋਈ ਹਜੂਮ ਜਾਂ ਪ੍ਰੇਸ਼ਾਨ ਕਰਨ ਵਾਲਾ ਕੋਈ ਵੀ ਕਾਨੂੰਨੀ ਫੰਧਾ ਸਾਨੂੰ ਕਦੇ ਵੀ ਸਬਕ ਸਿਖਾਉਣ ਲਈ ਪਹੁੰਚ ਸਕਦਾ ਹੈ।

ਮੈਂ ਨਵੀਂ ਦਿੱਲੀ ਤੋਂ ਅਜੇ ਥੋੜ੍ਹੇ ਦਿਨ ਪਹਿਲਾਂ ਹੀ ਆਈ ਹਾਂ। ਇਨ੍ਹਾਂ ਥੋੜ੍ਹੇ ਦਿਨਾਂ 'ਚ ਹੀ, ਉਥੇ ਵਾਪਰ ਰਹੀਆਂ ਘਟਨਾਵਾਂ ਦੀ ਰਫਤਾਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਅਸੀਂ ਇਕ ਤਰ੍ਹਾਂ ਦੀ ਹੱਦ ਪਾਰ ਕਰ ਲਈ ਹੈ। ਅਸੀਂ ਉਨ੍ਹਾਂ ਥਾਵਾਂ 'ਤੇ ਵਾਪਸ ਨਹੀਂ ਜਾ ਸਕਦੇ ਜਿਨ੍ਹਾਂ ਨੂੰ ਅਸੀਂ ਕਦੇ ਆਪਣਾ ਸਮਝਦੇ ਸੀ।

ਮਾਰਚ 2022 ਵਿਚ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਨੇ ਭਾਰਤ ਦੇ ਸਭ ਤੋਂ ਵੱਡੇ ਰਾਜ, ਉਤਰ ਪ੍ਰਦੇਸ਼ (ਯੂ.ਪੀ.) ਵਿਚ ਦੂਜੀ ਵਾਰ ਬੇਮਿਸਾਲ ਜਿੱਤ ਹਾਸਲ ਕਰ ਲਈ। ਯੂ.ਪੀ. ਚੋਣਾਂ ਨੂੰ ਆਮ ਤੌਰ 'ਤੇ ਆਮ ਚੋਣਾਂ ਦਾ 'ਸੈਮੀ ਫਾਈਨਲ' ਮੰਨਿਆ ਜਾਂਦਾ ਹੈ ਜੋ ਐਤਕੀਂ ਮਈ 2024 ਵਿਚ ਹੋਣੀਆਂ ਹਨ। ਚੋਣਾਂ 'ਚ ਭਗਵੇਂ ਲਿਬਾਸ ਵਾਲੇ ਯੋਗੀਆਂ ਨੇ ਮੁਸਲਮਾਨ ਭਾਈਚਾਰੇ ਦੇ ਜਨਤਕ ਕਤਲੇਆਮ ਅਤੇ ਸਮਾਜੀ ਤੇ ਆਰਥਕ ਬਾਈਕਾਟ ਦਾ ਸ਼ਰੇਆਮ ਸੱਦਾ ਦਿੱਤਾ ਜੋ ਇਸ ਚੋਣ ਮੁਹਿੰਮ ਦੀ ਉਘੜਵੀਂ ਪਛਾਣ ਬਣਿਆ।

ਚੋਣਾਂ ਵਿਚ ਭਾਜਪਾ ਦੀ ਜਿੱਤ ਜਿੱਥੇ ਜ਼ਬਰਦਸਤ ਜਾਪਦੀ ਹੈ, ਉਥੇ ਜ਼ਮੀਨੀ ਪੱਧਰ 'ਤੇ ਮੁਕਾਬਲਾ ਉਨ੍ਹਾਂ ਦੀਆਂ ਜਿੱਤੀਆਂ ਸੀਟਾਂ ਦੀ ਗਿਣਤੀ ਦੇ ਹਿਸਾਬ ਨਾਲ ਵਧੇਰੇ ਸਖਤ ਸੀ। ਜਾਪਦਾ ਹੈ ਕਿ ਇਨ੍ਹਾਂ ਨਤੀਜਿਆਂ ਨੇ ਭਾਜਪਾ ਦੇ ਵਰਕਰਾਂ ਅਤੇ ਆਗੂਆਂ ਦੇ ਅੰਦਰ ਚਿੰਤਾ ਅਤੇ ਲੋੜ ਤੋਂ ਜ਼ਿਆਦਾ ਆਤਮ-ਵਿਸ਼ਵਾਸ ਦਾ ਅਜੀਬ ਬੇਚੈਨੀ ਭਰਿਆ ਮਿਸ਼ਰਨ ਬਣਾ ਦਿੱਤਾ ਹੈ। ਚੋਣ ਨਤੀਜਿਆਂ ਦਾ ਐਲਾਨ ਹੋਏ ਨੂੰ ਅਜੇ ਜ਼ਿਆਦਾ ਸਮਾਂ ਨਹੀਂ ਹੋਇਆ ਸੀ ਕਿ ਹਿੰਦੂਆਂ ਨੇ ਰਾਮ ਨੌਮੀ ਦਾ ਤਿਉਹਾਰ ਮਨਾਇਆ ਜੋ ਇਸ ਸਾਲ ਰਮਜ਼ਾਨ ਦੇ ਨਾਲ-ਨਾਲ ਆਇਆ ਸੀ। ਰਾਮ ਨੌਮੀ ਮਨਾਉਣ ਲਈ ਤਲਵਾਰਾਂ ਅਤੇ ਲਾਠੀਆਂ ਨਾਲ ਲੈਸ ਹਿੰਸਕ ਹਿੰਦੂ ਹਜੂਮ ਨੇ ਗਿਆਰਾਂ ਸ਼ਹਿਰਾਂ ਵਿਚ ਭੰਨ-ਤੋੜ ਕੀਤੀ। ਆਪੇ ਬਣੇ ਸੰਤਾਂ ਅਤੇ ਭਾਜਪਾ ਦੇ ਕਾਰਕੁਨਾਂ ਦੀ ਅਗਵਾਈ 'ਚ ਉਹ ਮੁਸਲਿਮ ਬਸਤੀਆਂ ਵਿਚ ਜਾ ਵੜੇ, ਮਸਜਿਦਾਂ ਦੇ ਬਾਹਰ ਭੜਕਾਊ ਨਾਅਰੇ ਲਗਾ ਕੇ ਹੁੜਦੁੰਗ ਮਚਾਇਆ ਗਿਆ, ਅਸ਼ਲੀਲ ਗਾਲੀ ਗਲੋਚ ਕੀਤਾ ਗਿਆ, ਮੁਸਲਿਮ ਔਰਤਾਂ ਦੇ ਬਲਾਤਕਾਰ ਅਤੇ ਉਨ੍ਹਾਂ ਨੂੰ ਗਰਭ ਠਹਿਰਾਉਣ ਤੇ ਮੁਸਲਮਾਨ ਮਰਦਾਂ ਦੇ ਕਤਲੇਆਮ ਦਾ ਸ਼ਰੇਆਮ ਸੱਦਾ ਦਿੱਤਾ ਗਿਆ।

ਮੁਸਲਮਾਨਾਂ ਨੇ ਕਿਸੇ ਵੀ ਤਰ੍ਹਾਂ ਦਾ ਪ੍ਰਤੀਕਰਮ ਦਿਖਾਇਆ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਬੁਲਡੋਜ਼ਰਾਂ ਨਾਲ ਢਾਹ-ਢੇਰੀ ਕਰ ਦਿੱਤੀਆਂ ਜਾਂ ਹਜੂਮ ਨੇ ਸਾੜ ਦਿੱਤੀਆਂ। ਗ੍ਰਿਫਤਾਰ ਕੀਤੇ ਲੱਗਭੱਗ ਸਾਰੇ ਵਿਅਕਤੀ ਮੁਸਲਮਾਨ ਹਨ ਅਤੇ ਉਨ੍ਹਾਂ ਉਪਰ ਸਾਜ਼ਿਸ਼ ਤੇ ਦੰਗਿਆਂ ਦੇ ਦੋਸ਼ ਲਗਾਏ ਗਏ ਹਨ। ਲੱਗਦਾ ਹੈ, ਉਨ੍ਹਾਂ ਨੂੰ ਕਈ-ਕਈ ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਜਿਨ੍ਹਾਂ ਉਪਰ ਦੋਸ਼ ਲਗਾਏ ਹਨ, ਉਨ੍ਹਾਂ ਵਿਚੋਂ ਇਕ ਰਾਮ ਨੌਮੀ ਤੋਂ ਬਹੁਤ ਪਹਿਲਾਂ ਜੇਲ੍ਹ ਵਿਚ ਸੀ। ਇਕ ਹੋਰ ਕਥਿਤ ਦੋਸ਼ੀ ਵਸੀਮ ਸ਼ੇਖ ਜਿਸ 'ਤੇ ਹਿੰਦੂ ਜਲੂਸ ਉਪਰ ਪਥਰਾਓ ਕਰਨ ਦਾ ਦੋਸ਼ ਹੈ, ਦੋਵੇਂ ਬਾਹਾਂ ਤੋਂ ਅਪਾਹਜ ਹੈ, ਉਸ ਦੀਆਂ ਦੋਵੇਂ ਬਾਹਾਂ ਕੱਟੀਆਂ ਹੋਈਆਂ ਹਨ। ਉਨ੍ਹਾਂ ਦੇ ਘਰ ਅਤੇ ਦੁਕਾਨਾਂ ਸਰਕਾਰ ਨੇ ਬੁਲਡੋਜ਼ਰ ਨਾਲ ਢਾਹ ਦਿੱਤੇ। ਕੁਝ ਸ਼ਹਿਰਾਂ ਵਿਚ ਟੀ.ਵੀ. ਐਂਕਰ ਜੋਸ਼ ਵਿਚ ਐਨੇ ਪਾਗਲ ਹੋ ਗਏ ਕਿ ਬੁਲਡੋਜ਼ਰਾਂ ਉਪਰ ਚੜ੍ਹ ਗਏ।



*ਕੱਟੜਪੰਥੀਆਂ ਵੱਲੋਂ ਕੀਤੀ ਜਾ ਰਹੀ ਹੁਲੜਬਾਜ਼ੀ ਦਾ ਮੰਜ਼ਰ।*

ਇਸ ਦੌਰਾਨ ਜਿਨ੍ਹਾਂ ਭਾਜਪਾ ਆਗੂਆਂ ਨੇ 2020 ਦੇ ਦਿੱਲੀ ਕਤਲੇਆਮ ਤੋਂ ਪਹਿਲਾਂ ਹਿੰਦੂ ਦੰਗਾਕਾਰੀਆਂ ਨੂੰ ਖੁੱਲ੍ਹੇਆਮ ਭੜਕਾਇਆ ਸੀ, ਉਨ੍ਹਾਂ ਨੂੰ ਹਾਲ ਹੀ ਵਿਚ ਦਿੱਲੀ ਹਾਈ ਕੋਰਟ ਨੇਂ ਬਰੀ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਜਦੋਂ ਭੜਕਾਊ ਗੱਲਾਂ ਮੁਸਕਰਾ ਕੇ ਕਹੀਆਂ ਜਾਣ ਤਾਂ ਉਹ ਜੁਰਮ ਨਹੀਂ ਹੁੰਦਾ। ਉਨ੍ਹਾਂ ਵਿਚੋਂ ਕੁਝ ਹੁਣ ਹੋਰ ਸ਼ਹਿਰਾਂ ਦੀਆਂ ਸੜਕਾਂ 'ਤੇ ਵਾਪਸ ਆ ਕੇ ਇਸੇ ਤਰ੍ਹਾਂ ਦੀ ਹਿੰਸਾ ਭੜਕਾਉਣ 'ਚ ਜੁੱਟ ਗਏ ਹਨ। ਦੂਜੇ ਬੰਨੇ, ਨੌਜਵਾਨ ਮੁਸਲਿਮ ਵਿਦਵਾਨ ਉਮਰ ਖਾਲਿਦ ਜੇਲ੍ਹ ਵਿਚ ਹੈ। ਪੁਲਿਸ ਦੀ ਚਾਰਜਸ਼ੀਟ ਅਨੁਸਾਰ ਉਸ ਨੇ ਭਾਰਤੀ ਸੰਵਿਧਾਨ ਨੂੰ ਬੁਲੰਦ ਕਰਦਿਆਂ ਭਾਈਚਾਰੇ, ਪਿਆਰ ਅਤੇ ਅਹਿੰਸਾ ਬਾਰੇ ਸੀ.ਏ.ਏ. ਵਿਰੁੱਧ ਪ੍ਰਦਰਸ਼ਨਾਂ ਦੌਰਾਨ ਜੋ ਭਾਸ਼ਣ ਦਿੱਤਾ ਸੀ, ਉਹ 2020 'ਚ ਦਿੱਲੀ ਵਿਚ ਕੀਤੇ ਗਏ ਕਤਲੇਆਮ ਦੀ ਸਾਜ਼ਿਸ਼ ਤੋਂ ਧਿਆਨ ਹਟਾਉਣ ਦੀ ਚਾਲ ਸੀ। ਇਸ ਦਾ ਮਤਲਬ ਹੈ ਕਿ ਜਦੋਂ ਡੋਨਾਲਡ ਟਰੰਪ ਭਾਰਤ ਦੇ ਦੌਰੇ 'ਤੇ ਸੀ, ਉਦੋਂ ਭਾਰਤ ਦਾ ਚੰਗਾ ਅਕਸ ਖਰਾਬ ਕਰਨ ਲਈ ਮੁਸਲਮਾਨਾਂ ਨੇ ਦੰਗੇ ਕਰਨ ਅਤੇ ਆਪਣਾ ਕਤਲੇਆਮ ਖੁਦ ਹੀ ਕਰਨ ਦੀ ਸਾਜ਼ਿਸ਼ ਰਚੀ ਸੀ!

ਇਸ ਸਭ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਕਸ ਪ੍ਰੇਰਨਾਦਾਇਕ ਬਣਿਆ ਹੋਇਆ ਹੈ ਜਿਸ ਨੇ ਆਪਣਾ ਰਾਜਨੀਤਕ ਕਰੀਅਰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਉਥੇ ਸੰਨ 2002 'ਚ ਮੁਸਲਿਮ ਵਿਰੋਧੀ ਕਤਲੇਆਮ ਨਾਲ ਸ਼ੁਰੂ ਕੀਤਾ ਸੀ। ਅਕਸਰ ਹੀ ਚੁੱਪ ਰਹਿਣ ਵਾਲਾ ਪਰ ਇਸ਼ਾਰਿਆਂ ਰਾਹੀਂ ਆਪਣੀ ਗੱਲ ਕਹਿ ਦੇਣ ਵਾਲਾ ਪ੍ਰਧਾਨ ਮੰਤਰੀ ਇਨ੍ਹਾਂ ਹਜੂਮਾਂ ਅਤੇ ਉਨ੍ਹਾਂ ਸਵਾਮੀਆਂ ਦਾ ਮਸੀਹਾ ਹੈ ਜਿਨ੍ਹਾਂ ਦੀ ਪਰਵਰਿਸ਼ ਵ੍ਹੱਟਸਐਪ ਦੁਆਰਾ ਮੁਹੱਈਆ ਕਰਾਏ ਜਾ ਰਹੇ ਜਾਅਲੀ ਇਤਿਹਾਸ ਦੀ ਨਿਰੰਤਰ ਖੁਰਾਕ ਨਾਲ ਹੋ ਰਹੀ ਹੈ, ਤੇ ਜੋ ਆਪਣੇ ਆਪ ਨੂੰ ਮੁਸਲਮਾਨਾਂ ਦੁਆਰਾ ਕੀਤੇ ਗਏ ਇਤਿਹਾਸਕ ਜ਼ੁਲਮਾਂ ਅਤੇ ਨਸਲਕੁਸ਼ੀ ਦੇ ਪੀੜਤ ਦੱਸਦੇ ਹਨ ਜਿਸ ਦਾ ਹੁਣ ਬਦਲਾ ਲੈਣਾ ਉਨ੍ਹਾਂ ਲਈ ਜ਼ਰੂਰੀ ਹੋ ਗਿਆ ਹੈ।

ਹੁਣ ਅਸੀਂ ਐਸੀ ਖਤਰਨਾਕ ਜਗ੍ਹਾ 'ਤੇ ਪਹੁੰਚ ਗਏ ਹਾਂ ਜਿੱਥੇ ਅਸੀਂ ਕਿਸੇ ਤਰ੍ਹਾਂ ਦੇ ਤੱਥਾਂ ਜਾਂ ਇਤਿਹਾਸ ਨਾਲ ਸਹਿਮਤ ਨਹੀਂ ਹੋ ਸਕਦੇ, ਜਾਂ ਜਿਸ ਨੂੰ ਲੈ ਕੇ ਅਸੀਂ ਬਹਿਸ ਵੀ ਨਹੀਂ ਕਰ ਸਕਦੇ। ਅਸੀਂ ਜਿਨ੍ਹਾਂ ਬਿਰਤਾਂਤਾਂ ਦੀ ਗੱਲ ਕਰਦੇ ਹਾਂ, ਉਹ ਇਕ ਦੂਜੇ ਨਾਲ ਕਿਤੇ ਵੀ ਨਹੀਂ ਮਿਲਦੇ, ਉਹ ਇਕ ਦੂਜੇ ਨੂੰ ਕੱਟਦੇ ਵੀ ਨਹੀਂ। ਇਹ ਇਤਿਹਾਸ ਅਤੇ ਮਿੱਥ ਦਾ ਟਕਰਾਓ ਹੈ। ਮਿੱਥ ਨੂੰ ਸਰਕਾਰੀ ਮਸ਼ੀਨਰੀ, ਕਾਰਪੋਰੇਟ ਧਨ ਅਤੇ ਚੌਵੀ ਘੰਟੇ ਚੱਲਣ ਵਾਲੇ ਬੇਸ਼ੁਮਾਰ ਟੀ.ਵੀ. ਨਿਊਜ਼ ਚੈਨਲਾਂ ਦੀ ਹਮਾਇਤ ਹਾਸਲ ਹੈ। ਇਸ ਦੀ ਪਹੁੰਚ ਅਤੇ ਤਾਕਤ ਬੇਮੇਚ ਹੈ। ਦੁਨੀਆ ਵਿਚ ਇਹ ਪਹਿਲੀ ਵਾਰ ਨਹੀਂ ਹੋ ਰਿਹਾ, ਅਸੀਂ ਇਹ ਪਹਿਲਾਂ ਵੀ ਦੇਖ ਚੁੱਕੇ ਹਾਂ। ਅਸੀਂ ਜਾਣਦੇ ਹਾਂ ਕਿ ਜਦੋਂ ਬਹਿਸ ਅਤੇ ਦਲੀਲ ਮੁੱਕ ਜਾਂਦੀ ਹੈ ਤਾਂ ਤਬਾਹੀ ਮਚਾਉਣ ਵਾਲਾ ਯੁੱਧ ਸ਼ੁਰੂ ਹੋ ਜਾਂਦਾ ਹੈ।

ਹੁਣ ਕਲਪਨਾ ਕਰੋ ਕਿ ਮੌਤ ਜਾਂ ਕੈਦ ਲਈ ਨਖੇੜ ਦਿੱਤਾ ਜਾਣਾ ਕਿਹੋ ਜਿਹਾ ਹੁੰਦਾ ਹੋਵੇਗਾ। ਇਕ ਭਾਈਚਾਰੇ ਦੇ ਰੂਪ ਵਿਚ, ਮੁਸਲਮਾਨਾਂ ਨੂੰ ਪਹਿਲਾਂ ਹੀ ਘੇਰਾਬੰਦ ਬਸਤੀਆਂ 'ਚ ਬੰਦ ਕੀਤਾ ਜਾ ਰਿਹਾ ਹੈ, ਉਨ੍ਹਾਂ ਦਾ ਹੁੱਕਾ-ਪਾਣੀ ਛੇਕਿਆ ਜਾ ਰਿਹਾ ਹੈ, ਤੇ ਸਮਾਜੀ ਅਤੇ ਆਰਥਕ ਤੌਰ 'ਤੇ ਉਨ੍ਹਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਮੁਸਲਮਾਨਾਂ ਉਪਰ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਦੇ ਦੋਸ਼ ਲਗਾਏ ਜਾਂਦੇ ਹਨ: 'ਲਵ ਜਹਾਦ' (ਕਿ ਉਹ ਮੁਸਲਿਮ ਆਬਾਦੀ ਵਧਾਉਣ ਲਈ ਹਿੰਦੂ ਔਰਤਾਂ ਨੂੰ ਪ੍ਰੇਮ ਦੇ ਜਾਲ 'ਚ ਫਸਾਉਂਦੇ ਹਨ), 'ਕਰੋਨਾ ਜਹਾਦ' (ਕਿ ਉਹ ਕੋਵਿਡ ਮਹਾਮਾਰੀ ਜਾਣਬੁੱਝ ਕੇ ਫੈਲਾਉਣ ਦੀ ਸਾਜ਼ਿਸ਼ ਕਰਦੇ ਹਨ, ਅਸੀਂ ਨਾਜ਼ੀਆਂ ਵੱਲੋਂ ਯਹੂਦੀਆਂ 'ਤੇ ਜਾਣਬੁੱਝ ਕੇ ਟਾਈਫਸ ਫੈਲਾਉਣ ਦੇ ਦੋਸ਼ ਦੁਹਰਾਉਂਦੇ ਦੇਖ ਰਹੇ ਹਾਂ), 'ਨੌਕਰੀ ਜਹਾਦ' (ਸਿਵਲ ਸੇਵਾਵਾਂ ਵਿਚ ਨੌਕਰੀਆਂ ਹਾਸਲ ਕਰਕੇ ਉਨ੍ਹਾਂ ਦੀ ਸਾਜ਼ਿਸ਼ ਹਿੰਦੂ ਆਬਾਦੀ ਉਪਰ ਰਾਜ ਕਰਨ ਦੀ ਹੈ) - ਇਸ ਦੇ ਨਾਲ ਹੀ 'ਫੂਡ ਜਹਾਦ', 'ਪਹਿਰਾਵਾ ਜਹਾਦ', 'ਸੋਚ ਜਹਾਦ', 'ਚੁਟਕਲਾ ਜਹਾਦ' ਦੀ ਤਾਂ ਗੱਲ ਹੀ ਕੀ ਕਰਨੀ ਹੈ (ਨੌਜਵਾਨ ਮੁਸਲਿਮ ਕਾਮੇਡੀਅਨ ਮੁਨੱਵਰ ਫਾਰੂਕੀ ਨੂੰ ਇਕ ਚੁਟਕਲੇ ਲਈ ਕਈ ਮਹੀਨੇ ਜੇਲ੍ਹ ਵਿਚ ਰਹਿਣਾ ਪਿਆ ਜੋ ਉਸ ਨੇ ਕਦੇ ਸੁਣਾਇਆ ਹੀ ਨਹੀਂ ਸੀ ਪਰ ਉਸ ਉਪਰ ਦੋਸ਼ ਇਹ ਲਗਾਇਆ ਗਿਆ ਕਿ ਉਹ ਇਸ ਦੀ ਯੋਜਨਾ ਬਣਾ ਰਿਹਾ ਸੀ)।

ਕੋਈ ਵੀ ਤਕਰਾਰ, ਕੋਈ ਵੀ ਛੋਟਾ ਜਿਹਾ ਗਲਤ ਕਦਮ ਕਿਸੇ ਮੁਸਲਮਾਨ ਨੂੰ ਹਜੂਮ ਵੱਲੋਂ ਕੁੱਟ-ਕੁੱਟ ਕੇ ਮਾਰ ਦੇਣ ਦਾ ਕਾਰਨ ਬਣ ਸਕਦਾ ਹੈ ਅਤੇ ਹਜੂਮੀ ਹਿੰਸਾ ਕਰਨ ਵਾਲਿਆਂ ਨੂੰ ਹਾਰ ਪਾ ਕੇ ਅਤੇ ਇਨਾਮ ਦੇ ਕੇ ਨਿਵਾਜਿਆ ਜਾ ਸਕਦਾ ਹੈ। ਨਾਲ ਹੀ ਇਹ ਉਨ੍ਹਾਂ ਦੇ ਸੁਨਹਿਰੇ ਸਿਆਸੀ ਭਵਿੱਖ ਨੂੰ ਪਾਏਦਾਰ ਬਣਾ ਸਕਦਾ ਹੈ। ਫਿਰ ਵੀ ਸਾਡੇ ਵਿਚੋਂ ਹਠੀ ਅਤੇ ਸਨਕੀ ਹੱਦ ਤੱਕ ਬੇਵਿਸ਼ਵਾਸੀ ਲੋਕ ਵੀ ਇਕ ਦੂਜੇ ਨਾਲ ਘੁਸਰ-ਮੁਸਰ ਕਰਦੇ ਦੇਖੇ ਜਾ ਸਕਦੇ ਹਨ- ਕੀ ਉਹ ਅਜੇ ਦਿਖਾਵਾ ਕਰ ਰਹੇ ਹਨ, ਜਾਂ ਉਨ੍ਹਾਂ ਨੇ ਆਪਣੀ ਖੇਡ ਸ਼ੁਰੂ ਕਰ ਦਿੱਤੀ ਹੈ? ਕੀ ਇਹ ਜਥੇਬੰਦ ਰੂਪ 'ਚ ਹੋ ਰਿਹਾ ਹੈ ਜਾਂ ਇਹ ਆਪਮੁਹਾਰਾ ਹੈ? ਕੀ ਇਹ ਵੱਡੇ ਪੈਮਾਨੇ 'ਤੇ ਹੋਵੇਗਾ?

ਇਕ ਮੁਲਕ ਦੇ ਰੂਪ ਵਿਚ, ਇਕ ਆਧੁਨਿਕ ਰਾਸ਼ਟਰ (ਨੇਸ਼ਨ ਸਟੇਟ) ਦੇ ਰੂਪ ਵਿਚ ਭਾਰਤ ਦੀ ਹੋਂਦ ਸਿਰਫ ਅਤੇ ਸਿਰਫ ਸਮਾਜਿਕ ਸਮਝੌਤੇ ਦੇ ਰੂਪ 'ਚ ਹੀ ਹੈ। ਇਹ ਸਮਝੌਤਾ ਬਹੁਤ ਸਾਰੇ ਧਰਮਾਂ, ਬੋਲੀਆਂ, ਜਾਤਾਂ, ਨਸਲਾਂ ਅਤੇ ਉਪ-ਕੌਮੀਅਤਾਂ ਦਰਮਿਆਨ ਹੈ ਜਿਨ੍ਹਾਂ ਨੂੰ ਸੰਵਿਧਾਨ ਦੁਆਰਾ ਕਾਨੂੰਨੀ ਤੌਰ 'ਤੇ ਇਕ ਡੋਰ 'ਚ ਪਰੋਇਆ ਗਿਆ ਹੈ। ਹਰ ਭਾਰਤੀ ਨਾਗਰਿਕ, ਕਿਸੇ ਨਾ ਕਿਸੇ ਰੂਪ 'ਚ ਘੱਟਗਿਣਤੀ ਸਮੂਹ ਦਾ ਹਿੱਸਾ ਹੈ। ਸਾਡਾ ਮੁਲਕ ਸਾਡੀਆਂ ਘੱਟਗਿਣਤੀਆਂ ਦਰਮਿਆਨ ਸਮਾਜੀ ਸਮਝੌਤਾ ਹੈ। ਰਾਜਨੀਤਿਕ ਬਹੁਮਤ ਬਣਾਉਣ ਦੀ ਪ੍ਰਕਿਰਿਆ 'ਚ ਇਸ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਸ ਨੂੰ ਜਾਅਲੀ ਤੌਰ 'ਤੇ ਉਸਾਰੀ 'ਪੀੜਤ ਹਿੰਦੂ ਬਹੁਗਿਣਤੀ' ਵੱਲੋਂ ਅਣਡਿੱਠ ਕੀਤਾ ਜਾ ਰਿਹਾ ਹੈ ਜਿਸ ਨੂੰ ਇਹ ਵਿਸ਼ਵਾਸ ਕਰਨਾ ਸਿਖਾਇਆ ਜਾ ਰਿਹਾ ਹੈ ਕਿ ਸਿਰਫ ਤੇ ਸਿਰਫ ਉਹੀ ਕਾਲਪਨਿਕ ਹਿੰਦੂ ਰਾਸ਼ਟਰ ਦੇ ਹੱਕਦਾਰ ਨਾਗਰਿਕ, ਆਦਿ ਮਨੁੱਖ ਹਨ। ਇਹ ਐਸੀ ਬਹੁਗਿਣਤੀ ਹੈ ਜੋ ਖੁਦ ਨੂੰ 'ਰਾਸ਼ਟਰ ਵਿਰੋਧੀ ਬੇਗਾਨੇ ਲੋਕਾਂ' ਵਿਰੁੱਧ ਪਰਿਭਾਸ਼ਤ ਕਰਦੀ ਹੈ। ਭਾਰਤ ਨੂੰ ਤਬਾਹ ਕੀਤਾ ਜਾ ਰਿਹਾ ਹੈ।

ਘੱਟਗਿਣਤੀਆਂ ਦੇ ਇਸ ਮੁਲਕ ਨੂੰ ਬਣਾਉਣ ਵਾਲੇ ਲੋਕਾਂ ਵਿਚੋਂ ਸ਼ਾਇਦ ਐਸਾ ਕੋਈ ਵੀ ਨਹੀਂ ਹੋਵੇਗਾ ਜੋ ਆਪਣਾ ਸਾਫ-ਸੁਥਰਾ, ਬੇਦਾਗ ਇਤਿਹਾਸ ਪੇਸ਼ ਕਰ ਸਕਦਾ ਹੋਵੇ ਜਿਸ ਵਿਚ ਉਹ ਹਮਲੇ ਦਾ ਬੇਗੁਨਾਹ ਪੀੜਤ ਹੀ ਹੋਵੇ। ਸਾਡੇ ਇਤਿਹਾਸ ਆਪਸ ਵਿਚ ਇਕ ਦੂਜੇ ਨੂੰ ਕੱਟਦੇ ਹਨ, ਇਕ ਦੂਜੇ ਨਾਲ ਉਲਝੇ ਹੋਏ ਹਨ, ਤੇ ਇਹ ਇਕ ਦੂਜੇ ਦਾ ਵਿਸਤਾਰ ਕਰਦੇ ਹਨ। ਇਹ ਮਿਲ ਕੇ ਸਾਨੂੰ ਉਹ ਕੁਝ ਬਣਾਉਂਦੇ ਹਨ ਜੋ ਅਸੀਂ ਅੱਜ ਹਾਂ। ਜਾਤ, ਜਮਾਤ, ਧਰਮ, ਲਿੰਗ ਅਤੇ ਨਸਲ ਦੇ ਵਿਆਪਕ ਸਿਲਸਿਲੇ ਦੇ ਨਾਲ-ਨਾਲ, ਸਾਡਾ ਸਮਾਜ ਸੂਖਮ ਪੱਧਰ 'ਤੇ ਵੀ ਊਚ-ਨੀਚ ਦੀ ਦਰਜੇਬੰਦੀ 'ਚ ਵੰਡਿਆ ਹੋਇਆ ਹੈ। ਸਾਡੇ ਇੱਥੇ ਸੂਖਮ ਬਸਤੀਵਾਦ, ਸੂਖਮ ਸ਼ੋਸ਼ਣ, ਸੂਖਮ ਅੰਤਰ-ਨਿਰਭਰਤਾ ਮਿਲਦੀ ਹੈ। ਇਸ ਫੁਲਕਾਰੀ ਦੇ ਹਰ ਧਾਗੇ 'ਚ ਮਹਾਂ ਗਾਥਾਵਾਂ ਪਰੋਈਆਂ ਹੋਈਆਂ ਹਨ ਜੋ ਵਿਦਵਤਾ, ਅਧਿਐਨ, ਦਲੀਲ, ਬਹਿਸ, ਸੋਚ-ਵਿਚਾਰ ਦੀ ਮੰਗ ਕਰਦੀਆਂ ਹਨ ਪਰ ਇਸ ਬੁਣਤੀ ਵਿਚੋਂ ਇਕ ਧਾਗੇ ਨੂੰ ਵੱਖ ਕਰ ਲੈਣਾ ਅਤੇ ਉਸ ਦੀ ਵਰਤੋਂ ਸਮੂਹਿਕ ਬਲਾਤਕਾਰ, ਨਸਲਕੁਸ਼ੀ ਦੇ ਸੱਦੇ ਦੇਣ ਲਈ ਕਰਨਾ, ਕੀ ਇਸ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ?

ਜਦੋਂ ਭਾਰਤੀ ਉਪ-ਮਹਾਂਦੀਪ ਦੀ ਵੰਡ ਹੋਈ ਅਤੇ ਸੈਂਕੜੇ ਸੁਤੰਤਰ ਰਜਵਾੜਾ ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਵਿਚ ਮਿਲਾਇਆ ਗਿਆ, ਉਨ੍ਹਾਂ ਵਿਚੋਂ ਕੁਝ ਨਾਲ ਧੱਕੇਸ਼ਾਹੀ ਕੀਤੀ ਗਈ, ਉਦੋਂ ਦਹਿ ਲੱਖਾਂ ਲੋਕ - ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਸ਼ਾਮਿਲ ਸਨ - ਇਕ ਦੂਜੇ

***(ਬਾਕੀ ਅਗਲੇ ਸਫੇ 'ਤੇ)***





*ਜਹਾਂਗੀਰਪੁਰ (ਦਿੱਲੀ) ਵਿਚ ਕੱਟੜਪੰਥੀਆਂ ਵੱਲੋਂ ਜੇ.ਸੀ.ਬੀ. ਮਸ਼ੀਨ 'ਤੇ ਚੜ੍ਹ ਕੇ ਕੀਤੀ ਹੁੱਲੜਬਾਜ਼ੀ ਅਤੇ (ਸੱਜੇ) ਉਸਾਰੀਆਂ ਢਾਹੇ ਜਾਣ ਤੋਂ ਬਾਅਦ ਦੀ ਤਸਵੀਰ।*

# ਅੱਜ ਦੇ ਵਿਆਹਾਂ ਦੇ ਰੰਗ

ਮਨੁੱਖੀ ਜ਼ਿੰਦਗੀ ਵਿਚ ਲਗਾਤਾਰ ਆ ਰਹੀ ਤਬਦੀਲੀ ਭਾਵੇਂ ਤਰੱਕੀ ਦੇ ਨਵੇਂ ਦਿੱਸਹੱਦੇ ਸਿਰਜ ਰਹੀ ਹੈ ਪਰ ਕੁਝ ਅਜਿਹੀਆਂ ਤਬਦੀਲੀਆਂ ਵੀ ਦੇਖਣ ਨੂੰ ਮਿਲ ਰਹੀਆਂ ਹਨ ਜੋ ਇਨਸਾਨੀ ਜ਼ਿੰਦਗੀ ਵਿਚੋਂ ਸਕੂਨ, ਆਪਸੀ ਭਾਈਚਾਰਾ ਅਤੇ ਸ਼ਹਿਣਸ਼ੀਲਤਾ ਲਗਾਤਾਰ ਖਤਮ ਕਰ ਰਹੀਆਂ ਹਨ।

ਤਬਦੀਲੀ ਦੇ ਇਸ ਤੇਜ਼ ਦੌਰ ਵਿਚ ਹੀ ਵਿਆਹ-ਸੱਭਿਆਚਾਰ ਵਿਚ ਵੀ ਬਹੁਤ ਵੱਡਾ ਫੇਰ-ਬਦਲ ਆ ਚੁੱਕਾ ਹੈ। ਢਾਈ-ਤਿੰਨ ਦਹਾਕੇ ਪਹਿਲਾਂ ਹੁੰਦੇ ਵਿਆਹਾਂ ਦੀ ਜੇਕਰ ਗੱਲ ਕਰੀਏ

**ਜਗਤਾਰ ਸਮਾਲਸਰ**
ਫੋਨ: +91-94670-95953

ਤਾਂ ਉਸ ਸਮੇਂ ਵਿਆਹ ਵਾਲੇ ਘਰਾਂ ਵਿਚ ਬਿਲਕੁਲ ਅਲੱਗ ਕਿਸਮ ਦਾ ਨਜ਼ਾਰਾ ਦੇਖਣ ਨੂੰ ਮਿਲਦਾ ਸੀ ਅਤੇ ਵਿਆਹਾਂ ਵਿਚ ਪਹੁੰਚਣ ਵਾਲੇ ਸਕੇ-ਸਬੰਧੀਆਂ ਵੱਲੋਂ ਵੀ ਮਹੀਨਾ-ਮਹੀਨਾ ਪਹਿਲਾਂ ਹੀ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਂਦੀਆਂ ਸਨ।

ਵਿਆਹ ਲਈ ਨਵੇਂ ਕੱਪੜੇ ਸਿਵਾਉਣ ਦਾ ਸ਼ੌਕ ਅਲੱਗ ਹੀ ਕਿਸਮ ਦਾ ਹੁੰਦਾ ਸੀ। ਘਰਾਂ ਵਿਚ ਹੀ ਦਰਜੀ ਬਿਠਾ ਕੇ ਸਾਰੇ ਪਰਿਵਾਰ ਦੇ ਕੱਪੜੇ ਵਿਆਹ ਲਈ ਤਿਆਰ ਕਰਵਾ ਲਏ ਜਾਂਦੇ ਸਨ ਅਤੇ ਜੁੱਤੀ-ਜੋੜਾ ਲੈਣ ਲਈ ਬਾਜ਼ਾਰ ਦੀਆਂ ਕਈ-ਕਈ ਦੁਕਾਨਾਂ 'ਤੇ ਘੁੰਮਣ ਤੋਂ ਬਾਅਦ ਹੀ ਕਦੇ ਆਪੋ-ਆਪਣੀ ਪਸੰਦ ਦੀਆਂ ਜੁੱਤੀਆਂ ਮਿਲਦੀਆਂ ਸਨ। ਪੱਗਾਂ ਨੂੰ ਨਵੀਂ ਦਿੱਖ ਦੇਣ ਲਈ ਰੰਗ ਕਰਵਾਇਆ ਜਾਂਦਾ ਅਤੇ ਚੁੰਨੀਆਂ ਨੂੰ ਗੋਟੇ ਲਾਏ ਜਾਂਦੇ ਸਨ।

ਉਸ ਸਮੇਂ ਦੇ ਵਿਆਹਾਂ ਵਿਚ ਨਾਨਕਿਆਂ ਦੀ ਟੌਹਰ ਵੱਖਰੀ ਹੁੰਦੀ ਸੀ। ਵਿਆਹ ਸਮੇਂ ਨਾਨਕਿਆਂ ਅਤੇ ਦਾਦਕਿਆਂ ਦਾ ਬੋਲੀਆਂ, ਭੰਗੜੇ ਅਤੇ ਗਿੱਧੇ ਨਾਲ ਹੁੰਦਾ ਮੁਕਾਬਲਾ ਵੀ ਦੇਖਣ ਅਤੇ ਮਾਨਣ ਯੋਗ ਹੁੰਦਾ ਸੀ। ਨਾਨਕਿਆਂ ਵੱਲੋਂ ਕੱਢੀ ਜਾਂਦੀ ਜਾਗੋ ਪੂਰੇ ਪਿੰਡ ਵਿਚ ਘੁੰਮਦੀ। ਜਾਗੋ ਸੁੱਤੇ ਪਏ ਲੋਕਾਂ ਦੇ ਮੰਜੇ ਮੂਧੇ ਮਾਰ ਕੇ ਅਤੇ ਹੱਟੀਆਂ ਤੋਂ ਖਾਣ-ਪੀਣ ਦਾ ਸਾਮਾਨ ਇਕੱਠਾ ਕਰਕੇ ਵਿਆਹ ਵਾਲੇ ਘਰ ਵੱਲ ਮੁੜਦੀ। ਉਸ ਸਮੇਂ ਇਹ ਸਭ ਕੁਝ ਹਾਸੇ-ਠੱਠੇ ਅਤੇ ਵਿਆਹ ਦੇ ਮਾਹੌਲ ਨੂੰ ਹੋਰ ਖੁਸ਼ਗਵਾਰ ਬਣਾਉਣ ਲਈ ਕੀਤਾ ਜਾਂਦਾ। ਲੋਕਾਂ ਵਿਚ ਸ਼ਹਿਣਸ਼ੀਲਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਜਿਸ ਪਿੰਡ ਵਿਚ ਜਾਗੋ ਕੱਢੀ ਜਾਂਦੀ, ਉਸ ਪਿੰਡ ਦੇ ਲੋਕ ਨਾਨਕਿਆਂ ਵੱਲੋਂ ਕੀਤੇ ਜਾਂਦੇ ਅਜਿਹੇ ਸ਼ੁਗਲ-ਮੇਲੇ ਨੂੰ ਹੱਸ-ਹੱਸ ਕੇ ਪ੍ਰਵਾਨ ਕਰਦੇ ਅਤੇ ਘਰ-ਘਰ ਪਹੁੰਚੀ ਜਾਗੋ ਵਿਚ ਤੇਲ ਪਾ ਕੇ ਆਪਣੀ ਹਿੱਸੇਦਾਰੀ ਬਣਾਉਂਦੇ।

ਉਸ ਸਮੇਂ ਦੇ ਵਿਆਹ ਇੱਕ-ਇੱਕ ਹਫਤਾ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਸਨ। ਸ਼ਰੀਕੇ-ਕਬੀਲੇ ਵੱਲੋਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਜਾਂਦੀ। ਵਿਆਹ ਵਿਚ ਪਹੁੰਚਣ ਵਾਲੇ ਮੇਲ-ਗੇਲ ਲਈ ਮੰਜੇ-ਬਿਸਤਰੇ ਪਿੰਡ ਵਿਚੋਂ ਇਕੱਠੇ ਕੀਤੇ ਜਾਂਦੇ। ਵਿਆਹ ਦੇ ਸਾਰੇ ਕੰਮਾਂ ਲਈ ਅਲੱਗ-ਅਲੱਗ ਡਿਊਟੀਆਂ ਲਗਾਈਆਂ ਜਾਂਦੀਆਂ। ਕਿਸੇ ਨੂੰ ਹਲਵਾਈ ਕੋਲ ਰਹਿਣ ਦੀ ਹਦਾਇਤ ਕੀਤੀ ਜਾਂਦੀ ਅਤੇ ਕਿਸੇ ਦੀ ਮੰਜੇ-ਬਿਸਤਰੇ ਜਾਂ ਟੈਂਟ ਦਾ ਸਾਮਾਨ ਲਿਆਉਣ ਦੀ ਡਿਊਟੀ ਲੱਗਦੀ। ਉਸ ਸਮੇਂ ਪਿੰਡਾਂ ਵਿਚ ਘਰਾਂ ਵਿਚ ਹੀ ਟੈਂਟ ਲਗਾ ਕੇ ਵਿਆਹ ਵਿਚ ਪਹੁੰਚਣ ਵਾਲੇ ਰਿਸ਼ਤੇਦਾਰਾਂ ਅਤੇ ਹੋਰ ਸਨੇਹੀਆਂ ਲਈ ਖਾਣ-ਪੀਣ ਦੀ ਸੁਚੱਜੀ ਵਿਵਸਥਾ ਕੀਤੀ ਜਾਂਦੀ ਸੀ।



ਪੁਰਾਣੇ ਵੇਲਿਆਂ ਵਿਚ ਵਿਆਂਹਦੜ ਨੂੰ ਸ਼ਗਨ ਦੇਣ ਦੀ ਇਕ ਝਲਕ।

ਵਿਆਹ ਵਿਚ ਵਰਤਣ ਲਈ ਦੁੱਧ ਵੀ ਪਿੰਡ ਵਿਚੋਂ ਹੀ ਇਕੱਠਾ ਕੀਤਾ ਜਾਂਦਾ। ਜਿਨ੍ਹਾਂ ਦੀ ਡਿਊਟੀ ਦੁੱਧ ਇਕੱਠਾ ਕਰਨ ਦੀ ਲੱਗਦੀ, ਉਹ ਬਾਲਟੀਆਂ ਲੈ ਕੇ ਘਰ-ਘਰ ਪਹੁੰਚਦੇ ਅਤੇ ਦੁੱਧ ਇਕੱਠਾ ਕਰਦੇ। ਬਹੁਤੇ ਲੋਕ ਵਿਆਹ ਵਾਲੇ ਘਰ ਆਪ ਹੀ ਦੁੱਧ ਪਹੁੰਚਦਾ ਕਰਨ ਨੂੰ ਆਪਣੀ ਡਿਊਟੀ ਸਮਝਦੇ। ਦੁੱਧ ਲੈ ਕੇ ਆਏ ਭਾਂਡੇ ਨੂੰ ਕਦੇ ਖਾਲੀ ਨਹੀਂ ਸੀ ਮੋੜਿਆ ਜਾਂਦਾ। ਘਰ ਦੀ ਸੁਆਣੀ ਉਸ ਵਿਚ ਲੱਡੂ ਪਾ ਕੇ ਵਾਪਸ ਕਰਦੀ। ਇਸੇ ਤਰ੍ਹਾਂ ਹੀ ਪਿੰਡ ਵਿਚੋਂ ਮੰਜੇ-ਬਿਸਤਰੇ ਵੀ ਇਕੱਠੇ ਕੀਤੇ ਜਾਂਦੇ। ਵਿਆਹ ਵਾਲੇ ਘਰ ਵਿਚ ਚਾਰ-ਪੰਜ ਦਿਨ ਪਹਿਲਾਂ ਹੀ ਮਿਠਾਈਆਂ ਬਣਾਉਣ ਲਈ ਕੜਾਹੀ ਚੜ੍ਹ ਜਾਂਦੀ। ਹਲਵਾਈ ਨੂੰ ਸਮੇਂ ਸਿਰ ਸਾਰਾ ਸਾਮਾਨ ਮੁਹੱਈਆ ਕਰਵਾਉਣ ਲਈ ਕਈ-ਕਈ ਜਣੇ ਹਲਵਾਈ ਦੇ ਕੋਲ ਬੈਠੇ ਰਹਿੰਦੇ। ਇਸ ਤਰ੍ਹਾਂ ਮਿਠਾਈਆਂ, ਸਬਜ਼ੀਆਂ ਆਦਿ ਤਿਆਰ ਕਰਨ ਲਈ ਪਿੰਡ ਦੇ ਲੋਕ ਹਲਵਾਈ ਨਾਲ ਹੱਥ ਵਟਾਉਂਦੇ। ਸਬਜ਼ੀਆਂ ਦੇ ਭਰੇ ਟੋਕਰੇ ਵਿਚਕਾਰ ਰੱਖ ਕੇ ਆਸ-ਪਾਸ ਕੁਰਸੀਆਂ ਅਤੇ ਮੰਜੇ ਡਾਹ ਲਏ ਜਾਂਦੇ। ਅੱਖ ਝਪਕਦਿਆਂ ਹੀ ਸਭ ਸਬਜ਼ੀਆਂ ਅਤੇ ਹੋਰ ਲੋੜੀਂਦਾ ਸਾਮਾਨ ਤਿਆਰ ਕਰਕੇ ਹਲਵਾਈ ਅੱਗੇ ਰੱਖ ਦਿੱਤਾ ਜਾਂਦਾ।

ਫਿਰ ਜਦੋਂ ਲੱਡੂ ਵੱਟਣ ਦੀ ਵਾਰੀ ਆਉਂਦੀ ਤਾਂ ਵੱਡਾ ਕੜਾਹਾ ਐਨ ਵਿਚਕਾਰ ਰੱਖ ਲਿਆ ਜਾਂਦਾ। ਹਰ ਕੋਈ ਲੱਡੂ ਵੱਟਣ ਵਿਚ ਆਪੋ-ਆਪਣਾ ਯੋਗਦਾਨ ਪਾਉਂਦਾ। ਫਿਰ ਮਿਠਾਈਆਂ ਅਤੇ ਸਬਜ਼ੀਆਂ ਤਿਆਰ ਕਰਕੇ ਵਰਤਾਵੇ ਦੇ ਹਵਾਲੇ ਕਰ ਦਿੱਤੀਆਂ ਜਾਂਦੀਆਂ ਜਿਨ੍ਹਾਂ ਨੂੰ ਵਰਤਾਉਣ ਦੀ ਜ਼ਿੰਮੇਵਾਰੀ ਵੱਡੀ ਉਮਰ ਦੀਆਂ ਬਜ਼ੁਰਗ ਔਰਤਾਂ ਨੂੰ ਦਿੱਤੀ ਜਾਂਦੀ। ਇਸ ਤਰ੍ਹਾਂ ਆਪਣੀ ਦੇਖ-ਰੇਖ ਵਿਚ ਤਿਆਰ ਕੀਤੇ ਵਿਆਹ ਦੇ ਸਾਰੇ ਸਾਮਾਨ ਵਿਚ ਸਫਾਈ ਅਤੇ ਪੌਸ਼ਟਿਕਤਾ ਦਾ ਵੀ ਪੂਰਾ-ਪੂਰਾ ਖਿਆਲ ਰੱਖਿਆ ਜਾਂਦਾ। ਅੱਜ ਕੱਲ੍ਹ ਦੇ ਵਿਆਹਾਂ ਵਿਚੋਂ ਇਹ ਸਭ ਕੁਝ ਵਿਸਰ ਚੁੱਕਾ ਹੈ।

ਅਜੋਕੇ ਸਮੇਂ ਦੇ ਮੈਰਿਜ ਪੈਲੇਸ ਕਲਚਰ ਨੇ ਜਿੱਥੇ ਸਾਡੀਆਂ ਵਿਰਾਸਤੀ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਵੱਡੀ ਢਾਹ ਲਾਈ ਹੈ, ਉਥੇ ਹੀ ਭੱਜ ਦੌੜ ਦੀ ਇਸ ਜ਼ਿੰਦਗੀ ਵਿਚ ਵਿਆਹ ਕੇਵਲ ਕੁਝ ਘੰਟਿਆਂ ਤੱਕ ਹੀ ਸੀਮਤ ਹੋ ਗਏ ਹਨ। ਹੁਣ ਵਿਆਹਾਂ ਵਿਚ ਇਕੱਠੇ ਮਿਲ ਬੈਠ ਕੇ ਕੰਮ ਕਰਦਾ ਸ਼ਰੀਕਾ-ਕਬੀਲਾ ਨਜ਼ਰ ਨਹੀਂ ਪੈਂਦਾ ਅਤੇ ਨਾ ਹੀ ਵਿਆਹ ਵਾਲੇ ਘਰਾਂ ਵਿਚ ਪਹਿਲਾਂ ਜਿੰਨੀ ਚਹਿਲ-ਪਹਿਲ ਨਜ਼ਰ ਆਉਂਦੀ ਹੈ। ਹੁਣ ਤਾਂ ਜਾਗੋ ਵਿਚ ਵੀ ਤੇਲ ਨਹੀਂ ਪਾਇਆ ਜਾਂਦਾ ਸਗੋਂ ਜਾਗੋ ਕੱਢਣ ਵਾਲੀਆਂ ਔਰਤਾਂ ਸੈਲਾਂ ਵਾਲੀ ਜਾਗੋ ਨਾਲ ਆਂਢ-ਗੁਆਂਢ ਵਿਚ ਗੇੜਾ ਕੱਢ ਕੇ ਘਰ ਨੂੰ ਪਰਤ ਆਉਂਦੀਆਂ ਹਨ। ਹੁਣ ਤਾਂ ਹਾਲ ਇਹ ਹੈ ਕਿ ਕੇਵਲ ਕੁਝ ਕੁ ਘੰਟਿਆਂ ਲਈ ਹੀ ਰਿਸ਼ਤੇਦਾਰ ਅਤੇ ਸਕੇ-ਸਬੰਧੀ ਮੈਰਿਜ ਪੈਲੇਸਾਂ ਵਿਚ ਇਕੱਠੇ ਹੁੰਦੇ ਹਨ ਅਤੇ ਉਥੋਂ ਹੀ ਵਿਦਾਈ ਲੈ ਕੇ ਆਪੋ-ਆਪਣੇ ਘਰਾਂ ਨੂੰ ਪਰਤ ਜਾਂਦੇ ਹਨ। ਅੱਜ ਕੱਲ੍ਹ ਹਰ ਕੋਈ ਵਿਆਹ ਸਮਾਗਮਾਂ ਨੂੰ ਠੇਕੇ 'ਤੇ ਦੇ ਕੇ ਸੁਰਖਰੂ ਹੋ ਰਿਹਾ ਹੈ ਪਰ ਇਸ ਵਰਤਾਰੇ ਨਾਲ ਜਿੱਥੇ ਸਾਡੀ ਆਪਸੀ ਤੇ ਨਰੋਈ ਭਾਈਚਾਰਕ ਸਾਂਝ ਨੂੰ ਵੱਡੀ ਢਾਹ ਲੱਗ ਰਹੀ ਹੈ, ਉਥੇ ਹੀ ਹੁਣ ਤਬਦੀਲੀ ਦੇ ਇਸ ਦੌਰ ਵਿਚ ਵਿਆਹਾਂ ਦੇ ਰੰਗ ਵੀ ਫਿੱਕੇ ਪੈਣ ਲੱਗੇ ਹਨ।

---

ਦੇ ਵੈਰੀ ਬਣ ਗਏ ਸਨ। ਦਸ ਲੱਖ ਲੋਕ ਮਾਰੇ ਗਏ। ਕਰੋੜਾਂ ਲੋਕ ਬੇਘਰ ਹੋਏ। ਵਿਅਕਤੀਗਤ ਜਾਂ ਭਾਈਚਾਰਕ ਤਬਾਹੀ ਅਤੇ ਬਦਕਿਸਮਤੀ ਦੀ ਕੋਈ ਵੀ ਇਕੱਲੀ ਕਹਾਣੀ, ਭਾਵੇਂ ਉਹ ਕਿੰਨੀ ਵੀ ਸੱਚੀ ਕਿਉਂ ਨਾ ਹੋਵੇ, ਝੂਠੀ ਹੋ ਜਾਵੇਗੀ ਜਦੋਂ ਉਹ ਇਸ ਤਰ੍ਹਾਂ ਸੁਣਾਈ ਜਾਵੇਗੀ ਜੋ ਦੂਜੀਆਂ ਕਹਾਣੀਆਂ ਨੂੰ ਮਿਟਾਉਣਾ ਸ਼ੁਰੂ ਕਰ ਦੇਵੇ। ਇਹ ਖਤਰਨਾਕ ਝੂਠ ਹੋਵੇਗਾ। ਉਲਝੇ ਹੋਏ ਇਤਿਹਾਸ ਨੂੰ ਸਪਾਟ ਬਣਾਉਣ, ਉਸ ਤੋਂ ਉਸ ਦੀ ਸੂਖਮਤਾ ਖੋਹਣ, ਉਸ ਨੂੰ ਹਥਿਆਰ ਬਣਾ ਕੇ ਵਰਤਣ ਦੇ ਨਤੀਜੇ ਗੰਭੀਰ ਹੋਣਗੇ।

ਉਪ-ਮਹਾਂਦੀਪ ਵਿਚ ਵਸਦੇ ਸਾਡੇ ਸਾਰਿਆਂ ਕੋਲ ਇਹ ਚੋਣ ਕਰਨ ਦਾ ਰਸਤਾ ਹੈ ਕਿ ਜਾਂ ਤਾਂ ਅਸੀਂ ਨਿਆਂ ਦੀ ਸਾਂਝੀ ਸੋਚ ਦੀ ਦਿਸ਼ਾ 'ਚ ਕੰਮ ਕਰੀਏ, ਉਸ ਪੀੜਾ ਅਤੇ ਨਫਰਤ ਨੂੰ ਦੂਰ ਕਰਨ ਲਈ ਕੰਮ ਕਰੀਏ ਜੋ ਸਾਡੀਆਂ ਸਮੂਹਿਕ ਯਾਦਾਂ ਨੂੰ ਖਤਮ ਕਰ ਰਹੀ ਹੈ, ਜਾਂ ਫਿਰ ਇਨ੍ਹਾਂ ਹਾਲਾਤ ਨੂੰ ਹੋਰ ਵਿਗਾੜ ਦੇਈਏ। ਭਾਰਤੀ ਪ੍ਰਧਾਨ ਮੰਤਰੀ ਜਿਸ ਸਿਆਸੀ ਪਾਰਟੀ ਦਾ ਉਹ ਆਗੂ ਹੈ, ਤੇ ਇਸ ਪਾਰਟੀ ਦੀ ਫਾਸ਼ੀਵਾਦੀ ਮਾਂ-ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦਾ ਉਹ ਮੈਂਬਰ ਵੀ ਹੈ, ਨੇ ਇਸ ਪੀੜ ਅਤੇ ਨਫਰਤ ਨੂੰ ਵਧਾਉਣ ਦਾ ਰਸਤਾ ਚੁਣਿਆ ਹੈ। ਉਹ ਸਾਡੀ ਲਹੂ ਭਿੱਜੀ ਧਰਤੀ ਦੀਆਂ ਗਹਿਰਾਈਆਂ 'ਚ ਦੱਬੀਆਂ ਮਨਹੂਸ ਚੀਜ਼ਾਂ ਨੂੰ ਖੋਦ ਕੇ ਲਿਆ ਰਹੇ ਹਨ। ਜੋ ਅੱਗ ਉਨ੍ਹਾਂ ਨੇ ਲਗਾਈ ਹੈ, ਉਹ ਕਿਸੇ ਕਾਬੂ ਹੇਠ ਨਹੀਂ ਬਲੇਗੀ। ਇਹ ਸੰਭਵ ਹੈ ਕਿ ਇਹ ਮੁਲਕ ਨੂੰ ਹੀ ਸਾੜ ਕੇ ਸੁਆਹ ਕਰ ਦੇਵੇ। ਇਸ ਦੀਆਂ ਲਾਟਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਭਾਰਤ ਅਤੇ ਕਸ਼ਮੀਰ ਦੇ ਮੁਸਲਮਾਨਾਂ ਦੇ ਨਾਲ-ਨਾਲ ਇਸਾਈ ਵੀ ਉਨ੍ਹਾਂ ਦੇ ਨਿਸ਼ਾਨੇ 'ਤੇ ਹਨ। ਸਿਰਫ ਪਿਛਲੇ ਸਾਲ ਵਿਚ ਹੀ ਚਰਚਾਂ ਉਪਰ ਸੈਂਕੜੇ ਹਮਲੇ ਹੋਏ, ਈਸਾ ਮਸੀਹ ਦੀਆਂ ਮੂਰਤੀਆਂ ਦੀ ਬੇਅਦਬੀ ਕੀਤੀ ਗਈ, ਪਾਦਰੀਆਂ ਤੇ ਇਸਾਈ ਸਾਧਵੀਆਂ ਉਪਰ ਹਿੰਸਕ ਹਮਲੇ ਕੀਤੇ ਗਏ।

ਅਸੀਂ ਆਪਣਾ ਬਚਾਓ ਆਪ ਕਰਨਾ ਹੈ। ਕੋਈ ਸਾਨੂੰ ਬਚਾਉਣ ਲਈ ਨਹੀਂ ਆਵੇਗਾ। ਯਮਨ, ਸ੍ਰੀਲੰਕਾ, ਰਵਾਂਡਾ 'ਚ ਕੋਈ ਮਦਦ ਲਈ ਨਹੀਂ ਬਹੁੜਿਆ। ਅਸੀਂ ਭਾਰਤ 'ਚ ਵੀ ਇਸ ਤੋਂ ਵੱਖਰੀ ਉਮੀਦ ਕਿਉਂ ਰੱਖੀਏ? ਕੌਮਾਂਤਰੀ ਸਿਆਸਤ ਵਿਚ ਸਿਰਫ ਮੁਨਾਫਾ, ਸੱਤਾ, ਨਸਲ, ਜਮਾਤ ਅਤੇ ਭੂ-ਰਾਜਨੀਤੀ ਹੀ ਤੈਅ ਕਰਦੀ ਹੈ ਕਿ ਨੈਤਿਕਤਾ ਦਾ ਉਠ ਕਿਸ ਕਰਵਟ ਬੈਠੇਗਾ। ਬਾਕੀ ਸਭ ਸਿਰਫ ਢੌਂਗ ਹੈ, ਪੈਂਤੜੇਬਾਜ਼ੀ ਹੈ।

ਭਾਰਤ ਉਪਰ ਐਸੇ ਆਦਮੀ ਰਾਜ ਕਰ ਰਹੇ ਹਨ ਜੋ ਹਜ਼ਾਰਾਂ ਮੁਸਲਮਾਨਾਂ ਦੇ ਦਿਨ-ਦਿਹਾੜੇ ਸਮੂਹਿਕ ਕਤਲੇਆਮ, ਆਪਣੀ ਹੱਤਿਆ ਦੀਆਂ ਝੂਠੀਆਂ ਸਾਜ਼ਿਸ਼ਾਂ ਦੁਆਰਾ ਸਿਰਜੇ ਪਾਗਲਪਣ ਦੀ ਮਦਦ ਨਾਲ ਸੱਤਾ ਉਪਰ ਕਾਬਜ਼ ਹੋਏ ਹਨ। ਯਕੀਨਨ, ਹਰ ਜਾਤ ਅਤੇ ਧਰਮ ਦੇ ਆਮ ਲੋਕ ਇਸ ਦਾ ਵਿਰੋਧ ਕਰਦੇ ਰਹੇ ਹਨ। ਵਿਰੋਧ ਕਰਨ ਵਾਲਿਆਂ 'ਚ ਮੁਸਲਿਮ ਵਿਰੋਧੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਉਠ ਖੜ੍ਹੇ ਹੋਣ ਵਾਲੇ, ਪਿਛਲੇ ਸਾਲ ਲੜੇ ਗਏ ਇਤਿਹਾਸਕ ਕਿਸਾਨ ਅੰਦੋਲਨ 'ਚ ਸ਼ਾਮਿਲ ਲੋਕ ਅਤੇ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ ਤੇ ਮਹਾਰਾਸ਼ਟਰ ਦੀਆਂ ਖੇਤਰੀ ਰਾਜਨੀਤਕ ਪਾਰਟੀਆਂ ਸ਼ਾਮਿਲ ਹਨ ਜਿਨ੍ਹਾਂ ਨੇ ਭਾਜਪਾ ਨਾਲ ਟੱਕਰ ਲੈ ਕੇ ਉਸ ਨੂੰ ਹਰਾਇਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੋ ਕੁਝ ਹੋ ਰਿਹਾ ਹੈ, ਉਹ ਬਹੁਗਿਣਤੀ ਭਾਰਤੀਆਂ ਨੂੰ ਮਨਜ਼ੂਰ ਨਹੀਂ ਹੈ ਪਰ ਉਨ੍ਹਾਂ ਦੀ ਨਾ-ਮਨਜ਼ੂਰੀ ਜਿਨ੍ਹਾਂ ਤਰੀਕਿਆਂ ਨਾਲ ਸਾਹਮਣੇ ਆਉਂਦੀ ਹੈ, ਉਹ ਉਸ ਉਬਲਦੇ ਹੋਏ ਵਿਚਾਰਧਾਰਕ ਜਨੂਨ ਅੱਗੇ ਪੂਰੀ ਤਰ੍ਹਾਂ ਬੇਅਸਰ ਹੈ ਜੋ ਮੋਟੀਆਂ ਰਕਮਾਂ ਉਪਰ ਪਲਣ ਵਾਲੇ ਫਾਸ਼ੀਵਾਦੀ ਕਾਡਰ ਨੇ ਫੈਲਾਇਆ ਹੋਇਆ ਹੈ। ਇਹ ਨਾ-ਮਨਜ਼ੂਰੀ ਰੁਚੀ ਨਾ ਲੈਣ, ਪ੍ਰਵਾਹ ਨਾ ਕਰਨ ਅਤੇ ਹਕੀਕਤ ਤੋਂ ਅੱਖਾਂ ਮੀਟ ਲੈਣ ਦੇ ਰੂਪ 'ਚ ਸਾਹਮਣੇ ਆਉਂਦੀ ਹੈ। ਵਿਰੋਧੀ ਧਿਰ ਦੀ ਇਕਲੌਤੀ ਰਾਸ਼ਟਰੀ ਪਾਰਟੀ- ਇੰਡੀਅਨ ਨੈਸ਼ਨਲ ਕਾਂਗਰਸ, ਸਾਹਮਣੇ ਜਦੋਂ ਕੋਈ ਨੈਤਿਕ ਸਟੈਂਡ ਲੈਣ ਦਾ ਮੌਕਾ ਆਉਂਦਾ ਹੈ ਤਾਂ ਉਸ ਕੋਲ ਦਿਖਾਉਣ ਲਈ ਸਿਰਫ ਕਮਜ਼ੋਰੀ ਅਤੇ ਨਾ-ਕਾਬਲੀਅਤ ਹੀ ਹੁੰਦੀ ਹੈ। ਉਸ ਵਿਚ ਤਾਂ ਆਪਣੇ ਜਨਤਕ ਭਾਸ਼ਣਾਂ 'ਚ ਮੁਸਲਿਮ ਸ਼ਬਦ ਬੋਲਣ ਦੀ ਵੀ ਹਿੰਮਤ ਨਹੀਂ। ਮੋਦੀ ਦਾ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਰਅਸਲ ਵਿਰੋਧੀ ਧਿਰ ਤੋਂ ਬਿਨਾਂ ਸਰਕਾਰ ਦਾ ਨਾਅਰਾ ਹੈ। ਇਸ ਨੂੰ ਹੋਰ ਜੋ ਮਰਜ਼ੀ ਕਹਿ ਲਓ ਪਰ ਇਸ ਨੂੰ ਲੋਕਤੰਤਰ ਨਹੀਂ ਕਿਹਾ ਜਾ ਸਕਦਾ।

ਭਾਰਤ ਵਿਚ ਭਾਵੇਂ ਚੁਣਾਵੀ ਲੋਕਤੰਤਰ ਵਾਲਾ ਹਰ ਤਰ੍ਹਾਂ ਦਾ ਦਿਖਾਵਾ ਜਾਰੀ ਹੈ - ਜਿੱਥੇ ਸੰਵਿਧਾਨ ਹੈ ਜੋ ਸਾਨੂੰ ਧਰਮਨਿਰਪੱਖ, ਸਮਾਜਵਾਦੀ ਗਣਰਾਜ ਦੱਸਦਾ ਹੈ, ਜਿੱਥੇ ਸੁਤੰਤਰ ਤੇ ਨਿਰਪੱਖ ਚੋਣਾਂ ਹੁੰਦੀਆਂ ਹਨ, ਜਿੱਥੇ ਲੋਕਤੰਤਰੀ ਤੌਰ 'ਤੇ ਚੁਣੀ ਸੰਸਦ ਹੈ ਜਿਸ ਨੂੰ ਸੱਤਾਧਾਰੀ ਪਾਰਟੀ ਤੇ ਵਿਰੋਧੀ ਧਿਰ ਚਲਾਉਂਦੀ ਹੈ, ਜਿੱਥੇ ਸੁਤੰਤਰ ਨਿਆਂਪਾਲਿਕਾ ਤੇ ਸੁਤੰਤਰ ਮੀਡੀਆ ਹੈ - ਪਰ ਹਕੀਕਤ ਇਹ ਹੈ ਕਿ ਰਾਜ ਮਸ਼ੀਨਰੀ ਉਪਰ (ਜਿਸ ਵਿਚ ਕਾਫੀ ਹੱਦ ਤੱਕ ਨਿਆਂਪਾਲਿਕਾ, ਸਿਵਲ ਸੇਵਾਵਾਂ, ਸੁਰੱਖਿਆ ਬਲਾਂ, ਖੁਫੀਆ ਸੇਵਾਵਾਂ, ਪੁਲਿਸ ਤੇ ਚੋਣ ਢਾਂਚਾ ਸ਼ਾਮਿਲ ਹੈ) ਭਾਵੇਂ ਅਜੇ ਆਰ.ਐਸ.ਐਸ. ਦਾ ਪੂਰੀ ਤਰ੍ਹਾਂ ਕਬਜ਼ਾ ਨਾ ਹੋਵੇ ਜੋ ਭਾਰਤ ਦੀ ਸਭ ਤੋਂ ਤਾਕਤਵਰ ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦੀ ਜਥੇਬੰਦੀ ਹੈ, ਫਿਰ ਵੀ ਇਸ ਦਾ ਸਪਸ਼ਟ ਤੌਰ 'ਤੇ ਡੂੰਘਾ ਪ੍ਰਭਾਵ ਅਤੇ ਦਬਦਬਾ ਜ਼ਰੂਰ ਹੈ। ਆਰ.ਐਸ.ਐਸ. ਜਿਸ ਦੀ ਸਥਾਪਨਾ 1925 ਵਿਚ ਕੀਤੀ ਗਈ ਸੀ, ਲੰਮੇ ਸਮੇਂ ਤੋਂ ਸੰਵਿਧਾਨ ਨੂੰ ਹਟਾਉਣ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੀ ਮੁਹਿੰਮ ਚਲਾ ਰਹੀ ਹੈ। ਆਰ.ਐਸ.ਐਸ. ਦੇ ਸਿਧਾਂਤ ਘਾੜੇ ਹਿਟਲਰ ਦੀਆਂ ਖੁੱਲ੍ਹ ਕੇ ਤਾਰੀਫਾਂ ਕਰਦੇ ਰਹੇ ਹਨ ਅਤੇ ਭਾਰਤ ਦੇ ਮੁਸਲਮਾਨਾਂ ਦੀ ਤੁਲਨਾ ਜਰਮਨੀ ਦੇ ਯਹੂਦੀਆਂ ਨਾਲ ਕਰਦੇ ਰਹੇ ਹਨ।

> **ਹੁਣ ਜਦੋਂ ਭਾਰਤ 'ਚ ਰੁਜ਼ਗਾਰ ਖਤਮ ਹੋ ਰਿਹਾ ਹੈ ਅਤੇ ਇਹ ਆਰਥਕ ਗੜਬੜ ਵੱਲ ਵਧ ਰਿਹਾ ਹੈ, ਬੀ.ਜੇ.ਪੀ. ਅਮੀਰ ਹੋ ਰਹੀ ਹੈ ਅਤੇ ਇਹ ਹੁਣ ਦੁਨੀਆ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਹੈ ਜਿਸ ਵਿਚ ਇਸ ਦੀ ਮਦਦ ਪਿੱਛੇ ਜਿਹੇ ਇਸ ਵੱਲੋਂ ਲਿਆਂਦੀ ਬੇਨਾਮ ਚੋਣ ਬੌਂਡ ਪ੍ਰਣਾਲੀ ਨੇ ਕੀਤੀ ਹੈ ਜੋ ਗੁਪਤ ਕਾਰਪੋਰੇਟ ਫੰਡਿੰਗ ਵਿਵਸਥਾ ਹੈ ਭਾਜਪਾ ਨੂੰ ਕਾਰਪੋਰੇਟ ਧਨ ਨਾਲ ਚੱਲਣ ਵਾਲੇ ਕਈ ਸੈਂਕੜੇ ਟੀ.ਵੀ. ਨਿਊਜ਼ ਚੈਨਲਾਂ ਦੀ ਹਮਾਇਤ ਹਾਸਲ ਹੈ।**

ਆਖਿਰਕਾਰ ਆਰੀਅਨ ਸ੍ਰੇਸ਼ਟਤਾ ਦੀ ਸੋਚ ਉਸ ਹਿੰਦੂ ਜਾਤੀ ਪ੍ਰਣਾਲੀ ਬ੍ਰਾਹਮਣਵਾਦ ਦੀ ਬੁਨਿਆਦ ਹੈ ਜਿਸ ਦੇ ਤਹਿਤ ਕੁਝ ਮਨੁੱਖ ਦੈਵੀ ਅਤੇ ਦੇਵਤਿਆਂ ਸਮਾਨ ਹਨ ਜਦੋਂ ਕਿ ਬਾਕੀ ਮਨੁੱਖੀ ਦਰਜੇ ਤੋਂ ਨੀਵੇਂ, ਦੂਸ਼ਿਤ ਅਤੇ ਅਛੂਤ ਹਨ। ਇਹ ਅੱਜ ਵੀ ਹਿੰਦੂ ਸਮਾਜ ਨੂੰ ਚਲਾਉਣ ਵਾਲਾ ਸਿਧਾਂਤ ਹੈ। ਤ੍ਰਾਸਦੀ ਇਹ ਹੈ ਕਿ ਸਭ ਤੋਂ ਦੱਬੇ-ਕੁਚਲਿਆਂ ਵਿਚੋਂ ਵੀ ਬਹੁਤ ਸਾਰੇ ਲੋਕ ਆਰ.ਐਸ.ਐਸ. ਦੇ ਕਾਜ ਨਾਲ ਜੁੜ ਗਏ ਹਨ ਜੋ ਉਨ੍ਹਾਂ ਦੇ ਪ੍ਰਚਾਰ ਦੀ ਸੁਨਾਮੀ ਦੇ ਪ੍ਰਭਾਵ ਹੇਠ ਆਪਣੀ ਗੁਲਾਮੀ ਨੂੰ ਆਪ ਹੀ ਵੋਟ ਦੇ ਰਹੇ ਹਨ।

2025 ਵਿਚ ਆਰ.ਐਸ.ਐਸ. ਆਪਣੀ 100ਵੀਂ ਸਥਾਪਨਾ ਵਰ੍ਹੇਗੰਢ ਮਨਾਏਗਾ। 100 ਸਾਲਾਂ ਦੀ ਇਸ ਦੀ ਕੱਟੜ ਸਮਰਪਣ ਭਾਵਨਾ ਨੇ ਇਸ ਨੂੰ ਰਾਸ਼ਟਰ ਦੇ ਅੰਦਰ ਰਾਸ਼ਟਰ ਬਣਾ ਦਿੱਤਾ ਹੈ। ਇਤਿਹਾਸਕ ਤੌਰ 'ਤੇ ਆਰ.ਐਸ.ਐਸ. ਉਪਰ ਪੱਛਮੀ ਤੱਟਵਰਤੀ ਖੇਤਰ ਦੇ ਬ੍ਰਾਹਮਣਾਂ ਦੀ ਛੋਟੀ ਜਿਹੀ ਮੰਡਲੀ ਦਾ ਮਜ਼ਬੂਤ ਕੰਟਰੋਲ ਰਿਹਾ ਹੈ। ਅੱਜ ਇਸ ਦੇ ਡੇਢ ਕਰੋੜ ਮੈਂਬਰ ਹਨ ਜਿਨ੍ਹਾਂ ਵਿਚ ਮੋਦੀ, ਉਸ ਦੀ ਵਜ਼ਾਰਤ ਦੇ ਕਈ ਵਜ਼ੀਰ, ਮੁੱਖ ਮੰਤਰੀ ਤੇ ਰਾਜਪਾਲ ਸ਼ਾਮਲ ਹਨ। ਹੁਣ ਇਹ ਇਕ ਸਮਾਨੰਤਰ ਦੁਨੀਆ ਹੈ ਜਿਸ ਕੋਲ ਆਪਣੇ ਦਹਿ-ਹਜ਼ਾਰਾਂ ਪ੍ਰਾਇਮਰੀ ਸਕੂਲ ਹਨ, ਇਸ ਦੀਆਂ ਆਪਣੀਆਂ ਕਿਸਾਨ, ਮੁਲਾਜ਼ਮ ਤੇ ਵਿਦਿਆਰਥੀ ਜਥੇਬੰਦੀਆਂ ਹਨ, ਇਸ ਦਾ ਆਪਣਾ ਪ੍ਰਕਾਸ਼ਨ ਵਿੰਗ ਹੈ, ਆਪਣਾ ਧਾਰਮਿਕ ਵਿੰਗ ਹੈ ਜੋ ਜੰਗਲਾਂ ਵਿਚ ਰਹਿਣ ਵਾਲੇ ਕਬੀਲਿਆਂ ਦਾ 'ਸ਼ੁੱਧੀਕਰਨ' ਕਰਕੇ ਉਨ੍ਹਾਂ ਨੂੰ ਹਿੰਦੂ ਧਰਮ ਵਿਚ 'ਘਰ ਵਾਪਸ ਲਿਆਉਣ' ਲਈ ਕੰਮ ਕਰਦਾ ਹੈ। ਇਸ ਦੀਆਂ ਬਹੁਤ ਸਾਰੀਆਂ ਔਰਤ ਜਥੇਬੰਦੀਆਂ ਹਨ, ਤੇ ਇਸ ਕੋਲ ਦਹਿ-ਲੱਖਾਂ ਆਦਮੀਆਂ ਦੀ ਮਜ਼ਬੂਤ ਹਥਿਆਰਬੰਦ ਮਿਲੀਸ਼ੀਆ ਹੈ ਜੋ ਮੁਸੋਲਿਨੀ ਦੇ ਕਾਲੀਆਂ ਕਮੀਜ਼ਾਂ ਵਾਲੇ ਲਸ਼ਕਰਾਂ ਤੋਂ ਪ੍ਰੇਰਿਤ ਹੈ। ਇਸ ਕੋਲ ਐਸੀਆਂ ਹਿੰਦੂ ਰਾਸ਼ਟਰਵਾਦੀ ਜਥੇਬੰਦੀਆਂ ਦੀ ਭਰਮਾਰ ਹੈ ਜਿਨ੍ਹਾਂ ਦੀ ਹਿੰਸਾ ਕਲਪਨਾ ਤੋਂ ਪਰ੍ਹੇ ਹੈ ਅਤੇ ਜੋ ਸਲੀਪਰ ਸੈੱਲ ਦੀ ਭੂਮਿਕਾ ਨਿਭਾਉਂਦੀਆਂ ਹਨ ਅਤੇ ਜੋ ਉਪਰ ਬੈਠੇ ਲੋਕਾਂ ਲਈ ਇਹ ਸੰਭਵ ਬਣਾਉਂਦੀਆਂ ਹਨ ਕਿ ਉਹ ਜ਼ਮੀਨੀ ਪੱਧਰ 'ਤੇ ਹੋਣ ਵਾਲੀ ਕਿਸੇ ਵੀ ਹਿੰਸਾ ਤੋਂ ਮੁੱਕਰ ਸਕਣ।

ਜਦੋਂ ਭਾਰਤ ਵਿਚ ਰੁਜ਼ਗਾਰ ਖਤਮ ਹੋ ਰਿਹਾ ਹੈ ਅਤੇ ਇਹ ਆਰਥਕ ਗੜਬੜ ਵੱਲ ਵਧ ਰਿਹਾ ਹੈ, ਬੀ.ਜੇ.ਪੀ. ਲਗਾਤਾਰ ਅਮੀਰ ਹੋ ਰਹੀ ਹੈ ਅਤੇ ਇਹ ਹੁਣ ਦੁਨੀਆ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਹੈ ਜਿਸ ਵਿਚ ਇਸ ਦੀ ਮਦਦ ਪਿੱਛੇ ਜਿਹੇ ਇਸ ਵੱਲੋਂ ਲਿਆਂਦੀ ਬੇਨਾਮ ਚੋਣ ਬੌਂਡ ਪ੍ਰਣਾਲੀ ਨੇ ਕੀਤੀ ਹੈ ਜੋ ਗੁਪਤ ਕਾਰਪੋਰੇਟ ਫੰਡਿੰਗ ਵਿਵਸਥਾ ਹੈ। ਭਾਜਪਾ ਨੂੰ ਕਾਰਪੋਰੇਟ ਧਨ ਨਾਲ ਚੱਲਣ ਵਾਲੇ ਕਈ ਸੈਂਕੜੇ ਟੀ.ਵੀ. ਨਿਊਜ਼ ਚੈਨਲਾਂ ਦੀ ਹਮਾਇਤ ਹਾਸਲ ਹੈ ਜੋ ਤਕਰੀਬਨ ਹਰ ਭਾਰਤੀ ਭਾਸ਼ਾ 'ਚ ਚੱਲਦੇ ਹਨ। ਜਿਨ੍ਹਾਂ ਨੂੰ ਸੋਸ਼ਲ ਮੀਡੀਆ ਟਰੋਲਾਂ ਦੀ ਫੌਜ ਘਰ-ਘਰ ਪਹੁੰਚਾਉਂਦੀ ਹੈ ਜਿਸ ਨੂੰ ਝੂਠ ਫੈਲਾਉਣ 'ਚ ਮੁਹਾਰਤ ਹਾਸਲ ਹੈ।

ਇਸ ਸਭ ਦੇ ਬਾਵਜੂਦ ਭਾਜਪਾ ਅਜੇ ਵੀ ਆਰ.ਐਸ.ਐਸ. ਦਾ ਸਿਰਫ ਮਖੌਟਾ ਬਣੀ ਹੋਈ ਹੈ ਪਰ ਹੁਣ ਰਾਸ਼ਟਰ ਅੰਦਰਲਾ ਰਾਸ਼ਟਰ ਓਹਲੇ ਤੋਂ ਬਾਹਰ ਨਿਕਲ ਕੇ ਆਲਮੀ ਮੰਚ ਉਪਰ ਆਪਣੀ ਜਗ੍ਹਾ ਬਣਾਉਣ ਦੀ ਤਿਆਰੀ 'ਚ ਹੈ। ਪਹਿਲਾਂ ਹੀ ਵਿਦੇਸ਼ੀ ਸਫੀਰਾਂ ਨੇ ਆਪਣੇ ਪ੍ਰਮਾਣ ਪੱਤਰ ਪੇਸ਼ ਕਰਨ ਅਤੇ ਸਤਿਕਾਰ ਭੇਂਟ ਕਰਨ ਲਈ ਆਰ.ਐਸ.ਐਸ. ਦੇ ਸਦਰ ਮੁਕਾਮ 'ਚ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਹੈ। ਅਮਰੀਕਾ ਦੇ ਯੂਨੀਵਰਸਿਟੀ ਕੈਂਪਸ ਪ੍ਰਮਾਣਿਕਤਾ ਹਾਸਲ ਕਰਨ ਦੀ ਬੇਤਹਾਸ਼ਾ ਕੋਸ਼ਿਸ਼ 'ਚ ਲੜਾਈ ਦਾ ਨਵਾਂ ਮੈਦਾਨ ਬਣ ਗਏ ਹਨ। ਖਤਰਾ ਇਹ ਹੈ ਕਿ ਅਹੁਦਿਆਂ 'ਤੇ ਬੈਠ ਕੇ ਹਮਲੇ ਦੀ ਅਗਵਾਈ ਕਰਨ ਵਾਲੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਜਿਸ ਨੂੰ ਇਮਾਨਦਾਰ ਤਰੀਕੇ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ, ਉਸ ਨੂੰ ਬੇਲਗਾਮ ਪੂੰਜੀਵਾਦੀ ਆਰਥਿਕਤਾ 'ਚ ਖਰੀਦਿਆ ਜਾ ਸਕਦਾ ਹੈ।

ਆਰ.ਐਸ.ਐਸ. ਦਾ 2025 ਦਾ ਸ਼ਤਾਬਦੀ ਜਸ਼ਨ ਭਾਰਤ ਦੇ ਇਤਿਹਾਸ ਵਿਚ ਅਹਿਮ ਪੜਾਅ ਹੋਵੇਗਾ। ਉਸ ਤੋਂ ਇਕ ਸਾਲ ਪਹਿਲਾਂ 2024 'ਚ ਆਮ ਚੋਣਾਂ ਹੋਣਗੀਆਂ। ਇਸ ਨੂੰ ਧਿਆਨ 'ਚ ਰੱਖੀਏ ਤਾਂ ਸ਼ਾਇਦ ਅਸੀਂ ਹਿੰਸਕ ਸਰਗਰਮੀਆਂ 'ਚ ਆਈ ਅਚਾਨਕ ਤੇਜ਼ੀ ਦੀ ਵਜ੍ਹਾ ਸਮਝ ਸਕਦੇ ਹਾਂ।

ਇਸ ਸਭ ਕਾਸੇ ਦੇ ਦੌਰਾਨ ਮੋਦੀ ਮਸੀਹਾ ਹਰ ਥਾਂ ਮੌਜੂਦ ਹੈ। ਉਸ ਦੀ ਮੂਰਤ ਸਾਡੇ ਕੋਵਿਡ ਵੈਕਸੀਨ ਸਰਟੀਫਿਕੇਟਾਂ ਉਪਰ ਹੈ। ਉਹ ਲੱਖਾਂ ਨਵੇਂ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਦੀ ਬਜਾਇ ਸਾਨੂੰ ਵੰਡੀਆਂ ਜਾ ਰਹੀਆਂ ਆਟੇ ਅਤੇ ਨਮਕ ਦੀਆਂ ਥੈਲੀਆਂ ਉਪਰ ਹੈ। ਲੋਕ ਸ਼ੁਕਰਗੁਜ਼ਾਰ ਕਿਵੇਂ ਨਹੀਂ ਹੋਣਗੇ?

ਜੋ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਸਮੂਹਿਕ ਦਾਹ-ਸੰਸਕਾਰ ਅਤੇ ਖੁੱਲ੍ਹੀਆਂ ਕਬਰਾਂ ਦੇ ਗਵਾਹ ਹਨ ਅਤੇ ਜਿਨ੍ਹਾਂ ਨੇ ਗੰਗਾ 'ਚ ਤੈਰਦੀਆਂ ਲਾਸ਼ਾਂ ਅਤੇ ਇਸ ਦੇ ਕੰਢਿਆਂ 'ਤੇ ਬਣੀਆਂ ਖੁੱਲ੍ਹੀਆਂ ਕਬਰਾਂ ਦੀਆਂ ਕਤਾਰਾਂ ਦੇਖੀਆਂ ਹੋਈਆਂ ਹਨ, ਉਹ ਇਹ ਯਕੀਨ ਕਿਵੇਂ ਕਰਨ ਜੋ ਉਨ੍ਹਾਂ ਨੂੰ ਕਰਨ ਲਈ ਕਿਹਾ ਜਾਂਦਾ ਹੈ - ਕਿ ਜੇ ਮੋਦੀ ਨਾ ਹੁੰਦਾ ਤਾਂ ਹਾਲਾਤ ਹੋਰ ਵੀ ਖਰਾਬ ਹੁੰਦੇ?

ਸਾਡੀਆਂ ਉਮੀਦਾਂ ਜਲ ਚੁੱਕੀਆਂ ਹਨ, ਸਾਡੀਆਂ ਕਲਪਨਾਵਾਂ ਖਤਰਨਾਕ ਲਾਗ ਦੀ ਲਪੇਟ 'ਚ ਹਨ।

ਜੇ ਸੰਘ ਇਹ ਲੜਾਈ ਜਿੱਤ ਜਾਂਦਾ ਹੈ ਤਾਂ ਉਸ ਨੂੰ ਇਹ ਜਿੱਤ ਭਾਰੀ ਮੁੱਲ ਤਾਰ ਕੇ ਹਾਸਲ ਹੋਵੇਗੀ। ਕਿਉਂਕਿ ਉਦੋਂ ਭਾਰਤ ਦੀ ਹੋਂਦ ਖਤਮ ਹੋ ਜਾਵੇਗੀ। ਅਸੀਂ ਜਿਸ ਦਿਸ਼ਾ 'ਚ ਜਾ ਰਹੇ ਹਨ, ਚੋਣਾਂ ਉਸ ਜ਼ਬਰਦਸਤ ਮੁਹਾਣ ਨੂੰ ਪੁੱਠਾ ਗੇੜਾ ਨਹੀਂ ਦੇ ਸਕਣਗੀਆਂ। ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਇਹ ਲੜਾਈ ਸਾਨੂੰ ਸਾਰਿਆਂ ਨੂੰ ਲੜਨੀ ਪਵੇਗੀ। ਅੱਗ ਦੀਆਂ ਲਾਟਾਂ ਸਾਡੀ ਦਹਿਲੀਜ਼ 'ਤੇ ਪਹੁੰਚ ਚੁੱਕੀਆਂ ਹਨ। ਧੰਨਵਾਦ।


ਕਹਾਣੀ

# ਉੱਜਲ ਭਵਿੱਖ

***ਸਵੈਮ ਪ੍ਰਕਾਸ਼ (1947-2019) ਦਾ ਹਿੰਦੀ ਗਲਪ ਸਾਹਿਤ ਵਿਚ ਵਿਸ਼ੇਸ਼ ਮੁਕਾਮ ਹੈ। ਉਹਨੇ ਕਹਾਣੀਆਂ ਅਤੇ ਨਾਵਲਾਂ ਤੋਂ ਇਲਾਵਾ ਵਾਰਤਕ ਵੀ ਲਿਖੀ। ਉਸ ਦੀਆਂ ਰਚਨਾਵਾਂ ਵਿਚ ਆਮ ਲੋਕਾਂ ਦੀ ਗੱਲ ਬਹੁਤ ਜ਼ੋਰਦਾਰ ਢੰਗ ਨਾਲ ਕੀਤੀ ਗਈ ਹੈ। 'ਉੱਜਲ ਭਵਿੱਖ' ਕਹਾਣੀ ਵਿਚ ਉਸ ਨੇ ਹਿੰਦੋਸਤਾਨ ਦੇ ਨਾ-ਅਹਿਲ ਢਾਂਚੇ ਉਤੇ ਤਿੱਖੀਆਂ ਚੋਟਾਂ ਕੀਤੀਆਂ ਹਨ।***

ਗੱਡੀ ਨੇ ਪਲੇਟਫਾਰਮ ਛੱਡਿਆ ਤਾਂ ਅਲਸਾਉਂਦੇ ਹੋਏ ਸਪੈਕਟਰਾ ਇੰਜਨੀਅਰਿੰਗ ਗਰੁੱਪ ਦੇ ਮੁਖੀ, ਪ੍ਰਬੰਧ ਨਿਰਦੇਸ਼ਕ ਤੇ ਮਾਲਕ ਮਿੱਤਲ ਸਾਹਿਬ ਨੇ ਅਲਵਿਦਾ ਆਖਣ ਵਾਲਿਆਂ ਦੇ ਜੁਆਬ ਵਿਚ ਹੱਥ ਹਿਲਾਇਆ ਅਤੇ ਫਿਰ ਜੁੱਤੀ ਉਤਾਰ ਕੇ ਲੱਤਾਂ ਪਸਾਰ ਲਈਆਂ। ਚਲੋ! ਹੁਣ ਅਸੀਂ ਹਾਂ ਅਤੇ ਇਹ ਸਫਰ ਹੈ। ਨਾਲ ਵਾਲੀ ਖਾਲੀ ਬਰਥ 'ਤੇ ਨਜ਼ਰ ਮਾਰੀ। ਡੱਬੇ ਦੇ ਤਿੰਨੋਂ ਬਰਥ ਖਾਲੀ ਸਨ ਤੇ ਖਾਲੀ ਹੀ ਰਹਿਣ ਵਾਲੇ ਸਨ। ਇਹਦੇ ਨਾਲੋਂ ਤਾਂ ਕੋਈ ਹੁੰਦਾ! ਪਰ ਕੀ ਪਤਾ ਕੌਣ ਹੁੰਦਾ? ਕੋਈ ਬੋਰ ਕਰਨ ਵਾਲਾ ਹੁੰਦਾ, ਤਾਂ? ਨਹੀਂ, ਇਸ ਤਰ੍ਹਾਂ ਹੀ ਠੀਕ ਹੈ।

ਅਜੇ ਡੱਬੇ ਦਾ ਦਰਵਾਜ਼ਾ ਬੰਦ ਕਰਨ ਦੀ ਸੋਚ ਹੀ ਰਹੇ ਸਨ ਕਿ ਕੋਈ ਲੜਕਾ ਦੌੜਦਾ ਹੋਇਆ ਆਉਂਦਾ ਦਿਖਾਈ ਦਿੱਤਾ। ਉਹ ਪਲੇਟਫਾਰਮ ਦੇ ਐਨ ਸਿਰੇ 'ਤੇ ਪਹੁੰਚ ਚੁੱਕਾ ਸੀ ਕਿ ਰਫਤਾਰ ਫੜ ਚੁੱਕੀ ਗੱਡੀ ਵਿਚ ਛਾਲ ਮਾਰ ਕੇ ਚੜ੍ਹ ਗਿਆ - ਤੇ



**ਸਵੈਮ ਪ੍ਰਕਾਸ਼**
**ਅਨੁਵਾਦ: ਜਸਵੰਤ ਮੁਹਾਲੀ**

ਸਿੱਧਾ ਮਿੱਤਲ ਸਾਹਿਬ ਦੇ ਡੱਬੇ ਵਿਚ ਘੁਸ ਕੇ ਦਰਵਾਜ਼ਾ ਬੰਦ ਕਰਨ ਲੱਗਾ।

"ਕੀ ਗੱਲ ਐ ਬਈ? ਕੀ ਗੱਲ ਐ? ਕੀ ਚਾਹੀਦਾ ਹੈ?" ਮਿੱਤਲ ਸਾਹਿਬ ਉੱਖੜ ਗਏ।

ਲੜਕੇ ਨੇ ਹੱਥ ਜੋੜੇ, ਸਾਹ ਨੂੰ ਟਿਕਾਣੇ ਸਿਰ ਕਰਦਿਆਂ ਬੋਲਿਆ, "ਘਬਰਾਓ ਨਾ, ਚੋਰ ਡਾਕੂ ਨਹੀਂ ਹਾਂ। ਪਲੀਜ਼! ਦੋ ਮਿੰਟ ਦਾ ਮੌਕਾ ਦਿਓ।"

ਦੋ ਮਿੰਟ ਤੱਕ ਕੁਝ ਨਹੀਂ ਹੋਇਆ ਤਾਂ ਮਿੱਤਲ ਸਾਹਿਬ ਦਾ ਆਤਮ-ਵਿਸ਼ਵਾਸ਼ ਪਰਤਣ ਲੱਗਾ। ਬੋਲੇ, "ਕੌਣ ਹੈਂ? ਕੀ ਚਾਹੀਦਾ ਹੈ?"

ਲੜਕੇ ਨੇ ਕਮੀਜ਼ ਦੀ ਬਾਂਹ ਨਾਲ ਪਸੀਨਾ ਪੂੰਝਿਆ, ਥੁੱਕ ਅੰਦਰ ਲੰਘਾਇਆ ਤੇ ਹੱਥ ਜੋੜ ਕੇ ਬੋਲਿਆ, "ਨੌਕਰੀ ਚਾਹੀਦੀ ਹੈ।"

ਪਲ ਭਰ ਲਈ ਤਾਂ ਮਿੱਤਲ ਸਾਹਿਬ ਨੂੰ ਵਿਸ਼ਵਾਸ ਨਾ ਹੋਇਆ ਕਿ ਉਨ੍ਹਾਂ ਠੀਕ ਸੁਣਿਆ ਹੈ। ਬੋਲੇ, "ਹੈਂ?"

"ਨੌਕਰੀ।" ਲੜਕੇ ਨੇ ਦੁਹਰਾਇਆ।

ਮਿੱਤਲ ਸਾਹਿਬ ਇਕਦਮ ਰਿਲੈਕਸ ਹੋ ਗਏ ਸਗੋਂ ਉਨ੍ਹਾਂ ਨੂੰ ਮਜ਼ਾ ਆਉਣ ਲੱਗਾ। ਉਹ ਮੁਸਕਰਾਏ। ਮੁਸਕਰਾਹਟ ਅਚਾਨਕ ਠਹਾਕੇ ਵਿਚ ਬਦਲ ਗਈ। ਬੋਲੇ, "ਓ! ਕੀ ਨਾਟਕੀ ਸਥਿਤੀ ਬਣ ਗਈ ਹੈ? ਵਾਹ! ਰੀਅਲੀ ਡ੍ਰਾਮੈਟਿਕ! ਥੀਏਟਰੀਕਲ ਰਾਦਰ! ਜ਼ਿੰਦਗੀ ਵਿਚ ਕਦੇ ਕਿਸੇ ਨੇ ਮੇਰੇ ਕੋਲੋਂ ਚਲਦੀ ਟਰੇਨ ਵਿਚ ਇਸ ਤਰ੍ਹਾਂ ਦੌੜ ਕੇ ਨੌਕਰੀ ਨਹੀਂ ਮੰਗੀ। ਹਾਂ! ਹਵਾਈ ਜਹਾਜ਼ ਵਿਚ ਇੱਕ ਵਾਰ ਇੱਕ ਆਦਮੀ ਨੇ ਜ਼ਰੂਰ ਨੌਕਰੀ ਮੰਗੀ ਸੀ ਪਰ ਆਪਣੇ ਲਈ ਨਹੀਂ, ਆਪਣੇ ਨਾਲਾਇਕ ਭਤੀਜੇ ਲਈ। ਨਾਲਾਇਕ ਲੋਕ ਮੈਨੂੰ ਬਹੁਤ ਚੰਗੇ ਲਗਦੇ ਨੇ, ਸੋ ਮੈਂ ਉਹਨੂੰ ਰੱਖ ਲਿਆ। ਅੱਜ ਉਹ ਮੇਰੀ ਇੱਕ ਫਰਮ ਦਾ ਚੀਫ ਮੈਨੇਜਰ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਇਹ ਕਿੱਸਾ ਮੈਂ ਇੱਕ ਇੰਟਰਵਿਊ ਵਿਚ ਸਾਂਝਾ ਕੀਤਾ ਸੀ। ਤੂੰ ਜ਼ਰੂਰ ਹੀ ਉਹ ਇੰਟਰਵਿਊ ਪੜ੍ਹੀ ਹੋਵੇਗੀ। ਇਸੇ ਲਈ ਤੂੰ ਵੀ ਨੌਕਰੀ ਮੰਗਣ ਦਾ ਇਹੀ ਤਰੀਕਾ ਅਜ਼ਮਾਇਆ ਹੈ। ਐਮ ਆਈ ਰਾਈਟ? ਪਰ ਜ਼ਰਾ ਸੋਚ, ਕਿੰਨਾ ਖਤਰਨਾਕ ਹੈ ਇਹ ਤਰੀਕਾ? ਮੰਨ ਲੈ ਜੇ ਘਬਰਾਹਟ ਵਿਚ ਗੱਡੀ ਚੜ੍ਹਦਿਆਂ ਡਿੱਗ ਜਾਂਦਾ! ਜਾਂ ਮੈਂ ਜੇ ਹੁਣੇ ਕੰਡਕਟਰ ਨੂੰ ਬੁਲਾ ਕੇ ਕਹਿ ਦਿਆਂ ਕਿ... ਫਸਟ ਦਾ ਟਿਕਟ ਤਾਂ ਕੀ ਹੋਊ ਤੇਰੇ ਕੋਲ?"

ਲੜਕਾ ਖੱਬੇ ਸੱਜੇ ਝਾਕਣ ਲੱਗਾ।

"ਤੂੰ ਦਫਤਰ ਕਿਉਂ ਨਹੀਂ ਅਇਆ?"

"ਆਇਆ ਸੀ ਪਰ ਉਨ੍ਹਾਂ ਨੇ ਤੁਹਾਨੂੰ ਮਿਲਣ ਨਹੀਂ ਦਿੱਤਾ।"

"ਤਾਂ ਘਰ ਆ ਜਾਂਦਾ।"

"ਵੜਨ ਨਹੀਂ ਦਿੱਤਾ।"

"ਕਲੱਬ?"

"ਕੱਪੜੇ ਨਹੀਂ ਸਨ।"

"ਪਾਰਕਿੰਗ?"

"ਤੁਹਾਡੇ ਸੁਰੱਖਿਆ ਕਰਮਚਾਰੀ ਸਾਰੇ ਬੇਰੁਜ਼ਗਾਰਾਂ ਨੂੰ ਅਤਿਵਾਦੀ ਸਮਝਦੇ ਹਨ।"

"ਹਾਂ ਇਹ ਗੱਲ ਤਾਂ ਹੈ। ਤੂੰ ਟੈਲੀਫੋਨ...?"

"ਤੁਹਾਡਾ ਪੀ.ਏ. ਗੱਲ ਨਹੀਂ ਕਰਾਉਂਦਾ।"

"ਫਿਰ ਤਾਂ ਇਹੀ ਤਰੀਕਾ ਬਚਿਆ। ਖੈਰ! ਚਲੋ ਬੈਠੋ।"

ਲੜਕਾ ਜ਼ਮੀਨ 'ਤੇ ਬੈਠਣ ਲੱਗਾ।

"ਨਹੀਂ ਨਹੀਂ, ਸਾਹਮਣੇ ਬੈਠੋ।"

ਲੜਕਾ ਸਾਹਮਣੇ ਵਾਲੀ ਬਰਥ 'ਤੇ ਟਿਕ ਗਿਆ। ਇਸ ਤਰ੍ਹਾਂ ਕਿ ਇਹ ਵੀ ਨਾ ਲੱਗੇ ਕਿ ਇਕਦਮ ਬੈਠ ਹੀ ਗਿਆ ਹੈ ਅਤੇ ਇਹ ਵੀ ਨਹੀਂ ਕਿ ਉਹਨੇ ਮਿੱਤਲ ਸਾਹਿਬ ਦੀ ਹੁਕਮ-ਅਦੂਲੀ ਕੀਤੀ ਹੈ।

ਮਿੱਤਲ ਸਾਹਿਬ ਨੇ ਸੁਰਾਹੀ ਵਿਚੋਂ ਪਾਣੀ ਕੱਢਿਆ। ਪੀਂਦੇ-ਪੀਂਦੇ ਫਿਰ ਲੜਕੇ ਵੱਲ ਵਧਾ ਦਿੱਤਾ, "ਲਉ ਪਾਣੀ ਪੀਓ।"

"ਜੀ ਬੱਸ ਠੀਕ ਹੈ। ਮੈਂ ਪੀ ਕੇ ਹੀ ਚੱਲਿਆ ਸੀ।"

"ਪੀਓ ਪੀਓ। ਕੋਈ ਗੱਲ ਨਹੀਂ। ਜੂਠਾ ਹੋ ਜਾਏਗਾ ਤਾਂ ਹੋਰ ਕੱਪ ਹੈ। ਕਹਿ ਰਿਹਾ ਹਾਂ ਨਾ ਕਿ ਪੀਓ। ਕਦੋਂ ਦਾ ਥੁੱਕ ਨਿਗਲੀ ਜਾ ਰਿਹਾ ਹੈਂ।"

ਲੜਕੇ ਨੇ ਪਾਣੀ ਪੀਤਾ। ਏਨੇ ਕੁ ਪਾਣੀ ਨਾਲ ਕੀ ਹੋਣਾ ਸੀ ਪਰ ਉਸ ਨੇ ਹੋਰ ਨਹੀਂ ਮੰਗਿਆ। ਮਿੱਤਲ ਨੇ ਹੋਰ ਪੁੱਛਿਆ ਵੀ ਨਹੀਂ। ਏਨੀ ਕੁ ਇਨਸਾਨੀਅਤ ਬਹੁਤ ਸੀ। ਖੁਦ ਪੀਣ ਲੱਗੇ। ਲੜਕਾ ਕੱਪ ਹੱਥ ਵਿਚ ਲੈ ਕੇ ਬੈਠਾ ਰਿਹਾ। ਦੋਵੇਂ ਹੱਥਾਂ ਵਿਚ। ਜਿਵੇਂ ਕੱਪ ਧਾਰਨ ਕਰ ਲਿਆ ਹੋਵੇ। ਵਾਪਸ ਦਿੰਦਾ ਵੀ ਤਾਂ ਕਿਵੇਂ? ਜੂਠਾ ਕੱਪ ਮਿੱਤਲ ਸਾਹਿਬ ਨੂੰ ਕਿਵੇਂ ਦੇਵੇ? ਉੱਥੇ ਰੱਖੇ ਵੀ ਕਿਵੇਂ? ਬਾਹਰ ਦੇ ਪਾਣੀ ਨਾਲ ਧੋ ਕੇ ਲਿਆਉਣ ਨਾਲ ਵੀ ਗੱਲ ਨਹੀਂ ਬਣਦੀ। ਇਸ ਲਈ ਹੱਥਾਂ ਵਿਚ ਹੀ ਫੜੀ ਰੱਖਿਆ। ਬੱਸ ਧਾਰਨ ਕਰ ਲਿਆ।

ਮਿੱਤਲ ਸਾਹਿਬ ਨੇ ਇਲੈਚੀ ਕੱਢ ਕੇ ਮੂੰਹ ਵਿਚ ਪਾ ਲਈ। ਸੁਆਦ ਲੈਂਦੇ ਹੋਏ ਬੋਲੇ, "ਤੁਹਾਨੂੰ ਪਤਾ ਕਿਵੇਂ ਲੱਗਿਆ ਕਿ ਮੈਂ ਇਸ ਟਰੇਨ ਵਿਚ ਸਫਰ ਕਰ ਰਿਹਾ ਹਾਂ? ਮੈਂ ਤਾਂ ਕਦੇ ਟਰੇਨ ਵਿਚ ਸਫਰ ਕਰਦਾ ਨਹੀਂ।"

"ਸਰ, ਆਪ ਜੀ ਨੂੰ ਕੌਣ ਨਹੀਂ ਜਾਣਦਾ?" ਲੜਕੇ ਨੇ ਕਿਹਾ।

ਇਸ ਜੁਆਬ ਦੀ ਕੋਈ ਤੁਕ ਨਹੀਂ ਸੀ ਪਰ ਮਿੱਤਲ ਇਹ ਸੁਣ ਕੇ ਕੁਝ ਸੰਤੁਸ਼ਟ ਸਨ। ਲੜਕਾ ਥੋੜ੍ਹੀ ਬਹੁਤ ਗੱਲ ਕਰਨੀ ਜਾਣਦਾ ਹੈ। ਦਸ ਪੰਦਰਾਂ ਮਿੰਟ ਇਹਦੇ ਨਾਲ ਗੱਲ ਕਰਕੇ ਸਮਾਂ ਪਾਸ ਕਰਾਂਗਾ। ਫਿਰ ਕੱਪੜੇ ਬਦਲਾਂਗਾ, ਫਿਰ ਕਰਾਸ ਵਰਡ ਕੱਢ ਕੇ ਖੇਡਾਂਗਾ ਜੋ ਮਿਤਰੀ ਨੇ ਰਸਤੇ ਵਿਚ ਖੇਡਣ ਵਾਸਤੇ ਸਟੋਰ ਕਰ ਦਿੱਤੀਆਂ ਹਨ। ਜਾਂ ਕੁਝ ਸੋਚਾਂਗਾ।

"ਅੱਛਾ ਤਾਂ ਤੈਨੂੰ ਨੌਕਰੀ ਚਾਹੀਦੀ ਹੈ?"

"ਜੀ।"

"ਓ ਭਾਈ, ਆਰਾਮ ਨਾਲ ਬੈਠ ਜਾ।"

"ਜੀ ਬੱਸ ਠੀਕ ਹੈ।"

"ਫਿਕਰ ਨਾ ਕਰ। ਟੀਟੀ ਤੈਨੂੰ ਨਹੀਂ ਉਠਾਵੇਗਾ। ਮੈਂ ਚਾਰੇ ਬਰਥ ਰਿਜ਼ਰਵ ਕਰਵਾਏ ਹੋਏ ਨੇ। ਬੈਠ ਜਾ। ਕੰਡਕਟਰ ਪੁੱਛੇਗਾ ਤਾਂ ਕਹਿ ਦੇਵਾਂਗਾ ਕਿ ਤੂੰ ਮੇਰੇ ਨਾਲ ਹੈਂ। ਵੈਸੇ ਉਹ ਪੁੱਛੇਗਾ ਨਹੀਂ।"

ਲੜਕਾ ਕੁਝ ਠੀਕ ਹੋ ਕੇ ਬੈਠ ਗਿਆ।

"ਅੱਛਾ, ਤਾਂ ਤੈਨੂੰ ਨੌਕਰੀ ਚਾਹੀਦੀ ਹੈ? ਕਿਉਂ?" ਮਿੱਤਲ ਨੇ ਫਿਰ ਪੁੱਛਿਆ ਤੇ ਲੜਕੇ ਨੂੰ ਸਿਰ ਤੋਂ ਪੈਰਾਂ ਤੱਕ ਧਿਆਨ ਨਾਲ ਦੇਖਿਆ। ਕੁਝ ਵੀ ਖਾਸ ਨਹੀਂ। ਸਿਰ ਤੋਂ ਪੈਰਾਂ ਤੱਕ ਬੇਰੁਜ਼ਗਾਰ। ਹਿੰਦੋਸਤਾਨ ਵਿਚ ਕਿਤੇ ਵੀ ਇਹੋ ਜਿਹੇ ਦ੍ਰਿਸ਼ ਦੇਖੇ ਜਾ ਸਕਦੇ ਹਨ। ਆਪਣੀ ਭੁੱਖ ਮਾਰਨੀ ਹੋਵੇ ਤਾਂ। ਆਪਣਾ ਮੂਡ ਔਫ ਕਰਨਾ ਹੋਵੇ ਤਾਂ। ਨਹੀਂ, ਇਸ ਵਿਚ ਕੁਝ ਵੀ ਖਾਸ ਨਹੀਂ।

ਮਿੱਤਲ ਨੇ ਤੀਸਰੀ ਵਾਰ ਕਿਹਾ, "ਅੱਛਾ ਤਾਂ ਨੌਕਰੀ ਚਾਹੀਦੀ ਹੈ" ਤੇ ਸੋਚਣ ਲੱਗੇ ਕਿ ਜਦੋਂ ਇਸ ਵਿਚ ਕੁਝ ਵੀ ਖਾਸ ਨਹੀਂ ਹੈ ਤਾਂ ਉਹ ਇਸ ਨੂੰ ਭਜਾ ਕਿਉਂ ਨਹੀਂ ਦਿੰਦੇ। ਕੀ ਉਸ ਦੀਆਂ ਅਨੁਭਵੀ ਅੱਖਾਂ ਧੋਖਾ ਖਾ ਰਹੀਆਂ ਹਨ। ਉਸ ਨੂੰ ਲੱਗਿਆ ਜਿਵੇਂ ਕੋਈ ਮੁਸ਼ਕਿਲ ਪਰ ਦਿਲਚਸਪ ਕ੍ਰਾਸਵਰਡ ਪਜ਼ਲ ਉਸ ਦੇ ਸਾਹਮਣੇ ਹੈ। ਭਿੜ ਜਾਣ ਸੁਲਝਾਉਣ ਲਈ? ਘੜੀ ਦੇਖੀ। ਹਾਂ ਕੁਝ ਦੇਰ ਭਿੜਿਆ ਜਾ ਸਕਦਾ ਹੈ।

"ਕਿੰਨਾ ਪੜ੍ਹੇ ਹੋ?"

"ਜੀ ਐਮ.ਕੌਮ, ਐਲ.ਐਲ.ਬੀ., ਆਈ.ਸੀ.ਡਬਲਿਊ.ਏ. ਇੰਟਰ-ਮੀਡੀਏਟ, ਡਿਪਲੋਮਾ ਇਨ ਜਰਨਲਿਜ਼ਮ...।"

"ਇਹੋ ਜਿਹੀਆਂ ਬੇਤੁਕੀਆਂ ਡਿਗਰੀਆਂ ਤਾਂ ਬਹੁਤ ਲੋਕ ਚੁੱਕੀ ਫਿਰਦੇ ਹਨ। ਦੇਸ਼ ਵਿਚ ਏਨੀਆਂ ਯੂਨੀਵਰਸਿਟੀਆਂ ਖੁੱਲ੍ਹ ਗਈਆਂ ਹਨ ਕਿ ਜਿੱਧਰ ਵੀ ਪੱਥਰ ਸੁੱਟੋ, ਕਿਸੇ ਡਿਗਰੀਧਾਰੀ ਦੇ ਹੀ ਵੱਜੇਗਾ। ਤੇਰੇ ਵਿਚ ਕੀ ਖਾਸ ਹੈ?"

"ਇੱਕ ਵਾਰ ਮੌਕਾ ਦੇ ਕੇ ਦੇਖੋ, ਮੈਂ ਕਾਬਲੀਅਤ ਸਾਬਤ ਕਰ ਦਿਆਂਗਾ।"

"ਓ! ਤਾਂ ਤੂੰ ਕਾਬਲ ਹੈਂ!" ਲੰਮੀ ਹੇਕ ਜਿਹਾ



ਅੰਦਾਜ਼ ਲਾ ਕੇ ਕਿਹਾ। ਵਿਅੰਗ ਨਾਲ।

"ਜੀ।"

"ਪਰ ਮੈਨੂੰ ਕਾਬਲ ਨਹੀਂ, ਹੁਸ਼ਿਆਰ ਬੰਦਿਆਂ ਦੀ ਜ਼ਰੂਰਤ ਹੈ।"

ਲੜਕਾ ਕੁਝ ਨਹੀਂ ਸਮਝਿਆ। ਬਿਟਰ-ਬਿਟਰ ਦੇਖਦਾ ਰਿਹਾ।

ਮਿੱਤਲ ਨੇ ਸਮਝਾਇਆ, "ਕਾਬਲ ਬੰਦਾ ਚੰਗਾ ਕੰਮ ਕਰ ਸਕਦਾ ਹੈ ਪਰ ਹੁਸ਼ਿਆਰ ਬੰਦੇ ਦੇ ਮੁਕਾਬਲੇ ਵਿਚ ਆ ਕੇ ਬੌਂਦਲ ਜਾਂਦਾ ਹੈ ਤੇ ਹਾਰ ਜਾਂਦਾ ਹੈ। ਹੁਸ਼ਿਆਰ ਆਦਮੀ ਭਾਵੇਂ ਓਨਾ ਕਾਬਲ ਨਾ ਵੀ ਹੋਵੇ ਪਰ ਕਾਬਲ ਬੰਦਿਆਂ ਕੋਲੋਂ ਕੰਮ ਕਢਾਉਣਾ ਜਾਣਦਾ ਹੈ। ਬੋਲੋ? ਕੀ ਕਹਿੰਦੇ ਹੋ?"

ਲੜਕਾ ਮਿੱਤਲ ਸਾਹਿਬ ਦੀ ਗੱਲ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ।

"ਤੇ ਜੀਹਨੂੰ ਤੁਸੀਂ ਕਾਬਲੀਅਤ ਸਮਝ ਰਹੇ ਹੋ, ਉਹ ਹੈ ਕੀ?" ਮਿੱਤਲ ਨੇ ਪੁੱਛਿਆ।

ਲੜਕੇ ਨੂੰ ਕੁਝ ਨਹੀਂ ਅਹੁੜਿਆ।

"ਸ਼ਾਇਦ ਤੁਸੀਂ ਕੈਸ਼ਬੁੱਕ ਨੂੰ ਬਰਾਬਰ ਮੇਨਟੇਨ ਰੱਖ ਸਕਦੇ ਹੋ, ਲੈਜਰ ਅਪ-ਟੂ-ਡੇਟ ਰੱਖ ਸਕਦੇ ਹੋ, ਬੈਲੇਂਸ ਸ਼ੀਟ ਪੜ੍ਹ ਸਕਦੇ ਹੋ, ਐਸਟੀਮੇਟ ਠੀਕ ਤਰ੍ਹਾਂ ਚੈੱਕ ਕਰ ਸਕਦੇ ਹੋ, ਕੌਸਟ ਸ਼ੀਟ ਚੰਗੀ ਤਿਆਰ ਕਰ ਸਕਦੇ ਹੋ... ਪੈਸੇ-ਕੌਡੀ, ਜਮ੍ਹਾਂ-ਖਰਚ, ਲੈਣ-ਦੇਣ ਦਾ ਹਿਸਾਬ ਏਨਾ ਸਾਫ ਰੱਖ ਸਕਦੇ ਹੋ ਕਿ ਇਕ ਪੈਸੇ ਦੀ ਵੀ ਗੜਬੜ ਨਾ ਹੋ ਸਕੇ।"

"ਜੀ, ਜੀ।" ਲੜਕਾ ਬੋਲਿਆ।

"ਤੇ ਇਹਨੂੰ ਤੁਸੀਂ ਕਾਬਲੀਅਤ ਸਮਝਦੇ ਹੋ!"

ਲੜਕਾ ਫਿਰ ਫੱਕ।

ਮਿੱਤਲ ਸਾਹਿਬ ਹੋਰ ਪਸਰ ਗਏ। ਬੋਲੇ, "ਮੰਨ ਲਓ, ਸੋਨੇ ਦਾ ਪਹਾੜ ਹੈ ਸਾਡੀ ਇਨਵੈਂਟਰੀ ਵਿਚ, ਉਸ ਦੀ ਕੀਮਤ ਪਤਾ ਕਰਨੀ ਹੈ। ਕਿਵੇਂ ਕਰੋਗੇ?"

"ਸਰ, ਇੱਕ ਤਰੀਕਾ ਤਾਂ ਇਹ ਹੈ ਕਿ ਬਾਜ਼ਾਰ ਦੀ ਕੀਮਤ ਨਾਲ ਪਏ ਮਾਲ ਦੀ ਮਾਤਰਾ ਨੂੰ ਗੁਣਾ ਕਰ ਦਿਓ... ਅਤੇ ਜੇ ਲਾਗਤ ਮੁੱਲ ਪਤਾ ਲਾਉਣਾ ਹੈ ਤਾਂ...।"

"ਸਿੰਪਲ ਆਂਸਰ ਹੈ ਇੱਕ ਰੁਪਿਆ।"

"ਜੀ!"

"ਸੋਨੇ ਦੇ ਪਹਾੜ ਦੀ ਕੀਮਤ ਇਕ ਰੁਪਇਆ।"

"ਜੀ ਜੇ ਐਜ਼ਿਊਮ ਹੀ ਕਰਨਾ ਹੈ ਤਾਂ ਸੰਭਵ ਹੈ ਕਿ ਬੁੱਕ ਵੈਲਯੂ...।"

"ਮੈਂ ਕਿਹਾ ਨਾ ਕਿ ਇੱਕ ਰੁਪਿਆ", ਇਸ ਵਾਰ ਮਿੱਤਲ ਨੇ ਝਿੜਕ ਕੇ ਕਿਹਾ। ਫਿਰ ਗੱਲ ਨੂੰ ਖੋਲ੍ਹ ਕੇ ਸਮਝਾਇਆ, "ਮੇਰੀ ਅਕਾਊਂਟ ਬੋਰਡ ਮੀਟਿੰਗ ਤੋਂ ਐਨ ਪਹਿਲਾਂ ਮੇਰੇ ਹੁਕਮ ਮੁਤਾਬਿਕ ਸਾਲ ਭਰ ਦੇ ਨਫਾ-ਨੁਕਸਾਨ, ਉਤਪਾਦਨ-ਵਿਕਰੀ, ਜਮ੍ਹਾਂ-ਖਰਚ ਦੇ ਹਿਸਾਬ ਕਿਤਾਬ ਵਿਚ ਗੜਬੜੀਆਂ ਪੈਦਾ ਕਰ ਸਕਦੇ ਹੋ ਜਾਂ ਨਹੀਂ। ਅਗਰ ਹਾਂ ਤਾਂ ਕਿੰਨੀ ਦੇਰ ਵਿਚ? ਉਹ ਵੀ ਇਸ ਤਰ੍ਹਾਂ ਕਿ ਗੜਬੜੀ ਵਿਚ ਕੋਈ ਗੜਬੜੀ ਨਾ ਲੱਭੇ।"

ਲੜਕਾ ਫਿਰ ਕੋਈ ਜੁਆਬ ਨਾ ਦੇ ਸਕਿਆ।

"ਅੱਛਾ ਛੱਡੋ, ਇਹ ਦੱਸੋ ਇਸੇ ਕਾਬਲੀਅਤ ਵਾਲੇ ਜੇ ਪੰਜ ਆਦਮੀ ਹੋਰ ਮਿਲ ਰਹੇ ਹੋਣ ਤਾਂ ਤੈਨੂੰ ਹੀ ਕਿਉਂ ਲਿਆ ਜਾਵੇ?"

"ਜੀ, ਮੈਂ ਇਮਾਨਦਾਰ ਹਾਂ। ਤੁਸੀਂ ਅੱਖਾਂ ਮੀਚ ਕੇ ਮੇਰੇ 'ਤੇ ਭਰੋਸਾ ਕਰ ਸਕਦੇ ਹੋ।"

ਮਿੱਤਲ ਚੌਂਕ ਗਏ। ਫਿਰ ਮੂੰਹ ਬਣਾ ਕੇ ਬੋਲੇ, "ਹੁਣ ਤੱਕ ਤਾਂ ਤੁਸੀਂ ਮੈਨੂੰ ਹਸਾ ਰਹੇ ਸੀ, ਹੁਣ ਤਾਂ ਤੁਸੀਂ ਮੈਨੂੰ ਡਰਾ ਰਹੇ ਹੋ। ਮੈਂ ਏਨੇ ਸਾਲਾਂ ਵਿਚ ਜੋ ਐਂਪਾਇਰ ਖੜ੍ਹੀ ਕੀਤੀ ਹੈ, ਉਹਨੂੰ ਕਿਸੇ ਇਮਾਨਦਾਰ ਆਦਮੀ 'ਤੇ ਭਰੋਸਾ ਕਰ ਕੇ ਮਿੱਟੀ ਵਿਚ ਮਿਲ ਜਾਣ ਦਿਆਂ? ਮੇਰਾ ਸਿਰ ਫਿਰ ਗਿਆ ਹੈ? ਨਹੀਂ, ਸ਼ਾਇਦ ਤੁਸੀਂ ਮਜ਼ਾਕ ਕਰ ਰਹੇ ਹੋ?"

"ਕਿਉਂ ਸਰ, ਇਮਾਨਦਾਰ ਹੋਣਾ ਕੀ ਕੋਈ ਬੁਰੀ ਗੱਲ ਹੈ?"

ਮਿੱਤਲ ਸਾਹਿਬ ਨੇ ਫਿਰ ਬੁਰਾ ਜਿਹਾ ਮੂੰਹ ਬਣਾਇਆ ਤੇ ਖਿੜਕੀ ਵਿਚੋਂ ਬਾਹਰ ਝਾਕਣ ਲੱਗੇ। ਜਿਵੇਂ ਸੋਚ ਰਹੇ ਹੋਣ, ਇਹ ਕਰਾਸ ਵਰਡ ਪਜ਼ਲ ਤਾਂ ਬਹੁਤ ਹੀ ਬੋਰਿੰਗ ਹੈ।

ਕੁਝ ਪਲ ਏਦਾਂ ਹੀ ਬੀਤ ਗਏ। ਲੜਕਾ ਇੱਕ ਹੱਥ ਨਾਲ ਦੂਜੇ ਹੱਥ ਨੂੰ ਮਲਦਾ ਰਿਹਾ ਜਿਵੇਂ ਹੱਥ ਧੋ ਰਿਹਾ ਹੋਵੇ। ਰੇਲਗੱਡੀ ਹੁਣ ਸਹਿਜ ਤਾਲ ਵਿਚ ਚੱਲ ਰਹੀ ਸੀ। ਉਸ ਦੀ ਛੁੱਕ-ਛੁੱਕ ਇਕਸੁਰ ਹੋ ਗਈ ਸੀ ਤੇ ਗੱਲ ਕਰਨ ਲਈ ਉਚੀ ਬੋਲਣ ਦੀ ਲੋੜ ਨਹੀਂ ਸੀ।

"ਤੁਹਾਡੇ ਕੰਸੈਪਟ ਬਹੁਤ ਪੁਰਾਣੇ ਹੋ ਚੁੱਕੇ ਹਨ। ਤੁਸੀਂ ਕਿਸੇ ਅਧਿਆਪਕ ਦੇ ਪੁੱਤਰ ਤਾਂ ਨਹੀਂ?" ਕੁਝ ਦੇਰ ਬਾਅਦ ਮਿੱਤਲ ਸਾਹਿਬ ਨੇ ਪੁੱਛਿਆ।

ਲੜਕਾ ਕੀ ਕਹਿੰਦਾ। ਉਹ ਸੱਚੀਂ ਅਧਿਆਪਕ ਦਾ ਪੁੱਤਰ ਸੀ।

"ਮੇਰੀ ਧੀ ਮਿਤਰੀ ਵੀ ਤੇਰੇ ਵਰਗੀ ਹੀ ਹੈ। ਚੌਦਾਂ ਸਾਲਾਂ ਦੀ ਹੋ ਗਈ ਹੈ ਤੇ ਹੁਣੇ ਹੀ ਆਦਰਸ਼ਵਾਦ ਦੀ ਜਕੜ ਵਿਚ ਹੈ। ਦੇਖਿਆ ਜਾਵੇ ਤਾਂ ਉਸੇ ਕਰਕੇ ਮੈਨੂੰ ਤੇਰੇ ਵਰਗੇ... ਕੀ ਕਹਾਂ ਤੈਨੂੰ... ਸੁਪਨਸਾਜ਼ ਨਾਲ ਮੱਥਾ ਮਾਰਨਾ ਪੈ ਰਿਹਾ ਹੈ। ਕਹਿੰਦੀ ਹੈ ਕਿ ਜਦੋਂ ਮੈਨੂੰ ਡਾਕਟਰਾਂ ਨੇ ਮਨ੍ਹਾ ਕੀਤਾ ਹੈ ਤਾਂ ਮੈਨੂੰ ਹਵਾਈ ਜਹਾਜ਼ ਵਿਚ ਸਫਰ ਨਹੀਂ ਕਰਨਾ ਚਾਹੀਦਾ। ਉਸੇ ਨੇ ਇਹ ਸਾਰਾ...," ਲੰਮੇ ਚੌੜੇ ਤਾਮ-ਝਾਮ ਵੱਲ ਇਸ਼ਾਰਾ ਕਰਦਿਆਂ, "ਪ੍ਰਬੰਧ ਕੀਤਾ ਹੈ। ਸਾਰਾ ਡੱਬਾ ਮੇਰੇ ਵਾਸਤੇ ਰਿਜ਼ਰਵ ਕਰਵਾ ਦਿੱਤਾ। ਸਮਝਦੀ ਨਹੀਂ ਕਿ ਡਾਕਟਰ ਵੀ ਧੰਦਾ ਕਰ ਰਿਹਾ ਹੈ। ਹੁਣ ਦੱਸੋ?"

ਲੜਕੇ ਨੂੰ ਸਮਝ ਨਹੀਂ ਆਇਆ ਕਿ ਕੀ ਕਹੇ। ਮਿੱਤਲ ਸਾਹਿਬ ਨੇ ਫਿਰ ਲੈਚੀ ਜੇਬ ਵਿਚੋਂ ਕੱਢ ਕੇ ਮੂੰਹ ਵਿਚ ਪਾਈ ਤੇ ਜਾੜ੍ਹ ਹੇਠ ਚੱਬ ਕੇ ਬੋਲੇ, "ਪਹਿਲਾਂ ਕਿਹਾ ਜਾਂਦਾ ਸੀ ਕਿ ਬੰਦਾ ਇਮਾਨਦਾਰੀ ਕਿਤਾਬਾਂ ਵਿਚੋਂ ਸਿੱਖਦਾ ਹੈ ਤੇ ਬੇਈਮਾਨੀ ਕਰਨੀ ਤਜਰਬੇ ਵਿਚੋਂ ਪਰ ਹੁਣ ਤਾਂ ਏਨਾ ਟਾਈਮ ਹੀ ਨਹੀਂ ਹੈ ਕਿ ਤੁਹਾਨੂੰ ਅਨੁਭਵੀ ਬਣਾਉਣ ਲਈ ਦਸ ਸਾਲਾਂ ਤੱਕ ਬਚਗਾਨਾ ਇਮਾਨਦਾਰੀ ਭੁਗਤੀ ਜਾਵੇ। ਹੁਣ ਤਾਂ ਇੰਡਸਟਰੀ ਨੂੰ ਇਹੋ ਜਿਹੇ ਯੰਗਸਟਰ ਚਾਹੀਦੇ ਹਨ ਜੋ ਬੇਈਮਾਨੀ ਵਿਚ ਕੁਸ਼ਲ ਹੋਣ। ਇਸ ਨੂੰ ਕਹਿੰਦੇ ਹਨ ਪਰੈਗਮੈਟਿਕ ਯਾਨੀ ਵਿਹਾਰਕ ਹੋਣਾ। ਐਥਿਕਸ ਦੀ ਜਗ੍ਹਾ ਚਰਚ ਵਿਚ ਹੈ, ਬਿਜ਼ਨਸ ਵਿਚ ਨਹੀਂ। ਇਸ ਲਈ ਬ੍ਰੀਡਿੰਗ ਹੀ ਅਜਿਹੀ ਹੁੰਦੀ ਹੈ ਕਿ ਚੰਗੇ ਘਰਾਣੇ ਦੇ ਬੱਚਿਆਂ ਨੂੰ ਬਚਪਨ ਤੋਂ ਸਿਖਾਇਆ ਜਾਂਦਾ ਹੈ, ਕਿਵੇਂ ਦੂਜਿਆਂ ਤੋਂ ਕੰਮ ਲੈਣਾ ਹੈ... ਕਦੋਂ ਕੀ ਬੋਲਣਾ ਹੈ... ਕਦੋਂ ਕੀ ਨਹੀਂ ਬੋਲਣਾ... ਕਿਸ ਨੂੰ ਦਿਲ ਦੀ ਗੱਲ ਦੱਸਣੀ ਹੈ, ਕਿਸ ਨੂੰ ਨਹੀਂ... ਯਾਨੀ ਤੁਹਾਡੀ ਭਾਸ਼ਾ ਵਿਚ ਬੇਈਮਾਨੀ ਕਿਵੇਂ ਕਰਨੀ ਹੈ, ਚੀਟਿੰਗ ਕਿਵੇਂ ਕਰਨੀ ਹੈ... ਖਾਸ ਸਕੂਲਾਂ ਵਿਚ ਉਨ੍ਹਾਂ ਨੂੰ ਭੇਜਿਆ ਜਾਂਦਾ ਹੈ... ਉੱਥੇ ਸਿਖਾਇਆ ਜਾਂਦਾ ਹੈ ਕਿ ਤੁਹਾਡੇ ਕੰਮ ਕੀ-ਕੀ ਹਨ ਤੇ ਦੂਜਿਆਂ ਦੇ ਕੰਮ ਕੀ ਹਨ? ਤੁਹਾਡੇ ਲਈ ਠੀਕ ਗ਼ਲਤ ਕੀ ਹੈ ਤੇ ਦੂਜਿਆਂ ਲਈ ਠੀਕ ਗਲਤ ਕੀ? ਵਗੈਰਾ। ਫਿਰ ਦੇਖੋ ਇਨ੍ਹਾਂ ਬੱਚਿਆਂ ਸਾਹਮਣੇ ਕਦੇ ਅੰਤਰ-ਆਤਮਾ ਦਾ ਸੰਕਟ ਨਹੀਂ ਆਉਂਦਾ। ਦੇਅ ਆਰ ਰੀਅਲੀ ਬ੍ਰਿਲੀਐਂਟ ਐਂਡ ਆਫਕੋਰਸ ਸਕਸੈੱਸਫੁੱਲ ਇਨ ਮੋਸਟ ਆਫ ਦਿ ਕੇਸਜ਼।"

"ਲੇਕਿਨ ਸਰ ਇਮਾਨਦਾਰੀ...?"

"ਕਿੱਥੇ ਐ ਇਮਾਨਦਾਰੀ ਇਸ ਦੇਸ਼ ਵਿਚ? ਸਿਆਸਤਦਾਨ? ਨੌਕਰਸ਼ਾਹੀ? ਨਿਆਂਪਾਲਿਕਾ? ਪੱਤਰਕਾਰ? ਕਲਾਕਾਰ? ਸਮਾਜਕ ਕਾਰਕੁਨ? ਸਮਾਜਕ ਸੰਸਥਾਵਾਂ? ਕੌਣ ਹੈ ਇਮਾਨਦਾਰ? ਕਿਸ ਨੂੰ ਜ਼ਰੂਰਤ ਹੈ ਤੁਹਾਡੀ ਇਮਾਨਦਾਰੀ ਦੀ?"

"ਲੇਕਿਨ ਸਰ ਇਹੀ ਤਾਂ ਸਭ ਕੁਝ ਨਹੀਂ ਹੈ। ਦੇਸ਼ ਵਿਚ ਕਰੋੜਾਂ ਲੋਕ ਹਨ ਜੋ ਬੇਈਮਾਨ ਨਹੀਂ ਹਨ। ਖੇਤਾਂ ਵਿਚ ਹਲ ਵਾਹੁੰਦਾ ਕਿਸਾਨ, ਮਸ਼ੀਨਾਂ 'ਤੇ ਕੰਮ ਕਰਦਾ ਆਦਮੀ... ਪਿੰਡ ਦੇ ਸਕੂਲ ਵਿਚ ਬੱਚਿਆਂ ਨੂੰ ਪੜ੍ਹਾਉਂਦਾ ਅਧਿਆਪਕ... ਸੜਕਾਂ 'ਤੇ ਝਾੜੂ ਮਾਰਦਾ ਸਵੀਪਰ... ਰਸੋਈ ਵਿਚ ਰੋਟੀ ਸੇਕਦੀ ਔਰਤ... ਕੀ ਇਨ੍ਹਾਂ ਨੂੰ ਅਸੀਂ ਬੇਈਮਾਨ ਕਹਿ ਸਕਦੇ ਹਾਂ? ਤੇ ਕੀ ਸਾਡਾ ਦੇਸ਼ ਇਨ੍ਹਾਂ ਸਾਰਿਆਂ ਦੀ ਸਿਆਣਪ, ਇਨ੍ਹਾਂ ਸਾਰਿਆਂ ਦੇ ਯੋਗਦਾਨ ਨਾਲ ਨਹੀਂ ਬਣਦਾ? ਬੱਸ ਇਮਾਨਦਾਰੀ ਦੀ ਚਰਚਾ ਨਹੀਂ ਹੁੰਦੀ। ਅਖਬਾਰ ਦੀ ਖਬਰ ਨਹੀਂ ਬਣਦੀ। ਕੋਈ ਆਦਮੀ ਜੇਬ ਕੱਟਦਾ ਹੈ ਤਾਂ ਖਬਰ ਬਣ ਜਾਂਦਾ ਹੈ ਜੋ ਬਾਕੀ ਨੜਿੰਨਵੇਂ ਹਨ, ਉਹ ਖਬਰ ਨਹੀਂ ਬਣਦੇ। ਕੀ ਧਰਤੀ ਐਵੇਂ ਹੀ ਖੜ੍ਹੀ ਹੈ? ਸਰ ਏਨੀ ਵੱਡੀ ਚੀਜ਼ ਨੂੰ ਸਾਂਭ ਕੇ ਰੱਖਣ ਲਈ ਕੁਝ ਖੰਭੇ ਤਾਂ ਹੁੰਦੇ ਹੋਣਗੇ? ਇਹ ਲੱਖਾਂ ਕਰੋੜਾਂ ਗੁਮਨਾਮ ਇਮਾਨਦਾਰ ਆਦਮੀ ਇਸੇ ਤਰ੍ਹਾਂ ਦੇ ਖੰਭੇ ਹੀ ਹਨ!"

ਲੜਕੇ ਦੇ ਇਸ ਅਚਾਨਕ ਅਤੇ ਚੁਸਤ ਭਾਸ਼ਣ ਨਾਲ ਮਿੱਤਲ ਸਾਹਿਬ ਬੱਸ ਦੇਖਦੇ ਹੀ ਰਹਿ ਗਏ। ਪੈਂਤੜਾ ਬਦਲ ਕੇ ਬੋਲੇ, "ਦੇਖੋ ਕਿੰਨੇ ਅੱਛੇ ਵਿਚਾਰ ਨੇ ਤੁਹਾਡੇ। ਕਿੰਨੇ ਸੁਲਝੇ ਹੋਏ। ਤੁਹਾਨੂੰ ਤਾਂ ਸਿਆਸਤ ਵਿਚ ਹੋਣਾ ਚਾਹੀਦਾ ਹੈ।"

ਲੜਕੇ ਨੂੰ ਤੁਰੰਤ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਤੇ ਉਹ ਝੇਂਪ ਗਿਆ।

ਮਿੱਤਲ ਸਾਹਿਬ ਚੁੱਪ-ਚਾਪ ਉਸ ਦੀ ਦੁਰਦਸ਼ਾ ਦਾ ਮਜ਼ਾ ਲੈਂਦੇ ਰਹੇ। ਫਿਰ ਬਿਸਕੁਟ ਕੱਢ ਕੇ ਖਾਣ ਲੱਗੇ। ਲੜਕੇ ਨੂੰ ਪੁੱਛਿਆ ਤੱਕ ਨਹੀਂ।

ਕੁਝ ਦੇਰ ਬਾਅਦ ਲੜਕਾ ਬੋਲਿਆ, "ਸਰ, ਮੈਨੂੰ ਮੁਆਫ ਕਰਨਾ।"

ਮਿੱਤਲ ਸਾਹਿਬ ਦੇ ਮੂੰਹ ਵਿਚ ਬਿਸਕੁਟ ਸੀ। ਖਾਂਦੇ-ਖਾਂਦੇ ਰੁਕ ਗਏ। ਅੱਖਾਂ ਗੋਲ-ਗੋਲ ਹੋ ਗਈਆਂ। ਜਿਵੇਂ ਪੁੱਛ ਰਹੇ ਹੋਣ, "ਕਿਉਂ ਕਿਉਂ?"

ਗੱਡੀ ਹੌਲੀ ਹੋ ਗਈ। ਸ਼ਾਇਦ ਕੋਈ ਸਟੇਸ਼ਨ ਆ ਰਿਹਾ ਸੀ।

ਅਚਾਨਕ ਲੜਕਾ ਖੜ੍ਹਾ ਹੋ ਗਿਆ। ਸੰਕਲਪ ਲੈਣ ਵਰਗੇ ਅੰਦਾਜ਼ ਵਿਚ ਬੋਲਿਆ, "ਸਰ ਮੈਂ ਸਕਸੈੱਸਫੁੱਲ ਬਣਾਂਗਾ!" ਤੇ ਬਾਹਰ ਜਾਣ ਲੱਗਾ। ਮਿੱਤਲ ਸਾਹਿਬ ਆਵਾਜ਼ ਮਾਰ ਕੇ ਬੋਲੇ, "ਇੱਕ ਗੱਲ ਧਿਆਨ ਨਾਲ ਸੁਣੋ। ਕਿਸੇ ਵੀ ਇੰਟਰਵਿਊ ਲਈ ਜਾਓ ਤਾਂ ਸਾਰੇ ਸੁਆਲਾਂ ਦੇ ਸਹੀ ਜੁਆਬ ਕਦੇ ਨਾ ਦਿਓ। ਆਉਂਦੇ ਹੋਣ ਤਾਂ ਵੀ ਨਹੀਂ। ਨਹੀਂ ਤਾਂ ਨੌਕਰੀ ਦੇਣ ਵਾਲੇ ਨੂੰ ਤੇਰੇ 'ਤੇ ਅਹਿਸਾਨ ਕਰਨ ਦਾ ਸੁੱਖ ਕਿਵੇਂ ਮਿਲੇਗਾ? ਕੁਝ ਗੁੰਜਾਇਸ਼ ਛੱਡਣਾ ਉਸ ਵਿਚਾਰੇ ਲਈ ਵੀ। ਇਸ ਤੋਂ ਬਿਨਾ ਕੋਈ ਭਲਾਈ ਦਾ ਕੰਮ ਉਸ ਨੂੰ ਨਹੀਂ ਆਉਂਦਾ।"

ਲੜਕਾ ਬਗੈਰ ਕੋਈ ਜੁਆਬ ਦਿੱਤੇ ਉੱਤਰ ਗਿਆ।

ਮਿੱਤਲ ਸਾਹਿਬ ਮੁਸਕਰਾਏ। ਉਨ੍ਹਾਂ ਨੇ ਸੋਚਿਆ, ਹੁਣ ਜੇ ਇਹ ਲੜਕਾ ਮਿਲਣ ਆਇਆ- ਆ ਸਕਦਾ ਹੈ- ਤਾਂ ਉਹ ਜ਼ਰੂਰ ਉਸ ਨੂੰ ਮਿੱਤਰੀ ਨਾਲ ਮਿਲਾਉਣਗੇ। ਮਿੱਤਰੀ ਨੂੰ ਚੰਗਾ ਲੱਗੇਗਾ ਸਗੋਂ ਉਹ ਤਾਂ ਚਾਹੁਣਗੇ ਕਿ ਮਿੱਤਰੀ ਆਪਣੇ ਵਾਸਤੇ ਇਸ ਤਰ੍ਹਾਂ ਦਾ ਹੀ ਲੜਕਾ ਪਸੰਦ ਕਰੇ। ਬਜਰਵੱਟੂ! ਇਹਦਾ ਭਵਿੱਖ ਉੱਜਲ ਹੈ। ਢੰਗ ਦੀ ਟਰੇਨਿੰਗ ਮਿਲ ਗਈ ਤਾਂ ਅੱਗੇ ਚੱਲ ਕੇ ਚੰਗਾ ਬੇਈਮਾਨ ਬਣ ਸਕਦਾ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸਨ। ਆਪ ਜੀ ਸਿੱਖਾਂ ਦੇ ਨੌਵੇਂ ਗੁਰੂ ਵਜੋਂ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਆਪ ਬਚਪਨ ਤੋਂ ਹੀ ਵੈਰਾਗੀ ਅਤੇ ਉਪਰਾਮ ਤਬੀਅਤ ਦੇ ਮਾਲਕ ਸਨ। ਬਾਬਾ ਬਕਾਲਾ ਵਿਖੇ ਆਪ ਸਾਰਾ ਸਮਾਂ ਬਾਣੀ ਸਿਮਰਨ ਅਤੇ ਪ੍ਰਭੂ ਰੰਗ ਵਿਚ ਲੀਨ ਰਹਿੰਦੇ ਸਨ। ਸੰਨ 1664 ਈ. ਵਿਚ ਗੁਰਿਆਈ ਗੁਰਗੱਦੀ ਮਿਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਸਥਾਨ ਬਣਾਇਆ ਅਤੇ ਉਥੇ ਰਹਿ ਕੇ ਬਾਣੀ ਦੀ ਰਚਨਾ ਕੀਤੀ।



ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸਨ ਜਿਸ ਕਾਰਨ

**ਪ੍ਰੋ. ਅਜੈਪਾਲ ਸਿੰਘ ਚਵਿੰਡਾ**
**ਫੋਨ: 94642-65464**

ਆਪ ਦੀਆਂ ਰਚਨਾਵਾਂ ਵਿਚ ਵਧੇਰੇ ਕਰਕੇ ਵੈਰਾਗ ਹੀ ਝਲਕਦਾ ਹੈ ਜਿਵੇਂ:

ਸੋਰਠਿ ਮਹਲਾ 9
ਜੋ ਨਰ ਦੁਖ ਮਹਿ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ॥ ਰਹਾਉ॥
(ਆਦਿ ਗ੍ਰੰਥ, ਪੰਨਾ 633)

ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ:

ਦੇਵਗੰਧਾਰੀ ਮਹਲਾ 9
ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ ਰਹਾਉ॥
(ਆਦਿ ਗ੍ਰੰਥ, ਪੰਨਾ 536)

ਆਪ ਜੀ ਦੀ ਇਕ ਰਚਨਾ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਨੂੰ ਪੰਡਿਤ ਵਿਸ਼ਨੂੰ ਦਿਗੰਬਰ ਨੇ ਰਾਗ ਮੀਆਂ ਮਲਾਰ ਵਿਚ ਨਿਬੱਧ ਕਰ ਕੇ ਗਾਇਆ ਹੈ।

ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ:

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਗੁਰੂ ਤੇਗ ਬਹਾਦਰ ਜੀ ਨੇ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਤੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।

ਰਾਗ ਅਧੀਨ ਬਾਣੀ ਦੀ ਰਚਨਾ:

ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਗ ਅਧੀਨ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਦੀ ਸਮੁੱਚੀ ਬਾਣੀ ਵਿਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਉਨ੍ਹਾਂ ਦੀ ਬਾਣੀ ਵਿਚ ਸੰਗੀਤਾਤਮਕਤਾ ਦੀ ਨਵੀਂ ਨੁਹਾਰ ਵੀ ਸਾਹਮਣੇ ਆਉਂਦੀ ਹੈ ਅਤੇ ਨਾਸ਼ਮਾਨਤਾ ਤੇ ਰਾਮ ਨਾਮ ਸਿਮਰਨ ਦੇ ਵਿਚਾਰ ਪ੍ਰਬਲ ਹਨ।

ਗੁਰੂ ਜੀ ਨੇ ਕੁਲ 17 ਰਾਗਾਂ ਵਿਚ ਬਾਣੀ ਉਚਾਰੀ ਜਿਵੇਂ ਗਉੜੀ, ਆਸਾ, ਦੇਵਗੰਧਾਰੀ,



ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਸਾਰੰਗ, ਜੈਜਾਵੰਤੀ ਆਦਿ। ਜੈਜਾਵੰਤੀ ਰਾਗ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ।

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ: ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਗੁਰੂ ਜੀ ਨੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ ਹੈ। ਆਪ ਜੀ ਨੇ ਬਾਣੀ ਨੂੰ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ, ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਬਹੁਤ ਮਹੱਤਵ ਹੈ। ਆਪ ਜੀ ਦੇ ਸੰਬੰਧ ਵਿਚ ਇਹ ਵੀ ਪ੍ਰਚਲਿਤ ਹੈ ਕਿ ਇਕ ਵਾਰੀ ਆਪ ਜੌਨਪੁਰ ਵਿਖੇ ਗਏ ਉਥੇ ਰਾਗੀ ਗੁਰਬਖ਼ਸ਼ ਜੀ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮਿਰਦੰਗ ਸਾਜ਼ ਦੀ ਬਖਸ਼ਿਸ਼ ਕੀਤੀ। ਮਿਰਦੰਗ ਸਾਜ਼ ਗੁਰਦੁਆਰਾ ਸੰਗਤਿ ਮ੍ਰਿਦੰਗਾਵਲੀ ਜੌਨਪੁਰ ਵਿਖੇ ਅੱਜ ਵੀ ਵਿਸ਼ੇਸ਼ ਸਨਮਾਨ ਸਹਿਤ ਸੁਰੱਖਿਅਤ ਪਿਆ ਹੈ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ: ਗੁਰੂ ਤੇਗ ਬਹਾਦਰ ਜੀ ਨੇ ਆਪਣੇ ਤੋਂ ਪੂਰਵ ਗੁਰੂ ਸਾਹਿਬਾਨ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਨੂੰ ਕਿਰਿਆਤਮਕ ਤੌਰ 'ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿੱਜੀ ਯੋਗਦਾਨ ਦੁਆਰਾ ਪ੍ਰਫੁੱਲਤ ਵੀ ਕੀਤਾ। ਆਪ ਜੀ ਵਲੋਂ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਉਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰਿ ਦੀ ਚੌਕੀ ਦਾ ਕੀਰਤਨ ਹੁੰਦਾ ਸੀ।

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ: ਪਹਿਲੇ ਗੁਰੂ ਜੀ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰ ਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਿਚਾਰਧਾਰਾ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਨ੍ਹਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕਿਰਿਆਤਮਕ ਰੂਪ ਵਿਚ ਪ੍ਰਫੁੱਲਤ ਕਰਨ ਦਾ ਯਤਨ ਕੀਤਾ। ਗੁਰਮਤਿ ਸੰਗੀਤ ਨੂੰ ਵਿਭਿੰਨ ਰਾਗਾਂ, ਗਾਇਨ-ਸ਼ੈਲੀਆਂ ਅਤੇ ਉਪਕਰਨਾਂ ਸਹਿਤ ਵਿਸਤ੍ਰਿਤ ਅਤੇ ਕਿਰਿਆਤਮਕ ਰੂਪ ਦਿੱਤਾ। ਗੁਰੂ ਜੀ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ, ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਰ ਸਮਾਗਮ, ਉਤਸਵਾਂ ਆਦਿ ਦਾ ਅਨਿੱਖੜਵਾਂ ਅੰਗ ਬਣਾ ਕੇ ਸਜੀਵ ਅਤੇ ਵਿਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਨਿਤ ਵਿਕਾਸ ਸੰਖੇਪ ਰੂਪ ਵਿਚ ਕੀਤਾ ਗਿਆ ਹੈ, ਜਿਸ ਕਰਕੇ ਇਸ ਸੰਬੰਧੀ ਵਿਸਤ੍ਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

# ਪੰਚਮ ਪਾਤਸ਼ਾਹ ਦਾ ਪਿਆਰਾ ਸ਼ਰਧਾਲੂ: ਭਾਈ ਬੰਨੋ ਜੀ

**ਜਨਮ ਦਿਨ 'ਤੇ ਵਿਸ਼ੇਸ਼**

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਹੜਾ ਅਧਿਆਤਮਕ ਭੋਜਨ ਦਾ ਥਾਲ (ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ) ਸਜਾ ਕੇ ਦਿੱਤਾ ਹੈ, ਇਹ ਉਨ੍ਹਾਂ ਦੀ ਵਡਮੁੱਲੀ ਅਤੇ ਵਿਸ਼ੇਸ਼ ਦੇਣ ਹੈ। ਇਹ ਦੇਣ ਜਿੱਥੇ ਗੁਰੂ ਸਾਹਿਬ ਦੇ ਇੱਕ ਯੋਗ ਸੰਪਾਦਕ, ਮਹਾਨ ਵਿਦਵਾਨ ਅਤੇ ਉੱਚਕੋਟੀ ਦੇ ਕਵੀ ਹੋਣ ਦੀ ਹਾਮੀ ਭਰਦੀ ਹੈ, ਉੱਥੇ ਹੀ ਉਨ੍ਹਾਂ ਦੇ ਵਿੱਥ ਰਹਿਤ ਅਤੇ ਸਮਸਰ ਨਜ਼ਰੀਏ ਦੇ ਧਾਰਨੀ ਹੋਣ ਦੀ ਗਵਾਹੀ ਵੀ ਦਿੰਦੀ ਹੈ।

ਵਿਸ਼ਾਲ ਅਤੇ ਕਮਾਲ ਨਜ਼ਰੀਏ ਨਾਲ ਸਜਾਏ ਇਸ ਅਧਿਆਤਮਕ ਥਾਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤ (ਉੱਚਾ ਤੇ ਸੁੱਚਾ ਆਚਰਨ),

**ਰਮੇਸ਼ ਬੱਗਾ ਚੋਹਲਾ**
**ਫੋਨ: 94631-32719**

ਸੰਤੋਖ (ਦੁਨਿਆਵੀ ਦਾਤਾਂ ਤੋਂ ਤ੍ਰਿਪਤੀ) ਅਤੇ ਵਿਚਾਰ (ਆਤਮਿਕ ਗਿਆਨ) ਦੇ ਨਾਲ-ਨਾਲ ਪ੍ਰਭੂ ਦਾ ਅੰਮ੍ਰਿਤਮਈ ਅਤੇ ਸਦੀਵੀ ਨਾਮ ਵੀ ਪਰੋਸਿਆ ਹੈ। ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਇਸ ਥਾਲ ਨੂੰ ਸਜਾਉਣ ਲਈ ਜਿੱਥੇ ਪੰਚਮ ਪਾਤਸ਼ਾਹ ਦਾ ਅਹਿਮਤਰੀਨ ਯੋਗਦਾਨ ਹੈ, ਉੱਥੇ ਹੀ ਭਾਈ ਗੁਰਦਾਸ ਜੀ, ਬਾਬਾ ਬੁੱਢਾ ਸਾਹਿਬ ਅਤੇ ਨਗਰ ਖਾਰਾ ਦੇ ਨਿਵਾਸੀ ਭਾਈ ਬੰਨੋ ਜੀ ਅਦਿ ਦਾ ਵੀ ਵਿਸ਼ੇਸ਼ ਸਹਿਯੋਗ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਭਾਈ ਬੰਨੋ ਜੀ ਦਾ ਜਨਮ ਵਿਸਾਖ ਸੁਦੀ 13 ਸੰਮਤ 1615 ਬਿਕ੍ਰਮੀ (30 ਅਪ੍ਰੈਲ 1558 ਈ.) ਨੂੰ ਭਾਈ ਬਿਸ਼ਨ ਚੰਦ/ਦੇਵ ਦੇ ਗ੍ਰਹਿ ਪਿੰਡ ਖਾਰਾ ਮਾਂਗਟ (ਗੁਜਰਾਤ) ਵਿਖੇ ਹੋਇਆ। ਭਾਈ ਸਾਹਿਬ ਭਾਟੀਆ (ਖੱਤਰੀ) ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਭਾਈ ਬੰਨੋ ਦੇ ਤਿੰਨ ਭਰਾ ਭਾਈ ਫੇਰੂ, ਭਾਈ ਗੁਰਦਿੱਤਾ ਅਤੇ ਭਾਈ ਹਰੀ ਜੀ ਸਨ। ਜਿਸ ਪਿੰਡ ਵਿਚ ਭਾਈ ਸਾਹਿਬ ਦਾ ਜਨਮ ਹੋਇਆ ਉਹ ਸਿਰਫ ਨਾਮ ਦਾ ਹੀ ਖਾਰਾ ਨਹੀਂ ਸੀ ਸਗੋਂ ਉਸ ਦਾ ਪਾਣੀ ਵੀ ਖਾਰਾ ਸੀ। ਪੀਣ ਦੇ ਯੋਗ ਨਾ ਹੋਣ ਕਾਰਨ ਪਿੰਡ ਵਾਸੀਆਂ ਨੂੰ ਦੂਰ-ਦੁਰਾਡੇ ਤੋਂ ਪਾਣੀ ਦੀ ਲੋੜ ਪੂਰੀ ਕਰਨੀ ਪੈਂਦੀ ਸੀ।

ਭਾਈ ਬੰਨੋ ਦਾ ਵਿਆਹ ਚੇਤ ਸੁਦੀ 7 ਸੰਮਤ 1933 ਨੂੰ ਪਿੰਡ ਮਾਨੋ ਚੱਕ ਦੇ ਵਸਨੀਕ ਦਿਆਲ ਚੰਦ ਸਾਵੜਾ ਦੀ ਬੇਟੀ ਸੁਰੱਗੀ ਜਿਨ੍ਹਾਂ ਨੂੰ ਬੀਬੀ ਰੱਜੀ ਵੀ ਕਿਹਾ ਜਾਂਦਾ ਸੀ, ਨਾਲ ਹੋਇਆ। ਨੇਕ ਸੁਭਾਅ ਦੀ ਸੁਆਣੀ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ 'ਮਾਈ ਰੱਜੀ ਪਰਦੇ ਕੱਜੀ' ਕਿਹਾ ਕਰਦੇ ਸਨ। ਭਾਈ ਸਾਹਿਬ ਨੂੰ ਗੁਰਮਿਤ ਦਾ ਪਾਠ ਪੜ੍ਹਾਉਣ ਵਾਲੀ ਸੁਰੱਗੀ ਉਰਫ ਬੀਬੀ ਰੱਜੀ ਹੀ ਸੀ।

ਭਾਈ ਬੰਨੋ ਦੇ ਘਰ ਅੱਠ ਪੁੱਤਰਾਂ ਨੇ ਮੱਲ, ਟੱਲ, ਤਾਰਾ, ਦਵਾਰਕਾ, ਲੱਖੂ, ਬੱਖੂ, ਉੱਤਮ ਅਤੇ ਬੱਧੂ ਨੇ ਜਨਮ ਲਿਆ। ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਭਾਈ ਬੰਨੋ ਨੇ ਇਨ੍ਹਾਂ ਸਾਰਿਆਂ ਨੂੰ ਅਧਿਆਤਮਕ ਪੜ੍ਹਾਈ ਵੀ ਕਰਵਾਈ ਪਰ ਪਦਾਰਥਵਾਦੀ ਬਿਰਤੀ ਭਾਰੂ ਹੋਣ ਕਰਕੇ ਇਹ ਭਾਈ ਸਾਹਿਬ ਤੋਂ ਵੱਖਰੀ ਧੰਨ-ਸੰਪਤੀ ਦੀ ਆਸ ਕਰਨ ਲੱਗ ਪਏ। ਭਾਈ ਬੰਨੋ ਨੇ ਇਨ੍ਹਾਂ ਨੂੰ ਸਮਝਾਇਆ ਕਿ ਸਿੱਖੀ ਅਤੇ ਸੰਪਤੀ ਦੋਵੇਂ ਇੱਕ ਥਾਂ 'ਤੇ ਨਹੀਂ ਟਿਕ ਸਕਦੀਆਂ। ਪੁੱਤਰ ਬਾਪੂ ਦੀ ਰਮਜ਼ ਨੂੰ ਸਮਝ ਗਏ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਲੱਗ ਪਏ।

ਜਦੋਂ ਸੰਮਤ 1645 ਵਿਚ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ ਤਾਂ ਉਸ ਸਮੇਂ ਭਾਈ ਬੰਨੋ ਜੀ ਸੰਗਤ ਸਮੇਤ ਦਰਸ਼ਨ ਕਰਨ ਆ ਗਏ। ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਹ ਉੱਥੇ ਦੇ ਹੀ ਹੋ ਕੇ ਰਹਿ ਗਏ। ਮਨ ਸਿਮਰਨ ਅਤੇ ਤਨ ਸੇਵਾ ਵਿਚ ਲਗਾ ਕੇ ਭਾਈ ਸਾਹਿਬ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ। ਸਿੱਖੀ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਵਿਸ਼ੇਸ਼ ਲਗਨ ਨੂੰ ਦੇਖ ਕੇ ਗੁਰੂ ਅਰਜਨ ਦੇਵ ਨੇ ਭਾਈ ਬੰਨੋ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਦਿੱਤਾ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਭਾਈ ਬੰਨੋ ਦੀ ਦੇਣ ਕਾਬਲ-ਏ-ਤਰੀਫ਼ ਹੈ। ਦੂਰ-ਦੁਰਾਡੇ ਦੇ ਇਲਾਕੇ ਵਿਚ ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਆਪਣੇ ਨਗਰ ਖਾਰੇ ਵਿਚ ਵੀ ਇੱਕ ਧਰਮਸ਼ਾਲਾ ਬਣਾਈ, ਜਿੱਥੇ ਬੈਠ ਕੇ ਉਹ ਕਥਾ-ਕੀਰਤਨ ਦਾ ਅਖੰਡ ਪ੍ਰਵਾਹ ਚਲਾਉਂਦੇ ਸਨ।

ਗੁਰੂ ਅਰਜਨ ਦੇਵ ਜੀ ਭਾਈ ਬੰਨੋ ਨੂੰ ਰੱਜਵਾਂ ਮਾਣ ਤੇ ਸਤਿਕਾਰ ਦਿੰਦੇ ਸਨ। ਹਰਿਮੰਦਰ ਸਾਹਿਬ ਦੀ ਮੁਕੰਮਲਤਾ ਦੀ ਖੁਸ਼ੀ ਵਿਚ ਗੁਰੂ ਸਾਹਿਬ ਨੇ ਇਕ ਵਾਰ ਬ੍ਰਹਮ-ਭੋਜ (ਲੰਗਰ) ਤਿਆਰ ਕਰਵਾਇਆ। ਪੁਰਾਤਨੀ ਸੋਚ ਵਾਲੇ ਕੁੱਝ ਸਿੱਖਾਂ ਨੇ ਗੁਰੂ ਜੀ ਨੂੰ ਇਸ ਭੋਜ ਦਾ ਪਹਿਲਾ ਥਾਲ ਕਿਸੇ ਪੁਰੋਹਿਤ ਨੂੰ ਛਕਾਉਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਨੇ ਉਹ ਥਾਲ ਭਾਈ ਬੰਨੋ ਅੱਗੇ ਰੱਖ ਦਿੱਤਾ। ਇਸ ਗੱਲ ਦੀ ਗਵਾਹੀ ਭਾਈ ਜਵਾਹਰ ਸਿੰਘ ਨੇ ਆਪਣੀ ਪੁਸਤਕ 'ਭਾਈ ਬੰਨੋ ਪ੍ਰਕਾਸ਼'



ਦੇ ਅਧਿਆਇ ਛੇਵੇਂ ਵਿਚ ਇਸ ਤਰ੍ਹਾਂ ਭਰੀ ਹੈ:

'ਹਮਰੋ ਪ੍ਰੋਹਿਤ ਭਾਈ ਬੰਨੋ॥ ਸਭ ਸੰਗਤਿ ਤੁਮ ਸਤਿ ਕਰਿ ਮਾਨੋ॥

ਚਾਰ ਗੁਰੂ ਸਾਹਿਬਾਨ ਨੇ ਸਿੱਖੀ ਦੀ ਚੜ੍ਹਦੀਕਲਾ ਅਤੇ ਸਰਬਤ ਦੇ ਭਲੇ ਲਈ ਆਪੋ-ਆਪਣੇ ਸਮੇਂ ਵਿਚ ਬਾਣੀ (ਪੋਥੀ ਦੇ ਰੂਪ ਵਿਚ) ਰਚ ਕੇ ਸਾਰਥਿਕ ਅਤੇ ਸਦੀਵੀਂ ਯੋਗਦਾਨ ਪਾਇਆ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਯੋਗਦਾਨ ਨੂੰ ਪੱਕੇ ਪੈਰੀਂ ਕਰਨ ਹਿੱਤ ਇੱਕ ਵੱਡ-ਅਕਾਰੀ ਅਤੇ ਮਿਆਰੀ ਗ੍ਰੰਥ ਦੀ ਸੰਪਾਦਨਾ ਦਾ ਪ੍ਰੋਗਰਾਮ ਬਣਾਇਆ। ਇਸ ਪ੍ਰੋਗਰਾਮ ਦਾ ਉਦੇਸ਼ ਗੁਰੂ ਸਾਹਿਬਾਨ ਦੀਆਂ ਰੱਬੀ-ਰਚਨਾਵਾਂ ਦੀ ਸਾਂਭ-ਸੰਭਾਲ ਤੋਂ ਇਲਾਵਾ ਗੁਰਮਤਿ ਦੀ ਕਸਵੱਟੀ 'ਤੇ ਖਰੀਆਂ ਉਤਰਨ ਵਾਲੀਆਂ ਭਗਤਾਂ, ਭੱਟਾਂ ਅਤੇ ਗੁਰੂ-ਘਰ ਨਾਲ ਨੇੜਤਾ ਰੱਖਣ ਵਾਲੇ ਸਿੱਖਾਂ ਦੀਆਂ ਰਚਨਾਵਾਂ ਨੂੰ ਸੰਭਾਲਣਾ ਵੀ ਸੀ। ਮਹਾਨਤਾ ਅਤੇ ਵਿਦਵਾਨਤਾ ਵਾਲੇ ਇਸ ਕਾਰਜ ਲਈ ਪੰਚਮ ਪਾਤਸ਼ਾਹ ਨੇ ਰਾਮਸਰ ਨਾਮ ਦੇ ਇਕਾਂਤਕ ਸਥਾਨ ਦੀ ਚੋਣ ਕੀਤੀ ਅਤੇ ਕਾਗਜ਼-ਕਲਮ ਮੰਗਵਾ ਕੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯੁਕਤ ਕਰ ਦਿੱਤਾ। ਇਸ ਤਰ੍ਹਾਂ ਗੁਰਬਾਣੀ/ਬਾਣੀ ਸੰਗ੍ਰਹਿ ਅਤੇ ਸੰਪਾਦਨ ਦਾ ਇਹ ਕਾਰਜ ਲਗਭਗ ਪੌਣੇ ਕੁ ਦੋ ਸਾਲ ਵਿਚ ਸੰਪੂਰਨ ਹੋ ਗਿਆ।

ਬੀੜ ਦੀ ਤਿਆਰੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਸ਼ਿੱਦਤ ਨਾਲ ਇਸ ਦੀ ਹਿਫ਼ਾਜ਼ਤ ਦੀ ਲੋੜ ਨੂੰ ਮਹਿਸੂਸ ਕੀਤਾ, ਜੋ ਕਿ ਇਕ ਮਜ਼ਬੂਤ ਅਤੇ ਸੁੰਦਰ ਜਿਲਦ ਨਾਲ ਹੀ ਹੋ ਸਕਦੀ ਸੀ। ਗੁਰੂ ਸਾਹਿਬ ਅਜੇ ਇਸ ਬਾਰੇ ਸੋਚ ਹੀ ਰਹੇ ਸਨ ਕਿ ਅਚਾਨਕ ਭਾਈ ਬੰਨੋ ਜੀ ਖਾਰੇ ਵਾਲੇ ਉੱਥੇ ਪਹੁੰਚ ਗਏ। ਅੰਮ੍ਰਿਤਸਰ ਨਗਰ ਅਜੇ ਨਵਾਂ-ਨਵਾਂ ਵੱਸਿਆ ਸੀ, ਜਿਸ ਕਰਕੇ ਜਿਲਦਸਾਜ਼ੀ ਦਾ ਕੰਮ ਇੱਥੇ ਨਹੀਂ ਸੀ ਹੁੰਦਾ। ਇਸ ਕੰਮ ਲਈ ਲਾਹੌਰ ਜਾਂ ਦਿੱਲੀ ਜਾਣਾ ਪੈਣਾ ਸੀ। ਇਹ ਸੇਵਾ ਭਾਈ ਬੰਨੋ ਨੂੰ ਸੌਂਪਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ, 'ਇਸ ਬੀੜ (ਜੋ ਵੱਖ-ਵੱਖ ਸੈਂਚੀਆਂ ਦੇ ਰੂਪ ਵਿਚ ਸੀ) ਨੂੰ ਆਪਣੇ ਨਗਰ ਖਾਰੇ ਲੈ ਜਾਓ ਅਤੇ ਮੁੜਦੇ ਹੋਏ ਲਾਹੌਰ ਤੋਂ ਇੱਕ ਚੰਗੀ ਅਤੇ ਟਿਕਾਊ ਜਿਲਦ ਬੰਨ੍ਹਵਾ ਲਿਆਓ।' ਭਾਈ ਬੰਨੋ ਨੇ ਗੁਰੂ ਸਾਹਿਬ ਦੇ ਬਚਨ ਨੂੰ ਸਤਿ ਕਰ ਕੇ ਜਾਣਿਆ ਅਤੇ ਨਾਲ ਹੀ ਇਸ ਬੀੜ ਦਾ ਇੱਕ ਹੋਰ ਉਤਾਰਾ ਕਰਨ ਦੀ ਆਗਿਆ ਵੀ ਲੈ ਲਈ।

ਗੁਰੂ ਸਾਹਿਬ ਦੇ ਹੁਕਮ ਨਾਲ ਭਾਈ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਈ ਅਤੇ ਸੰਗਤ ਸਮੇਤ ਅੰਮ੍ਰਿਤਸਰ ਤੋਂ ਆਪਣੇ ਨਗਰ ਖਾਰੇ ਨੂੰ ਚੱਲ ਪਏ। ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕਿਨਾਰੇ ਇੱਕ ਇਕਾਂਤ ਸਥਾਨ 'ਤੇ ਬੈਠ ਕੇ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਉਤਾਰਾ ਕਰਨਾ ਆਰੰਭ ਦਿੱਤਾ ਪਰ ਜਵਾਹਰ ਸਿੰਘ ਦੇ ਮੁਤਾਬਕ ਇਹ ਕਾਰਜ ਉਨ੍ਹਾਂ ਨੇ ਰਸਤੇ ਵਿਚ ਪੜਾਅ ਕਰ ਕੇ ਹੀ ਸ਼ੁਰੂ ਕਰ ਦਿੱਤਾ ਸੀ।

ਇਸ ਤਰ੍ਹਾਂ ਨਗਰ ਖਾਰੇ ਵਿਚ ਪਹੁੰਚਣ ਅਤੇ ਉਥੋਂ ਲਾਹੌਰ ਮੁੜਦੇ ਸਮੇਂ ਤੱਕ ਭਾਈ ਬੰਨੋ ਦੇ ਉੱਦਮ ਸਦਕਾ ਆਦਿ ਗ੍ਰੰਥ ਸਾਹਿਬ ਦੀ ਇੱਕ ਹੋਰ ਬੀੜ ਤਿਆਰ ਹੋ ਗਈ, ਜਿਹੜੀ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਤੋਂ ਬਾਅਦ ਭਾਈ ਸਾਹਿਬ ਲਾਹੌਰ ਪਹੁੰਚ ਗਏ ਅਤੇ ਉਨ੍ਹਾਂ ਨੇ ਇੱਕ ਚੰਗੇ ਜਿਲਦਸਾਜ਼ ਤੋਂ ਦੋਵਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਬੰਨ੍ਹਵਾ ਲਈਆਂ।

ਇਸ ਕਾਰਜ ਦੀ ਸਿੱਧੀ ਤੋਂ ਬਾਅਦ ਭਾਈ ਬੰਨੋ ਜੀ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਗਏ ਅਤੇ ਉਨ੍ਹਾਂ ਨੇ ਦੋਵੇਂ ਬੀੜਾਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ। ਗੁਰੂ ਜੀ ਉਨ੍ਹਾਂ ਬੀੜਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਨਾਲ ਬਚਨ ਕੀਤਾ, 'ਭਾਈ ਬੰਨੋ, ਅਸੀਂ ਅਦਬ ਦੇ ਲਿਹਾਜ਼ ਨਾਲ ਇੱਕ ਬੀੜ ਹੀ ਕਾਇਮ ਰੱਖਣੀ ਚਾਹੁੰਦੇ ਸੀ ਪਰ ਹੁਣ ਤੂੰ ਪ੍ਰੇਮ ਅਤੇ ਲਗਨ ਨਾਲ ਇਸ ਦਾ ਦੂਜਾ ਉਤਾਰਾ ਕਰਵਾ ਲਿਆ ਹੈ, ਇਸ ਲਈ ਹੁਣ ਇਹ ਬੀੜ ਇੱਕ ਨਹੀਂ ਰਹੇਗੀ ਸਗੋਂ ਇਸ ਦੀਆਂ ਅਨੇਕਾਂ ਪ੍ਰਤੀਆਂ ਤਿਆਰ ਹੋ ਕੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਪਾਸ ਪਹੁੰਚ ਜਾਣਗੀਆਂ। ਗੁਰੂ ਸਾਹਿਬ ਦਾ ਇਹ ਬਚਨ ਅਟੱਲ ਸਾਬਤ ਹੋਇਆ। 17ਵੀਂ ਅਤੇ 18ਵੀਂ ਸਦੀ ਵਿਚ ਇਸ ਬੀੜ ਦੇ ਅਨੇਕਾਂ ਉਤਾਰੇ ਹੋਏ, ਜਿਨ੍ਹਾਂ ਨੂੰ ਸਿੱਖ ਸ਼ਰਧਾਲੂਆਂ ਵੱਲੋਂ ਬੜੇ ਪਿਆਰ ਤੇ ਸਤਿਕਾਰ ਨਾਲ ਪੜ੍ਹਿਆ/ਸੁਣਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਵਾਲੀ ਬੀੜ (ਆਦਿ ਗ੍ਰੰਥ ਸਾਹਿਬ) ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਤ ਕਰ ਦਿੱਤਾ ਅਤੇ ਦੂਜੀ (ਖਾਰੀ) ਬੀੜ ਉਪਰ ਆਪਣੇ ਦਸਤਖ਼ਤ ਕਰ ਕੇ ਭਾਈ ਬੰਨੋ ਜੀ ਨੂੰ ਬਖ਼ਸ਼ ਦਿੱਤੀ। ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ, ਜਿੱਥੇ ਇਹ ਬੀੜ ਪਹਿਲਾਂ ਉਨ੍ਹਾਂ ਕੋਲ ਅਤੇ ਫਿਰ ਉਨ੍ਹਾਂ ਦੇ ਪਰਿਵਾਰ ਕੋਲ ਰਹੀ।

ਵੰਡ ਤੋਂ ਬਾਅਦ ਭਾਈ ਬੰਨੋ ਜੀ ਦਾ ਪਰਿਵਾਰ ਉੱਤਰ ਪ੍ਰਦੇਸ਼ ਦੇ ਨਗਰ ਬਰੌਤ ਵਿਚ ਜਾ ਵੱਸਿਆ। ਬਿਰਧ ਅਵਸਥਾ ਵਿਚ ਹੋਣ ਦੇ ਬਾਵਜੂਦ ਇਹ ਬੀੜ ਇਸ ਪਰਿਵਾਰ ਕੋਲ ਸੁਰੱਖਿਅਤ ਰਹੀ ਹੈ।

# ਘਰ ਤੋਂ ਘਰ ਤੇ ਫਿਰ ਘਰ ਤੀਕ ਦਾ ਸਫ਼ਰ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਘਰ ਦਾ ਜ਼ਿਕਰ ਕੀਤਾ ਹੈ, ਕਿ ਘਰ ਸਿਰਫ ਕੰਧਾਂ ਦੀ ਚਾਰਦੀਵਾਰੀ ਨਹੀਂ ਹੁੰਦਾ, ਸਗੋਂ ਘਰ ਅਜਿਹੀ ਥਾਂ ਹੈ, ਜਿਥੇ ਤੁਸੀਂ ਖੁੱਲ੍ਹ ਕੇ ਹੱਸ ਸਕਦੇ ਹੋ, ਰੋ ਸਕਦੇ ਹੋ, ਹੋਕਰੇ ਮਾਰ ਸਕਦੇ ਜਾਂ ਚੁੱਪ ਦੀ ਆਗੋਸ਼ ਵਿਚ ਖੁਦ ਨੂੰ ਸੁੰਨ-ਸਮਾਧੀ ਵਿਚ ਲੀਨ ਕਰ ਸਕਦੇ ਹੋ।***

ਘਰ ਸੁਖਨ ਅਤੇ ਸਕੂਨ ਦਾ ਸੱਚਾ ਨਾਮ। ਮਨ ਦੀਆਂ ਮੰਨਤਾਂ ਦਾ ਰਹਿਤਨਾਮਾ। ਆਪਣੇ ਚਾਵਾਂ ਅਤੇ ਭਾਵਾਂ ਨੂੰ ਖੁੱਲ੍ਹੀ ਪਰਵਾਜ਼ ਅਰਪਣ ਵਾਲਾ ਅੰਬਰ ਅਤੇ ਇਸਦੀ ਛਾਂ ਹੇਠ ਜੀਵਨ ਦੀਆਂ ਸੁਖਦ ਯਾਦਾਂ ਹੁੰਦੀਆਂ ਨੇ ਸਾਰੀ ਉਮਰ ਦਾ ਸਰਮਾਇਆ। ਘਰ ਸਿਰਫ਼ ਕੰਧਾਂ ਦੀ ਚਾਰਦੀਵਾਰੀ ਨਹੀਂ ਹੁੰਦਾ। ਕਮਰੇ ਵੀ ਨਹੀਂ ਹੁੰਦਾ ਅਤੇ ਨਾ ਹੀ ਸਿਰ ਦੀ ਛੱਤ ਹੁੰਦਾ। ਸਗੋਂ ਇਸ ਤੋਂ ਵੀ ਜ਼ਿਆਦਾ ਬਹੁਤ ਕੁਝ ਹੁੰਦਾ ਅਤੇ ਇਸਦੇ ਅਸੀਮ ਅਰਥਾਂ ਤੇ ਅਜ਼ੀਮਤਾਂ ਵਿਚੋਂ ਹੀ ਜ਼ਿੰਦਗੀ ਨੂੰ ਆਪਣੀ ਹੋਂਦ ਦਾ ਅਹਿਸਾਸ ਅਤੇ ਜੀਵਨ ਵਿਚ ਕੁਝ ਪ੍ਰਾਪਤੀ ਦਾ ਸ਼ਰਫ਼ ਹੁੰਦਾ।

ਘਰ ਅਜੇਹੀ ਥਾਂ ਜਿਥੇ ਤੁਸੀਂ ਖੁੱਲ੍ਹ ਕੇ ਹੱਸ ਸਕਦੇ ਹੋ, ਰੋ ਸਕਦੇ ਹੋ, ਹੋਕਰੇ ਮਾਰ ਸਕਦੇ ਜਾਂ ਚੁੱਪ ਦੀ ਆਗੋਸ਼ ਵਿਚ ਖੁਦ ਨੂੰ ਸੁੰਨ-ਸਮਾਧੀ ਵਿਚ ਲੀਨ ਕਰ ਸਕਦੇ ਹੋ।

ਘਰ ਹੀ ਹੁੰਦਾ ਜਿੱਥੇ ਮੋਹ-ਮੁਹੱਬਤ ਦੀ ਆਬਸ਼ਾਰ ਵਗਦੀ। ਰੂਹ ਦੀ ਲੱਜ਼ਤਾ ਨੂੰ ਮਾਨਣ ਦੀ ਖੁੱਲ੍ਹਦਿਲੀ ਹੁੰਦੀ। ਜਿਥੇ ਤੁਸੀਂ ਆਪਣੇ ਪਿਆਰਿਆਂ ਦੀ ਬੁੱਕਲ ਦਾ ਨਿੱਘ ਮਾਣ ਸਕਦੇ ਅਤੇ ਮੋਹ ਦੇ ਸੇਕ ਵਿਚ ਪਿਘਲ ਵੀ ਸਕਦੇ ਹੋ। ਘਰ ਹੀ ਹੁੰਦਾ ਜਿੱਥੇ ਕਮਰਾ ਘਰ ਵਿਚ ਵੱਸਦੇ ਜੀਆਂ ਲਈ ਕਾਮਨਾ ਕਰਦਾ। ਇਸਦੇ ਬੂਹੇ ਹਮੇਸ਼ਾ ਬੰਦਗੀ ਕਰਦਿਆਂ ਘਰ ਦੀਆਂ ਸੁੱਖਾਂ ਮੰਗਦੇ। ਇਸ ਦੀਆਂ ਕੰਧਾਂ ਵੀ ਹੁੰਗਾਰਾ ਭਰਦੀਆਂ ਅਤੇ ਇਨ੍ਹਾਂ ਦੇ ਗਲ ਲੱਗ ਕੇ ਆਪਣਾ ਦੁਖ-ਸੱਖ ਵੀ ਸੁਣਾ ਸਕਦੇ। ਇਸਦੇ ਹੁੰਗਾਰੇ ਵਿਚੋਂ ਜੀਵਨ ਨੂੰ ਨਵੀਆਂ ਰਾਹਾਂ ਵੀ ਅਰਪ ਸਕਦੇ। ਘਰ ਹੀ ਅਰਦਾਸ ਕਰ ਸਕਦਾ ਕਿ ਘਰਾਂ ਵਾਲੇ ਸਦਾ ਘਰਾਂ ਨੂੰ ਘਰ ਬਣਨ ਦਾ ਵਰਦਾਨ ਬਖਸ਼ਦੇ ਰਹਿਣ। ਘਰ ਵਿਚੋਂ ਘਰ ਦੀ ਮਹਿਮਾ ਦਾ ਨਾਦ ਗੂੰਜਦਾ ਰਹੇ ਅਤੇ ਇਸਦੀ ਵਿਸਮਾਦੀ ਲੋਰ ਵਿਚ ਚੌਗਿਰਦਾ ਫੁੱਲਿਆ ਨਹੀਂ ਸਮਾਉਂਦਾ।

ਘਰ ਦੀਆਂ ਬਹੁਤ ਪਰਤਾਂ ਅਤੇ ਹਰ ਪਰਤ ਦਾ ਆਪਣਾ ਪਸਾਰਾ ਤੇ ਲਿਸ਼ਕਾਰਾ ਜਿਸਦੀ ਚਾਨਣੀ ਵਿਚ ਘਰ ਨੂੰ ਚਾਰ ਚੰਨ ਲੱਗਦੇ।

ਹਰ ਜੀਵ ਹੀ ਘਰ ਲੋਚਦਾ ਤੇ ਲੋੜਦਾ। ਪਰਿੰਦੇ ਆਲ੍ਹਣਾ ਬਣਾਉਂਦੇ ਅਤੇ ਜਾਨਵਰ ਘੁਰਨਿਆਂ ਨੂੰ ਆਪਣਾ ਰੈਣ-ਬਸੇਰਾ ਬਣਾਉਂਦੇ। ਘਰ ਅਚੇਤ ਵਿਚ ਬੈਠੀ ਉਹ ਲੋੜ ਹੁੰਦੀ ਜਿਸਦੀ ਪੂਰਤੀ ਵਿਚੋਂ ਹੀ ਕੁਝ ਪ੍ਰਾਪਤੀ ਦਾ ਅਹਿਸਾਸ ਹੁੰਦਾ। ਘਰ ਕਿੰਨਾ ਸੁੰਦਰ, ਤਹਿਜ਼ੀਬੀ ਤੇ ਤਰਤੀਬੀ ਹੁੰਦਾ, ਇਹ ਹੀ ਨਿਰਧਾਰਤ ਕਰਦਾ ਕਿ ਕੌਣ ਘਰ ਬਣਾਉਂਦਾ ਅਤੇ ਨਵਾਂ ਘਰ ਵਸਾਉਂਦਾ।

ਮਨੁੱਖ ਦੀਆਂ ਮੁੱਢਲੀਆਂ ਲੋੜਾਂ ਵਿਚੋਂ ਘਰ ਸਭ ਤੋਂ ਅਹਿਮ। ਇਸਦੀ ਲੋਚਾ ਮਨੁੱਖ ਨੇ ਆਦਿ ਸਮੇਂ ਤੋਂ ਹੀ ਆਪਣੇ ਮਨ ਵਿਚ ਪਾਲ ਰੱਖੀ ਹੈ। ਭਾਵੇਂ ਇਹ ਕੱਖਾਂ-ਕਾਨਿਆਂ ਦੀ ਕੁੱਲੀ ਤੋਂ ਲੈ ਕੇ ਮਹਿਲਾਂ ਦੀ ਤਾਮੀਰਦਾਰੀ ਹੋਵੇ।

ਘਰ ਕਦੇ ਵੀ ਵੱਡਾ/ਛੋਟਾ ਜਾਂ ਮਹਿੰਗਾ/ ਸਸਤਾ ਨਹੀਂ ਹੁੰਦਾ। ਘਰ ਸਿਰਫ਼ ਘਰ ਹੁੰਦਾ ਹੈ। ਇਸਨੂੰ ਇਸਦੇ ਸੁੱਚੇ ਅਰਥਾਂ ਵਿਚ ਸਮਝ ਤੇ ਅਪਣਾ ਕੇ ਹੀ ਘਰ ਦੀ ਰੂਹਾਨੀਅਤ ਅਤੇ ਅਦਲੀ-ਖੁਸ਼ੀਆਂ ਨੂੰ ਰੂਹ ਨਾਲ ਮਾਣਿਆ ਜਾ ਸਕਦਾ ਹੈ।

ਨੈਣਾਂ ਵਿਚ ਧਰੇ ਸੁਪਨਿਆਂ ਨੂੰ ਅੰਬਰੀ ਪ੍ਰਵਾਜ਼ ਦੇਣ ਲਈ ਬਹੁਤ ਜ਼ਰੂਰੀ ਹੁੰਦਾ ਕਿ ਅਸੀਂ ਘਰ ਦੇ ਸੀਮਤ ਦਾਇਰੇ ਤੋਂ ਬਾਹਰ ਜਾ ਕੇ ਆਪਣੀ ਪ੍ਰਤਿਭਾ, ਸਮਰੱਥਾ, ਸਿਆਣਪ ਅਤੇ ਸੋਝੀ ਰਾਹੀਂ ਆਪਣੀ ਤਕਦੀਰ ਨੂੰ ਨਵੀਆਂ ਤਸ਼ਬੀਹਾਂ ਦਾ ਹਾਣੀ ਬਣਾਈਏ। ਮਨੁੱਖੀ ਵਿਕਾਸ ਲਈ ਬਹੁਤ ਹੀ ਜ਼ਰੂਰੀ ਹੁੰਦਾ।

1975 ਵਿਚ ਰਣਧੀਰ ਕਾਲਜ, ਕਪੂਰਥਲਾ ਤੋਂ ਬੀ.ਐਸ.ਸੀ ਕਰਨ ਤੋਂ ਬਾਅਦ ਉਚੇਰੀ ਪੜ੍ਹਾਈ ਲਈ ਜ਼ਰੂਰੀ ਸੀ ਕਿ ਆਪਣੇ ਪਿੰਡ ਦੇ ਉਸ ਪੁਰਾਣੇ ਘਰ ਦੀ ਮਹਿਫੂਜ਼ੀ ਵਿਚੋਂ ਬਾਹਰ ਨਿਕਲ ਕੇ ਬਾਹਰਲੀ ਦੁਨੀਆ ਦੇ ਰੰਗਾਂ ਨੂੰ ਨਿਹਾਰਾਂ ਅਤੇ ਆਪਣੇ ਕਦਮਾਂ ਵਿਚ ਉਗਣ ਵਾਲੇ ਨਵੇਂ ਸਫ਼ਰ ਦੀ ਤਿਆਰੀ ਲਈ ਖੁਦ ਨੂੰ ਪਰਖਾਂ ਅਤੇ ਸਾਬਤ ਕਦਮਾਂ ਰਾਹੀਂ ਉਨ੍ਹਾਂ ਰਾਹਾਂ ਦੀ ਧੂੜ ਮੱਥੇ 'ਤੇ ਤਿਲਕ ਵਾਂਗ ਲਾਵਾਂ ਜਿਨ੍ਹਾਂ ਨੇ ਮੈਨੂੰ ਭਵਿੱਖ ਵਿਚ ਮੇਰੇ ਹਿੱਸੇ ਦਾ ਸੂਰਜ ਦੇਣਾ ਸੀ। ਐਮ.ਐਸ.ਸੀ. ਕਰਨ ਲਈ ਘਰ ਤੋਂ ਅਜੇਹਾ ਬਾਹਰ ਪੈਰ ਧਰਿਆ ਕਿ ਅੱਜ ਤੀਕ ਇਹ ਪੈਰ ਫਿਰ ਪਿੰਡ ਵਾਲੇ ਘਰ ਨੂੰ ਵਾਪਸ ਨਹੀਂ ਪਰਤੇ। ਘਰੋਂ ਇਕ ਅਟੈਚੀ ਲੈ ਕੇ ਤੁਰਿਆਂ ਨੂੰ ਪਤਾ ਨਹੀਂ ਸੀ ਕਿ ਘਰ ਲਈ ਕੀ ਵਸਤਾਂ/ਲੋੜਾਂ ਹੁੰਦੀਆਂ ਅਤੇ ਘਰ ਬਣਾਉਣ ਲਈ ਕਿਹੜੇ ਮਾਰਗਾਂ ਦਾ ਰਾਹੀ ਬਣਨਾ ਹੁੰਦਾ। ਖਾਲਸਾ ਕਾਲਜ ਸੁਧਾਰ ਵਿਚ ਪੜ੍ਹਾਉਂਦਿਆਂ, ਮੁੱਲਾਂਪੁਰ ਵਿਚ ਕਿਰਾਏ ਦੇ ਘਰ ਨਾਲ ਬਹੁਤ ਸਾਰੀਆਂ ਯਾਦਾਂ ਜੁੜੀਆਂ ਨੇ ਜਿਸ ਦੀਆਂ ਤਲਖ਼ੀਆਂ-ਤੰਗੀਆਂ ਹੁਣ ਵੀ ਕਈ ਵਾਰ ਮਨ ਨੂੰ ਕੁਰੇਦ ਜਾਂਦੀਆਂ ਨੇ। ਪਤਨੀ ਦਾ ਗੁਰੂ ਨਾਨਕ ਪਬਲਿਕ ਸਕੂਲ ਵਿਚ 300 ਰੁਪਏ/ਮਹੀਨੇ 'ਤੇ ਪੜ੍ਹਾਉਣਾ। ਮੈਂ ਸੁਧਾਰ ਕਾਲਜ ਤੋਂ ਫਾਰਗ ਹੋਇਆ ਬੇਰੁਜ਼ਗਾਰ ਸਾਂ। ਜਦ ਮੈਂ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਵਿਚ ਪੜ੍ਹਾਉਣ ਲੱਗਾ ਤਾਂ ਵੱਡੀ ਬੇਟੀ ਗੁਆਂਢ ਵਿਚ ਵੱਸਦੇ ਤਰਖਾਣਾਂ ਦੇ ਪਰਿਵਾਰ ਕੋਲ ਹੀ ਰਹਿੰਦੀ ਜੋ ਉਸਨੂੰ ਆਪਣੇ ਬੱਚਿਆਂ ਵਾਂਗ ਸਮਝਦੇ ਸਨ ਅਤੇ ਇਹ ਰਿਸ਼ਤਾ ਸਾਡੇ ਕੈਨੇਡਾ ਆਉਣ ਤੀਕ ਬਾ-ਦਸਤੂਰ ਨਿਭਦਾ ਰਿਹਾ। ਉਸ ਵੇਲੇ ਘਰ ਸਿਰਫ਼ ਇਕ ਹੀ ਕਮਰੇ ਤੀਕ ਸਿਮਟਿਆ ਹੋਇਆ ਸੀ। ਨਿੱਕੀ ਜਿਹੀ ਰਸੋਈ ਵਿਚ ਲੱਕੜਾਂ ਦੀ ਅੰਗੀਠੀ ਨਾਲ ਰੋਟੀ ਪਕਾ ਲੈਂਦੇ ਸਾਂ। ਕਦੇ ਖਾਬੋ-ਖਿਆਲ ਨਹੀਂ ਸੀ ਕਦੇ ਅਸੀਂ ਵੀ ਗੈਸ ਵਰਤਾਂਗੇ, ਫਰਿੱਜ ਹੋਵੇਗਾ ਅਤੇ ਬੱਚੀ ਨੂੰ ਆਪਣੇ ਘਰ ਦਾ ਖੁੱਲ੍ਹਾ-ਡੁੱਲਾ ਵਾਤਾਵਰਨ ਮਿਲੇਗਾ ਭਾਵੇਂ ਕਿ ਅਜਿਹਾ ਸੁਪਨਾ ਜ਼ਰੂਰ ਲੈਂਦੇ ਸਾਂ।

ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਚ ਪੜ੍ਹਾਉਣ ਤੋਂ ਬਾਅਦ 1984 ਵਿਚ ਸਰਕਾਰੀ ਕਾਲਜ ਲਈ ਚੋਣ ਹੋ ਗਈ ਅਤੇ ਮੇਰੀ ਪਹਿਲੀ ਨਿਯੁਕਤੀ ਸਰਕਾਰੀ ਕਾਲਜ ਹੁਸ਼ਿਆਰਪੁਰ ਹੋ ਗਈ। ਕਿਰਾਏਦਾਰ ਬਣਨ ਦੇ ਆਦੀ ਹੋ ਗਏ ਸਾਂ ਪਰ ਹੁਸ਼ਿਆਰਪੁਰ ਵਿਚ ਸਾਡੇ ਗੁਆਂਢੀ ਬਹੁਤ ਹੀ ਕਮਾਲ ਦੇ ਸਨ। ਉਨ੍ਹਾਂ ਦਾ ਬੇਟਾ ਸੰਨੀ ਮੇਰੇ ਕੋਲ ਕਦੇ ਕਦਾਈਂ ਹਿਸਾਬ ਪੜ੍ਹਨ ਆ ਜਾਇਆ ਕਰਦਾ ਸੀ। ਉਸ ਪਰਿਵਾਰ ਨਾਲ ਬਹੁਤ ਹੀ ਨਿੱਘੇ ਪਰਿਵਾਰਕ ਰਿਸ਼ਤੇ ਬਣ ਗਏ ਹਨ ਜੋ ਅਜੇ ਤੀਕ ਵੀ ਨਿੱਭ ਰਹੇ ਹਨ। ਸੰਨੀ ਅੱਜ-ਕੱਲ੍ਹ ਹਰਸੁਨਜੀਤ ਸਿੰਘ ਥਿਆੜਾ ਬਣ ਕੇ ਹੁਸ਼ਿਆਪੁਰ ਦੀ ਐਕਗਰੀਕਲਚਰ ਕੋਆਪਰੇਟਿਵ ਬੈਂਕ ਦਾ ਚੇਅਰਮੈਨ ਹੈ।

ਹੁਸ਼ਿਆਪੁਰ ਵਿਚ ਰਹਿੰਦਿਆਂ ਰਿਸ਼ਤਿਆਂ ਦੇ ਖੋਖਲੇਪਣ ਨਾਲ ਜੁੜੀ ਇਕ ਘਟਨਾ ਹੁਣ ਵੀ ਕਦੇ ਕਦਾਈਂ ਮੈਨੂੰ ਸੰਬੰਧਾਂ ਦੀ ਸੰਕੀਰਨਤਾ ਦੇ ਰੂਬਰੂ ਕਰ ਜਾਂਦੀ ਹੈ। 1986 ਦੀ ਗੱਲ ਹੈ। ਮੇਰੀ ਬਦਲੀ ਸਰਕਾਰੀ ਕਾਲਜ ਕਪੂਰਥਲਾ ਦੀ ਹੋ ਗਈ ਪਰ ਮੇਰਾ ਮਨ ਹੁਸ਼ਿਆਰਪੁਰ ਵਿਚ ਅਜਿਹਾ ਲੱਗਾ ਕਿ ਮੈਂ ਚਾਹੁੰਦਾ ਸੀ ਕਿ ਮੈਂ ਹੁਸ਼ਿਆਪੁਰ ਵਿਚ ਹੀ ਰਹਾਂ। ਇਸ ਲਈ ਮੈਂ ਅਕਾਲੀ ਸਰਕਾਰ ਵਿਚ ਬੋਦਲਾਂ ਦੇ ਰਹਿਣ ਵਾਲੇ ਮਨਿਸਟਰ ਨੂੰ ਉਸਦੇ ਘਰ ਵਿਚ ਇਸ ਦਾਈਏ ਨਾਲ ਆਪਣੀ ਪਤਨੀ ਸਮੇਤ ਮਿਲਣ ਲਈ ਚਲਾ ਗਿਆ ਕਿ ਮੇਰੀ ਪਤਨੀ ਦੀ ਚਚੇਰੀ ਭੈਣ ਮਨਿਸਟਰ ਦੀ ਨੂੰਹ ਹੈ। ਮਨਿਸਟਰ ਤਾਂ ਘਰ ਨਹੀਂ ਸੀ ਪਰ ਉਸਦੀ ਪਤਨੀ ਦਾ ਵਤੀਰਾ ਅਜਿਹਾ ਸੀ ਕਿ ਚਾਹ-ਪਾਣੀ ਤਾਂ ਕੀ ਪੁੱਛਣਾ ਸੀ ਸਗੋਂ ਸਾਨੂੰ ਖੜਿਆਂ ਖੜਿਆਂ ਹੀ ਬਾਹਰ ਦਾ ਰਸਤਾ ਦਿਖਾ ਦਿੱਤਾ। ਬੜੀ ਹੀਣ ਭਾਵਨਾ ਨਾਲ ਘਰ ਨੂੰ ਪਰਤੇ। ਉਸ ਪਲ ਹੀ ਅਸੀਂ ਫੈਸਲਾ ਕਰ ਲਿਆ ਕਿ ਅਸੀਂ ਹੁਣ ਕਪੂਰਥਲੇ ਹੀ ਰਹਾਂਗੇ। ਅਸੀਂ ਭੁੱਲ ਹੀ ਜਾਂਦੇ ਹਾਂ ਕਿ ਜੀਵਨ ਦੇ ਕਿਸ ਮੋੜ 'ਤੇ ਕਿਸਦੀ ਲੋੜ ਪੈ ਜਾਣੀ ਹੈ?

1986 ਰਣਧੀਰ ਕਲਾਜ ਕਪੂਰਥਲਾ ਵਿਚ ਬਦਲੀ ਹੋਣ 'ਤੇ ਬੱਚੀ ਦੀ ਪੜ੍ਹਾਈ ਨੂੰ ਮੁੱਖ ਰੱਖਦਿਆਂ ਕਪੂਰਥਲੇ ਹੀ ਰਿਹਾਇਸ਼ ਰੱਖਣ ਦਾ ਫੈਸਲਾ ਕੀਤਾ ਭਾਵੇਂ ਕਿ ਮੈਂ ਆਪਣੀ ਬੀ.ਐਸ.ਸੀ. ਦੀ ਪੜ੍ਹਾਈ ਦੌਰਾਨ ਪਿੰਡ ਤੋਂ ਨਿੱਤ ਰਣਧੀਰ ਕਾਲਜ ਪੜ੍ਹਨ ਆਉਂਦਾ ਸਾਂ। ਕਿਰਾਏ 'ਤੇ ਘਰ ਲੈ ਲਿਆ। ਦੋ ਕਮਰਿਆਂ ਦਾ ਸੈਟ। ਪਰ ਕੁਝ ਸਮੇਂ ਬਾਅਦ ਹੀ ਪਤਾ ਲੱਗ ਗਿਆ ਕਿ ਮਾਲਕਣ ਬਹੁਤ ਹੀ ਬਦਤਮੀਜ਼ ਅਤੇ ਹੰਕਾਰ ਨਾਲ ਭਰੀ ਹੋਈ ਹੈ। ਘਰ ਵਾਲੇ ਵਲੋਂ ਰਿਸ਼ਵਤ ਨਾਲ ਕੀਤੀ ਕਮਾਈ ਦਾ ਇੰਨਾ ਘਮੰਡ ਸੀ ਕਿ ਉਹ ਅਕਸਰ ਹੀ ਕਹਿੰਦੀ ਸੀ ਕਿ ਪ੍ਰੋਫੈਸਰ ਸਾਡੇ ਸਾਹਮਣੇ ਕੀ ਹਨ? ਟੁੱਚ ਜਿਹੇ। ਹਾਲਾਤ ਇਥੋਂ ਤੀਕ ਬਦਤਰ ਹੋ ਰਹੇ ਸਨ ਕਿ ਮੇਰੀ ਗਰਭਵਤੀ ਪਤਨੀ ਨੂੰ ਹੇਠਾਂ ਬਾਥਰੂਮ ਜਾਣ ਲਈ ਵੀ ਕਈ ਵਾਰ ਜ਼ਲੀਲ ਹੋਣਾ ਪੈਂਦਾ ਸੀ ਕਿਉਂਕਿ ਸਾਡਾ ਬਾਥਰੂਮ ਪਹਿਲੀ ਮੰਜ਼ਲ 'ਤੇ ਸੀ ਅਤੇ ਡਾਕਟਰ ਵਲੋਂ ਪੌੜੀਆਂ ਚੜ੍ਹਨ ਦੀ ਮਨਾਹੀ ਸੀ। ਕਿਰਾਏਦਾਰ ਰਹਿ ਕੇ ਮਾਲਕਣ ਦੀ ਬਦਤਮੀਜ਼ੀ ਨੂੰ ਸਹਿਣਾ ਦਿਨ-ਬ-ਦਿਨ ਔਖਾ ਹੋ ਰਿਹਾ ਸੀ ਅਤੇ ਅਖੀਰ ਜੂਨ 1987 ਵਿਚ ਛੋਟੀ ਬੱਚੀ ਦੇ ਜਨਮ ਤੋਂ ਅਗਲੇ ਦਿਨ ਹੀ ਅਸੀਂ ਕਿਰਾਏ ਦਾ ਮਕਾਨ ਬਦਲ ਲਿਆ। ਇਹ ਕਸਮ ਵੀ ਖਾਧੀ ਕਿ ਹੁਣ ਆਪਣਾ ਘਰ ਜ਼ਰੂਰ ਬਣਾਉਣਾ ਹੈ। ਪਤਾ ਨਹੀਂ ਕੁਝ ਕੁ ਮਾਲਕ ਮਕਾਨਾਂ ਦੇ ਮਨ ਵਿਚ ਇਹ ਹੁੰਦਾ ਕਿ ਕਿਰਾਏਦਾਰ ਬੰਦੇ ਨਹੀਂ ਹੁੰਦੇ। ਭਾਵੇਂ ਕਿ ਜੀਵਨ ਦੇ ਇਕ ਪੜਾਅ 'ਤੇ ਉਹ ਵੀ ਕਦੇ ਕਿਰਾਏਦਾਰ ਰਹੇ ਹੁੰਦੇ ਨੇ।



ਅਪ੍ਰੈਲ 1989 ਵਿਚ ਨਵੀਂ ਬਣ ਰਹੀ ਪ੍ਰੋਫੈਸਰ ਕਲੋਨੀ ਵਿਚ ਆਪਣਾ ਘਰ ਬਣਾ ਕੇ ਰਿਹਾਇਸ਼ ਕਰਨ ਵਾਲੇ ਅਸੀਂ ਪਹਿਲੇ ਸਾਂ। ਸਿਰਫ਼ ਘਰ ਦੇ ਬਾਹਰੀ ਦਰਵਾਜ਼ੇ ਹੀ ਲੱਗੇ ਸਨ। ਪੂਰਨ ਤਿਆਰੀ ਕਰਨ ਵਿਚ ਤਾਂ ਬਾਅਦ ਵਿਚ ਤਿੰਨ-ਚਾਰ ਸਾਲ ਹੋਰ ਲੱਗ ਗਏ ਸਨ ਪਰ ਆਪਣੇ ਘਰ ਵਿਚ ਇਕ ਸਕੂਨ ਸੀ। ਮੇਰੇ ਬੱਚਿਆਂ ਨੂੰ ਆਪਣੇ ਘਰ ਦੀਆਂ ਕੰਧਾਂ 'ਤੇ ਲੀਕਾਂ ਮਾਰਨ ਜਾਂ ਹੁੜਦੰਗ ਮਚਾਉਣ ਦੀ ਖੁੱਲ੍ਹ ਸੀ। ਆਪਣੇ ਘਰ ਵਿਚ ਬੰਦਾ ਆਪਣੇ ਹੀ ਰੰਗ ਅਤੇ ਰਾਜ਼ ਵਿਚ ਜੀਵਨ ਨੂੰ ਜਿਉਂਦਾ ਹੈ।

ਇਸ ਘਰ ਵਿਚ ਬੱਚੇ ਵੱਡੇ ਹੋਏ ਤੇ ਵਿਦਿਆ ਪ੍ਰਾਪਤ ਕੀਤੀ। ਫਿਰ 2003 ਵਿਚ ਕੈਨੇਡਾ ਨੂੰ ਪ੍ਰਵਾਸ ਕੀਤਾ। ਸੱਚੀਂ ਘਰ ਬਹੁਤ ਉਦਾਸ ਹੋਇਆ ਸੀ ਜਦ ਪਹਿਲੀ ਵਾਰ ਹੱਥੀਂ ਬਣਾਏ ਘਰ ਤੋਂ ਬਾਹਰ ਪੈਰ ਪੁੱਟਿਆ ਸੀ ਕਿਉਂਕਿ ਘਰ ਨੂੰ ਪਤਾ ਸੀ ਕਿ ਇਨ੍ਹਾਂ ਪੈਰਾਂ ਨੇ ਫਿਰ ਉਸ ਰੰਗ ਵਿਚ ਘਰ ਨੂੰ ਵਾਪਸ ਨਹੀਂ ਪਰਤਣਾ ਜਿਵੇਂ ਇਸ ਤੋਂ ਪਹਿਲਾਂ ਹਰ ਸ਼ਾਮ ਨੂੰ ਘਰ ਦੀ ਦਹਿਲੀਜ਼ ਨੂੰ ਚੁੰਮਦੇ ਸਨ ਅਤੇ ਹੋਇਆ ਵੀ ਇੰਝ ਵੀ।

ਕੈਨੇਡਾ ਵਿਚ ਪ੍ਰਵਾਸ ਕਰਨਾ ਇੰਝ ਲੱਗਿਆ ਜਿਵੇਂ ਇਕ ਘਰ ਤੋਂ ਬਾਹਰ ਜਾਣ ਦਾ ਹਰਜਾਨਾ ਭੁਗਤਣਾ ਹੋਵੇ। ਸਾਰੀਆਂ ਸਹੂਲਤਾਂ ਨੂੰ ਛੱਡ ਕੇ ਇਕ ਅਟੈਚੀ ਲੈ ਕੇ ਫਿਰ ਤੋਂ ਜੱਦੋ-ਜਹਿਦ ਸ਼ੁਰੂ ਕਰਨ ਅਤੇ ਖੁਦ ਨੂੰ ਸਥਾਪਤ ਕਰਨ ਦੀ ਜ਼ਿੱਦ। ਫਿਰ ਤੋਂ ਘਰ ਸਮੇਤ ਉਨ੍ਹਾਂ ਸਾਰੀਆਂ ਸਹੂਲਤਾਂ ਨੂੰ ਸਿਰਜਣ ਦਾ ਹੱਠ। ਖੁਦ ਨੂੰ ਨਵੀਆਂ ਹਾਲਾਤਾਂ ਤੇ ਚੁਣੌਤੀਆਂ ਨਾਲ ਆਹਡਾ ਲਾਉਣ ਲਈ ਤਿਆਰ ਕਰਨਾ। ਇਨ੍ਹਾਂ ਵਿਚੋਂ ਉਭਰ ਕੇ ਆਪਣੇ ਸਿਰੜ ਅਤੇ ਮਿਹਨਤ ਵਿਚੋਂ ਸੰਦਲੀ ਭਾਅ ਨੂੰ ਉਘਾੜਨ ਲਈ, ਮੇਰੀ ਪਤਨੀ ਜਿਸਨੇ ਕਪੂਰਥਲੇ ਰਹਿੰਦਿਆਂ ਬੱਚੀਆਂ ਦਾ ਪਾਲਣ-ਪੋਸ਼ਣ ਕਰਦਿਆਂ ਘਰ ਨੂੰ ਬਾਖੂਬੀ ਸੰਭਾਲਿਆ ਸੀ ਉਹ ਵੀ ਇਸ ਜੱਦੋ-ਜਹਿਦ ਵਿਚ ਮੂਹਰੈਲ ਬਣ ਕੇ ਨਿੱਤਰੀ। ਇਸ ਨਾਲ ਜ਼ਿੰਦਗੀ ਨੂੰ ਆਪਣੀਆਂ ਲੀਹਾਂ 'ਤੇ ਲਿਆਉਣ ਦੀ ਤਮੰਨਾ, ਮਿਹਨਤ ਦਾ ਰਾਗ ਬਣੀ ਰਹੀ।

ਖੁਸ਼ਕਿਸਮਤੀ ਸੀ ਕਿ ਅਸੀਂ ਜਿਸ ਬੇਸਮੈਂਟ ਵਿਚ ਰਹਿੰਦੇ ਸਾਂ, ਉਸ ਘਰ ਦੇ ਮਾਲਕ ਸਾਨੂੰ ਪਰਿਵਾਰ ਵਾਂਗ ਸਮਝਦੇ ਸਨ। ਸਾਡੀ ਕਿਸੇ ਵੀ ਲੋੜ ਵਿਚ ਸਾਥ ਦੇਣ ਲਈ ਹਰਦਮ ਤਿਆਰ ਭਾਵੇਂ ਕਿਸੇ ਨੂੰ ਏਅਰਪੋਰਟ ਤੋਂ ਚੁੱਕਣਾ ਹੋਵੇ, ਕਿਸੇ ਦਫ਼ਤਰ ਵਿਚ ਜਾਣਾ ਹੋਵੇ ਕਿਉਂਕਿ ਨਵੇਂ ਪ੍ਰਵਾਸੀਆਂ ਲਈ ਕਾਰ ਤੋਂ ਬਗੈਰ ਨਵੀਆਂ ਥਾਵਾਂ 'ਤੇ ਜਾਣਾ ਆਸਾਨ ਨਹੀਂ ਹੁੰਦਾ। ਪਰ ਮਨ ਵਿਚ ਇਕ ਚਸਕ ਜ਼ਰੂਰ ਸੀ ਕਿ ਕੈਨੇਡਾ ਵਿਚ ਆਪਣਾ ਘਰ ਕਦੋਂ ਬਣੇਗਾ?

ਇਸ ਚਸਕ ਨੂੰ ਚੰਗਿਆੜੀ ਬਣਾਉਣ ਲਈ ਇਕ ਘਟਨਾ ਨੇ ਮੇਰੇ ਮਨ 'ਤੇ ਬਹੁਤ ਅਸਰ ਕੀਤਾ ਜਿਹੜੀ ਅਕਸਰ ਹੁਣ ਵੀ ਚੇਤਿਆਂ ਵਿਚ ਆ ਜਾਂਦੀ ਹੈ। 'ਕੇਰਾਂ ਮੇਰੀ ਵੱਡੀ ਬੇਟੀ ਆਪਣੇ ਤਿੰਨ ਬੱਚਿਆਂ ਸਮੇਤ ਟੋਰਾਂਟੋ ਸਾਨੂੰ ਮਿਲਣ ਆਈ। ਖੁੱਲ੍ਹੇ ਘਰ ਵਿਚ ਰਹਿਣ ਦੇ ਆਦੀ ਬੱਚਿਆਂ ਨੂੰ ਬੇਸਮੈਂਟ ਇਕ ਕੈਦ ਜਾਪੇ ਅਤੇ ਉਹ ਤਿੰਨੋਂ ਹੀ ਬੇਸਮੈਂਟ ਦੀਆਂ ਪੌੜੀਆਂ 'ਤੇ ਨਿੰਮੋਝੂਣੇ ਬੈਠੇ ਸਨ। ਇਹ ਦੇਖ ਕੇ ਮਨ ਵਿਚ ਆਇਆ ਕਿ ਬੱਚੇ ਜ਼ਰੂਰ ਸੋਚਦੇ ਹੋਣਗੇ ਕਿ ਇਹ ਕੇਹੇ ਨਾਨਕੇ ਹਨ ਕਿ ਅਸੀਂ ਤਾਂ ਕਾਲ-ਕੋਠੜੀ ਵਿਚ ਕੈਦ ਹੀ ਹੋ ਗਏ। ਨਾਨਕਾ ਘਰ ਇੰਝ ਦਾ ਤਾਂ ਨਹੀਂ ਹੁੰਦਾ ਅਤੇ ਮੈਂ ਤੇ ਮੇਰੀ ਪਤਨੀ ਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਪੜ੍ਹਦਿਆਂ ਫੈਸਲਾ ਕੀਤਾ ਕਿ ਹੁਣ ਆਪਣਾ ਘਰ ਹੋਣਾ ਜ਼ਰੂਰੀ ਹੈ। ਫਿਰ ਅਸੀਂ ਕੈਨੇਡਾ ਵਿਚ ਆਪਣਾ ਘਰ ਲੈ ਲਿਆ। ਅਗਲੀ ਵਾਰ ਜਦ ਬੱਚੇ ਆਏ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਇਬਾਰਤ ਨੂੰ ਪੜ੍ਹ ਕੇ ਮਨ ਬਹੁਤ ਖੁਸ਼ ਹੋਇਆ। ਇਹ ਘਰ ਕਰੀਕ ਦੇ ਨਾਲ ਸੀ ਅਤੇ ਬੱਚੇ ਕਰੀਕ ਵਿਚ ਵਗਦੇ ਪਾਣੀ ਵਿਚ ਤੈਰਦੀਆਂ ਬੱਤਖਾਂ ਨੂੰ ਬਰੈਡ ਪਾਉਣ ਦੀ ਹਰ ਵਾਰ ਜ਼ਿੱਦ ਕਰਦੇ। ਉਨ੍ਹਾਂ ਲਈ ਇਹ ਸਭ ਤੋਂ ਵਧੀਆ ਪਲ ਹੁੰਦੇ ਜਦ ਉਹ ਵਾਰੀ-ਵਾਰੀ ਬੱਤਖਾਂ ਨੂੰ ਬਰੈਡ ਪਾਉਂਦੇ ਅਤੇ ਫਿਰ ਨੱਚਦੇ ਟੱਪਦੇ ਘਰ ਨੂੰ ਪਰਤਦੇ। ਘਰ ਜਿਹੜਾ ਉਨ੍ਹਾਂ ਦੇ ਘਰ ਵਰਗਾ ਤਾਂ ਨਹੀਂ ਸੀ। ਪਰ ਘਰ ਦਾ ਵਾਤਵਾਰਨ ਹੀ ਵੱਖਰਾ ਹੁੰਦਾ ਜਿਸ ਵਿਚ ਬੱਚਿਆਂ ਨੂੰ ਕੁਝ ਵੀ ਕਰਨ ਦੀ ਖੁੱਲ੍ਹ ਹੁੰਦੀ ਖਾਸ ਕਰਕੇ ਜਦ ਇਹ ਨਾਨਕਾ ਘਰ ਹੋਵੇ।

ਕਪੂਰਥਲਾ ਵਿਚ ਬਣਾਏ ਘਰ ਤੋਂ ਕੈਨੇਡਾ ਵਿਚ ਲਏ ਘਰ ਦੀ ਸਫ਼ਰਦਾਰੀ ਵਿਚ ਬਹੁਤ ਕੁਝ ਸਿੱਖਣ ਅਤੇ ਸਮਝਣ ਨੂੰ ਮਿਲਿਆ। ਔਖਾ ਹੁੰਦਾ ਏ ਇਕ ਘਰ ਨੂੰ ਤਿਆਗ ਕੇ ਹੋਰ ਘਰ ਦੀ ਸਿਰਜਣਾ ਕਰਨਾ ਪਰ ਪਹਿਲਾ ਘਰ ਹਮੇਸ਼ਾ ਪਹਿਲਾ ਹੀ ਹੁੰਦਾ ਕਿਉਂਕਿ ਪਹਿਲੇ ਘਰ ਨਾਲ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੁੰਦੀਆਂ ਹਨ। ਤੁਹਾਨੂੰ ਘਰ ਦੀ ਨਿੱਕੀ ਨਿੱਕੀ ਚੀਜ਼, ਵਸਤ ਜਾਂ ਤਿਆਰੀ ਦਾ ਪਤਾ ਵੀ ਹੁੰਦਾ। ਇਸੇ ਲਈ ਪਹਿਲਾ ਘਰ ਤੁਹਾਡੇ ਚੇਤਿਆਂ ਵਿਚੋਂ ਕਦੇ ਨਹੀਂ ਵਿਸਰਦਾ।

ਕੈਨੇਡਾ ਵਿਚ ਆਪਣਾ ਘਰ ਬਣਾਉਣ ਅਤੇ ਸੁਖਨਮਈ ਜ਼ਿੰਦਗੀ ਜਿਊਣਾ ਅਤੇ ਜੀਵਨ ਦੇ ਆਖ਼ਰੀ ਪੜਾਅ ਨੂੰ ਭੱਜ-ਦੌੜ ਤੋਂ ਬਗੈਰ ਜਿਊਣਾ ਸ਼ਾਇਦ ਸਾਡੀ ਤਕਦੀਰ ਵਿਚ ਨਹੀਂ ਸੀ। ਕਈ ਵਾਰ ਤੁਹਾਡੇ ਪੈਰਾਂ ਵਿਚ ਹੀ ਅਜਿਹਾ ਸਫ਼ਰ ਲਿਖਿਆ ਹੁੰਦਾ ਜਿਸਨੂੰ ਪੂਰਾ ਕਰ ਕੇ ਹੀ ਤੁਹਾਡੇ ਮਨ ਵਿਚ ਪੂਰਨਤਾ ਦਾ ਅਹਿਸਾਸ ਹੁੰਦਾ। ਫਿਰ ਵੱਡੀ ਬੇਟੀ ਦਾ ਦਾਈਏ ਜੇਹਾ ਹੁਕਮ ਆਇਆ ਕਿ ਮੈਂ ਚਾਹੁੰਦੀ ਹਾਂ ਕਿ ਤੁਸੀਂ ਅਮਰੀਕਾ ਆ ਜਾਵੋ ਕਿਉਂਕਿ ਤੁਸੀਂ ਇਥੇ 'ਕੱਲੇ ਕੀ ਕਰੋਗੇ? ਅਸੀਂ ਦੋਵੇਂ ਭੈਣਾਂ ਤਾਂ ਹੁਣ ਅਮਰੀਕਾ ਵਿਚ ਹਾਂ। ਨਾਲੇ ਸਾਡੇ ਬੱਚਿਆਂ ਨੂੰ ਨਾਨੇ-ਨਾਨੀ ਦਾ ਸੰਗ-ਸਾਥ ਮਿਲਿਆ ਰਹੇਗਾ।

ਬੇਟੀ ਦੇ ਦਾਈਏ ਨੂੰ ਕੌਣ ਮੋੜਨ ਦੀ ਅਵੱਗਿਆ ਕਰ ਸਕਦਾ। ਫਿਰ ਸ਼ੁਰੂ ਹੋ ਗਿਆ ਕੈਨੇਡਾ ਵਿਚ ਆਪਣੇ ਆਪ ਨੂੰ ਸਮੇਟਣਾ ਅਤੇ ਨਵੇਂ ਸਫ਼ਰ ਦੀ ਤਿਆਰੀ ਲਈ ਖੁਦ ਨੂੰ ਤਿਆਰ ਕਰਨਾ। ਨਵੀਆਂ ਚੁਣੌਤੀਆਂ ਅਤੇ ਮੁਸ਼ਕਲਾਂ ਨਾਲ ਆਢਾ ਲਾਉਣ ਦੀ ਵਾਰੀ। ਪਿੰਡ ਤੋਂ ਕਪੂਰਥਲਾ, ਕਪੂਰਥਲਾ ਤੋਂ ਕੈਨੇਡਾ ਅਤੇ ਹੁਣ ਕੈਨੇਡਾ ਤੋਂ ਅਮਰੀਕਾ। ਪਰ ਮਨ ਵਿਚ ਇਹ ਧਾਰੀ ਕਿ ਅਮਰੀਕਾ ਵਿਚ ਆਪਣਾ ਵੱਖਰਾ ਘਰ ਲੈ ਕੇ ਬੇਟੀ ਕੋਲ ਜਾਣਾ ਹੈ ਤਾਂ ਕਿ ਬੱਚੀਆਂ ਦੇ ਕੋਲ ਰਹਿੰਦਿਆਂ ਵੀ ਨਿੱਜੀ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾਵੇ। ਉਸਦੀ ਪਰਿਵਾਰਕ ਜ਼ਿੰਦਗੀ ਵਿਚ ਕਿਸੇ ਕਿਸਮ ਦੀ ਦਖਲ-ਅੰਦਾਜ਼ੀ ਤੋਂ ਨਿਰਲੇਪ ਰਿਹਾ ਜਾਵੇ। ਕੈਨੇਡਾ ਦਾ ਘਰ ਵੇਚਿਆ ਅਤੇ ਬੇਟੀ ਤੋਂ ਪੰਜ ਮਿੰਟ ਦੀ ਡਰਾਈਵ 'ਤੇ ਘਰ ਲੈ ਲਿਆ ਅਤੇ ਕੈਨੇਡਾ ਵਿਚ ਸਭ ਕੁਝ ਛੱਡ ਛੁਡਾ ਕੇ ਅਮਰੀਕਾ ਪਹੁੰਚ ਗਏ।

ਦਰਅਸਲ ਘਰ ਹੀ ਹੁੰਦਾ ਜੋ ਮਨੁੱਖ ਨੂੰ ਸਕੂਨ ਬਖਸ਼ਦਾ। ਮਨੁੱਖ ਦਿਨ ਭਰ ਦੀ ਭੱਜ-ਦੌੜ ਤੋਂ ਬਾਅਦ ਘਰ ਦੀ ਮਹਿਫੂਜ਼ੀ ਵਿਚ ਆਪਣੇ ਆਪ ਨੂੰ ਬਹੁਤ ਹੀ ਆਰਾਮਦਾਇਕ ਅਤੇ ਅਨੰਦਮਈ ਮਹਿਸੂਸਦਾ। ਘਰ ਤੁਹਾਨੂੰ ਬੁੱਕਲ ਵਿਚ ਲੈਂਦਾ, ਤੁਹਾਡੀਆਂ ਚਿੰਤਾਵਾਂ ਨੂੰ ਦੂਰ ਕਰਦਾ, ਤੁਹਾਡੇ ਮੱਥੇ ਤੋਂ ਫਿਕਰਾਂ ਦੀਆਂ ਲਕੀਰਾਂ ਨੂੰ ਪੂੰਝਦਾ, ਮੁਸ਼ੱਕਤ ਦੀ ਥਕਾਨ ਉਤਾਰਦਾ ਅਤੇ ਅਗਲੇ ਦਿਨ ਲਈ ਨਵੀਂ ਤਾਜ਼ਗੀ ਅਤੇ ਤਿਆਰੀ ਵੀ ਅਰਪਿਤ ਕਰਦਾ। ਘਰ ਦੀਆਂ ਬਹੁਤ ਪਰਤਾਂ। ਸਿਰਫ਼ ਸੁਨਹਿਰੀ ਪਰਤ ਨੂੰ ਪਾਉਣਾ ਬਹੁਤ ਜ਼ਰੂਰੀ ਹੁੰਦਾ ਕਿਉਂਕਿ

ਘਰ ਨੂੰ ਤੌਖਲਾ ਹੁੰਦਾ ਤਾਂ
ਦਰਾਂ ਮੂਹਰੇ ਲਾਏ ਜਾਂਦੇ ਬੈਰੀਕੇਡ,
ਆਲੇ-ਦੁਆਲੇ ਪੁੱਟੀ ਜਾਂਦੀ ਖਾਈ,
ਚੌਫੇਰੇ ਲੱਗ ਜਾਂਦੇ ਪਹਿਰੇ,
ਤੇ ਹਰੇਕ ਦੀ ਹੁੰਦੀ ਜਾਮਾ-ਤਲਾਸ਼ੀ।

ਘਰ ਨੂੰ ਡਰ ਹੁੰਦਾ ਤਾਂ
ਘਰ ਦੁਆਲੇ ਉਸਰਦੀਆਂ ਕੰਧਾਂ,
ਕੰਧਾਂ 'ਤੇ ਜੜ੍ਹੇ ਜਾਂਦੇ ਕਿੱਲ ਤੇ ਕੱਚ,
ਦਰਵਾਜ਼ਿਆਂ 'ਤੇ ਲੱਗਦੇ ਜੰਦਰੇ,
ਤੇ ਖੂੰਖਾਰ ਕੁੱਤੇ ਬਣ ਜਾਂਦੇ ਰਾਖੇ।

ਘਰ ਪ੍ਰਛਾਵਿਆਂ ਤੋਂ ਤ੍ਰਭਕਦਾ ਤਾਂ
ਛੱਤ ਤੋਂ ਸੁਣਦੀ ਪੈਰਾਂ ਦੀ ਆਹਟ,
ਕੰਧਾਂ ਕਰਦੀਆਂ ਚੁਗਲੀਆਂ,
ਖਿੜਕੀਆਂ 'ਤੇ ਹੁੰਦੀ ਪਰਦਾਦਾਰੀ,
ਤੇ ਰੌਸ਼ਨਦਾਨਾਂ ਤੋਂ
ਬੇਦਖ਼ਲ ਹੋ ਜਾਂਦੀ ਰੌਸ਼ਨੀ।

ਪਰ
ਇਹ ਬੰਦਸ਼ਾਂ ਕਿੰਝ ਰੋਕਣਗੀਆਂ
ਹਵਾਵਾਂ ਦਾ ਸਰਸਰਾਉਣਾ,
ਪੰਛੀਆਂ ਦਾ ਚਹਿਚਹਾਉਣਾ,
ਲੰਮੀਆਂ ਉਡਾਰੀਆਂ ਲਾਉਣਾ,
ਤੇ ਜ਼ਿੰਦਗੀ ਦੇ ਗੀਤ ਗਾਉਣਾ?

***(ਬਾਕੀ ਅਗਲੇ ਸਫੇ 'ਤੇ)***

# ਕੈਨੇਡਾ ਡਾਇਰੀ-(1)

ਸੰਨ 2001 ਦੀਆਂ ਗਰਮੀਆਂ ਵਿਚ ਮੈਂ ਪਹਿਲੀ ਵਾਰੀ ਕੈਨੇਡਾ ਗਿਆ ਸਾਂ। ਉਦੋਂ ਉਥੋਂ ਦਾ ਆਰਥਿਕ, ਸਮਾਜਿਕ ਤੇ ਧਾਰਮਿਕ ਮਾਹੌਲ ਬਿਲਕੁਲ ਹੋਰ ਤਰ੍ਹਾਂ ਦਾ ਸੀ, ਹੁਣ ਹੋਰ ਤਰ੍ਹਾਂ ਦਾ ਹੈ। ਲੋਕ ਭਾਰਤ ਤੋਂ ਆਉਣ ਵਾਲੇ ਆਪਣੇ ਰਿਸ਼ਤੇਦਾਰਾਂ ਦੇ ਦਰਸ਼ਨਾਂ ਨੂੰ ਬੁਰੀ ਤਰ੍ਹਾਂ ਤਰਸੇ ਪਏ ਸਨ। ਬੜਾ ਉਦਰੇਵਾਂ ਸੀ ਲੋਕਾਂ ਵਿਚ ਆਪਣਿਆਂ ਨੂੰ ਮਿਲਣ ਦਾ। ਮਿਲਾਪ ਦੀ ਤਾਂਘ ਦਿਨ ਰਾਤ ਠਾਠਾਂ ਮਾਰਦੀ। ਉਦੋਂ ਉਥੇ ਭੀੜ ਬੜੀ ਘੱਟ ਸੀ ਤੇ ਲੋਕਾਂ ਕੋਲ ਕੰਮਕਾਰ ਬਹੁਤ ਵੱਧ ਸਨ। ਇਧਰੋਂ ਗਏ ਲੋਕਾਂ ਵਿਚ ਕਾਹਲ ਵੀ ਨਹੀਂ ਸੀ ਦਿਸਦੀ ਤੇ ਪੰਜਾਬੀ ਲੋਕ ਏਧਰ-ਓਧਰ ਤੁਰੇ

**ਨਿੰਦਰ ਘੁਗਿਆਣਵੀ**

ਫਿਰਦੇ ਖੁਸ਼-ਖੁਸ਼ ਦਿਖਾਈ ਦਿੰਦੇ ਸਨ। ਮੈਂ ਦੇਖਿਆ ਕਿ ਉਦੋਂ ਵਿਦਿਆਰਥੀ ਵੀਜ਼ੇ ਦਾ ਕਿਸੇ ਨੇ ਨਾਂ ਤੱਕ ਨਹੀਂ ਸੀ ਸੁਣਿਆ ਹੋਇਆ। ਉਸ ਵੇਲੇ ਲੋਕਾਂ ਨੂੰ ਪੀ-ਆਰਾਂ ਪਲੋ-ਪਲੀ ਮਿਲੀ ਜਾਂਦੀਆਂ ਸਨ ਤੇ ਵਰਕ ਪਰਮਿਟ ਜਾਂ ਪੁਆਇੰਟਾਂ ਉਤੇ ਵੀ ਬਹੁਤ ਸਾਰੇ ਪਰਿਵਾਰ ਇੰਡੀਆ ਤੋਂ ਕੈਨੇਡਾ ਵੱਲ ਨੂੰ ਦੌੜੇ ਜਾ ਰਹੇ ਸਨ। ਉਦੋਂ ਕੁ ਜਿਹੇ ਹੀ ਏਧਰੋਂ ਪਤੀ-ਪਤਨੀ, ਚੰਗੀਆਂ-ਚੰਗੀਆਂ ਨੌਕਰੀਆਂ ਛੱਡ ਕੇ, ਸਮੇਤ ਬੱਚਿਆਂ ਦੇ, ਕੈਨੇਡਾ ਜਾ ਅੱਪੜੇ ਤੇ ਬੇਸਮੈਂਟਾਂ ਵਿਚ ਬੈਠੇ ਆਪਣੀ ਕਿਸਮਤ ਉਤੇ ਝੂਰਨ ਲੱਗੇ। ਬੇਸਮੈਂਟਾਂ ਬਹੁਤ ਸਸਤੀਆਂ ਮਿਲ ਰਹੀਆਂ ਸਨ ਤੇ ਖਾਣ-ਪੀਣ ਵੀ ਸਸਤਾ ਸੀ। ਇੰਡੀਆ ਤੋਂ ਨਵੇਂ- ਨਵੇਂ ਆਏ ਉਨ੍ਹਾਂ ਲੋਕਾਂ ਦਾ ਕਹਿਣਾ ਸੀ ਕਿ ਇੰਡੀਆ ਵਿਚੋਂ ਅਸੀਂ ਏਡੀਆਂ ਸੋਹਣੀਆਂ ਤੇ ਵੱਡੀਆਂ-ਵੱਡੀਆਂ ਨੌਕਰੀਆਂ ਗੁਆ ਕੇ ਤੇ ਆਬਦੇ ਵੱਡੇ-ਵੱਡੇ ਸ਼ਾਨਦਾਰ ਘਰ ਛੱਡ ਕੇ ਏਥੇ ਇਨ੍ਹਾਂ ਘੁਰਨਿਆਂ (ਬੇਸਮੈਂਟਾਂ) ਵਿਚ ਆ ਬੈਠੇ ਆਂ ਤੇ ਹੁਣ ਏਧਰ-ਓਧਰ ਦਿਹਾੜੀਆਂ ਕਰਨ ਜਾਂਦੇ ਆਂ, ਕੀ ਹੈ ਕਿਸਮਤ ਸਾਡੀ? ਕੀ ਹੈ ਏਹ ਕੈਨੇਡਾ ਕਨੂੜਾ ਜਿਹਾ? ਅਸੀਂ ਆਪਣੇ ਮੁਲਕ ਵਿਚ ਹੀ ਬਹੁਤ ਵਧੀਆ ਸਾਂ, ਹੁਣ ਧੋਬੀ ਦੇ ਕੁੱਤੇ ਆਂ ਅਸੀਂ, ਨਾ ਘਰ ਦੇ ਆਂ, ਨਾ ਘਾਟ ਦੇ ਆਂ, ਵਾਪਸ ਜਾਵਾਂਗੇ ਤਾਂ ਜੱਗ ਹਸਾਈ ਹੋਵੇਗੀ ਤੇ ਸ਼ਰੀਕੇ ਕਬੀਲੇ ਦੇ ਤਾਹਣੇ-ਮਿਹਣੇ ਸੁਣਾਂਗੇ ਜਾ ਕੇ? ਅਸੀਂ ਏਥੇ ਭੁੱਖੇ ਚਾਹੇ ਮਰ ਜਾਈਏ ਪਰ ਵਾਪਸ ਨਹੀਂ ਅਸਾਂ ਜਾਣਾ।

ਮੈਂ ਅਜਿਹੇ ਲੋਕਾਂ ਨੂੰ ਮਿਲ-ਸੁਣ ਕੇ ਮਹਿਸੂਸ ਕੀਤਾ ਕਿ ਜਿਹੜੇ ਇਨ੍ਹਾਂ ਦੇ ਰਿਸ਼ਤੇਦਾਰਾਂ ਨੇ ਇਨ੍ਹਾਂ ਨੂੰ ਵਰਕ ਪਰਮਿਟ ਜਾਂ ਪੁਆਇੰਟਾਂ ਉਤੇ ਕੈਨੇਡਾ ਆਉਣ ਦੀ ਦੱਸ ਪਾਈ ਸੀ, ਜਾਂ ਸਲਾਹ ਦੇ ਕੇ ਬਣਦੀ-ਸਰਦੀ ਮਦਦ ਕੀਤੀ ਸੀ, ਉਨ੍ਹਾਂ ਨਾਲ ਹੁਣ ਇਨ੍ਹਾਂ ਦੀ ਸਖਤ ਨਾਰਾਜ਼ਗੀ ਬਣੀ ਹੋਈ ਹੈ, ਤੇ ਇਹ ਉਨ੍ਹਾਂ ਨੂੰ ਦੇਖ-ਮਿਲ ਕੇ ਭੋਰਾ ਵੀ ਰਾਜ਼ੀ ਨਹੀਂ ਹਨ, ਹੋ ਸਕਦੈ ਕਿ ਉਹ ਵਿਚਾਰੇ ਇਨ੍ਹਾਂ ਦੀਆਂ ਇੱਛਾਵਾਂ ਉਤੇ ਪੂਰੀ ਤਰ੍ਹਾਂ ਖਰੇ ਨਾ ਉਤਰ ਸਕੇ ਹੋਣ! ਮੈਂ ਦੇਖਿਆ ਕਿ ਰਿਸ਼ਤਿਆਂ ਵਿਚ ਤਰੇੜਾਂ ਆ ਚੁੱਕੀਆਂ ਸਨ ਤੇ ਮੋਹ-ਮਾਣ ਉੱਡ-ਪੁੱਡ ਗਿਆ ਸੀ। ਉਸ ਸਮੇਂ ਮੈਂ ਇਹੋ ਜਿਹੇ



ਕਾਫੀ ਸਾਰੇ ਲੋਕਾਂ ਨੂੰ ਮਿਲਿਆ-ਗਿਲਿਆ ਸਾਂ, ਜਾਂ ਉਹ ਲੋਕ ਮੈਨੂੰ ਆਪ ਹੀ ਲੱਭ ਕੇ ਮਿਲੇ ਸਨ ਤੇ ਭਾਰਤ ਤੋਂ ਹੀ ਮੇਰੀਆਂ ਲਿਖਤਾਂ ਸਦਕਾ ਮੈਨੂੰ ਜਾਣਦੇ ਵੀ ਸਨ। ਚਲੋ, ਖੈਰ!

ਉਦੋਂ ਜਿਹੜੇ ਲੋਕ ਉਥੇ ਬੜੇ ਔਖੇ ਸਨ, ਹੁਣ ਉਹੀ ਲੋਕ ਉਥੇ ਬੜੇ ਸੌਖੇ ਹਨ ਤੇ ਹੁਣ ਉਹੀ ਲੋਕ ਮੈਨੂੰ ਇਹ ਆਖ ਰਹੇ ਹਨ ਕਿ ਅਸੀਂ ਬਹੁਤ ਚੰਗੇ ਤੇ ਬਿਲਕੁਲ ਠੀਕ ਰਹਿ ਗਏ ਆਂ, ਹੁਣ ਤਾਂ ਸਾਨੂੰ ਸੁਖ ਨਾਲ ਵੀਹ-ਬਾਈ ਸਾਲ ਬੀਤ ਚੱਲੇ ਨੇ ਕੈਨੇਡਾ ਆਇਆਂ ਨੂੰ, ਹੁਣ ਤਾਂ ਸਾਡੇ ਬੱਚੇ ਵੀ ਏਥੇ ਜੁਆਨ ਹੋਏ ਐ, ਖੂਬ ਪੜ੍ਹੇ-ਲਿਖੇ ਐ, ਵਧੀਆ ਜਾਬਾਂ ਕਰਦੇ ਐ ਤੇ ਵਿਆਹੇ ਵਰੇ ਵੀ ਗਏ ਐ। ਸਾਡੀਆਂ ਵੀ ਸੁਖ ਨਾਲ ਹੁਣ ਪੈਨਸ਼ਨਾਂ ਲੱਗ ਗਈਆਂ ਨੇ, ਤੇ ਸਾਡੇ ਘਰ-ਘਾਟ ਵੀ ਵਾਧੂ ਵਧੀਆ ਨੇ। ਬਿਜ਼ਨਸ ਵੀ ਸਾਡੇ ਵਧ ਫੁਲ ਗਏ ਨੇ। ਮੈਨੂੰ ਉਨ੍ਹਾਂ ਲੋਕਾਂ ਪਾਸੋਂ ਇਹ ਬੋਲ ਸੁਣ ਕੇ ਖੁਸ਼ੀ ਹੁੰਦੀ ਹੈ ਕਿ ਇਹ ਲੋਕ ਕਰੜੇ ਸੰਘਰਸ਼ ਵਿਚੋਂ ਨਿਕਲ ਕੇ ਹੀ ਹੁਣ ਆਪਣੇ ਸੁਖੀ ਹੋਣ ਦਾ ਦਾਅਵਾ ਕਰ ਰਹੇ ਹਨ, ਇਹ ਚੰਗੀ ਗੱਲ ਹੈ, ਮਨੁੱਖ ਸਦਾ ਸੁਖੀ ਹੀ ਹੋਣਾ ਚਾਹੀਦਾ ਹੈ, ਚਾਹੇ ਕਿਹੋ ਜਿਹੀ ਵੀ ਧਰਤੀ ਹੋਵੇ ਉਹਦੇ ਵੱਸਣ ਵਾਸਤੇ! ਸੋ, ਦੋਸਤੋ, ਇਹੋ ਜਿਹੇ ਕਾਫੀ ਪਰਿਵਾਰ ਮੇਰੇ ਨਾਲ ਉਦੋਂ ਦੇ ਜੁੜੇ ਹੋਏ ਹਨ, ਤੇ ਫੋਨ ਉਤੇ ਗੱਲਾਂ ਬਾਤਾਂ ਵੀ ਅਕਸਰ ਹੀ ਕਰਦੇ ਹੀ ਰਹਿੰਦੇ ਹਨ।

****

ਉਦੋਂ, (ਇੱਕੀ ਸਾਲ ਪਹਿਲਾਂ) ਕੈਨੇਡਾ ਦੇ ਪ੍ਰਧਾਨ ਮੰਤਰੀ ਜੌਂ ਕਰੈਚੀਆਂ ਸਨ ਤੇ ਲਿਬਰਲ ਦੀ ਸਰਕਾਰ ਸੀ। ਗੁਰਬਖਸ਼ ਸਿੰਘ ਮੱਲ੍ਹੀ ਟੋਰਾਂਟੋ ਦੇ ਬਰੈਮਲੀ ਗੌਰ ਮਾਲਟਨ ਹਲਕਾ ਵਿਚੋਂ, (ਪਹਿਲੇ ਪਗੜੀਧਾਰੀ ਸਿੱਖ) ਮੈਂਬਰ ਪਾਰਲੀਮੈਂਟ ਸਨ ਤੇ ਲੇਬਰ ਦੇ ਪਾਰਲੀਮਾਨੀ ਸੈਕਟਰੀ ਵੀ ਸਨ। ਉਹ ਤੀਜੀ ਵਾਰ ਚੋਣ ਜਿੱਤੇ ਸਨ। ਉਨ੍ਹਾਂ ਦਾ ਪਿੰਡ ਚੁੱਘਾ ਕਲਾਂ ਮੋਗਾ ਜ਼ਿਲ੍ਹੇ ਵਿਚ ਪੈਂਦਾ ਹੈ। ਅਖਬਾਰ ਅਜੀਤ ਵੀਕਲੀ ਵਿਚੋਂ ਪੜ੍ਹ ਕੇ ਤੇ ਰੇਡੀਓ ਟੀਵੀ ਉਤੋਂ ਸੁਣ ਕੇ ਮੱਲ੍ਹੀ ਜੀ ਨੇ ਆਪੇ ਮੇਰਾ ਫੋਨ ਨੰਬਰ ਲੱਭਿਆ ਸੀ ਤੇ ਆਖ ਰਹੇ ਸਨ ਕਿ ਮੇਰੇ ਵਾਸਤੇ ਏਹ ਬੜੀ ਖੁਸ਼ੀ ਦੀ ਗੱਲ ਹੋਵੇਗੀ ਕਿ ਜਿੰਨੀ ਉਮਰ ਐ ਤੇ ਉਸ ਤੋਂ ਵੱਧ ਕਿਤਾਬਾਂ ਦੇ ਲੇਖਕ ਲੜਕੇ ਨੂੰ ਮੈਂ ਆਪਣੇ ਮੁਲਕ ਦੇ ਪ੍ਰਧਾਨ ਮੰਤਰੀ ਕੋਲ ਲੈ ਕੇ ਜਾਵਾਂਗਾ ਤੇ ਤੇਰਾ ਉਨ੍ਹਾਂ ਪਾਸੋਂ ਸਨਮਾਨ ਕਰਵਾਵਾਂਗਾ। ਮੱਲ੍ਹੀ ਜੀ ਕੋਲੋਂ ਇਹ ਸੁਣ ਮੈਂ ਵੀ ਪ੍ਰਸੰਨ ਹੋਇਆ ਨਿਆਣਾ, ਨਿਮਾਣਾ ਤੇ ਨਿਤਾਣਾ। ਬੜਾ ਕਮਾਲ ਦਾ ਸਬੱਬ ਬਣਿਆ ਸੀ। ਇਹ ਸਾਰਾ ਕੁਝ ਖੂਬ ਹੋਇਆ। ਹਰਭਜਨ ਮਾਨ ਦੇ ਸਹੁਰਾ ਸਾਹਿਬ ਹਰਚਰਨ ਸਿੰਘ ਮਾਸਟਰ ਜੀ, (ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦੇ ਵੱਡੇ ਬੇਟੇ) ਮੈਨੂੰ ਟੋਰਾਂਟੋ ਤੋਂ ਕੈਨੇਡਾ ਦੀ ਪਾਰਲੀਮੈਂਟ ਔਟਾਵਾ ਲੈ ਗਏ। ਮੈਂ ਹੈਰਾਨ ਹੋ ਰਿਹਾ ਸਾਂ ਕੈਨੇਡਾ ਦੀ ਪਾਰਲੀਮੈਂਟ ਦੇਖ-ਦੇਖ ਕੇ, ਕਿਉਂਕਿ ਪੰਜਾਬ ਦੀ ਅਸੈਂਬਲੀ ਦੇ ਕਿਸੇ ਦਰਸ਼ਨ ਕਰਨ ਵਾਸਤੇ ਹੁਣ ਤਕ ਵੀ ਸੁਭਾਗ ਨਹੀਂ ਸੀ ਮਿਲਿਆ। (ਹੁਣ ਤਾਂ ਭਾਵੇ ਕਿ ਮੇਰੇ ਇਲਾਕੇ ਦਾ ਸ. ਕੁਲਤਾਰ ਸਿੰਘ ਸੰਧਵਾਂ ਇਸ ਵੇਲੇ ਪੰਜਾਬ ਵਿਧਾਨ ਸਭਾ ਦਾ ਸਪੀਕਰ ਵੀ ਹੈ ਤੇ ਜਲਦੀ ਗੇੜਾ ਪੰਜਾਬ ਵਿਧਾਨ ਸਭਾ ਦਾ ਕੱਢਾਂਗੇ)।

***(ਬਾਕੀ ਅਗਲੇ ਹਫਤੇ)***

---

## ਘਰ ਤੋਂ ਘਰ ਤੇ ਫਿਰ ਘਰ ਤੀਕ ਦਾ ਸਫ਼ਰ

***(ਪਿਛਲੇ ਸਫੇ ਦਾ ਬਾਕੀ)***

ਕਿਹੜੀ ਰੁਕਾਵਟ ਰੋਕੇਗੀ
ਫ਼ਿਜਾਵਾਂ 'ਚ ਉਗੀ ਹੇਕ,
ਮੋਹਵੰਤਿਆਂ ਦੀ ਟੇਕ,
ਮੁਹੱਬਤਾਂ ਦਾ ਕੋਸਾ ਸੇਕ,
ਤੇ ਵਿਹੜੇ 'ਚ ਮੌਲਦੀ ਧਰੇਕ?

ਕਿਹੜੀ ਕਿੱਲਾਬੰਦੀ ਰੋਕੇਗੀ
ਬੁਲੰਦ ਆਵਾਜ਼,
ਸਾਹਾਂ ਦਾ ਰਿਆਜ਼,
ਸੁਪਨਿਆਂ ਦੀ ਪ੍ਰਵਾਜ਼,
ਤੇ ਜਿਊਣ ਅੰਦਾਜ਼?

ਸਗੋਂ ਇਨ੍ਹਾਂ ਪਾਬੰਦੀਆਂ 'ਚ
ਦੁਬਕੇਗਾ ਘਰ ਦਾ ਸਾਹ,
ਧੁਆਂਖੇ ਜਾਣਗੇ ਚਾਅ,
ਸੱਧਰਾਂ ਹੋਣਗੀਆਂ ਸਵਾਹ,
ਤੇ ਘਰ ਰੋਵੇਗਾ ਮਾਰ ਕੇ ਧਾਹ।

ਇਸ ਤੋਂ ਪਹਿਲਾਂ ਕਿ
ਘਰ ਕਬਰ ਬਣ ਜਾਵੇ
ਚਾਨਣ ਅਤੇ 'ਵਾ ਤੋਂ ਪਹਿਰੇ ਹਟਾਓ
ਇਨ੍ਹਾਂ ਦੀ ਆਗੋਸ਼ ਵਿਚ ਬਹਿ ਕੇ
ਯੁੱਗ-ਜਿਊਣ ਦੀਆਂ ਬਾਤਾਂ ਪਾਓ

ਤੇ ਘਰ ਨੂੰ ਘਰ ਬਣਾਓ।

ਬੰਦਾ ਸਾਰੀ ਉਮਰ ਘਰ ਦੀ ਸਿਰਜਣਾ ਵਿਚ ਹੀ ਲਾ ਦਿੰਦਾ ਤਾਂ ਹੀ ਘਰ ਵੀ ਬੰਦੇ ਨੂੰ ਆਪਣੀ ਆਗੋਸ਼ ਵਿਚ ਲੈ, ਇਸਦੀਆਂ ਬਲਾਵਾਂ ਉਤਾਰਦਾ ਅਤੇ ਇਸਨੂੰ ਅੰਤਰੀਵੀ ਬਖਸ਼ਿਸ਼ਾਂ ਨਾਲ ਨਿਵਾਜਦਾ।

ਬੰਦੇ ਤੇ ਘਰ ਦਾ ਇਹ ਰਿਸ਼ਤਾ ਯੁੱਗਾਂ ਯੁੱਗਾਂ ਤੋਂ ਜਾਰੀ। ਇਸ ਸੰਬੰਧ ਨੇ ਸਦੀਵੀ ਰਹਿਣਾ ਕਿਉਂਕਿ ਘਰ ਤੋਂ ਬਗੈਰ ਬੰਦੇ ਦੀ ਕੋਈ ਹੋਂਦ ਨਹੀਂ ਅਤੇ ਬੰਦੇ ਤੋਂ ਬਗੈਰ ਘਰ ਦੀ ਸਿਰਜਣਾ ਕੌਣ ਕਰੇਗਾ? ਘਰ ਵਾਲਿਆਂ ਤੋਂ ਬਗੈਰ ਘਰ ਦੇ ਕੀ ਅਰਥ ਨੇ? ਸੰਸਾਰਕ ਸਫ਼ਰ ਲਈ ਅਤਿ ਜ਼ਰੂਰੀ ਹੈ ਕਿ ਇਹ ਸੁਹਜਭਾਵੀ ਸੰਬੰਧ ਸਦਾ ਬਰਕਰਾਰ ਰਹੇ।

ਘਰ ਬਾਹਰਲਾ ਵੀ ਹੁੰਦਾ ਜੋ ਦੁਨੀਆ ਨੂੰ ਨਜ਼ਰ ਆਉਂਦਾ। ਪਰ ਇਕ ਘਰ ਮਨੁੱਖ ਦੇ ਅੰਦਰ ਵੀ ਹੁੰਦਾ। ਜ਼ਿਆਦਾ ਵਾਰ ਮਨੁੱਖ ਦੇ ਮਨ ਵਿਚ ਬਾਹਰਲੇ ਘਰ ਦਾ ਹੀ ਤੁਸੱਵਰ ਹੁੰਦਾ। ਉਸਨੂੰ ਯਾਦ ਹੀ ਨਹੀਂ ਰਹਿੰਦਾ ਕਿ ਉਸਦੇ ਅੰਤਰੀਵ ਵਿਚ ਵੀ ਇਕ ਘਰ ਹੈ। ਇਸਦੀ ਯਾਤਰਾ ਜ਼ਿੰਦਗੀ ਨੂੰ ਸੁੱਚਮ ਅਤੇ ਸਦੀਵਤਾ ਬਖਸ਼ਣ ਲਈ, ਇਸਦੀ ਜ਼ਿਆਰਤ ਕਰਨਾ, ਬਹੁਤ ਜ਼ਰੂਰੀ ਹੁੰਦਾ। ਇਹ ਵੀ ਜ਼ਰੂਰੀ ਹੁੰਦਾ ਕਿ ਬਾਹਰਲੇ ਘਰ ਦੀ ਸਲਾਮਤੀ ਦੇ ਨਾਲ ਨਾਲ ਆਪਣੇ ਅੰਦਰਲੇ ਘਰ ਦੀ ਸਾਫ਼-ਸਫ਼ਾਈ ਅਤੇ ਪਾਕੀਜ਼ਗੀ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਇਸ ਨਾਲ ਜੀਵਨ ਵਿਚ ਨਿਵੇਕਲੇ ਅਰਥਾਂ ਦੀ ਪੇਸ਼ੀਨਗੋਈ ਹੋਵੇਗੀ।

---

## ਸਬਕ

ਮੂਰਖਾਂ ਦਾ ਇੱਕ ਟੋਲਾ ਪੈਦਲ ਸਫਰ ਕਰ ਰਿਹਾ ਸੀ। ਗਰਮੀ ਦੀ ਰੁੱਤ ਅਤੇ ਸਿਖਰ ਦੁਪਹਿਰ ਦਾ ਵੇਲਾ ਸੀ। ਇੱਕ ਜਗ੍ਹਾ ਖੂਹ ਅਤੇ ਨਾਲ ਹੀ ਛਾਂਦਾਰ ਰੁਖ ਦੇਖ ਉਹ ਉੱਥੇ ਵਿਸ਼ਰਾਮ ਕਰਨ ਬਹਿ ਗਏ। ਉੱਥੇ ਮੌਜੂਦ ਰੱਸੀ ਬਾਲਟੀ ਦੀ ਮਦਦ ਨਾਲ ਠੰਢਾ ਪਾਣੀ ਕੱਢ ਕੇ ਪੀਤਾ ਅਤੇ ਸੁਸਤਾਉਣ ਲੱਗੇ। ਅਚਾਨਕ ਉਨ੍ਹਾਂ ਵਿੱਚੋਂ ਇੱਕ ਬੋਲਿਆ 'ਓਇ ਖੂਹ ਤਾਂ ਧੁੱਪ ਵਿਚ ਹੈ ਕਿਉਂ ਨਾ ਇਸ ਨੂੰ ਛਾਵੇਂ ਕਰ ਦਈਏ।' ਸਲਾਹ ਸਭ ਨੂੰ ਜਚ ਗਈ ਤੇ ਉਹ ਉੱਠ ਖੂਹ ਦੀ ਮੌਣ ਨੂੰ ਛਾਂ ਵੱਲ ਧੱਕਣ ਲੱਗੇ। ਘੰਟੇ ਕੁ ਦੀ ਮੁਸ਼ੱਕਤ ਤੋਂ



**ਹਰਜੀਤ ਦਿਓਲ, ਬਰੈਂਪਟਨ**

ਬਾਅਦ ਜਦ ਉਨ੍ਹਾਂ ਦੇਖਿਆ ਕਿ ਖੂਹ ਕੁਝ ਕੁ ਛਾਂ ਦੇ ਨੇੜੇ ਅਪੜ ਗਿਆ ਹੈ ਤਾਂ ਉਨ੍ਹਾਂ ਇੱਕ ਜ਼ੋਰਦਾਰ ਜੈਕਾਰਾ ਛੱਡਿਆ ਅਤੇ ਬੜੇ ਜੋਸ਼ ਨਾਲ ਫਿਰ ਆਪਣੇ ਕੰਮ 'ਚ ਜੁਟ ਗਏ।

ਇੱਕ ਦੋ ਰਾਹਗੀਰ ਤਾਂ ਉਨ੍ਹਾਂ ਨੂੰ ਅਵੱਲੇ ਕੰਮ ਲੱਗਿਆ ਦੇਖ ਹਸਦੇ ਹੋਏ ਲੰਘ ਗਏ ਪਰ ਇੱਕ ਤੋਂ ਨਾ ਰਿਹਾ ਗਿਆ ਤੇ ਕਹਿ ਬੈਠਾ 'ਓਇ ਮੂਰਖੋ ਇਹ ਕੀ ਪਏ ਕਰਦੇ ਹੋ?' ਤਾਂ ਉਨ੍ਹਾਂ ਵਿਚੋਂ ਇਕ ਬੋਲਿਆ 'ਦਿਖਦਾ ਨਹੀਂ ਅੰਨ੍ਹਾ ਹੈਂ ਖੂਹ ਨੂੰ ਛਾਵੇਂ ਪਏ ਕਰਦੇ ਹਾਂ'। ਰਾਹਗੀਰ ਬੋਲਿਆ 'ਓਇ ਮੂਰਖੋ ਖੂਹ ਨੇ ਤਾਂ ਆਪ ਹੀ



ਛਾਵੇਂ ਚਲੇ ਜਾਣਾ ਹੈ'। ਇਸ 'ਤੇ ਉਹ ਇਹ ਕਹਿੰਦੇ ਹੋਏ ਰਾਹਗੀਰ 'ਤੇ ਟੁੱਟ ਪਏ ਕਿ ਖੂਹ ਵੀ ਕਦੀ ਆਪਣੇ ਆਪ ਤੁਰਦੇ ਦੇਖੇ ਹਨ ਤੂੰ ਜ਼ਰੂਰ ਸਰਕਾਰੀ ਏਜੰਟ ਹੈਂ ਸਾਡੀ ਮੁਹਿੰਮ ਨੂੰ ਢਾਅ ਲਾਉਂਦਾ ਹੈਂ। ਕੁੱਟ ਖਾ ਰਾਹਗੀਰ ਪਾਸੇ ਹੋ ਬੈਠ ਤਮਾਸ਼ਾ ਦੇਖਣ ਲੱਗਾ। ਕਈ ਹੋਰ ਰਾਹਗੀਰ ਆਏ। ਇੱਕ ਦੋ ਕੁੱਟ ਖਾਦੀ ਪਰ ਬਹੁਤੇ ਤਾੜੀਆਂ ਮਾਰ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦੇ ਰਹੇ। ਕੋਈ ਤਿੰਨ ਘੰਟੇ ਬਾਅਦ ਇਸ ਮੁਹਿੰਮ ਦਾ ਅੰਤ ਹੋਇਆ ਜਦ ਖੂਹ ਛਾਵੇਂ ਪਹੁੰਚ ਚੁੱਕਾ ਸੀ। ਜੈਕਾਰੇ ਛੱਡੇ ਗਏ। ਤਾੜੀਆਂ ਵੱਜੀਆਂ। ਮੇਹਨਤਕਸ਼ਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਇਹ ਮੇਲਾ ਸਮਾਪਤ ਹੋਇਆ।

ਸਾਰੇ ਆਪੋ ਆਪਣੇ ਰਾਹ ਤੁਰ ਗਏ ਪਰ ਦੋ ਜਣੇ ਰਹਿ ਗਏ। ਇੱਕ ਸੀ ਕੁੱਟ ਖਾਣ ਵਾਲਾ ਦੂਜਾ ਤਾੜੀਆਂ ਮਾਰ 'ਬੱਲੇ ਬੱਲੇ' ਕਰਨ ਵਾਲਾ। ਤਾੜੀਆਂ ਮਾਰਨ ਵਾਲੇ ਨੇ ਦੂਜੇ ਨੂੰ ਪੁੱਛਿਆ 'ਕਿਉਂ ਬਈ ਕੁੱਟ ਖਾ ਕੁਝ ਸਬਕ ਮਿਲਿਆ?' ਕੁੱਟ ਖਾਣ ਵਾਲਾ ਨਿਮੋਝੂਣਾ ਹੋ ਚੁੱਪ ਰਿਹਾ ਤਾਂ ਤਾੜੀਆਂ ਮਾਰਨ ਵਾਲੇ ਸਮਝਾਇਆ 'ਭਲੇਮਾਨਸਾ ਇੱਕ ਮੂਰਖ ਨੂੰ ਸਮਝਾਇਆ ਜਾ ਸਕਦੈ ਉਨ੍ਹਾਂ ਦੀ ਭੀੜ ਨੂੰ ਨਹੀਂ।' ਕੁੱਟ ਖਾਣ ਵਾਲੇ ਫਿਰ ਕਿਹਾ, 'ਭਾਈ ਸਾਹਿਬ ਇਹ ਖੂਹ ਤਾਂ ਕੱਲ੍ਹ ਦੁਪਹਿਰ ਫੇਰ ਧੁੱਪੇ ਹੋਣੈ।' ਤਾਂ ਦੂਜੇ ਕਿਹਾ 'ਓਇ ਜੁਝਾਰੂਆਂ ਨੂੰ ਨਿਤ ਮੁਹਿੰਮਾਂ' ਤੇ ਉਹ ਜ਼ੋਰ ਦੀ ਠਹਾਕਾ ਮਾਰ ਹੱਸ ਪਿਆ। ਕੁੱਟ ਖਾਣ ਵਾਲੇ ਨੂੰ ਬਹੁਤ ਹੀ ਅਹਿਮ ਸਬਕ ਮਿਲ ਚੁੱਕਾ ਸੀ। ਸਾਡੇ ਆਸੇ ਪਾਸੇ ਨਿੱਤ ਅਜਿਹੀਆਂ ਮੁਹਿੰਮਾਂ ਵਿੱਢੀਆਂ ਜਾਂਦੀਆਂ ਹਨ ਬਸ ਵੇਖਣ ਵਾਲੀ ਅੱਖ ਚਾਹੀਦੀ ਹੈ।

---

# ਸੰਪਾਦਕੀ ਡਾਕ

## ਬਾਪ ਨੂੰ ਚੇਤੇ ਕਰਦਿਆਂ

ਮੈਂ ਰਾਹਾਂ 'ਤੇ ਨਹੀਂ ਤੁਰਦਾ
ਮੈਂ ਤੁਰਦਾ ਤਾਂ ਰਾਹ ਬਣਦੇ।
(ਸੁਰਜੀਤ ਪਾਤਰ)

ਪੰਜਾਬ ਟਾਈਮਜ਼ ਵੰਨ-ਸੁਵੰਨੀਆਂ ਕਹਾਣੀਆਂ, ਕਵਿਤਾਵਾਂ, ਲੇਖ, ਸ਼ਾਨਦਾਰ ਪੱਤਰਕਾਰੀ ਤੇ ਸੰਪਾਦਕੀ ਪੇਸ਼ ਕਰਨ ਲਈ ਵਧਾਈ ਦਾ ਪਾਤਰ ਹੈ। ਅਖਬਾਰ ਦੇ 9 ਅਪਰੈਲ, 2022 ਦੇ ਅੰਕ ਵਿਚ ਛਪਿਆ ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਬਾਪ ਨੂੰ ਚੇਤੇ ਕਰਦਿਆਂ' ਤਿੰਨ ਸਾਲ ਪਹਿਲਾਂ ਸਦਾ ਲਈ ਵਿਚੜੇ ਪਿਤਾ ਜੀ ਨੂੰ ਪ੍ਰੇਮ ਭਰੀ ਸ਼ਰਧਾਂਜਲੀ ਤੇ ਹਮੇਸ਼ਾਂ ਯਾਦ ਰੱਖਣ ਵਾਲੀਆਂ ਗੱਲਾਂ-ਬਾਤਾਂ, ਬਚਪਨ ਤੋਂ ਲੈ ਕੇ ਕੱਲ੍ਹ ਤੱਕ ਦੀਆਂ ਯਾਦਾਂ, ਪਿਤਾ ਜੀ ਦੀ ਆਪਣੇ ਪਰਿਵਾਰ ਤੇ ਬੱਚਿਆਂ ਦੀ ਖੁਸ਼ੀ ਤੇ ਕਾਮਯਾਬੀ ਲਈ ਸਮਰਪਿਤ ਜੀਵਨ-ਯਾਤਰਾ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖਣ ਦੀ ਜਾਚ ਨੂੰ ਉਜਾਗਰ ਕਰਦਾ ਹੈ। ਚਾਨਣ-ਮੁਨਾਰੇ ਸਨ ਪਿਤਾ ਜੀ ਜੋ ਨਿੱਕੀ ਜਿਹੀ ਕੋਠੜੀ ਵਿਚ, ਕਾਨਿਆਂ ਦੀ ਛੱਤ ਹੇਠਾਂ ਰਹਿ ਕੇ ਵੀ ਜ਼ਿੰਦਗੀ ਦਾ ਰਾਜ ਸਮਝ ਸਕਦੇ ਸਨ। ਸੂਰਜ, ਹਵਾ, ਬੱਦਲ, ਚੰਦ-ਤਾਰਿਆਂ ਨੂੰ ਅੰਗ-ਸੰਗ ਕਰ ਕੇ ਕੀਤੀ ਸੀ ਉਨ੍ਹਾਂ ਨੇ ਅਨੰਤ ਦੀ ਮਹਿਮਾ। ਆਪਣੀ ਔਲਾਦ ਦੇ ਸੁਖ ਦੀ ਅਰਜ਼ੋਈ ਤੇ ਪੋਤੀਆਂ ਦੇ ਚਿਹਰੇ ਦੇਖ ਗ਼ਦ-ਗ਼ਦ ਹੋ ਉੱਠਣਾ ਇਕ ਅਲੌਕਿਕ ਤੇ ਰੂਹਾਨੀ ਸ਼ਖ਼ਸੀਅਤ ਦੇ ਦੀਦਾਰ ਕਰਾਉਂਦਾ ਹੈ।

ਦੁਨੀਆ ਦੀ ਕੋਈ ਵੀ ਚੀਜ਼ ਜਾਂ ਉਪਹਾਰ ਜ਼ਿੰਦਗੀ ਦੇ ਦੁੱਖ-ਦਰਦ ਤੇ ਤਕਲੀਫ਼ਾਂ 'ਚੋਂ ਨਿੱਕਲੇ ਆਨੰਦ ਤੇ ਸੰਤੋਖ ਦਾ ਮੁਕਾਬਲਾ ਨਹੀਂ ਕਰ ਸਕਦੀ। ਜੀਵਨ ਵਿਚ ਤੁਹਾਡੇ ਨਾਲ ਕੀ ਵਾਪਰਦਾ ਹੈ ਖਾਸ ਮਹੱਤਵ ਨਹੀਂ ਰੱਖਦਾ। ਤੁਹਾਨੂੰ ਕੀ ਯਾਦ ਹੈ ਤੇ ਕਿਉਂ ਯਾਦ ਹੈ ਅਹਿਮ ਮਹੱਤਵ ਰੱਖਦਾ ਹੈ। ਭੰਡਾਲ ਜੀ ਦਾ ਇਹ ਲੇਖ ਉਨ੍ਹਾਂ ਦੀਆਂ ਮੁਸ਼ਕਲਾਂ ਤੇ ਕਠਿਨਾਈਆਂ ਦਾ ਜ਼ਿਕਰ ਆਪਣੀ ਬੇਵਸੀ ਜਾਂ ਪਾਠਕਾਂ ਦੀ ਹਮਦਰਦੀ ਭਰੀ ਨਜ਼ਰ ਲਈ ਨਹੀਂ ਬਲਕਿ ਕਸ਼ਟਾਂ 'ਚੋਂ ਉੱਭਰੇ ਸਕੂਨ, ਹਰਸ਼ ਤੇ ਸਰੂਰ ਨੂੰ ਉਜਾਗਰ ਕਰਦਾ ਹੈ। ਉਹ ਜਾਣਦੇ ਹਨ ਕਿ ਜ਼ਿੰਦਗੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਜ਼ਿੰਦਗੀ ਹਰ ਰਾਤ ਜਦੋਂ ਅਸੀਂ ਸੌਂ ਜਾਂਦੇ ਹਾਂ ਖ਼ਤਮ ਹੋ ਜਾਂਦੀ ਹੈ ਤੇ ਹਰ ਅਗਲੀ ਸਵੇਰ ਜ਼ਿੰਦਗੀ ਨੂੰ ਮੁੜ ਸੰਜੀਵ ਕਰਨਾ ਜ਼ਰੂਰੀ ਹੁੰਦਾ ਹੈ। ਉਹ ਇਸ ਆਲਮ ਨੂੰ ਨੌਬਤ ਜਾਂ ਸਜ਼ਾ ਨਾ ਸਮਝਦੇ ਹੋਏ ਜ਼ਿੰਦਗੀ ਦੀ ਹਰ ਸਵੇਰ ਨੂੰ ਪ੍ਰਭੂ ਦੀ ਦਿੱਤੀ ਅਨਮੋਲ ਨਿਆਮਤ ਤੇ ਬਖ਼ਸ਼ੀਸ਼ ਸਮਝ ਕੇ ਪ੍ਰਤੀ ਦਿਨ ਦੀਆਂ ਸਰਗਰਮੀਆਂ ਨੂੰ ਸਿਰ-ਮੱਥੇ ਲਾਉਂਦੇ ਹੋਏ ਜੀਵਨ-ਸ਼ਕਤੀ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਫ਼ਖ਼ਰ ਮਹਿਸੂਸ ਕਰਦੇ ਹਨ।

ਦਿਲ ਵਿਚ ਵੱਸੀਆਂ ਯਾਦਾਂ ਜੀਵਨ ਦੀ ਤਨਹਾਈ ਨੂੰ ਮਿਟਾਉਣ ਤੇ ਜੋ ਉੱਤਮ ਹੈ, ਸੁੰਦਰ ਹੈ, ਉਸ ਦੇ ਚਿੰਤਨ ਤੇ ਤ੍ਰਾਸ਼ਗੀ ਕਰਨ ਵਿਚ ਸਹਾਈ ਹੁੰਦੀਆਂ ਹਨ। ਭੰਡਾਲ ਜੀ ਆਪਣੇ ਬੀਤੇ ਹੋਏ ਕੱਲ੍ਹ ਨੂੰ ਦਿਲ ਵਿਚ ਇਕ ਕੀਮਤੀ ਖ਼ਜ਼ਾਨੇ ਵਜੋਂ ਸੰਭਾਲੀ ਬੈਠੇ ਹਨ। ਬੀਤੇ ਦੀਆਂ ਯਾਦਾਂ 'ਚੋਂ ਉਹ ਹਰ ਨਵੀਂ ਸਵੇਰ ਨੂੰ ਉਜਾਗਰ ਕਰਦੇ ਹਨ। ਬਾਪ ਨਾਲ ਜੁੜੀਆਂ ਯਾਦਾਂ ਭੰਡਾਲ ਜੀ ਨੂੰ ਸ਼ੀਸ਼ੇ ਵਾਂਗ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵਿਚ ਉਹ ਆਪਣੀਆਂ ਹਜ਼ਾਰਾਂ ਸੋਚਾਂ ਤੇ ਸੰਵੇਦਨਾਵਾਂ ਨੂੰ ਹੁਲਾਰੇ ਲੈਂਦੀਆਂ ਵੇਖ ਬੀਤੇ ਹੋਏ ਕੱਲ੍ਹ ਨੂੰ ਰੂਬਰੂ ਕਰਦੇ ਹੋਏ ਆਉਣ ਵਾਲੀ ਹਰ ਸਵੇਰ ਨੂੰ ਸੁਖਦ ਤੇ ਸੁਹੇਲੀ ਹੋਣ ਦੀ ਤਾਂਘ ਰੱਖਦੇ ਹਨ। ਭੰਡਾਲ ਜੀ ਨੇ ਅੰਬਰ ਜਿੱਡਾ ਜਿਗਰਾ ਤੇ ਜੀਵਨ ਜੋਤ ਨੂੰ ਜਗਾਈ ਰੱਖਣ ਦਾ ਹੁਨਰ ਆਪਣੇ ਪਿਤਾ ਜੀ ਪਾਸੋਂ ਹੀ ਸਿੱਖਿਆ। ਭੰਡਾਲ ਜੀ ਨੇ ਬਾਪੂ ਦੇ ਕੰਮ ਕਰਦੇ ਹੱਥਾਂ ਵਿਚੋਂ ਉੱਠਦੀ ਕਰਾਮਾਤ ਦੇਖੀ, ਅੱਖਾਂ ਅੰਦਰ ਅੰਬਰ ਸਿਮਟਦੇ ਦੇਖੇ, ਕਿਰਤ ਕਰਦੇ ਹੱਥ ਕੰਮ ਤੋਂ ਉੱਚਾ ਉੱਠਦੇ ਦੇਖੇ। ਅਜਿਹਾ ਅਲੌਕਿਕ ਜੀਊਣਾ ਕਿਵੇਂ ਸੰਭਵ ਹੋ ਸਕਿਆ? ਅੰਬਰਾਂ ਨੂੰ ਛੂਹਣ ਦੀ ਤਾਂਘ ਸੀ ਉਨ੍ਹਾਂ ਦੇ ਦਿਲ ਵਿਚ:

'ਬਾਪ ਜਾਣਦਾ ਸੀ ਕਿ ਬੱਚਿਆਂ ਦੇ ਆਸਮਾਨ ਜਿੱਡਾ ਹੋਣ ਲਈ ਉਨ੍ਹਾਂ ਦੇ ਮਸਤਕ ਵਿਚ ਸੋਚਾਂ ਦੇ ਸੂਰਜ, ਪੈਰਾਂ ਵਿਚ ਸਫ਼ਰ ਤੇ ਪੈੜਾਂ ਵਿਚ ਉੱਦਮ ਉਗਾਉਣਾ ਜ਼ਰੂਰੀ ਹੁੰਦਾ ਹੈ। ਤਾਂ ਹੀ ਉਸਨੇ ਸਾਡੀ ਬਚਪਨੀ ਬੀਹੀ ਵਿਚ ਮਿਹਨਤ ਦਾ ਚਿਰਾਗ ਜਗਾਈ ਰੱਖਿਆ। ਉਹ ਤਾਰਿਆਂ ਕੋਲੋਂ ਸਲਾਹ ਲੈਂਦਾ, ਸੂਰਜ ਕੋਲੋਂ ਰਾਹ ਪੁੱਛਦਾ, ਅਕਾਸ਼-ਗੰਗਾ ਤੋਂ ਉਤਸ਼ਾਹ ਤੇ ਅੰਤਰੀਵ 'ਚੋਂ ਉਮਾਹ ਲੈ ਕਰਮ-ਭੂਮੀ ਵਿਚ ਚਾਨਣ ਬੀਜਦਾ ਰਿਹਾ।'

ਭੰਡਾਲ ਜੀ ਦਾ ਲੇਖ ਕੋਈ ਕਲਪਨਾ ਨਹੀਂ ਬਲਕਿ ਉਨ੍ਹਾਂ ਦੇ ਜੀਵਨ ਦੀ ਸੱਚੀ ਤੇ ਸੁੱਚੀ ਗਾਥਾ ਹੈ। ਬਾਪੂ ਨੂੰ ਯਾਦ ਕਰਦਿਆਂ ਭੰਡਾਲ ਜੀ ਦੇ ਪਿਤਾ ਜੀ ਹੀ ਨਹੀਂ ਬਲਕਿ ਹਰ ਪਰਿਵਾਰ 'ਚੋਂ ਵਿਛੜੀ ਹਰ ਰੂਹ ਨੂੰ ਵੀ ਸਨੇਹ ਤੇ ਸਕੂਨ ਭਰੀ ਸ਼ਰਧਾਂਜਲੀ ਹੈ। ਆਓ ਅਸੀਂ ਪ੍ਰਾਰਥਨਾ ਕਰੀਏ ਕਿ ਵਿਛੜੀ ਹੋਈ ਰੂਹ ਸ਼ਾਂਤੀ 'ਚ ਵਾਸ ਕਰੇ ਤੇ ਭੰਡਾਲ ਜੀ ਦਾ ਸ਼ਬਦਾਂ ਨੂੰ ਜੁਗਨੂੰਆਂ ਵਾਂਗ ਚਮਕਾਉਣ ਦਾ ਹੁਨਰ ਬਖ਼ਸ਼ਦੇ ਰਹਿਣ।

ਭੰਡਾਲ ਜੀ ਦੀ ਲੇਖਣੀ ਵਿਚ ਅਚੰਭਾ ਹੈ, ਸੁੰਦਰਤਾ ਹੈ, ਖ਼ਾਮੋਸ਼ੀ ਹੈ, ਸੰਗੀਤ ਹੈ, ਲਚਕ ਹੈ ਤੇ ਉੱਤਮਤਾ ਦਾ ਹਰ ਪਹਿਲੂ ਹੈ। ਸਾਹਿਤ ਚੇਤਨਾ ਦੀ ਰੂਪ-ਰੇਖਾ ਦੀ ਸਿਰਜਨਾ ਕਰਦਾ ਹੈ। ਅੱਖਰ, ਸ਼ਬਦ, ਧੁਨ, ਸੰਗੀਤ ਮਿਲ ਕੇ ਵਾਰਤਾ ਜਾਂ ਕਵਿਤਾ ਨੂੰ ਉਲੀਕਦੇ, ਘੜਦੇ ਤੇ ਤਰਾਸ਼ਦੇ ਹਨ। ਸ਼ਬਦ-ਅਸ਼ਬਦ, ਚੇਤ-ਅਚੇਤ, ਦਿੱਖ-ਅਦਿੱਖ ਸਭ ਸਾਹਿਤ ਦੇ ਘੇਰੇ ਵਿਚ ਸ਼ਾਮਲ ਹੁੰਦੇ ਹਨ। ਪ੍ਰੋਫੈਸਰ ਭੰਡਾਲ ਜੀ ਦੀ ਸ਼ਬਦ-ਕਲਾ, ਸੁਹਜ-ਸ਼ਾਸਤਰ, ਅਨੁਭਵ, ਦ੍ਰਿਸ਼ਟੀ, ਸੁਰਤੀ ਤੇ ਪ੍ਰਤਿਭਾ ਉੱਚ ਕੋਟੀ ਦੀ ਹੈ। ਉਨ੍ਹਾਂ ਦੇ ਵਿਸ਼ੇ ਵਿਰਾਸਤ, ਨੇਕੀ, ਭਲਾਈ ਤੇ ਸੱਜਣਤਾ ਨਾਲ ਭਰਪੂਰ ਹਨ। ਪਾਠਕ ਪ੍ਰੋਫੈਸਰ ਜੀ ਦੇ ਰਿਣੀ ਹਨ।

***-ਸੱਤ ਪਾਲ ਗੋਇਲ***

ਵਿਅੰਗ

# ਅਵਾਰਾ ਕੁੱਤਿਆਂ ਦੀ ਫ਼ੈਮਿਲੀ ਪਲੈਨਿੰਗ

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਇੱਕ ਦਿਨ ਸੱਥ ਵਿਚ ਬੈਠੇ ਸਰਪੰਚ ਨੇ ਅਵਾਰਾ ਕੁੱਤਿਆਂ ਤੋਂ ਦੁਖੀ ਹੋ ਕੇ ਕੋਈ ਠੋਸ ਕਦਮ ਚੁੱਕਣ ਦਾ ਫ਼ੈਸਲਾ ਕੀਤਾ। ਸਰਪੰਚ ਦੇ ਸੱਦੇ ਉਪਰ ਸਾਰਾ ਪਿੰਡ ਇਕੱਠਾ ਹੋ ਗਿਆ ਸੀ। ਕਿਤੇ ਰਾਤ ਨੂੰ ਇੱਕ ਅਵਾਰਾ ਕੁੱਤੇ ਨੇ ਪਿੰਡ ਦੇ ਕਿਸੇ ਬਜ਼ੁਰਗ ਨੂੰ ਵੱਢ ਖਾਧਾ ਸੀ ਅਤੇ ਕਦੇ ਅਗਲੇ ਦਿਨ ਇੱਕ ਸੁੱਤੇ ਪਏ ਬੱਚੇ ਨੂੰ ਬੁਰੀ ਤਰ੍ਹਾਂ ਚੂੰਡ ਧਰਿਆ ਸੀ। ਲੋਕ ਧੜਾ-ਧੜ ਪਹੁੰਚ ਰਹੇ ਸਨ। ਸੱਥ ਵਿਚ ਇਕੱਠ ਹੋ ਰਿਹਾ ਸੀ।

"ਕੀ ਦੱਸੀਏ ਸਰਪੈਂਚ ਸਾਹਬ..! ਮੈਂ ਰਾਤ ਨ੍ਹੇਰੇ ਹੋਏ ਬੋੜਿਆਂ ਅੱਲੀਓਂ ਤੁਰਿਆ ਆਉਂਦਾ ਸੀ, ਓਥੇ ਤੀਹਾਂ-ਪੈਂਤੀਆਂ ਦੀ ਕੁਤੀੜ ਨਾਨਕਾ ਮੇਲ ਮਾਂਗੂੰ ਬੈਠੀ, ਮੈਨੂੰ ਦੇਖ ਕੇ ਮੇਰੇ ਸਾਲੇ ਇਉਂ 'ਕੱਠੇ ਹੋਣ ਲੱਗ ਪਏ, ਜਿਵੇਂ ਅਤਿਵਾਦੀ ਨੂੰ



**ਸ਼ਿਵਚਰਨ ਜੱਗੀ ਕੁੱਸਾ**
**ਫੋਨ: 44 78533-17891**

ਦੇਖ ਕੇ ਸੀ. ਆਰ. ਪੀ. 'ਕੱਠੀ ਹੁੰਦੀ ਐ..!" ਇਕ ਨੇ ਦੁਹਾਈ ਦਿੱਤੀ।

ਲੋਕ ਹੱਸ ਪਏ।

"ਹਾਸਾ ਨੀ ਬਾਈ ਸਿਆਂ..! ਜਿਸ ਤਨ ਲੱਗੀਆਂ ਸੋਈ ਜਾਣੇ..! ਅਜੇ ਤਾਂ ਚੰਗੇ ਕਰਮਾਂ ਨੂੰ ਮੇਰੇ ਕੋਲੇ ਅਣਘੜਤ ਜਿਆ ਰੈਂਗੜਾ ਸੀ, ਤੇ ਮੈਂ ਤਾਂ ਭਾਈ ਰੈਂਗੜਾ ਘੁਮਾਉਂਦਾ ਲਿਆ ਭੱਜ...! ਮੈਂ ਤਾਂ ਲਾਈ ਦੌੜ ਮੰਗੂ ਕੇ ਮੱਲ ਮਾਂਗੂੰ, ਤੇ ਪਿੰਡ ਆ ਕੇ ਸਾਹ ਲਿਆ..! ਮੇਰੇ ਸਾਲੇ ਮੇਰੇ ਮਗਰ ਪਿੰਡ ਤੱਕ ਆਏ, ਜਿਵੇਂ ਪੁਲਸ ਬੁੱਕੀ ਦੇ ਬਲੈਕੀਏ ਮਗਰ ਆਉਂਦੀ ਐ..!"

"ਉਏ ਆਹੀ ਤਾਂ ਮੈਂ ਪਿੱਟਦੈਂ ਬਈ ਇਨ੍ਹਾਂ ਨੂੰ ਬੰਦੇ ਦੇ ਲਹੂ ਦਾ ਸੁਆਦ ਪੈ ਗਿਆ, ਹੁਣ ਇਹ ਕੁਤੀੜ ਕਦੋਂ ਭਲੀ ਗੁਜ਼ਾਰੂ..?"

"ਬੰਦੇ ਦੇ ਲਹੂ ਦੀ ਗੱਲ ਸੁਣ ਲੈ..!" ਇਕ ਨੇ ਦੂਜੇ ਦੇ ਪੱਟ 'ਤੇ ਧੱਫ਼ਾ ਜਿਹਾ ਮਾਰਿਆ।

"ਮਹੀਨਾ ਕੁ ਹੋਇਐ..! ਆਹ ਨਾਲ ਦੇ ਪਿੰਡ, ਇਕ ਨਵੀਂ-ਨਵੇਲ ਵਿਆਹੀ ਨੂੰਹ ਦਾ ਰਾਤ ਨੂੰ ਸੁੱਤੀ ਪਈ ਦਾ ਮੂੰਹ ਈ ਖਾ ਜਾਣਾ ਸੀ ਖ਼ਸਮਾਂ ਨੂੰ ਖਾਣੇ ਨੇ..! ਪੈਂਦੀ ਸੱਟੇ ਮੂੰਹ 'ਤੇ ਬੁਰਕ ਜਾ ਭਰਿਆ..!" ਕਿਸੇ ਹੋਰ ਨੇ ਅਕਾਸ਼ਬਾਣੀ ਕੀਤੀ।

"ਲੈ ਦੇਖ..! ਆ ਦੇਖਿਆ ਨਾ ਤਾਅ, ਬੁਰਕ ਮਾਰਿਆ ਕਿੱਥੇ ਲੋਹੜਾ ਪੈਣੇ ਨੇ..! ਮੂੰਹ ਤੋਂ ਬਿਨਾਂ ਹੋਰ ਕੋਈ ਥਾਂ ਈ ਨ੍ਹੀ ਲੱਭੀ ਕੋਹੜੀ ਹੋਣੇ ਨੂੰ..?"

ਇਕ ਸੰਨਾਟਾ ਛਾ ਗਿਆ।

"ਸਾਡੇ ਨਾਲੋਂ ਤਾਂ ਸਾਲਾ ਕੁੱਤਾ ਈ ਚੰਗੈ..! ਸਾਡਾ ਤਾਂ ਕਿਸੇ ਨੇ ਕਦੇ ਮੂੰਹ ਦੇ ਨੇੜੇ ਪ੍ਰਛਾਵਾਂ ਵੀ ਨੀ ਢੁੱਕਣ ਦਿੱਤਾ..!" ਅਮਲੀ ਚੁੱਪ ਚਾਪ ਬੈਠਾ ਮਨ ਵਿਚ ਹੀ ਸੋਚ ਰਿਹਾ ਸੀ, "ਇਹ ਸਾਲੀਆਂ ਲੋਟ ਈ ਕੁੱਤਿਆਂ ਤੋਂ ਆਉਂਦੀਐਂ..!"

"ਪੋਡਰ ਦੀ ਬਾਸ਼ਨਾਂ ਆਈ ਹੋਣੀ ਐਂ..?"

"ਇਕ ਨਵੀਆਂ ਬਿਆਹੀਆਂ ਲਾਚੜੀਆਂ ਵੀਆਂ ਪੋਡਰ ਥੱਪਦੀਐਂ ਵੀ ਬਹੁਤੈ..!"

"ਫੇਰ ਬਚਗੀ ਬਈ..?" ਅਮਲੀ ਨੇ ਹਮਦਰਦੀ ਨਾਲ ਉੱਚਾ ਹੋ ਕੇ ਪੁੱਛਿਆ।

"ਉਹਨੇ ਉਠ ਕੇ ਪਾਅਤਾ ਚੀਕ ਚੰਘਿਆੜਾ...!"

"ਪਾਉਣਾ ਈ ਸੀ...? ਹੋਰ ਉਹਨੂੰ ਚੂਰੀ ਕੁੱਟ ਕੇ ਖੁਆਉਣੀ ਸੀ..??"

"ਫੇਰ ਰੌਲੇ ਤੋਂ ਡਰਦਾ ਭੱਜ ਗਿਆ ਹੋਣੈਂ...?"

"ਹੋਰ ਉਹਨੇ ਖੜ੍ਹ ਕੇ ਜ਼ਿੰਦਾਬਾਦ-ਮੁਰਦਾਬਾਦ ਦੇ ਨਾਅਰੇ ਲਾਉਣੇ ਸੀ..? ਤਲੈਂਬੜਾਂ ਤੋਂ ਡਰਦੇ ਤਾਂ ਵੱਡੇ-ਵੱਡੇ ਖੱਬੀ ਖ਼ਾਨ ਭੱਜ ਜਾਂਦੇ ਐ..! ਉਹ ਤਾਂ ਫੇਰ ਲੰਡਰ ਕੁੱਤਾ ਸੀ..! ਕਿਹੜਾ ਮਗਰ ਬਚਾਅ ਕਰਨ ਵਾਸਤੇ ਫੂੱਫੜ ਹੋਰਾਂ ਨੇ ਆਉਣਾ ਸੀ ...?"

ਹਾਸੜ ਪੈ ਗਈ।

"ਇੱਕ ਗੱਲ ਸਮਝ ਨੀ ਆਈ..! ਬਈ ਇਹ ਸਾਲੀ ਐਨੀਂ ਕੁਤੀੜ ਆਈ ਕਿੱਧਰੋਂ ਐਂ..?" ਬਚਿੱਤਰ ਛੜੇ ਨੇ ਦਿਮਾਗ 'ਤੇ ਹੱਥ ਮਾਰ ਕੇ ਪੁੱਛਿਆ। ਜਿਵੇਂ 'ਘਿਰੜ-ਘਿਰੜ' ਕਰਦੇ ਰੇਡੀਓ 'ਤੇ ਮਾਰੀਦੈ!

"ਮੈਨੂੰ ਤਾਂ ਇਹਦੇ ਪਿੱਛੇ ਪਾਕਿਸਤਾਨ ਦੀ ਆਈ.ਐਸ.ਆਈ ਦਾ ਹੱਥ ਲੱਗਦੈ..!" ਅੱਭੜਵਾਹਿਆਂ ਵਾਂਗ ਆਉਂਦਾ ਬਚਨਾਂ 'ਕਾਲੀ' ਬੋਲਿਆ।

"ਲਓ ਜੀ..! ਬੱਸ ਆਹੀ ਕਸਰ ਰਹਿੰਦੀ ਸੀ..! ਕਰ ਲਓ 'ਕਾਲੀਆਂ ਦੇ ਘਿਓ ਨੂੰ ਭਾਂਡਾ..!" ਦਲੀਪ ਨੇ ਮੱਥੇ 'ਤੇ ਹੱਥ ਮਾਰਿਆ।

ਸਾਰਾ ਪਿੰਡ ਹੱਸ ਪਿਆ।

"ਮੁਰਦਾ ਬੋਲੂ ਤੇ ਖੱਫ਼ਣ ਈ ਪਾੜੂ..!" ਨੰਜੂ ਦਾ ਹਾਸਾ ਬੰਦ ਨਹੀਂ ਹੁੰਦਾ ਸੀ।

"ਜੇ ਕੁੱਤਿਆਂ ਦਾ ਧਿਆਨ ਖਿੱਚਣ ਆਸਤੇ ਮੈਨੂੰ ਪਾਣੀ ਆਲ਼ੀ ਟੈਂਕੀ 'ਤੇ ਚੜ੍ਹਨਾ ਪਿਆ, ਮੈਂ ਪਿੱਛੇ ਨੀ ਹਟੂੰਗਾ..! ਇਕ ਆਰੀ ਹੁਕਮ ਦੀ ਲੋੜ ਐ..! ਪੈਟਰੋਲ ਆਲ਼ੀ ਬੋਤਲ ਵੀ ਮੇਰੇ ਘਰੇ ਭਰੀ, ਤਿਆਰ ਪਈ ਐ..!" ਸੁਰਿੰਦਰ ਰਾਮ ਮਾਸਟਰ ਨੇ ਪੂਰੇ ਜ਼ੋਰ ਨਾਲ ਹਿੱਕ ਥਾਪੜ ਕੇ ਆਪਣੀ 'ਸੇਵਾ' ਪੇਸ਼ ਕੀਤੀ।

"ਲੈ..! ਇਹਨੇ ਓਦੂੰ ਕੱਢ 'ਚੋਂ ਗੰਧਾਲਾ ਕੱਢ ਮਾਰਿਆ..!" ਪੂਰਨਾ ਖਹਿਰਾ ਬੋਲਿਆ।

"ਇਨ੍ਹਾਂ ਨੂੰ ਪਾਣੀ ਆਲੀਆਂ ਟੈਂਕੀਆਂ 'ਤੇ ਚੜ੍ਹਨ ਤੋਂ ਬਿਨਾ ਕੋਈ ਕੰਮ ਧੰਦਾ ਈ ਨ੍ਹੀ..! ਗੰਧਾਲੇ ਨੀ, ਇਹ ਅੱਜ ਕੱਲ੍ਹ ਪੈਟਰੋਲ ਆਲੀਆਂ ਬੋਤਲਾਂ ਨੂੰ ਈ ਗਰਨੇਟ ਬਣਾਈ ਫਿਰਦੇ ਐ..!"

"ਇਹ ਫਾਰਮੂਲਾ ਮਾਸਟਰ ਜੀ ਤੁਸੀਂ ਆਪਣੇ ਕੋਲੇ ਈ ਰੱਖੋ..! ਤੁਸੀਂ ਮਾਸਟਰ ਲਾਣਾ ਤਾਂ ਜੇ ਮਿਸਤਰੀ ਮੰਜੀ ਨਾ ਠੋਕਣ ਆਵੇ ਤਾਂ ਟੈਂਕੀ 'ਤੇ ਜਾ ਚੜ੍ਹਦੇ ਐਂ, ਤੇ ਜਾਂ ਜੇ ਕੱਟਾ ਮੱਝ ਚੁੰਘਜੇ, ਪਾਣੀ ਆਲੀ ਟੈਂਕੀ 'ਤੇ ਚੜ੍ਹਨ ਲੱਗੇ ਫ਼ੋਰਾ ਲਾਉਨੇ ਐਂ..! ਇਹ ਤਾਂ ਹੁਣ ਥੋਨੂੰ ਆਦਤ ਜੀ ਈ ਪੈ ਗਈ..!"

"ਯਾਰ ਮੈਂ ਇਕ ਜਾਨਵਰਾਂ ਦੀ ਗੱਲ ਦੇਖੀ ਐ..!" ਪਾੜ੍ਹੇ ਨੇ ਹੋਰ ਗੱਲਾਂ ਵੱਲੋਂ ਬੇਧਿਆਨਾ ਹੋ ਕੇ ਚਲਾਈ, "ਇਕ ਦਿਨ ਮੈਂ ਟੀ. ਵੀ. 'ਤੇ ਇਕ ਪ੍ਰੋਗਰਾਮ ਦੇਖੀ ਜਾਵਾਂ..! ਜੰਗਲ 'ਚ ਇਕ ਮੱਝ ਦਾ ਕੱਟਾ ਡਿੱਗ ਪਿਆ ਨਦੀ 'ਚ..! ਉਹਦੇ ਮੂਹਰੇ ਨਦੀ 'ਚ ਬੈਠਾ ਮਗਰਮੱਛ..! ਮਗਰਮੱਛ ਦੇ ਮੂੰਹ 'ਚ ਆਉਣ ਤੋਂ ਪਹਿਲਾਂ ਈ ਮੱਝ ਨੇ ਸਿੰਗਾਂ ਨਾਲ ਕੱਟਰੂ ਨਦੀ 'ਚੋਂ ਬਾਹਰ ਕੱਢ ਲਿਆ ਤੇ ਨਦੀ ਦੇ ਕਿਨਾਰੇ 'ਤੇ ਬਾਹਰ ਖੜ੍ਹਾ ਸ਼ੇਰ..! ਤੇ ਸ਼ੇਰ ਨੇ ਭਾਈ ਕੱਟਰੂ ਨੂੰ ਮੂੰਹ ਪਾ ਲਿਆ..!"

"ਓਹ-ਹੋ..! ਕਿੱਡਾ ਜ਼ਾਲਮ ਐਂ..!"

"ਮੱਝ ਨੇ ਬਥੇਰਾ ਜ਼ੋਰ-ਜੁਰ ਲਾਇਆ, ਪਰ ਉਹਨੇ ਕੱਟਰੂ ਨਾ ਛੱਡਿਆ..! ਫੇਰ ਮੱਝ ਨੇ ਕੀ ਕੀਤਾ, ਸਿਰਤੋੜ ਜੰਗਲ ਵੱਲ ਨੂੰ ਭੱਜ ਲਈ ਤੇ ਪੰਜ ਕੁ ਮਿੰਟਾਂ 'ਚ ਈ ਸੈਂਕੜੇ ਮੱਝਾਂ 'ਕੱਠੀਆਂ ਕਰ ਲਿਆਈ...!"

"ਵਾਹ ਜੀ ਵਾਹ..!"

"ਉਹ ਤਾਂ ਆ ਪਈਆਂ ਫ਼ੌਜ ਦੀ ਛਾਉਣੀ ਵਾਂਗੂ..! ਤੇ ਮੱਝਾਂ ਨੇ ਤਾਂ ਪਾ ਦਿੱਤੇ ਖਿਲਾਰੇ..! ਸ਼ੇਰ ਚੱਕ ਲਿਆ ਸਿੰਗਾਂ 'ਤੇ..! ਕਰਤਾ ਲਹੂ-ਲੁਹਾਣ, ਤੇ ਸ਼ੇਰ ਨੂੰ ਤਾਂ ਭੱਜਣ ਨੂੰ ਰਾਹ ਨਾ ਲੱਭੇ..! ਉਹ ਤਾਂ ਜਿੱਧਰ ਭੱਜੇ, ਭੂਸਰੀਆਂ ਮੱਝਾਂ ਮੂਹਰੇ..!"

"ਜੰਗਲੀ ਜਾਨਵਰ ਹੁੰਦੇ ਤਾਂ ਭੈੜੇ ਐ ਭਾਈ..! ਆਈ 'ਤੇ ਆ ਜਾਣ ਤਾਂ ਪਾੜ ਧਰਦੇ ਐ..!"

"ਪਰ ਸਰਪੰਚ ਸਾਹਿਬ..!" ਪਾੜ੍ਹੇ ਨੇ ਮਨ ਦੀ ਗੱਲ ਸਾਂਝੀ ਕਰਨੀ ਚਾਹੀ, "ਮੈਨੂੰ ਇਕ ਗੱਲ ਦੀ ਸਮਝ ਨੀ ਆਈ, ਬਈ ਉਹਨੇ ਕਿਹੜੀ ਭਾਸ਼ਾ 'ਚ ਜਾ ਕੇ ਦੂਜੀਆਂ ਮੱਝਾਂ ਨੂੰ ਸਮਝਾਇਆ ਹੋਊ..? ਬੋਲਣਾਂ ਤਾਂ ਮੱਝਾਂ ਨੂੰ ਆਉਂਦਾ ਨੀ..!"

"ਬਈ ਰੱਬ ਜਾਣੇ..! ਇਹ ਤਾਂ ਰੱਬ ਵੱਲੋਂ ਈ ਐਂ ਗੁਣ ਐਂ ਕੋਈ..! ਫੇਰ ਕੱਟਰੂ ਛੁਡਾ ਲਿਆ..?"

"ਹਾਂ..! ਜ਼ਖ਼ਮੀ ਤਾਂ ਕਿੱਤਾ ਉਹਨੇ ਕਰ ਬਹੁਤ..! ਪਰ ਕੱਟਰੂ ਛੁਡਾ ਲਿਆ...!"

"ਕਿਆ ਬਾਤ ਐ..! ਮਾਂ ਤਾਂ ਫੇਰ ਮਾਂ ਈ ਹੁੰਦੀ ਐ ਬਈ..! ਜਿਹੜੀਆਂ ਜੁਆਕਾਂ ਦੀ ਪ੍ਰਵਾਹ ਨੀ ਕਰਦੀਆਂ, ਲੋਕ ਉਹਨਾਂ ਨੂੰ ਡੈਣਾਂ ਆਖਦੇ ਐ..! ਐਥੇ ਤਾਂ ਆਬਦੇ ਜੁਆਕ ਛੱਡ ਕੇ ਪੋਕੀ ਜਾ ਵੜਦੀਐਂ..!"

"ਮੈਨੂੰ ਭਾਸ਼ਾ ਤੋਂ ਗੱਲ ਯਾਦ ਆਗੀ..! ਤੁਸੀਂ ਭਾਸ਼ਾ ਦੀ ਬਾਤ ਸੁਣ ਲਓ..!" ਅਮਲੀ ਨੇ ਆਪਣੀ ਵਾਰੀ ਲਈ, "ਆਹ ਜਿੰਦਣ ਮਰਦਮ-ਸੁਮਾਰੀ ਆਲ਼ੇ ਆਏ ਸੀ, ਉਹ ਸਾਲ਼ੇ ਮੈਨੂੰ ਪੁੱਛੀ ਜਾਣ, ਅਖੇ ਅਮਲੀ ਜੀ, ਆਪ ਕੀ ਆਯੂ ਕਿਤਨੀ ਹੈ..? ਮੈਂ ਕਿਹਾ, ਬੱਤੀਆਂ ਕੁ ਸਾਲਾਂ ਦੀ ਹੋਣੀਂ ਐ ਤੇ ਪੰਜਾਂ ਕੁ ਸਾਲਾਂ ਨੂੰ ਮੈਨੂੰ ਤੇਤੀਮਾਂ ਲੱਗ ਜਾਣੈਂ..! ਚੁੱਪ ਕਰ ਕੇ ਮੁੜਗੇ..! ਬਈ ਦੱਸੋ ਸਾਲਿਓ, ਤੁਸੀਂ ਮੇਰੀ ਆਯੂ ਪੁੱਛ ਕੇ ਮੇਰੇ ਨਾਲ 'ਨੰਦ-



ਕਾਜ' ਕਰਨੈਂ..?" ਅਮਲੀ ਦੇ ਕਹਿਣ 'ਤੇ ਫਿਰ ਹਾਸਾ ਪੈ ਗਿਆ।

"ਤੁਸੀਂ ਓਸ ਗੱਲ ਵੱਲ ਆਓ, ਜਿਹੜੀ ਵਾਸਤੇ 'ਕੱਠੇ ਹੋਏ ਐਂ..!" ਸਰਪੰਚ ਬੋਲਿਆ। ਉਹ ਅਵਲੀਆਂ-ਸਵਲੀਆਂ ਗੱਲਾਂ ਤੋਂ ਅੱਕ ਗਿਆ ਸੀ।

"ਇਹਦਾ ਇੱਕ ਹੱਲ ਹੈਗਾ ਸਰਪੈਂਚ ਜੀ..!" ਪਿੱਲਾ ਦਰਜੀ ਬੋਲਿਆ। ਉਸ ਦੀ ਅਵਾਜ਼ ਬਿੰਡੇ ਵਾਂਗ ਟਿਆਂਕੀ ਸੀ।

"ਦੱਸ..?"

"ਉਹ ਜਿਹੜਾ ਛੰਜੇ ਗਾਂਧੀ ਨੇ ਕੰਮ ਜਿਆ ਤੋਰਿਆ ਸੀ, ਬੰਦਿਆਂ ਦੇ 'ਪਰੇਸ਼ਨ ਕਰਨ ਆਲਾ..? ਆਪਾਂ ਉਹੀ ਕੰਮ ਕੁੱਤਿਆਂ ਦਾ ਕਿਉਂ ਨ੍ਹੀ ਕਰਦੇ..?"

"ਲੈ, ਹੋਰ ਕਾਹਨੂੰ ਕੰਮ ਐਂ ਸਾਨੂੰ ਕੋਈ..!" ਕਿਸੇ ਨੇ ਨੱਕ ਚਾੜ੍ਹਿਆ।

"ਫੇਰ ਪੜਵਾਈ ਚੱਲੋ ਲੱਤਾਂ..! ਕੋਈ ਬਾਨ੍ਹ ਐਂ..?"

ਸਾਰੇ ਇੱਕ-ਦੂਜੇ ਦੇ ਮੂੰਹ ਵੱਲ ਝਾਕਣ ਲੱਗ ਪਏ।

"ਗੱਲ ਪਿੱਲੇ ਦੀ ਵੀ ਠੀਕ ਐ..! ਪਰ ਨਸਬੰਦੀ ਲਈ ਪ੍ਰਸ਼ਾਸਨ ਨਾਲ ਗੱਲ ਕਰਨੀ ਪਊ..!"

"ਦੇਖੋ ਜੀ..!" ਪਿੱਲੇ ਨੇ ਫ਼ੇਰ ਵਾਰੀ ਲਈ। "ਆਹ ਹੱਡਾਂਰੋੜੀ ਵੱਲੀਂ ਕਤੂਰਿਆਂ ਦੀਆਂ ਡਾਰਾਂ ਦੀਆਂ ਡਾਰਾਂ ਈ ਫਿਰਦੀਐਂ..! ਇਨ੍ਹਾਂ ਨੇ ਵੱਡੇ ਹੋ ਕੇ ਵਾਰਦਾਤਾਂ ਈ ਕਰਨੀਐਂ..? ਉਨ੍ਹਾਂ ਨੂੰ ਪਾਓ ਕੁੱਤੇ ਮਾਰਨ ਆਲ਼ੀ ਦੁਆਈ ਤੇ ਬਾਕੀਆਂ ਦਾ ਕਰੋ ਓਸ ਗੱਲ ਦੇ ਆਖਣ ਮਾਂਗੂੰ, 'ਪਰੇਸ਼ਨ..!"

"ਇਹ ਤਾਂ ਪਾਪ ਐ ਬਈ..!" ਗੁਰਦਿਆਲ ਸਿਉਂ ਗੁੰਬੀ ਬੋਲਿਆ।

"ਫੇਰ ਗੁੰਬੀ ਜੀ ਉਨ੍ਹਾਂ ਨੂੰ ਤੁਸੀਂ ਆਪਣੇ ਗ੍ਰਹਿ ਵਿਖੇ ਲੈ ਆਓ..! ਰੱਬ ਦੇ ਜੀਅ ਐ..!" ਪਿੱਲਾ ਵੱਟ ਖਾ ਗਿਆ। ਗੁੰਬੀ ਉਠ ਕੇ ਤੁਰ ਚੱਲਿਆ।

ਸੱਚੀ ਗੱਲ ਉਸ ਦੇ ਡਾਂਗ ਵਾਂਗ ਸਿਰ ਵਿਚ ਵੱਜੀ ਸੀ।

ਹਫ਼ਤੇ ਦੇ ਵਿਚ-ਵਿਚ ਪ੍ਰਸ਼ਾਸਨ ਨਾਲ ਗੱਲ-ਬਾਤ ਹੋ ਗਈ।

"ਜੇ ਤੁਸੀਂ ਸਾਨੂੰ ਇਕ-ਦੋ ਸਹਿਯੋਗੀ ਬੰਦੇ ਦੇ ਦਿਓ ਤਾਂ ਸਾਡਾ ਕੰਮ ਸੌਖਾ ਹੋਜੇ..!" ਕਰਮਚਾਰੀ ਨੇ ਕਿਹਾ।

"ਅਸੀਂ ਸਾਰਾ ਪਿੰਡ ਹਾਜ਼ਰ ਆਂ ਜੀ..!" ਸਾਧੂ ਘੋਟ ਨੇ ਹਿੱਕ ਠੋਕ ਦਿੱਤੀ।

ਅਗਲੇ ਦਿਨ ਪ੍ਰਸ਼ਾਸਨ ਵਾਲੇ 'ਵੈਨ' ਲੈ ਕੇ ਪਿੰਡ ਆ ਗਏ।

"ਹਾਂ ਬਈ..! ਪ੍ਰਸ਼ਾਸਨ ਵਾਲਿਆਂ ਨਾਲ ਕਿਹੜੇ ਕਿਹੜੇ ਤਿਆਰ ਐ..?" ਸਰਪੰਚ ਨੇ ਸਾਰੇ ਪਿੰਡ ਵੱਲ ਬੇਥਵੀ ਗੱਲ ਸੁੱਟੀ।

"ਇਕ ਤਾਂ ਮੈਂ ਤਿਆਰ ਆਂ ਜੀ, ਸਰਪੈਂਚ ਜੀ..!" ਅਮਲੀ ਧਰਤੀ ਤੋਂ ਗਜ ਉੱਚਾ ਹੋ ਕੇ ਬੋਲਿਆ।

ਤਿੰਨ ਚਾਰ ਉਸ ਨਾਲ ਹੋਰ ਉਹਦੇ ਵਰਗੇ ਹੀ ਤਿਆਰ ਹੋ ਗਏ।

ਅਮਲੀ ਕੋਲ਼ ਗੋਲ਼ ਜਿਹਾ ਜਾਲ ਫੜਿਆ ਹੋਇਆ ਸੀ। ਉਹ ਕੁੱਤੇ ਨੂੰ ਬੁਚਕਾਰ ਕੇ ਬਿਸਕੁਟ ਪਾਉਂਦਾ ਅਤੇ ਆਪਣਾ ਜਾਲ ਸੁੱਟਦਾ। ਜਦ ਕੁੱਤਾ ਜਾਲ ਵਿਚ ਆ ਫਸਦਾ ਤਾਂ ਪ੍ਰਸ਼ਾਸਨ ਵਾਲੇ ਉਸ ਦੇ ਜਬਰੀ ਬੇਹੋਸ਼ੀ ਵਾਲਾ ਟੀਕਾ ਲਾ ਕੇ ਆਪਣੀ ਵੈਨ ਵਿਚ ਸੁੱਟ ਲੈਂਦੇ।

ਅਮਲੀ ਕਮਾਂਡ ਕਰਨ ਵਾਲਿਆਂ ਵਾਂਗ ਅੱਗੇ-ਅੱਗੇ ਜਾਲ ਫੜੀ ਤੁਰਿਆ ਜਾ ਰਿਹਾ ਸੀ। ਜੇ ਉਸ ਨੂੰ ਕੋਈ ਕੁੱਤਾ ਦਿਸਦਾ ਤਾਂ ਉਹ ਉਸ ਅੱਗੇ ਜਾ ਕੇ ਰਹਿਮ ਦੀ ਨਜ਼ਰ ਜਿਹੀ ਨਾਲ ਝਾਕਦਾ, ਗਿੱਦੜਮਾਰ ਜਿਹੀਆਂ ਗੱਲਾਂ ਸ਼ੁਰੂ ਕਰ ਦਿੰਦਾ, "ਆ ਜਾ..! ਆ ਜਾਹ ਬੇਲੀ ਮੇਰਿਆ..!! ਬਥੇਰੇ ਲਾਡ ਲਡਾ ਲਏ ਤੂੰ ਵੀ..! ਸਾਲਿਆ, ਪੈਂਤੀ ਕਤੂਰਿਆਂ ਦਾ ਪਿਓ ਤੇ ਪੰਦਰਾਂ ਕੁੱਤੀਆਂ ਦਾ ਬਣਕੇ ਖ਼ਸਮ ਚੰਦ, ਹੁਣ ਸਾਨੂੰ ਆਕੜ-ਆਕੜ ਦਿਖਾਉਨੈਂ..? ਆ ਜਾਹ..! ਅੱਜ ਲਿਆਂਦੀ ਤੈਨੂੰ ਘੜੰਿਚ ਕਰਨ ਆਲ਼ੀ ਮੋਟਰ..! ਇਹ ਲਾਉਣਗੇ ਤੇਰੇ ਖੁਰੀਆਂ..! ਹਲਾਲ ਕਰਨਗੇ ਤੇਰੀ ਉਹ ਨਾੜ, ਜਿਹੜੀ ਸਿਆਪਿਆਂ ਹੱਥੀ ਐ..! ਸਾਲਿਆਂ ਨੇ ਜੰਮ-ਜੰਮ ਕੇ ਛਾਉਣੀ ਬਣਾ ਧਰੀ..! ਕੀ ਹੋ ਗਿਆ ਰੱਬ ਨੇ ਸਾਨੂੰ ਇਕ ਵੀ ਜੁਆਕ ਜੰਮਣ ਆਲ਼ੀ ਨੀ ਦਿੱਤੀ..? ਪਰ ਪੁੱਤ ਹੁਣ ਭਾਅਪਾ ਜੀ ਬਣਨ ਜੋਗਾ ਤੈਨੂੰ ਅਸੀਂ ਵੀ ਨੀ ਛੱਡਣਾ..! ਕਰ ਲੈ ਖੜ੍ਹ ਕੇ ਜਿਹੜੇ ਅਛਨੇ-ਪਛਨੇ ਕਰਨੇ ਐਂ..! ਦੇ ਲੈ ਰੋਹਬ..! ਪਤਾ ਤਾਂ ਉਦੋਂ ਲੱਗੂ, ਜਦੋਂ ਬੇਸੁਰਤੀ ਤੋਂ ਬਾਅਦ ਸੁਰਤ ਟਿਕਾਣੇ ਆਈ..! ਫ਼ੇਰ ਖੁਦਕਸ਼ੀ ਕਰਦਾ ਫ਼ਿਰੇਂਗਾ, ਬਈ ਮੈਂ ਆਬਦੀ ਪਤਨੀ-ਪ੍ਰਮੇਸ਼ਰੀ ਜੋਕਰਾ ਨੀ ਰਿਹਾ..! ਜੇ ਇੱਕ ਅੱਧੀ ਹੋਵੇ ਤਾਂ ਜਰ ਵੀ ਲਈਏ, ਮਾਫ਼ ਵੀ ਕਰਦੀਏ..? ਪਰ ਤੂੰ ਤਾਂ ਬਣਿਆ ਫ਼ਿਰਦੈਂ ਸਾਉਦੀ ਅਰਬ ਦਾ ਸ਼ੇਖ਼..!"

ਪ੍ਰਸ਼ਾਸਨ ਵਾਲੇ ਹੱਸਦੇ ਲੋਟ-ਪੋਟ ਹੋ ਰਹੇ ਸਨ।

"ਪਾਪ ਤਾਂ ਅਸੀਂ ਵੀ ਨ੍ਹੀ ਸੀ ਕਰਨਾ..! ਪਰ ਤੁਸੀਂ ਤਾਂ ਸਾਲਿਓ ਸਾਨੂੰ ਈ ਗੱਬਰ ਸਿੰਘ ਬਣ-ਬਣ ਦਿਖਾਉਣ ਲੱਗਪੇ..! ਕਦੇ ਕਿਸੇ ਦੇ ਮੂੰਹ ਨੂੰ ਪੈਗੇ ਤੇ ਕਦੇ ਕਿਸੇ ਦੀ ਗੱਲ੍ਹ ਨੂੰ ਚਿੰਬੜਗੇ, ਜਿਵੇਂ ਸੱਤ ਫੇਰੇ ਲਏ ਹੁੰਦੇ ਐ..! ਤੁਸੀਂ ਤਾਂ ਲੱਗ ਗਏ ਸੀ ਟਾਹਲੀਆਂ ਵਿਹੂ ਕਰਨ..! ਕੁੱਤੀਆਂ ਨਾਲ ਥੋੜਾ ਸਰਿਆ ਨਾ, ਤੁਸੀਂ ਤਾਂ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਜਾ ਚਿੰਬੜੇ..! ਸਾਲ਼ੀ ਕੋਈ ਹਯਾਂ ਈ ਨੀ ਰਹੀ ਥੋਨੂੰ..! ਉਂ ਈਂ ਹਲਕੇ ਤੁਰੇ..! ਨਾਸਾਂ 'ਚ ਦਮ ਈ ਐਨਾ ਕੀਤਾ ਪਿਐ, ਬੱਸ ਈ ਕੋਈ ਨੀ ਰਿਹਾ..!"

"ਅਮਲੀਆ, ਇਹ ਓਹੀ ਐ, ਜਿਹੜਾ ਧੋਨੀ ਕੀ ਨੂੰਹ ਦੇ ਮੂੰਹ ਨੂੰ ਪਿਆ ਸੀ..!" ਨਾਲ ਦੇ ਨੇ ਹੋਰ ਫੋਕੀ ਸਿੰਗੜੀ ਛੇੜ ਦਿੱਤੀ।

"ਆ ਜਾਹ ਤੂੰ ਤਾਂ ਬਈ ਮੋਤੀ ਸਿਆਂ..! ਤੇਰੀ ਤਾਂ ਮੈਂ ਬਹੁਤ ਚਿਰ ਦਾ ਭਾਲ 'ਚ ਤੁਰਿਆ ਫ਼ਿਰਦੈਂ..! ਤੇਰਾ ਤਾਂ ਕਰ ਦਿਆਂਗੇ ਸਿਗਨਲ ਫੁੱਟਣ ਅੱਜ..! ਤੂੰ ਤਾਂ ਕੁੜੀ ਯਾਹਵੇ ਦਿਆ ਸਾਰੇ ਬਾਡਰ ਈ ਟੱਪ ਗਿਆ..? ਇਕ ਚੋਰੀ ਤੇ ਉਤੋਂ ਸੀਨਾ ਜੋਰੀ..! ਲੈ ਡਾਕਧਾਰ ਸਾਹਬ..! 'ਪਰੇਸ਼ਨ ਕਰਨ ਆਲਾ ਝੁਰਲੂ ਜਿਆ ਤੁਸੀਂ ਮੈਨੂੰ ਫੜਾਇਓ, ਇਹਦਾ ਕਲਿਆਣ ਦੇਖਿਓ ਮੈਂ ਕਿਵੇਂ ਕਰਦੈਂ..! ਜਣੀਂ ਖਣੀਂ ਦੇ ਮੂੰਹ ਨੂੰ ਜਾ ਚਿੰਬੜਨਾ, ਕੋਈ ਰਾਹ ਐ..? ਡਾਕਧਾਰ ਜੀ, ਅੱਬਲ ਤਾਂ ਮੈਨੂੰ ਇਹਦਾ ਕੰਮ ਜੜ੍ਹਾਂ 'ਚੋਂ ਈ ਕਰ ਲੈਣ ਦਿਓ..? ਇਹ ਸਾਲਾ ਮੈਨੂੰ ਜਾਂਵਦੇ ਚਾਂਭਲਿਆ ਲੱਗਦੈ..? ਸਾਲਾ ਹੈ ਤਾਂ ਸੋਹਣਾ-ਸੁਨੱਖਾ..! ਕਿਸੇ ਕੁੱਤੀ ਨੇ ਇਹਨੂੰ ਨਾਂਹ-ਨੁੱਕਰ ਨੀ ਕੀਤੀ ਹੋਣੀ, ਤੇ ਸਾਲਾ ਜਾ ਕੇ ਬੁੜ੍ਹੀਆਂ-ਕੁੜੀਆਂ 'ਤੇ ਵੀ ਟਰਾਈਆਂ ਮਾਰਨ ਲੱਗ ਪਿਆ..? ਲੱਗ ਪਿਆ ਕਰਨ ਟੈਚਟ..!" ਅਮਲੀ ਨੇ ਜਾਲ ਉਸ ਦੇ ਗਲ਼ 'ਚ ਜਾ ਪਾਇਆ।

ਕੁੱਤਾ ਧੁਰਲੀਆਂ ਜਿਹੀਆਂ ਮਾਰ ਰਿਹਾ ਸੀ।

"ਸਾਲਿਆ ਬਹਿਤਕਿਆਂ ਦਿਆ..! ਤੈਨੂੰ ਐਸ ਅੜੰਗੇ ਦਾ ਤਾਂ ਪਤਾ ਈ ਨੀ ਸੀ..! ਤੂੰ ਤਾਂ ਬਣਿਆ ਫ਼ਿਰਦਾ ਸੀ ਬਿਨ-ਲਾਦਨ ਸਾਡੇ 'ਤੇ..! ਦੱਸੋ ਗੌਰਮਿੰਟ ਜੀ, ਇਹਨੂੰ ਕਿਹੜੇ ਖੁੰਜੇ ਰੱਖਣੈਂ...? ਇਹ ਤਾਂ ਮੇਰਾ ਸ਼ਿਕਾਰ ਐ..! ਅਬ ਤੇਰਾ ਕਿਆ ਹੋਗਾ ਕਾਲੀਆ..?"

"ਅਮਲੀਆ, ਕਿਤੇ ਇਹਦਾ ਸ਼ਿਕਾਰ ਕਰਦਾ ਕਰਦਾ ਕਿਤੇ ਤੂੰ ਨਾ ਦੋਨੋਂ ਜਹਾਨ ਸਫ਼ਲੇ ਕਰ ਜਾਈਂ..!" ਕਿਸੇ ਨੇ ਕਿਹਾ।

"ਇਹ ਕੌਣ ਐਂ ਬਈ..?" ਅਮਲੀ ਨੇ ਬਾਜ਼ ਵਰਗੀ ਨਜ਼ਰ ਦਾ ਚਾਰੇ ਪਾਸੇ ਗੇੜਾ ਦਿੱਤਾ। ਪਰ ਮੁੜ ਕੇ ਕੋਈ ਨਾ ਬੋਲਿਆ।

"ਥੋੜਾ ਕੰਮ ਐਂ ਚੰਗੇ ਭਲੇ ਬੰਦੇ ਨੂੰ ਖ਼ਿਝਾਉਣਾ..!"

"ਕੁੱਤਿਆਂ ਤੋਂ ਬਾਅਦ ਕਿਤੇ ਤੇਰੀ ਵਾਰੀ ਨਾ ਆਜੇ ਅਮਲੀਆ..! ਕਿਤੇ ਤੈਨੂੰ ਵੀ ਨਾ ਖੱਸੀ ਕਰ ਮਾਰਨ..!" ਲੱਛੇ ਕੂਕ ਨੇ ਕਿਹਾ।

"ਵੱਡੇ ਭਾਈ..! ਅਖੇ ਅੰਨ੍ਹਿਆਂ ਸੌਂ ਜਾ..! ਉਹ ਹੱਸ ਕੇ ਕਹਿੰਦਾ, ਚੁੱਪ ਈ ਕਰ ਜਾਣੈਂ..! ਸਾਡਾ ਕੀ ਐ..? ਅਸੀਂ ਤਾਂ ਜਿਹੋ ਜੇ ਐਸ ਜਹਾਨ 'ਤੇ ਆਏ, ਤੇ ਜਿਹੋ ਜਿਆ ਨਾ ਆਏ..!" ਅਮਲੀ ਦੇ ਅੰਦਰੋਂ ਉਸ ਦੀ ਜ਼ਿੰਦਗੀ ਦੀ ਲੰਮੀ ਚੀਸ ਬੋਲੀ।

"ਅਮਲੀਆ..! ਤੂੰ ਬੰਦੇ ਫੜਦਾ ਫੜਦਾ ਕੁੱਤੇ ਕਦੋਂ ਕੁ ਤੋਂ ਫੜਨ ਲੱਗ ਪਿਆ..?" ਕਿਸੇ ਹੋਰ ਨੇ ਰਾਹ ਜਾਂਦਿਆਂ ਸਿੰਗੜੀ ਛੇੜ ਦਿੱਤੀ।

"ਜਦੋਂ ਤੋਂ ਲੋੜ ਪੈ ਗਈ ਬਾਈ..! ਅਜੇ ਤਾਂ ਮੈਂ ਸੱਪ ਫੜਨ ਲੱਗਣੈਂ, ਸੱਪ..! ਤੇ ਉਹ ਵੀ ਤੇਰੇ ਅਰਗੇ ਖੜੱਪੇ ਤੇ ਕੌਡੀਆਂ ਆਲੇ..! ਉਏ ਜੇ ਥੋਨੂੰ ਨੀ ਧੀਆਂ-ਭੈਣਾਂ ਦਾ ਦਰਦ, ਸਾਨੂੰ ਤਾਂ ਹੈ..! ਨਾਲ਼ੇ ਸ਼ਰਮ ਤਾਂ ਥੋਨੂੰ ਆਉਣੀ ਚਾਹੀਦੀ ਐ..! ਮੇਰੇ ਤਾਂ ਨਾ ਰੰਨ ਤੇ ਨਾ ਕੰਨ..! ਚਿੰਬੜਦੇ ਤਾਂ ਇਹ ਥੋਡੀਆਂ ਨੂੰ ਐਂ..! ਫੜਨੇ ਤਾਂ ਇਹ ਥੋਨੂੰ ਚਾਹੀਦੇ ਐ, ਪਰ ਫੜੀ ਜਾਨੈਂ, ਮੈਂ..! ਜਿਹੜਾ ਹੈ ਵੀ ਬੋਤੇ ਦੀ ਪੂਛ ਅਰਗਾ 'ਕੱਲਾ..!"

ਕੁੱਤੇ ਫੜਨ ਦੀ ਸਾਰੀ ਕਾਰਵਾਈ ਕਰਕੇ ਸ਼ਾਮ ਤੱਕ ਪ੍ਰਸ਼ਾਸਨ ਵਾਲੇ ਵਿਹਲੇ ਹੋ ਗਏ।

"ਸਰਪੈਂਚ ਸਾਹਿਬ..! ਜੇ ਤੁਸੀਂ ਹਾਮੀਂ ਭਰੋਂ ਤਾਂ ਅਸੀਂ ਅਮਲੀ ਨੂੰ ਪੱਕੀ ਨੌਕਰੀ ਦੇ ਸਕਦੇ ਐਂ..!" ਪ੍ਰਸ਼ਾਸਨ ਦੇ ਕਰਮਚਾਰੀ ਨੇ ਕਿਹਾ।

"ਤੇ ਜਦੋਂ 'ਲਾਕੇ ਦੇ ਕੁੱਤੇ ਮੁੱਕ ਗਏ ਸਰਕਾਰ ਜੀ, ਫ਼ੇਰ..?" ਅਮਲੀ ਨੇ ਅਗਲਾ ਡਰ ਜ਼ਾਹਿਰ ਕੀਤਾ।

"ਫ਼ੇਰ ਬੰਦਿਆਂ 'ਤੇ ਹੋਜਾਂਗੇ..! ਬੰਦੇ ਵੀ ਅੱਜ ਕੱਲ੍ਹ ਹਟ ਕੁੱਤੀਏ ਨੀ ਕਹਿਣ ਦਿੰਦੇ..! ਆਏ ਸਾਲ ਜੁਆਕ ਪਾਥੀ ਮਾਂਗੂੰ ਥੱਪ ਧਰਦੇ ਐ..!"

ਹਾਸਾ ਮੱਚ ਗਿਆ।

"ਕੁੱਤਿਆਂ ਆਲਾ ਕੰਮ ਤਾਂ ਮੈਂ ਮੁਖ਼ਤ ਕਰਨ ਨੂੰ ਤਿਆਰ ਐਂ ਜੀ..! ਇਹਨਾਂ ਨੇ ਤਾਂ ਅੱਤ ਈ ਚੱਕ ਲਈ ਸੀ..!"

"ਚੱਲ ਕੋਈ ਨਾ..! ਨਾਲ਼ੇ ਕੰਮ ਕਰੀ ਚੱਲ ਤੇ ਨਾਲ਼ੇ ਪੈਸੇ ਲਈ ਚੱਲ..!" ਸਰਪੰਚ ਨੇ ਕਿਹਾ।

"ਚਲੋ..! ਜਿਵੇਂ ਤੂੰ ਲੋਟ ਸਮਝੇਂ ਸਰਪੈਂਚਾ..!"

ਅਮਲੀ ਉਨ੍ਹਾਂ ਦੇ ਨਾਲ ਤੁਰ ਗਿਆ। ਉਸ ਨੂੰ ਪੱਕੀ ਨੌਕਰੀ ਦੇ ਦਿੱਤੀ ਗਈ।

# ਦਲੀਪ ਕੁਮਾਰ ਦਾ ਭਰਾ ਅਤੇ 'ਮਜ਼ਦੂਰ' ਦੀ ਮਹਿਮਾ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*









*ਫਿਲਮਸਾਜ਼ ਨਿਤਿਨ ਬੋਸ, ਅਦਾਕਾਰ ਨਾਸਿਰ ਖਾਨ ਅਤੇ ਫਿਲਮ 'ਮਜ਼ਦੂਰ' ਦਾ ਪੋਸਟਰ।*

ਦੇਵਧਰ ਹਾਲ ਜਿੱਥੇ 'ਇਪਟਾ' (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਦੀਆਂ ਰਿਹਰਸਲਾਂ ਹੁੰਦੀਆਂ ਸਨ, ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਗੋਸ਼ਟੀਆਂ ਦਾ ਕੇਂਦਰ ਵੀ ਸੀ। ਪ੍ਰਗਤੀਸ਼ੀਲ ਲੇਖਕ ਸੰਘ ਨੇ ਪ੍ਰਗਤੀਸ਼ੀਲ ਵਿਚਾਰਾਂ ਦੀ ਕਿਤਨੀ ਕੁ ਸੇਵਾ ਅਤੇ ਕਿਤਨੀ ਕੁ ਕੁ-ਸੇਵਾ ਕੀਤੀ ਹੈ, ਇਸ ਦਾ ਹਿਸਾਬ ਮੈਂ ਅਜੇ ਤੱਕ ਨਹੀਂ ਲਾ ਸਕਿਆ ਪਰ ਉਹਨਾਂ ਦੀਆਂ ਮਿਲਣੀਆਂ ਵਿਚ ਕੁਝ ਸੂਝਵਾਨ ਤੇ ਦਿਲ ਦੇ ਚੰਗੇ ਬੰਦਿਆਂ ਨਾਲ ਮੇਰੀ ਜਾਣ-ਪਛਾਣ ਹੋਈ ਜਿਨ੍ਹਾਂ ਵਿਚੋਂ ਇਕ ਸੀ ਅਯੂਬ ਖਾਨ, ਫਿਲਮ ਸਟਾਰ ਦਲੀਪ ਕੁਮਾਰ ਦਾ ਵੱਡਾ ਵੀਰ ਜੋ ਹੁਣ ਇਸ ਸੰਸਾਰ ਵਿਚ ਨਹੀਂ।

ਅਯੂਬ ਪੱਛਮੀ ਪਹਿਰਾਵੇ ਦੀ ਥਾਂ ਦੁੱਧ-ਚਿੱਟੀ ਸਲਵਾਰ-ਕਮੀਜ਼ ਪਾਣ ਦਾ ਸ਼ੌਕੀਨ ਸੀ। ਵੇਖਣ ਵਿਚ ਨਸੀਫ, ਬੀਬਾ, ਮਲੂਕੜਾ ਜਿਹਾ। ਸਿਹਤ ਨਿੱਕਿਆਂ ਹੁੰਦਿਆਂ ਤੋਂ ਕਮਜ਼ੋਰ ਰਹੀ ਸੀ। ਉਮਰ ਦੇ ਸਤਾਈਵੇਂ ਸਾਲ ਵਿਚ ਹੀ ਮਾੜਾ ਜਿਹਾ ਉੜ ਕੇ ਤੁਰਦਾ ਸੀ। ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਂਦਾ ਸੀ ਜਿਨ੍ਹਾਂ ਵਿਚੋਂ ਹਰ ਚੀਜ਼ ਨੂੰ ਬੜੇ ਧਿਆਨ ਤੇ ਅਸਚਰਜ ਨਾਲ ਵੇਖਦਾ, ਜਿਵੇਂ ਭਰੋਸਾ ਨਾ ਹੋਵੇ ਕਿ ਵੇਖਣ ਦੀ, ਕਿਤਨੀ ਕੁ ਮੁਹਲਤ ਮਿਲੀ ਹੈ। ਮੋਟੇ-ਮੋਟੇ ਬੁੱਲ੍ਹਾਂ ਵਿਚੋਂ ਉਸ ਦਾ ਹਾਸਾ ਇੰਜ ਫੁਟਦਾ ਸੀ, ਜਿਵੇਂ ਕਿਸੇ ਇਕ ਗੱਲ ਉਤੇ ਨਹੀਂ, ਪੂਰੀ ਕਾਇਨਾਤ ਉਤੇ ਹੱਸ ਰਿਹਾ ਹੋਵੇ। ਉਸ ਦੇ ਸ਼ਾਹ-ਕਾਲੇ ਵਾਲ ਘਣੇ ਤੇ ਘੁੰਗਰਿਆਲੇ ਸਨ। ਉਹਨਾਂ ਨੂੰ ਉਹ ਬੜਾ ਸੁਆਰ ਕੇ ਰੱਖਦਾ ਸੀ। ਰਿੰਦੀ ਤੇ ਖਬਤੁਲਵਾਸ ਲੇਖਕੀ ਮਾਹੌਲ ਵਿਚ ਉਸ ਦੀ ਸਵੱਛਤਾ ਤੇ ਕਾਇਦੇਦਾਰੀ ਖਾਹ-ਮਖਾਹ ਧਿਆਨ ਖਿੱਚ ਲੈਂਦੀ ਸੀ। ਸ਼ਾਇਦ ਇਹੋ ਸਾਡੀ ਦੋਸਤੀ ਦਾ ਬੁਨਿਆਦੀ ਕਾਰਨ ਬਣੀ। ਅਯੂਬ ਦਾ ਘਰ ਵੀ ਪਾਲੀ ਹਿਲ ਉੱਤੇ ਸੀ - ਚੇਤਨ ਦੇ ਘਰ ਦੇ ਬਿਲਕੁਲ ਨਜ਼ਦੀਕ। ਉਸ ਦੇ ਵਾਲਿਦ ਕਰਾਫੋਰਡ ਮਾਰਕਿਟ ਵਿਚ ਫਲਾਂ ਦਾ ਕਾਰੋਬਾਰ ਕਰਦੇ ਸਨ। ਚਿਰਾਂ ਤੋਂ ਪਿਸ਼ੌਰ ਤੋਂ ਆ ਕੇ ਬੰਬਈ ਵਿਚ ਵੱਸੇ ਹੋਏ, ਅਣਖ ਵਾਲੇ, ਗਰੀਬ ਨਵਾਜ਼, ਤੇ ਮਿਲਣਸਾਰ ਬਜ਼ੁਰਗ ਸਨ। ਉਹਨਾਂ ਦਾ ਪਰਵਾਰ ਪੂਰੀ ਤਰ੍ਹਾਂ ਆਪਣੀ ਪੰਜਾਬੀ ਰਹਿਤ ਦਾ ਪਾਬੰਦ ਸੀ।

ਉਹ ਅਯੂਬ ਨੂੰ ਬਹੁਤ ਪਿਆਰ ਕਰਦੇ ਸਨ। ਭਾਵੇਂ ਉਹ ਆਪਣੇ ਭਰਾਵਾਂ ਵਿਚੋਂ ਦੂਜੇ ਨੰਬਰ ਉਤੇ ਸੀ, ਫੇਰ ਵੀ ਉਹਨੂੰ ਆਪਣਾ ਸਲਾਹਕਾਰ ਤੇ ਮਦਦਗਾਰ ਮੰਨਦੇ ਸਨ। ਪਰਦੇਸ ਵਿਚ ਜਿਥੋਂ ਦੇ ਦਾਣੇ-ਪਾਣੀ ਨਾਲ ਅਜੇ ਰਬਤ ਨਹੀਂ ਸੀ ਹੋਇਆ, ਅਯੂਬ ਦਾ ਘਰ ਮੇਰੇ ਲਈ ਨਿੱਘੀ ਠਾਹਰ ਬਣ ਗਿਆ।

ਯੂਸਫ (ਦਲੀਪ ਕੁਮਾਰ) ਨੇ ਅਜੇ ਫਿਲਮਾਂ ਵਿਚ ਨਵਾਂ-ਨਵਾਂ ਪੈਰ ਧਰਿਆ ਸੀ ਤੇ ਬਾਂਬੇ ਟਾਕੀਜ਼ ਦੀ ਫਿਲਮ 'ਜਵਾਰ ਭਾਟਾ' ਵਿਚ ਹੀਰੋ ਦਾ ਰੋਲ ਕਰ ਰਿਹਾ ਸੀ। ਅਯੂਬ ਦਲੀਪ ਤੋਂ ਚਾਰ ਕੁ ਸਾਲ ਵੱਡਾ ਸੀ। ਉਹਨਾਂ ਤੋਂ ਛੋਟਾ ਸੀ ਨਾਸਿਰ ਖਾਨ। ਉਸ ਦੀ ਦੇਵ ਆਨੰਦ ਨਾਲ ਬੜੀ ਯਾਰੀ ਸੀ।

ਇਕ ਦਿਨ, ਸ਼ਾਇਦ ਅੱਬਾਸ (ਖਵਾਜਾ ਅਹਿਮਦ ਅੱਬਾਸ) ਦੇ ਕਹਿਣ ਉੱਤੇ, ਫਿਲਮਿਸਤਾਨ ਵਾਲਿਆਂ ਨੇ 'ਜ਼ੁਬੇਦਾ' ਡਰਾਮੇ ਦੇ ਕਲਾਕਾਰਾਂ ਨੂੰ 'ਲੰਚ' ਉਤੇ ਬੁਲਾ ਲਿਆ। ਉਥੇ ਨਿਤਿਨ ਬੋਸ 'ਮਜ਼ਦੂਰ' ਨਾਂ ਦੀ ਫਿਲਮ ਸ਼ੁਰੂ ਕਰਨ ਵਾਲੇ ਸਨ। ਜਿਨ੍ਹਾਂ ਨੇ ਇਹ ਫਿਲਮ ਵੇਖੀ ਹੈ, ਸ਼ਾਇਦ ਮੇਰੇ ਨਾਲ ਸਹਿਮਤ ਹੋਣਗੇ ਕਿ ਅਜ ਤੀਕਰ ਹਿੰਦੁਸਤਾਨ ਵਿਚ ਜਿਤਨੀਆਂ ਵੀ ਯਥਾਰਥਵਾਦੀ ਫਿਲਮਾਂ ਬਣੀਆਂ ਹਨ, 'ਮਜ਼ਦੂਰ' ਉਹਨਾਂ ਵਿਚ ਪਹਿਲੇ ਨੰਬਰ ਉਤੇ ਆਂਦੀ ਹੈ। ਅਜ ਤੀਕਰ ਹੋਰ ਕਿਸੇ ਫਿਲਮ ਵਿਚ ਮੈਂ ਜਮਾਤੀ ਘੋਲ ਨੂੰ ਇਤਨਾ ਬੇਨਕਾਬ ਹੋਇਆ ਨਹੀਂ ਵੇਖਿਆ। ਸਰਮਾਏਦਾਰ ਕਿਵੇਂ ਹਰ ਮੁਮਕਿਨ ਢੰਗ ਨਾਲ ਮਜ਼ਦੂਰਾਂ ਵਿਚ ਫੁੱਟ ਪਾਉਂਦੇ ਹਨ, ਦਰਮਿਆਨੇ ਤਬਕੇ ਦੇ ਢਿਲ-ਮਿਲ ਯਕੀਨਾਂ ਨੂੰ ਮਿੱਟੀ ਵਿਚੋਂ ਚੁਕ ਕੇ ਸ਼ੀਸ਼ ਮਹਿਲਾਂ ਵਿਚ ਲਿਆਉਂਦੇ ਹਨ ਤਾਂ ਜੋ ਉਹ ਆਪਣੀ ਜ਼ਮੀਰ ਵੇਚ ਕੇ ਮਜ਼ਦੂਰਾਂ ਦੀ ਰੱਤ ਨਿਚੋੜਨ ਵਿਚ ਮਾਲਕਾਂ ਦੀ ਮਦਦ ਕਰਨ, ਕਿਵੇਂ ਧਰਮ-ਮਜ਼੍ਹਬ ਤੇ ਹੋਰ ਕਈ ਤਰ੍ਹਾਂ ਦੇ ਢੁੱਚਰ ਡਾਹ ਕੇ ਉਹ ਮਜ਼ਦੂਰਾਂ ਨੂੰ ਵਰਗਲਾਂਦੇ ਹਨ, ਕਿਵੇਂ ਮਜ਼ਦੂਰਾਂ ਦੇ ਸੱਚੇ ਹਿਤੂ ਲੀਡਰਾਂ ਨੂੰ ਮਾਰ-ਮੁਕਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ - ਇਹ ਸਾਰੀਆਂ ਗੱਲਾਂ ਇਤਨੀ ਸਪਸ਼ਟਤਾ ਨਾਲ ਫਿਲਮ ਵਿਚ ਦਰਸਾਈਆਂ ਗਈਆਂ ਸਨ ਕਿ ਸੁਣਿਆ ਹੈ ਕਿ ਬਣਾਉਣ ਵਾਲੇ ਆਪ ਇਸ ਫਿਲਮ ਤੋਂ ਬੇਜ਼ਾਰ ਹੋ ਗਏ ਸਨ। ਕਈ ਸ਼ਹਿਰਾਂ ਦੇ ਸਿਨਮਿਆਂ ਵਿਚੋਂ, ਭਰਪੂਰ ਲੋਕਪ੍ਰਿਯਤਾ ਦੇ ਬਾਵਜੂਦ ਇਹ ਫਿਲਮ ਹਟਾ ਲਈ ਗਈ। ਮੈਨੂੰ ਇਕ ਦੋਸਤ ਨੇ ਦੱਸਿਆ, ਕਾਨਪੁਰ ਵਿਚ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਆਪਣੇ ਕਰੋੜਪਤੀ ਭਾਰਤੀ ਦਰਬਾਰੀਆਂ ਦੇ ਇਸਰਾਰ ਉੱਤੇ ਇਹਨੂੰ ਦੂਜੇ ਦਿਨ ਹੀ ਸਿਨੇਮੇ ਤੋਂ ਉਤਰਵਾ ਦਿੱਤਾ ਸੀ, ਅਤੇ ਸਿਨੇਮੇ ਦੇ ਮਾਲਕ ਨੂੰ ਏਸ ਧੱਕੇਸ਼ਾਹੀ ਵਜੋਂ ਬਹੁਤ ਸਾਰਾ ਆਰਥਕ ਨੁਕਸਾਨ ਜਰਨਾ ਪਿਆ ਸੀ।

ਉਸੇ ਜ਼ਮਾਨੇ ਵਿਚ ਬੰਗਾਲ ਵਿਚ ਬਿਮਲ ਰਾਏ 'ਹਮਰਾਹੀ' ਬਣਾ ਰਿਹਾ ਸੀ ਜਿਸ ਵਿਚ ਸਰਮਾਏਦਾਰੀ ਨਜ਼ਾਮ ਦੇ ਖਿਲਾਫ ਵਿਅੰਗ ਕੁੱਟ-ਕੁੱਟ ਕੇ ਭਰਿਆ ਹੋਇਆ ਸੀ ਪਰ ਅੰਤ ਤੀਕਰ ਬਿਮਲ ਰਾਏ ਯਥਾਰਥਵਾਦ ਨਹੀਂ ਸੀ ਨਿਭਾ ਸਕਿਆ। 'ਹਮਰਾਹੀ' ਦੇ ਹੀਰੋ ਹੀਰੋਇਨ ਵੀ, ਜਿਵੇਂ ਨਿਊ ਥੀਏਟਰਜ਼ ਦੀਆਂ ਫਿਲਮਾਂ ਵਿਚ ਆਮ ਹੁੰਦਾ ਸੀ, ਅਖੀਰਲੇ ਦ੍ਰਿਸ਼ ਵਿਚ ਦੂਰ ਦੁਮੇਲਾਂ ਵਲ ਤੁਰਦੇ ਦਿਖਾਈ ਦੇਂਦੇ ਹਨ, ਜਿਵੇਂ ਸੰਸਾਰ ਦੀਆਂ ਸਮਸਿਆਵਾਂ ਦਾ ਹੱਲ ਪ੍ਰਾਲਬਧ ਉੱਪਰ ਛੱਡ ਦਿੱਤਾ ਗਿਆ ਹੋਵੇ ਪਰ 'ਮਜ਼ਦੂਰ' ਵਿਚ ਅਜਿਹੇ ਛਾਇਆਵਾਦ ਦਾ ਸਹਾਰਾ ਨਹੀਂ ਸੀ ਲਿਆ ਗਿਆ। ਨਾ ਤਾਂ ਸਰਮਾਏਦਾਰ ਦੀ ਧੀ ਨਾਲ ਹੀਰੋ ਦਾ ਵਿਆਹ ਕਰਾ ਕੇ ਸ਼ੇਰ ਤੇ ਬੱਕਰੀ ਨੂੰ ਇਕੋ ਘਾਟ ਪਾਣੀ ਪਿਆਇਆ ਗਿਆ, ਤੇ ਨਾ ਹੀ ਮਜ਼ਲੂਮਾਂ ਨੂੰ ਆਪਣੀ ਮੰਦਹਾਲੀ ਦਾ ਜ਼ਿੰਮੇਵਾਰ ਆਪ ਠਹਿਰਾਇਆ ਗਿਆ ਸਗੋਂ ਸਾਫ ਬਿਆਨ ਕੀਤਾ ਕਿ ਮਜ਼ਦੂਰਾਂ ਦੀ ਮੁਕਤੀ ਦਾ ਰਸਤਾ ਕੇਵਲ ਉਹਨਾਂ ਦਾ ਏਕਾ ਹੈ ਜਿਸ ਦੀ ਮਦਦ ਨਾਲ ਉਹ ਸਰਮਾਏਦਾਰੀ ਨਜ਼ਾਮ ਨੂੰ ਢਾਹ ਕੇ ਸਮਾਜਵਾਦ ਦੀ ਰਾਹ ਉਤੇ ਪਾ ਸਕਦੇ ਹਨ।

ਸ਼ਾਇਦ ਨਿਤਿਨ ਬੋਸ ਚਾਹੁੰਦੇ ਸਨ ਕਿ ਅਗਾਂਹਵਧੂ ਵਿਚਾਰਾਂ ਵਾਲੀ ਇਸ ਫਿਲਮ ਵਿਚ ਕੰਮ ਵੀ ਅਗਾਂਹਵਧੂ ਵਿਚਾਰਾਂ ਵਾਲੇ ਕਲਾਕਾਰ ਹੀ ਕਰਨ, ਸ਼ਾਇਦ ਏਸੇ ਆਸ਼ੇ ਨਾਲ ਉਹਨਾਂ ਇਸ 'ਲੰਚ' ਦਾ ਪ੍ਰਬੰਧ ਕੀਤਾ ਸੀ।

ਜਦੋਂ ਗੋਰੇਗਾਉਂ ਦੀ ਗੱਡੀ ਫੜਨ ਲਈ ਅਸੀਂ ਬਾਂਦਰਾ ਸਟੇਸ਼ਨ ਉਤੇ ਪੁੱਜੇ ਤਾਂ ਕਿਤੋਂ ਤੁਰਦਾ-ਫਿਰਦਾ ਨਾਸਿਰ ਖਾਨ ਦੇਵ (ਆਨੰਦ) ਨੂੰ ਆ ਮਿਲਿਆ। ਸਾਡੀ ਟੋਲੀ ਵਿਚ ਸਾਰੇ ਹੀ ਦੇਵ ਤੋਂ ਵੱਡੇ ਤੇ ਚੇਤਨ ਦੇ ਦੋਸਤ ਸਨ ਜਿਨ੍ਹਾਂ ਤੋਂ ਉਹ ਸੰਗਦਾ ਰਹਿੰਦਾ ਸੀ। ਉਹਨੇ ਨਾਸਿਰ ਨੂੰ ਜ਼ੋਰੀਂ ਆਪਣੇ ਨਾਲ ਲੈ ਲਿਆ।

ਉਸ ਲੰਚ ਦਾ ਨਤੀਜਾ ਬੜਾ ਅਜੀਬ ਨਿਕਲਿਆ। ਸਾਡੇ ਵਿਚੋਂ ਤਾਂ ਨਿਤਿਨ ਬੋਸ ਨੂੰ ਕੋਈ ਨਾ ਜਚਿਆ ਪਰ ਨਾਸਿਰ ਖਾਨ ਜੋ ਐਵੇਂ ਹੀ ਸਾਡੇ ਨਾਲ ਤੁਰ ਪਿਆ ਸੀ, ਨੂੰ ਅਗਲੇ ਦਿਨ ਉਹਨਾਂ ਸਟੂਡੀਓ ਬੁਲਾ ਕੇ ਹੀਰੋ ਮਿੱਥ ਲਿਆ। ਜਿਨ੍ਹਾਂ ਨੇ ਉਹ ਫਿਲਮ ਵੇਖੀ ਹੈ, ਉਹ ਜਾਣਦੇ ਹਨ ਕਿ ਨਾਸਿਰ ਖਾਨ ਨੇ ਯਬਲੋਲ ਮਿਲ ਮੈਨੇਜਰ ਦਾ ਪਾਰਟ ਬੜੇ ਸਲੀਕੇ ਨਾਲ ਅਦਾ ਕੀਤਾ ਹੈ, ਹਾਲਾਂਕਿ ਅਭਿਨੈ ਕਲਾ ਦਾ ਉਹਨੂੰ ਓਦੋਂ ਕੋਈ ਗਿਆਨ ਨਹੀਂ ਸੀ। ਇਸ ਤੋਂ ਨਾ ਸਿਰਫ ਨਿਤਿਨ ਬੋਸ ਦੇ ਉੱਤਮ ਨਿਰਦੇਸ਼ਕ ਹੋਣ ਦਾ ਸਬੂਤ ਮਿਲਦਾ ਹੈ ਸਗੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਸਹੀ ਪਾਤਰ ਦੀ ਚੋਣ ਕਿਸੇ ਵੀ ਨਾਟਕ ਜਾਂ ਫਿਲਮ ਦੇ ਪ੍ਰਫੁਲਤ ਹੋਣ ਦੀ ਪਹਿਲੀ ਸ਼ਰਤ ਹੈ।


ਖੈਰ, ਉਸ ਵੇਲੇ ਤਾਂ ਸਾਡਾ ਪ੍ਰਤੀਕਰਮ ਈਰਖਾ ਤੇ ਨਿਰਾਸ਼ਾ ਤੋਂ ਛੁੱਟ ਕੁਝ ਨਹੀਂ ਸੀ। ਖਾਸ ਕਰਕੇ ਦੇਵ ਨੂੰ ਤਾਂ ਉਸ ਵੇਲੇ ਤੋਂ ਉਠਦਿਆਂ-ਬੈਠਦਿਆਂ, ਖਾਂਦਿਆਂ-ਪੀਂਦਿਆਂ ਬਸ ਫਿਲਮਾਂ ਦੇ ਹੀ ਖਾਬ ਆਉਣ ਲਗ ਪਏ। ਉਹ ਆਪਣੇ ਦੋਸਤ ਤੋਂ ਪਿਛਾਂਹ ਨਹੀਂ ਸੀ ਰਹਿਣਾ ਚਾਹੁੰਦਾ।

ਨਾਸਿਰ ਦੇ ਏਸ ਤਰ੍ਹਾਂ ਅਚਿੰਤੇ ਹੀਰੋ ਬਣ ਜਾਣ ਨੂੰ ਭਾਗ ਜਾਗਣ ਦੀ ਗੱਲ ਕਿਹਾ ਜਾ ਸਕਦਾ ਹੈ, ਕਿਉਂਕਿ ਸਾਡੇ ਦੇਸ਼ ਵਿਚ ਲੋਕਾਂ ਦਾ ਭਾਗਾਂ ਵਿਚ ਬੜਾ ਡੂੰਘਾ ਵਿਸ਼ਵਾਸ ਹੈ ਪਰ ਇਸ ਸਿਲਸਿਲੇ ਵਿਚ ਇਕ ਗੱਲ ਮੈਂ ਜ਼ਰੂਰ ਕਹਾਂਗਾ। ਮੈਂ ਇਹਨਾਂ ਵੀਹਾਂ ਸਾਲਾਂ ਦੇ ਫਿਲਮੀ ਜੀਵਨ ਵਿਚ ਭਾਗ ਸਿਰਫ ਦਰਮਿਆਨੇ ਤਬਕੇ ਦੇ ਲੋਕਾਂ ਦੇ ਖੁੱਲ੍ਹਦੇ ਵੇਖੇ ਹਨ, ਮਜ਼ਦੂਰ ਜਮਾਤ ਦੇ ਭਾਗ ਖੁੱਲ੍ਹਦੇ ਕਦੇ ਨਹੀਂ ਵੇਖੇ। ਉਹ ਤਾਂ, ਇੰਜ ਜਾਪਦਾ ਹੈ, ਜਿਵੇਂ ਮਿਹਨਤਾਂ ਕਰਨ ਤੇ ਭੁੱਖੇ ਮਰਨ ਲਈ ਹੀ ਇਸ ਫਿਲਮ ਲਾਈਨ ਵਿਚ ਆਏ ਹਨ। ਹਾਂ, ਦਰਮਿਆਨੇ ਤਬਕੇ ਦਾ ਆਦਮੀ ਜ਼ਰੂਰ ਆਸ ਕਰ ਸਕਦਾ ਹੈ ਕਿ ਕਦੇ ਨਾ ਕਦੇ ਕੋਈ ਸਰਪ੍ਰਸਤ ਉਸ ਉਤੇ ਮਿਹਰਬਾਨ ਹੋ ਜਾਏਗਾ ਤੇ ਉਹਦੇ ਭਾਗ ਖੁੱਲ੍ਹ ਜਾਣਗੇ।

ਕੁਝ ਚਿਰ ਮਗਰੋਂ ਸਾਡੇ ਨਾਲ ਵੀ ਏਸੇ ਤਰ੍ਹਾਂ ਖੁਸ਼ਗਵਾਰ ਹਾਦਸੇ ਵਾਪਰੇ। ਪ੍ਰਿਥਵੀ ਰਾਜ ਕਪੂਰ ਜੀ ਨੇ ਆਪਣਾ ਪ੍ਰਿਥਵੀ ਥੀਏਟਰ ਖੋਲ੍ਹਿਆ, ਤੇ ਅਜ਼ਰਾ ਮੁਮਤਾਜ਼ ਤੇ ਦਮਯੰਤੀ (ਬਲਰਾਜ ਸਾਹਨੀ ਦੀ ਪਹਿਲੀ ਪਤਨੀ ਜਿਸ ਨੂੰ ਉਹ ਦਮੋ ਕਹਿੰਦਾ ਸੀ) ਦੋਵਾਂ ਨੂੰ ਕੰਮ ਦਿੱਤਾ। ਦਮੋ ਨੂੰ ਹੁਣ ਪੰਜ ਸੌ ਰੁਪਏ ਮਾਹਵਾਰ ਮਿਲਣ ਲਗ ਪਏ ਜੋ ਉਸ ਜ਼ਮਾਨੇ ਵਿਚ ਚੰਗੀ ਆਮਦਨੀ ਗਿਣੀ ਜਾ ਸਕਦੀ ਸੀ। ਅਸਾਂ ਝਟ ਜੂਹੂ ਥਿਆਸੋਫੀਕਲ ਕਾਲੋਨੀ ਵਿਚ ਨਿੱਕਾ ਜਿਹਾ ਬੰਗਲਾ ਕਿਰਾਏ ਉਤੇ ਲੈ ਲਿਆ ਭਾਵੇਂ ਉਸ ਦਾ ਕਿਰਾਇਆ ਸਾਡੀ ਵਿਤੋਂ ਕੁਝ ਬਾਹਰਾ ਸੀ।

ਅੱਜ ਦੇ ਅਤੇ ਉਸ ਜ਼ਮਾਨੇ ਦੇ ਜੂਹੂ ਦੇ ਸਮੁੰਦਰੀ ਇਲਾਕੇ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਓਦੋਂ ਓਤੇ ਆਬਾਦੀ ਨਵੀਂ-ਨਵੀਂ ਵਧਣੀ ਸ਼ੁਰੂ ਹੋਈ ਸੀ ਕੁਝ ਇਕ ਅਮੀਰਾਂ ਦੇ ਤਫਰੀਹੀ ਬੰਗਲਿਆਂ ਨੂੰ ਛਡ ਕੇ ਜ਼ਿਆਦਾ ਵਸੋਂ ਨਾਰੀਅਲ ਦੇ ਫੁਹੜਾਂ ਨਾਲ ਬਣੇ "ਸ਼ੈਕਾਂ" ਵਿਚ ਸੀ। ਬੀ. ਈ. ਐਸ਼ ਟੀ. ਦੀ ਬਸ-ਸਰਵਿਸ ਵੀ ਅਜੇ ਓਥੇ ਨਹੀਂ ਸੀ ਅੱਪੜੀ। ਬੀ. ਬੀ. ਸੀ. ਨਾਂ ਦੀ ਇਕ ਫਟੀਚਰ ਜਹੀ ਬਸ-ਸਰਵਿਸ ਚਲਦੀ ਸੀ। ਨੀਲੇ ਰੰਗ ਦੀਆਂ ਨਿੱਕੀਆਂ ਜਿਹੀਆਂ ਬੱਸਾਂ ਹੁੰਦੀਆਂ ਸਨ, ਜੋ ਕੋਇਲੇ ਦੀ ਗੈਸ ਨਾਲ ਚਲਦੀਆਂ ਸਨ। ਬਰਸਾਤ ਦੇ ਦਿਨਾਂ ਵਿਚ ਉਹਨਾਂ ਦਾ ਅੱਧੇ ਰਸਤੇ ਫੇਲ੍ਹ ਹੋ ਜਾਣਾ ਆਮ ਜਹੀ ਗੱਲ ਸੀ। **(ਚੱਲਦਾ)**

# ਮਹਾਤਮਾ ਜਯੋਤੀਰਾਓ ਫੂਲੇ ਬਾਰੇ ਫਿਲਮ





*ਫਿਲਮ 'ਫੂਲੇ' ਦਾ ਪੋਸਟਰ*

ਮਹਾਨ ਸਮਾਜਸੇਵੀ ਜਯੋਤੀਰਾਓ ਗੋਵਿੰਦਰਾਓ ਫੂਲੇ ਅਤੇ ਉਨ੍ਹਾਂ ਦੀ ਪਤਨੀ ਸਵਿੱਤਰੀਬਾਈ ਫੂਲੇ ਦੀ ਜੀਵਨੀ 'ਤੇ ਬਣ ਰਹੀ ਫਿਲਮ 'ਫੂਲੇ' ਵਿਚ ਅਦਾਕਾਰ ਪ੍ਰਤੀਕ ਗਾਂਧੀ ਅਤੇ ਅਦਾਕਾਰਾ ਪੱਤਰਲੇਖਾ ਮੁੱਖ ਭੂਮਿਕਾਵਾਂ ਨਿਭਾਉਣਗੇ। ਇਸ ਗੱਲ ਦਾ ਖੁਲਾਸਾ ਫਿਲਮ ਦੇ ਨਿਰਮਾਤਾਵਾਂ ਨੇ ਕੀਤਾ। ਅਨੰਤ ਨਾਰਾਇਣ ਮਾਹਾਦੇਵਨ ਨੇ ਇਹ ਫਿਲਮ ਲਿਖੀ ਹੈ ਅਤੇ ਨਿਰਦੇਸ਼ਨ ਵੀ ਉਹੀ ਕਰਨਗੇ। ਇਸ ਫਿਲਮ ਦੀ ਪਹਿਲੀ ਝਲਕ ਜਯੋਤੀਰਾਓ ਫੂਲੇ ਦੇ 195ਵੇਂ ਜਨਮ ਦਿਨ ਮੌਕੇ ਰਿਲੀਜ਼ ਕੀਤੀ ਗਈ।

ਫਿਲਮ ਬਾਰੇ ਗੱਲ ਕਰਦਿਆਂ ਅਦਾਕਾਰ ਪ੍ਰਤੀਕ ਗਾਂਧੀ ਨੇ ਕਿਹਾ ਕਿ ਇਸ ਸਮਾਜ ਸੁਧਾਰਕ ਜੋੜੇ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਗਏ ਕੰਮ ਫਿਲਮ ਰਾਹੀਂ ਦਿਖਾ ਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਜਾ ਰਹੀ ਹੈ। ਉਸ ਨੇ ਹੋਰ ਕਿਹਾ, "ਇਹ ਫਿਲਮ ਕਿਸੇ ਜੀਵਨੀ ਸਬੰਧੀ ਉਸ ਦੀ ਪਹਿਲੀ ਫਿਲਮ ਹੈ। ਇੱਕ ਮਹਾਨ ਅਤੇ ਪ੍ਰੇਰਨਾਦਾਇਕ ਆਗੂ ਦਾ ਕਿਰਦਾਰ ਨਿਭਾਅ ਸਕਣਾ ਮੇਰੇ ਲਈ ਬਹੁਤ ਚੁਣੌਤੀ ਵਾਲਾ ਕੰਮ ਹੈ ਪਰ ਮੇਰੀ ਹਮੇਸ਼ਾ ਇਹੀ ਇੱਛਾ ਸੀ ਕਿ ਮੈਂ ਅਜਿਹਾ ਕੋਈ ਕਿਰਦਾਰ ਨਿਭਾਵਾਂ। ਇਸ ਲਈ ਮੈਂ ਇਸ ਫਿਲਮ ਲਈ ਝੱਟ ਹਾਂ ਕਰ ਦਿੱਤੀ ਸੀ ਅਤੇ ਹੁਣ ਮੈਂ ਚਾਹੁੰਦਾ ਹਾਂ ਕਿ ਇਹ ਫਿਲਮ ਛੇਤੀ ਮੁਕੰਮਲ ਹੋਵੇ ਅਤੇ ਦਰਸ਼ਕਾਂ ਅੱਗੇ ਆਵੇ।"

ਪੱਤਰਲੇਖਾ ਨੇ ਫਿਲਮ ਬਾਰੇ ਕਿਹਾ ਕਿ ਉਸ ਨੂੰ ਯਕੀਨ ਹੈ ਕਿ ਫਿਲਮ ਮੁਕੰਮਲ ਹੋਣ ਤੋਂ ਬਾਅਦ ਵੀ ਲੰਮਾ ਸਮਾਂ ਉਸ 'ਤੇ ਇਸ ਫਿਲਮ ਦਾ ਅਸਰ ਰਹੇਗਾ। ਉਸ ਨੇ ਕਿਹਾ, "ਮੈਂ ਸ਼ਿਲਾਂਗ (ਮੇਘਾਲਿਆ) ਵਿਚ ਵੱਡੀ ਹੋਈ ਹਾਂ ਜਿੱਥੇ ਮਾਤ-ਸ਼ਾਹੀ ਸਮਾਜ ਦਾ ਬਹੁਤ ਪ੍ਰਭਾਵ ਹੈ। ਇਸ ਵਾਸਤੇ ਲਿੰਗਕ ਬਰਾਬਰੀ ਦੀ ਮੇਰੇ ਲਈ ਕਾਫੀ ਅਹਿਮੀਅਤ ਹੈ। ਸਾਵਿੱਤਰੀਬਾਈ ਫੂਲੇ ਨੇ 1848 ਵਿਚ ਪੂਨੇ ਵਿਚ ਲੜਕੀਆਂ ਨੂੰ ਸਿੱਖਿਆ ਦੇਣ ਲਈ ਖੋਲ੍ਹੇ ਗਏ ਸਕੂਲ ਨੂੰ ਚਲਾਉਣ ਵਿਚ ਆਪਣੇ ਪਤੀ ਦਾ ਪੂਰਾ ਸਾਥ ਦਿੱਤਾ। ਮੈਨੂੰ ਇਸ ਫਿਲਮ ਵਿਚ ਸਾਵਿੱਤਰੀਬਾਈ ਫੂਲੇ ਦਾ ਕਿਰਦਰਾਰ ਮਿਲਣ 'ਤੇ ਬੇਹੱਦ ਖੁਸ਼ੀ ਹੋਈ ਹੈ। ਕੋਸ਼ਿਸ਼ ਕਰਾਂਗੀ ਕਿ ਆਪਣੇ ਕਿਰਦਾਰ ਨਾਲ ਪੂਰਾ ਨਿਆਂ ਕਰਾਂ।" ਯਾਦ ਰਹੇ ਕਿ ਮਹਾਤਮਾ ਫੂਲੇ ਨੇ ਵਿਧਵਾ ਵਿਆਹ ਦੀ ਲਹਿਰ ਵਿਚ ਵੀ ਯੋਗਦਾਨ ਪਾਇਆ ਅਤੇ ਭਰੂਣ ਹੱਤਿਆਵਾਂ ਰੋਕਣ ਲਈ ਅਨਾਥ ਆਸ਼ਰਮ ਖੋਲ੍ਹਿਆ। ਇਹ ਫਿਲਮ 2023 ਵਿਚ ਰਿਲੀਜ਼ ਕੀਤੀ ਜਾਵੇਗੀ।

*-ਆਮਨਾ ਸਿੰਘ*

# ਭਾਰਤ ਵਿਚ ਵੰਡੀਆਂ ਦੀ ਸਿਆਸਤ

ਪਿਛਲੇ ਕੁਝ ਹਫਤਿਆਂ ਤੋਂ ਵਾਪਰ ਰਹੀਆਂ ਘਟਨਾਵਾਂ ਨੂੰ ਦੇਖ ਕੇ ਮੁਲਕ ਦੇ ਹਾਲਾਤ ਬਾਰੇ ਹਰ ਕਿਸੇ ਦਾ ਮੱਥਾ ਠਣਕਦਾ ਹੈ। ਸਦੀਆਂ ਤੋਂ ਵੰਨ-ਸਵੰਨਤਾ ਮੁਲਕ ਦੀ ਗੂੜ੍ਹੀ ਪਛਾਣ ਬਣੀ ਰਹੀ ਹੈ ਪਰ ਹੁਣ ਦਮਘੋਟੂ ਇਕਰੂਪਤਾ ਦੇ ਨਾਂ 'ਤੇ ਇਸ ਨੂੰ ਮਿਟਾਇਆ ਜਾ ਰਿਹਾ ਹੈ। ਵੰਨ-ਸਵੰਨਤਾ ਨਾਲ ਬਗਲਗੀਰ ਹੋਣਾ ਖੁਸ਼ੀਆਂ ਦਾ ਸਬਬ ਹੋ ਸਕਦਾ ਹੈ ਅਤੇ ਇੰਝ ਹੁੰਦਾ ਵੀ ਰਿਹਾ ਹੈ। ਸਾਡੇ ਮੁਲਕ ਅੰਦਰ ਬਹੁਤ ਸਾਰੀਆਂ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ, ਵੱਖੋ-ਵੱਖਰੇ ਧਰਮ ਨਿਭਾਏ ਜਾਂਦੇ ਹਨ ਜਾਂ ਫਿਰ ਕਿਸੇ ਵੀ ਧਰਮ ਵਿਚ ਉੱਕਾ ਵਿਸ਼ਵਾਸ ਨਹੀਂ ਕੀਤਾ ਜਾਂਦਾ ਅਤੇ ਸਭਿਆਚਾਰਕ ਰਵਾਇਤਾਂ, ਸੰਗੀਤ ਤੇ ਨ੍ਰਿਤ ਦੇ ਰੂਪਾਂ ਤੇ ਸਾਹਿਤਕ ਤੇ ਕਲਾ ਦੀਆਂ ਸੰਵੇਦਨਾਵਾਂ

**ਸ਼ਿਆਮ ਸਰਨ**

ਦੀ ਬੇਮਿਸਾਲ ਮਾਲਾ ਸਭ ਨੂੰ ਇਕ ਮਾਲਾ ਵਿਚ ਪਰੋ ਲੈਂਦੀ ਹੈ। ਸਾਡੇ ਪਕਵਾਨਾਂ ਦੀਆਂ ਲੱਜਤਾਂ ਦੀ ਲੜੀ ਤੱਕ ਕੇ ਲੋਕ ਅਵਾਕ ਰਹਿ ਜਾਂਦੇ ਹਨ। ਸਾਡੇ ਬਸਤਰ ਅਤੇ ਖੇਤਰੀ ਪਹਿਰਾਵੇ ਦੇਖ ਕੇ ਕੋਈ ਡਿਜ਼ਾਈਨਰ ਅਸ਼ ਅਸ਼ ਕਰ ਉੱਠਦਾ ਹੈ। ਭਾਰਤੀ ਸਭਿਆਚਾਰ ਅਮੀਰ ਤੇ ਲਚਕ ਭਰਪੂਰ ਹੈ ਕਿਉਂਕਿ ਸਾਡੇ ਲਈ ਸਭਿਆਚਾਰ ਦਿਖਾਵੇ ਦੀ ਚੀਜ਼ ਨਹੀਂ ਸਗੋਂ ਵੰਡਣ ਦੀ ਵਿਧਾ ਹੈ। ਭਾਰਤ ਦੀ ਵੰਨ-ਸਵੰਨਤਾ ਅਜਿਹੇ ਸਿਆਸੀ ਨਿਜ਼ਾਮ ਦੀ ਤਵੱਕੋ ਕਰਦੀ ਹੈ ਜੋ ਇਸ ਮਜ਼ਬੂਤੀ ਤੇ ਲਚਕਤਾ ਦੇ ਅਜ਼ੀਮ ਸਰੋਤ ਨੂੰ ਥਾਂ ਦੇ ਸਕੇ ਤੇ ਇਸ ਨੂੰ ਪ੍ਰਫੁੱਲਤ ਕਰਦਾ ਹੋਵੇ। ਸਾਡਾ ਸੰਵਿਧਾਨ ਇਸ ਯੁੱਗਾਂ ਪੁਰਾਣੇ ਗੂੜ੍ਹ ਗਿਆਨ ਦੀ ਤਰਜਮਾਨੀ ਕਰਦਾ ਹੈ।

ਵੰਨ-ਸਵੰਨਤਾ ਅਸਹਿਮਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੀ ਹੈ। ਅਸਹਿਮਤੀਆਂ ਨਾਲ ਹੀ ਹਾਂਦਰੂ ਅੰਤਰ-ਕਿਰਿਆ ਹੁੰਦੀ ਹੈ, ਹਰ ਕਲਾਕਾਰ ਨੂੰ ਆਪਣੀ ਪਛਾਣ 'ਤੇ ਮਾਣ ਹੁੰਦਾ ਹੈ ਪਰ ਨਾਲ ਹੀ ਉਹ ਦੂਜੀਆਂ ਪਛਾਣਾਂ ਨੂੰ ਜਾਣਨ ਲਈ ਉਤਸੁਕ ਵੀ ਹੁੰਦਾ ਹੈ। ਅਸਹਿਮਤੀਆਂ ਕਰ ਕੇ ਖਤਰੇ ਦੀ ਭਾਵਨਾ ਵੀ ਪੈਦਾ ਹੋ ਸਕਦੀ ਹੈ, ਵੱਖਰੀ ਤੇ ਤੰਗਨਜ਼ਰ ਪਛਾਣਾਂ ਦਾ ਨਿਸ਼ਚਾ, ਕਿਸੇ ਵਧੇਰੇ ਇਕਰੂਪੀ ਸਮੂਹਿਕਤਾ ਵਿਚ ਆਪਣੀ ਪਛਾਣ ਖਤਮ ਹੋਣ ਦੀ ਬੇਚੈਨੀ ਆਦਿ। ਉਦੋਂ ਇਹ ਅਸਹਿਮਤੀਆਂ ਸਮਾਜ ਅੰਦਰ ਦੁਫਾੜਾਂ ਦਾ ਸਬਬ ਬਣ ਜਾਂਦੀਆਂ ਹਨ। ਧਰਮ ਜਾਂ ਭਾਸ਼ਾ ਹੀ ਨਹੀਂ ਸਗੋਂ ਕੱਪੜੇ ਅਤੇ ਖਾਣ ਪੀਣ ਦੀਆਂ ਆਦਤਾਂ ਵੀ ਪੁਆੜੇ ਦੀ ਜੜ੍ਹ ਬਣ ਜਾਂਦੀਆਂ ਹਨ ਜਿਵੇਂ ਅਸੀਂ ਪਿਛਲੇ ਕੁਝ ਸਾਲਾਂ ਤੋਂ ਦੇਖ ਰਹੇ ਹਾਂ। ਜਿਹੜੀ ਚੀਜ਼ ਸਾਡੀ ਮਜ਼ਬੂਤੀ ਦਾ ਸਰੋਤ ਬਣ ਸਕਦੀ ਸੀ, ਉਹ ਦੁਫਾੜਾਂ ਵਧਾ ਰਹੀ ਹੈ।



ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਧਾਰਮਿਕ ਦੁਫਾੜ ਪੈਦਾ ਕਰ ਕੇ ਕਿਵੇਂ ਨਾ ਕਿਵੇਂ ਭਾਰਤੀ ਸਮਾਜ ਅੰਦਰਲੀਆਂ ਹੋਰਨਾਂ ਦੁਫਾੜਾਂ ਮੇਸ ਕੇ ਹਿੰਦੂ ਸਮਾਜ ਨੂੰ ਇਕਜੁੱਟ ਕਰਨ ਦੀ ਧਾਰਨਾ ਗ਼ਲਤ ਹੈ। ਹਿੰਦੂ-ਮੁਸਲਿਮ ਬਾਇਨਰੀ/ਦੁਫਾੜ ਦੇ ਆਧਾਰ 'ਤੇ ਕੋਈ ਵਡੇਰੀ ਹਿੰਦੂ ਏਕਤਾ ਨਹੀਂ ਉਸਾਰੀ ਜਾ ਸਕਦੀ। ਜਿਉਂ ਹੀ ਇਕ ਦੁਫਾੜ ਪੈਦਾ ਹੁੰਦੀ ਹੈ ਤਾਂ ਨਾਲ ਹੀ ਕਈ ਹੋਰ ਦੁਫਾੜਾਂ ਉਭਰ ਆਉਂਦੀਆਂ ਹਨ। ਅਸੀਂ ਪਹਿਲਾਂ ਹੀ ਖੇਤਰੀ ਪਛਾਣਾਂ ਦਾ ਉਭਾਰ ਹੁੰਦਾ ਦੇਖ ਰਹੇ ਹਾਂ। ਚੁਣਾਵੀ ਹਲਕਿਆਂ ਦੀ ਮੁੜ ਵਿਉਂਤਬੰਦੀ, ਭਾਵ ਹੱਦਬੰਦੀ ਦੀ ਅਗਲੀ ਕਵਾਇਦ ਵਿਚ ਉੱਤਰ-ਦੱਖਣ ਦਾ ਪਾੜਾ ਹੋਰ ਵਧ ਸਕਦਾ ਹੈ। ਉੱਤਰੀ ਖਿੱਤੇ ਖਾਸਕਰ ਹਿੰਦੀ ਬੋਲਣ ਵਾਲੇ ਸੂਬਿਆਂ ਅੰਦਰ ਆਬਾਦੀ ਦੇ ਵਾਧੇ ਕਰ ਕੇ ਪਾਰਲੀਮਾਨੀ ਪ੍ਰਤੀਨਿਧਤਾ ਵਿਚ ਹੋਰ ਅਸਾਵਾਂਪਣ ਆ ਸਕਦਾ ਹੈ। ਕੀ ਦੱਖਣ ਦੇ ਸੂਬੇ ਇਸ ਨੂੰ ਪ੍ਰਵਾਨ ਕਰਨਗੇ ਕਿ ਪਿਛਲੇ ਕਈ ਸਾਲਾਂ ਦੌਰਾਨ ਨਿਸਬਤਨ ਉਚੇਰੇ ਵਿਕਾਸ ਅਤੇ ਆਬਾਦੀ ਦੇ ਵਾਧੇ ਵਿਚ ਕਮੀ ਦੇ ਇਨਾਮ ਵਜੋਂ ਪਾਰਲੀਮੈਂਟ ਵਿਚ ਉਨ੍ਹਾਂ ਦੀ ਨੁਮਾਇੰਦਗੀ ਨੂੰ ਪਹਿਲਾਂ ਨਾਲੋਂ ਘਟਾ ਦਿੱਤਾ ਜਾਵੇ?

ਇਹ ਖਤਰਾ ਵਧ ਰਿਹਾ ਹੈ ਪਰ ਇਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ।

ਕੁਝ ਹੋਰ ਦੁਫਾੜਾਂ ਵੀ ਹਨ ਜੋ ਅਣਕਿਆਸੇ ਢੰਗ ਨਾਲ ਸਾਹਮਣੇ ਆ ਸਕਦੀਆਂ ਹਨ। ਹੁਣ ਇਹ ਗੱਲ ਪ੍ਰਤੱਖ ਹੁੰਦੀ ਜਾ ਰਹੀ ਹੈ ਕਿ ਹਿੰਦੀ ਬੋਲਣ ਵਾਲੇ ਸੂਬਿਆਂ ਦੇ ਸਮਾਜਿਕ ਨੇਮ ਤੇ ਬੰਦਸ਼ਾਂ ਹੋਰਨਾਂ ਭਾਈਚਾਰਿਆਂ ਤੇ ਖਿੱਤਿਆਂ 'ਤੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਲਪਿਤ ਹਿੰਦੂ ਸਮਾਜ ਦੇ ਨੇਮਾਂ ਮੁਤਾਬਕ ਨਾ ਚੱਲਣ ਵਾਲੇ ਅਕੀਦਿਆਂ ਤੇ ਰਵਾਇਤਾਂ ਪ੍ਰਤੀ ਅਸਹਿਣਸ਼ੀਲਤਾ ਵਧ ਰਹੀ ਹੈ। ਇਹ ਹਮੇਸ਼ਾ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ ਕਿ ਨਵਰਾਤਿਆਂ ਦੌਰਾਨ ਕੁਝ ਸ਼ਰਧਾਵਾਨ ਹਿੰਦੂ ਸ਼ਾਕਾਹਾਰੀ ਖਾਣਾ ਖਾਂਦੇ ਹਨ ਅਤੇ ਕੁਝ ਲੋਕ ਲਸਣ, ਪਿਆਜ਼ ਆਦਿ ਤੋਂ ਵੀ ਪ੍ਰਹੇਜ਼ ਕਰਦੇ ਹਨ ਪਰ ਕਦੇ ਕਿਸੇ ਨੇ ਇਹ ਤਵੱਕੋ ਨਹੀਂ ਕੀਤੀ ਸੀ ਕਿ ਮੁਲਕ ਦੇ ਬਾਕੀ ਲੋਕ ਵੀ ਖਾਣੇ ਦੀ ਇਸ ਪਾਬੰਦੀ ਦੀ ਪਾਲਣਾ ਕਰਨ। ਪਿਛਲੇ ਕੁਝ ਸਮੇਂ ਤੋਂ ਅਜਿਹਾ ਦੇਖਣ ਨੂੰ ਮਿਲ ਰਿਹਾ ਹੈ। ਕੋਈ ਭਾਵੇਂ ਕਿਸੇ ਵੀ ਧਰਮ ਦੀ ਪਾਲਣਾ ਕਰਦਾ ਹੋਵੇ, ਤਾਂ ਵੀ ਉਹ ਨਵਰਾਤਿਆਂ ਦੇ ਪਕਵਾਨਾਂ ਦਾ ਸੁਆਦ ਮਾਣ ਸਕਦਾ ਹੈ। ਰਮਜ਼ਾਨ ਦੌਰਾਨ ਇਫਤਾਰ ਦੀਆਂ ਦਾਅਵਤਾਂ 'ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਸਾਰੇ ਧਰਮਾਂ ਦੇ ਆਪਣੇ ਮੁਸਲਿਮ ਦੋਸਤਾਂ ਤੇ ਸਹਿਕਰਮੀਆਂ ਨਾਲ ਮਿਲ ਕੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਬਣਾਏ ਪਕਵਾਨਾਂ ਦਾ ਸੁਆਦ ਮਾਣਦੇ ਹਨ ਪਰ ਹੁਣ ਇਸ ਸਭ ਕਾਸੇ ਨੂੰ ਨਿਖੇੜੇ ਦਾ ਪ੍ਰਤੀਕ ਬਣਾਇਆ ਜਾ ਰਿਹਾ ਹੈ। ਮਿਲ ਜੁਲ ਕੇ ਵੰਡ ਛਕਣ ਦੀ ਭਾਵਨਾ ਮਾਂਦ ਪੈ ਰਹੀ ਹੈ।

ਪੂਰੇ ਸਾਲ ਦੌਰਾਨ ਬਹੁਤ ਸਾਰੇ ਧਾਰਮਿਕ ਤਿਓਹਾਰ ਮਨਾਏ ਜਾਂਦੇ ਹਨ; ਜੋ ਪਹਿਲਾਂ ਪਰਿਵਾਰਕ ਜਸ਼ਨ ਤੇ ਛੋਟੇ-ਮੋਟੇ ਭਾਈਚਾਰਕ ਮੇਲ ਜੋਲ ਦਾ ਸਬਬ ਹੁੰਦੇ ਸਨ, ਹੁਣ ਸਿਆਸੀ ਭੜਕਾਹਟ ਅਤੇ ਤੰਗਨਜ਼ਰ ਸਮਾਗਮਾਂ ਦਾ ਰੂਪ ਧਾਰਨ ਕਰ ਗਏ ਹਨ। ਮਸਜਿਦਾਂ ਅੰਦਰ ਜਬਰੀ ਦਾਖਲ ਹੋ ਕੇ ਜੈ ਸ੍ਰੀਰਾਮ ਦੇ ਨਾਅਰੇ ਲਾਉਣੇ ਜਾਂ ਮਿਨਾਰਾਂ 'ਤੇ ਭਗਵੇਂ ਝੰਡੇ ਲਹਿਰਾਉਣੇ ਵਿਗੜੀ ਹੋਈ ਮਾਨਸਿਕਤਾ ਦੇ ਲੱਛਣ ਹਨ ਅਤੇ ਇਸ ਤਰ੍ਹਾਂ ਦਾ ਹਮਲਾਵਰ ਵਿਹਾਰ ਕਦੇ ਵੀ ਹਿੰਦੂ ਧਰਮ ਦੀ ਜਨਤਕ ਦਿੱਖ ਨਹੀਂ ਰਹੀ ਹੈ। ਕੀ ਸਦੀਆਂ ਪੁਰਾਣੇ ਇਸ ਧਰਮ ਨੂੰ ਜ਼ਿੰਦਾ ਰਹਿਣ ਅਤੇ ਫੈਲਣ ਲਈ ਕਿਸੇ 'ਦੁਸ਼ਮਣ' ਦੀ ਲੋੜ ਹੈ?

ਮੁਲਕ ਦੇ ਹਰ ਖਿੱਤੇ ਅੰਦਰ ਵੀਹ ਕਰੋੜ ਤੋਂ ਜ਼ਿਆਦਾ ਮੁਸਲਮਾਨ ਵੱਸਦੇ ਹਨ। ਕੀ ਉਨ੍ਹਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾ ਕੇ ਭਾਰਤ ਅਜਿਹਾ ਲੋਕਰਾਜੀ ਮੁਲਕ ਬਣਿਆ ਰਹਿ ਸਕੇਗਾ ਜਿੱਥੇ ਸ਼ਹਿਰੀਆਂ ਨੂੰ ਬਰਾਬਰ ਹਕੂਕ ਮਿਲਦੇ ਹੋਣ? ਕੀ ਉਨ੍ਹਾਂ ਨਾਲ ਹੁੰਦੇ ਲਗਾਤਾਰ ਵਿਤਕਰੇ ਅਤੇ ਹਿੰਸਾ ਦੀ ਕੋਈ ਪ੍ਰਤੀਕਿਰਿਆ ਨਹੀਂ ਹੋਵੇਗੀ? ਜੇ ਵੀਹ ਕਰੋੜ ਲੋਕਾਂ ਦਾ ਛੋਟਾ ਜਿਹਾ ਹਿੱਸਾ ਕੋਈ ਤਿੱਖਾ ਕਦਮ ਉਠਾ ਬੈਠਿਆ ਤਾਂ ਕੀ ਭਾਰਤੀ ਸਟੇਟ/ਰਿਆਸਤ ਸੁਰੱਖਿਆ ਦੀ ਚੁਣੌਤੀ ਨਾਲ ਨਜਿੱਠ ਸਕੇਗੀ? ਕੀ ਮੁਲਕ ਅੰਦਰ ਸੁਰੱਖਿਆ ਬਰਕਰਾਰ ਰੱਖਣ ਲਈ ਲੋਕਰਾਜੀ ਆਜ਼ਾਦੀਆਂ ਦੀ ਹੋਰ ਜ਼ਿਆਦਾ ਕੁਰਬਾਨੀ ਦਿੱਤੀ ਜਾਵੇਗੀ? ਇਸ ਤੋਂ ਇਲਾਵਾ ਇਸ ਦੇ ਬਾਹਰੀ ਸਿੱਟੇ ਵੀ ਨਿਕਲ ਸਕਦੇ ਹਨ, ਖਾਸਕਰ ਇਸਲਾਮੀ ਮੁਲਕਾਂ ਨਾਲ। ਕੀ ਭਾਰਤੀ ਵਿਦੇਸ਼ ਨੀਤੀ ਇਸ ਦੇ ਮਾੜੇ ਅਸਰਾਂ ਨੂੰ ਸੰਭਾਲਣ ਦੇ ਸਮੱਰਥ ਹੈ?

ਸੰਵਿਧਾਨ ਦੇ ਨਿਰਮਾਣਕਾਰ ਇਸ ਤੋਂ ਭਲੀਭਾਂਤ ਜਾਣੂ ਸਨ ਕਿ ਭਾਰਤੀ ਸਮਾਜ ਦੀਆਂ ਦੁਫਾੜਾਂ ਨੂੰ ਆਰਾਮ ਨਾਲ ਉਭਾਰਿਆ ਜਾ ਸਕਦਾ ਹੈ ਅਤੇ ਰਿਆਸਤ ਨੂੰ ਅੱਗੇ ਲਾਇਆ ਜਾ ਸਕਦਾ ਹੈ। ਕੌਮੀ ਏਕਤਾ ਦੀ ਮਜ਼ਬੂਤ ਵਚਨਬੱਧਤਾ ਜ਼ਰੂਰ ਹੋਣੀ ਚਾਹੀਦੀ ਹੈ ਪਰ ਇਸ ਦੀ ਆੜ ਹੇਠ ਵੰਨ-ਸਵੰਨਤਾ ਦਾ ਘਾਣ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਸਾਂਝੀ ਨਾਗਰਿਕਤਾ ਦੇ ਸੰਕਲਪ ਜ਼ਰੀਏ ਇਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਭਾਰਤ ਦੇ ਲੋਕ ਆਪਣੀਆਂ ਬਹੁਪਰਤੀ ਪਛਾਣਾਂ ਬਰਕਰਾਰ ਰੱਖ ਸਕਦੇ ਹਨ ਤੇ ਇਨ੍ਹਾਂ ਦਾ ਜਸ਼ਨ ਵੀ ਮਨਾ ਸਕਦੇ ਹਨ ਪਰ ਇਸ ਵਾਸਤੇ ਵਿਅਕਤੀ ਆਧਾਰਿਤ ਬੁਨਿਆਦੀ ਅਧਿਕਾਰਾਂ ਨੂੰ ਮਾਣਨ ਵਾਲੇ ਬਰਾਬਰ ਦੇ ਨਾਗਰਿਕ ਬਣਨਾ ਜ਼ਰੂਰੀ ਹੈ। ਇਨ੍ਹਾ ਅਧਿਕਾਰਾਂ ਨੂੰ ਮਾਣਨ ਲਈ ਕਿਸੇ ਖਾਸ ਭਾਈਚਾਰੇ ਦਾ ਅੰਗ ਬਣਨਾ ਲਾਜ਼ਮੀ ਨਹੀਂ ਹੈ। ਇਸ ਮਾਮਲੇ ਵਿਚ ਇਕਮਾਤਰ ਅਪਵਾਦ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦਾ ਹੈ ਜਿਨ੍ਹਾਂ ਨੂੰ ਇਤਿਹਾਸ ਵਿਚ ਲੰਮਾ ਅਰਸਾ ਸੰਤਾਪ ਹੰਢਾਉਣਾ ਪਿਆ ਸੀ ਜਿਸ ਕਰ ਕੇ ਇਹ ਖਾਸ ਪਰ ਆਰਜ਼ੀ ਉਪਬੰਧ ਕਰਨਾ ਪਿਆ ਸੀ।

ਕੋਈ ਵੀ ਨਾਗਰਿਕ ਆਪਣੇ ਭਾਈਚਾਰੇ ਦੇ ਨੇਮਾਂ ਦੀ ਇੱਛਕ ਤੌਰ 'ਤੇ ਪਾਲਣਾ ਕਰ ਸਕਦਾ ਹੈ ਪਰ ਭਾਈਚਾਰੇ ਨੂੰ ਸੰਵਿਧਾਨ ਵਿਚ ਵਿਅਕਤੀਗਤ ਰੂਪ ਵਿਚ ਦਿੱਤੇ ਗਏ ਉਸ ਦੇ ਅਧਿਕਾਰਾਂ ਦੀ ਜ਼ਾਮਨੀ ਉੱਤੇ ਕੋਈ ਵੀਟੋ ਨਹੀਂ ਦਿੱਤੀ ਜਾ ਸਕਦੀ। ਜਦੋਂ ਕੋਈ ਵੀ ਭਾਈਚਾਰਾ ਆਪਣੇ ਮੈਂਬਰਾਂ ਦੀਆਂ ਸਰਗਰਮੀਆਂ ਉਪਰ ਵੀਟੋ ਦਾ ਹੱਕ ਜਤਾਉਂਦਾ ਹੈ ਤਾਂ ਸੰਵਿਧਾਨ ਦੇ ਇਸ ਮੂਲ ਢਾਂਚੇ ਨੂੰ ਆਂਚ ਪਹੁੰਚਦੀ ਹੈ। ਕਈ ਵਾਰ ਰਿਆਸਤ ਦੇ ਦਖਲ ਤੋਂ ਬਿਨਾਂ ਵੀ ਅੰਨ੍ਹੇਵਾਹ ਹਿੰਸਾ ਜ਼ਰੀਏ ਕੋਈ ਭਾਈਚਾਰਾ 'ਉਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ' ਦਾ ਦਾਅਵਾ ਕਰ ਕੇ ਦੂਜਿਆਂ 'ਤੇ ਹਮਲਾ ਕਰਨ ਦਾ ਹੱਕ ਹਾਸਲ ਕਰ ਲੈਂਦਾ ਹੈ।

ਇਹ ਬਹੁਤ ਹੀ ਪ੍ਰੇਸ਼ਾਨਕੁਨ ਰੁਝਾਨ ਹਨ ਤੇ ਜੇ ਇਨ੍ਹਾਂ ਨੂੰ ਨਾ ਰੋਕਿਆ ਗਿਆ ਤਾਂ ਇਹ ਭਾਰਤੀ ਸਮਾਜ ਨੂੰ ਖੇਰੂੰ-ਖੇਰੂੰ ਕਰ ਸਕਦੇ ਹਨ। ਇਸ ਤਰ੍ਹਾਂ ਭਾਰਤੀ ਲੋਕਤੰਤਰ ਦਾ ਭਵਿੱਖ ਹੀ ਨਹੀਂ ਸਗੋਂ ਭਾਰਤ ਦੀ ਅਖੰਡਤਾ ਵੀ ਖਤਰੇ ਵਿਚ ਪੈ ਜਾਵੇਗੀ।

# ਫਿਰਕੂ ਤਣਾਅ ਅਤੇ ਬੁਲਡੋਜ਼ਰ

ਲਗਭਗ 24 ਸਾਲ ਪਹਿਲਾ ਸੀਨੀਅਰ ਪੱਤਰਕਾਰ ਅਮੁਲਿਆ ਗਾਂਗੁਲੀ ਨੇ ਭਾਰਤ ਭਰ ਵਿਚ ਵੱਖ-ਵੱਖ ਥਾਵਾਂ 'ਤੇ ਹੋਏ ਦੰਗਿਆਂ ਦੀ ਜਾਂਚ ਲਈ ਬਣਾਏ ਕਮਿਸ਼ਨਾਂ ਦੀਆਂ ਰਿਪੋਰਟਾਂ ਦੀ ਘੋਖ ਪੜਤਾਲ ਕੀਤੀ ਸੀ ਅਤੇ ਦੰਗਿਆਂ ਬਾਰੇ ਕਾਫੀ ਕੁਝ ਲਿਖਿਆ ਸੀ। ਮੈਂ ਵੀ ਇਸ ਕਾਰਜ ਦਾ ਹਿੱਸਾ ਬਣਿਆ ਸਾਂ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਫਸਾਦ ਕਰਵਾਉਣ ਦਾ ਵਾਰ-ਵਾਰ ਸੋਚਿਆ-ਵਿਚਾਰਿਆ ਤਰੀਕਾਕਾਰ ਅਖਤਿਆਰ ਕੀਤਾ ਜਾਂਦਾ ਸੀ; ਮਸਲਨ, ਕਿਸੇ ਧਾਰਮਿਕ ਤਿਉਹਾਰ ਮੌਕੇ ਭੜਕਾਹਟ ਵਾਲਾ ਜਲੂਸ ਕੱਢੋ, ਦੂਜੇ ਫਿਰਕੇ ਦੀ ਆਬਾਦੀ ਵੱਲ ਲੈ ਕੇ ਜਾਓ, ਤੇ ਫਿਰ ਤਣਾਅ ਵਾਲੇ ਹਾਲਾਤ ਬਣਨ ਦਾ ਇੰਤਜ਼ਾਰ ਕਰੋ, ਬਸ ਫਿਰ ਥੋੜ੍ਹੀ ਦੇਰ ਵਿਚ ਹੀ ਫਸਾਦ ਭੜਕ ਪਵੇਗਾ। ਇਸ ਤੋਂ ਬਾਅਦ ਸਿਆਸੀ ਸਿੱਟਿਆਂ ਦੇ ਚੁਣਾਵੀ ਵਿਸ਼ਲੇਸ਼ਣ

**ਰਾਜੇਸ਼ ਰਾਮਚੰਦਰਨ**

ਤੋਂ ਪਤਾ ਲੱਗਦਾ ਹੈ ਕਿ ਫਿਰਕੂ ਧਰੁਵੀਕਰਨ ਵਾਲੀ ਪਾਰਟੀ ਦੇ ਹੱਕ ਵਿਚ ਲਾਮਬੰਦੀ ਹੋ ਜਾਂਦੀ ਹੈ। ਦਹਾਕਿਆਂ ਤੋਂ ਇਹੀ ਤਰੀਕਾਕਾਰ ਵਾਰ-ਵਾਰ ਅਜ਼ਮਾਇਆ ਜਾਂਦਾ ਰਿਹਾ ਹੈ ਅਤੇ ਜਦੋਂ ਐਤਕੀਂ ਰਾਜਸਥਾਨ, ਮੱਧ ਪ੍ਰਦੇਸ਼, ਝਾਰਖੰਡ ਤੇ ਕੌਮੀ ਰਾਜਧਾਨੀ ਦਿੱਲੀ ਵਿਚ ਇਸ ਕਿਸਮ ਦੀ ਭੜਕਾਹਟ ਪੈਦਾ ਹੋਈ ਤਾਂ ਉਹੀ ਪੁਰਾਣੀ ਗੱਲ ਚੇਤੇ ਆ ਗਈ। ਇਸ ਪੁਰਾਣੇ ਤਰੀਕਾਕਾਰ ਵਿਚ ਐਤਕੀਂ ਵਾਧਾ ਇਹ ਹੋਇਆ ਕਿ ਫਸਾਦ ਤੋਂ ਫੌਰੀ ਬਾਅਦ ਹਾਲਾਤ ਨੂੰ ਅਪਰਾਧਿਕ ਕੋਣ ਦਿੰਦਿਆਂ ਮੁਸਲਿਮ ਆਬਾਦੀ ਵਾਲੇ ਖੇਤਰਾਂ ਵਿਚ ਬੁਲਡੋਜ਼ਰ ਲੈ ਆਂਦੇ ਤਾਂ ਕਿ ਦੰਗੇ ਵਿਚ ਸ਼ਾਮਲ ਇਕ ਹੀ ਫਿਰਕੇ ਦੇ ਲੋਕਾਂ ਖਿਲਾਫ ਝਟਪਟ ਤੇ ਕਾਨੂੰਨ ਤੋਂ ਬਾਹਰ ਜਾ ਕੇ ਆਪੇ ਇਨਸਾਫ ਕੀਤਾ ਜਾ ਸਕੇ।

ਉਂਝ, ਇਹ ਸਵਾਲ ਜਿਉਂ ਦਾ ਤਿਉਂ ਹੈ ਕਿ ਆਖਿਰ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ। ਰਾਮਨੌਮੀ ਅਤੇ ਹਨੂੰਮਾਨ ਜਯੰਤੀ ਮੌਕੇ ਮੁਸਲਮਾਨਾਂ ਦੀ ਜ਼ਿਆਦਾ ਆਬਾਦੀ ਵਾਲੇ ਖੇਤਰਾਂ ਵਿਚ ਇਹ ਜਲੂਸ ਪ੍ਰਦਰਸ਼ਨ ਕੱਢੇ ਗਏ ਜਿਸ ਕਰ ਕੇ ਫਿਰਕੂ ਫਸਾਦ ਭੜਕ ਪਏ। ਜਦੋਂ ਪੂਰਾ ਰਾਜਸੀ ਤੰਤਰ ਧਰੁਵੀਕਰਨ ਦਾ ਸ਼ਿਕਾਰ ਬਣਿਆ ਹੋਵੇ ਤਾਂ ਅਜਿਹੇ ਮਾਹੌਲ ਵਿਚ ਲੋਕਾਂ ਨੇ ਝਟ ਪਤਾ ਲਾ ਲਿਆ ਕਿ ਫਸਾਦ ਦਾ ਸਿਆਸੀ ਮਨੋਰਥ ਕੀ ਹੈ। ਕੀ ਕੋਈ ਫੌਰੀ ਸਿਆਸੀ ਉਕਸਾਹਟ ਪੈਦਾ ਹੋਈ ਹੈ? ਕੀ ਫਿਰਕੂ ਧਰੁਵੀਕਰਨ ਦਾ ਲਾਹਾ ਉਠਾਉਣ ਵਾਲੀਆਂ ਧਿਰਾਂ ਨੂੰ ਮੁਲਕ ਭਰ ਵਿਚ ਆਪਣੇ ਦਬਦਬੇ ਦੇ ਕਮਜ਼ੋਰ ਪੈਣ ਬਾਰੇ ਕੋਈ ਖਤਰਾ ਭਾਸ ਰਿਹਾ ਹੈ? ਕੀ ਉਹ ਇਹ ਮਹਿਸੂਸ ਕਰ ਰਹੀਆ ਹਨ ਕਿ 2024 ਦੀਆਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੀ ਸਿਆਸੀ ਪਕੜ ਢਿੱਲੀ ਪੈ ਰਹੀ ਹੈ? ਕੀ ਇਹ ਪੱਛਮੀ ਬੰਗਾਲ ਅਤੇ ਪੰਜਾਬ ਵਿਚ ਲੱਗੇ ਚੋਣ ਝਟਕਿਆਂ ਦਾ ਪ੍ਰਤੀਕਰਮ ਹੈ। ਇੰਝ ਹੋਣਾ ਨਹੀਂ ਚਾਹੀਦਾ, ਖਾਸਕਰ ਜਿਵੇਂ ਹਾਲੀਆ ਵਿਧਾਨ ਸਭਾ ਚੋਣਾਂ ਵਿਚ ਉੱਤਰ ਪ੍ਰਦੇਸ਼ ਵਿਚ ਉਨ੍ਹਾਂ ਰਿਕਾਰਡ ਤੋੜ ਜਿੱਤ ਪ੍ਰਾਪਤ ਕੀਤੀ ਹੈ ਅਤੇ ਉਤਰਾਖੰਡ, ਮਨੀਪੁਰ ਤੇ ਗੋਆ ਵਿਚ ਜਿਵੇਂ ਸੱਤਾ ਹਾਸਲ ਕੀਤੀ ਹੈ। ਉੱਤਰ ਪ੍ਰਦੇਸ਼ ਵਿਚ ਸਿਰਫ ਧਾਰਮਿਕ ਜਨੂਨ ਭੜਕਾ ਕੇ ਨਹੀਂ ਸਗੋਂ ਜਾਤੀਆਂ ਦੇ ਗਣਿਤ ਦਾ ਲਾਜਵਾਬ ਫਾਰਮੂਲਾ ਅਪਣਾ ਕੇ ਜਿੱਤ ਪ੍ਰਾਪਤ ਕੀਤੀ ਗਈ ਹੈ ਤੇ ਇਸ ਦੇ ਨਾਲ ਹੀ ਪੁਲਿਸ ਅਤੇ ਖੈਰਾਤਾਂ ਨੇ ਸੱਤਾਧਾਰੀ ਪਾਰਟੀ ਦੀ ਮਦਦ ਕੀਤੀ ਹੈ ਜਦਕਿ ਵਿਰੋਧੀ ਧਿਰ ਕਮਜ਼ੋਰ ਅਤੇ ਵੰਡੀ ਹੋਈ ਸੀ। ਦਰਅਸਲ, ਭਾਜਪਾ ਲਈ ਸਫਲਤਾ ਦਾ ਸਭ ਤੋਂ ਵੱਡਾ ਮੰਤਰ ਹੀ ਇਹ ਰਿਹਾ ਹੈ ਕਿ ਵਿਰੋਧੀ ਧਿਰ ਦੀ ਭਰੋਸੋਯੋਗਤਾ ਉੱਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਜਾਵੇ।

ਫਿਰ ਵੀ ਹਿੰਦੂਤਵ ਇੰਤਹਾਪਸੰਦੀ ਦੇ ਰੂਪ ਦਾ ਉਭਾਰ ਇਹ ਧਾਰਨਾ ਬਣਾਉਣ ਲਈ ਮਜਬੂਰ ਕਰਦਾ ਹੈ ਕਿ ਮੁਲਕ ਭਰ ਅੰਦਰ ਮੁਸਲਮਾਨਾਂ ਅੰਦਰ ਭੜਕਾਹਟ ਪੈਦਾ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਜੇ ਇਹ ਗੱਲ ਸਹੀ ਹੈ ਤਾਂ ਸਾਡੇ ਮੁਲਕ ਅਤੇ ਸਮਾਜ ਅਥਾਹ ਪੀੜ ਝੱਲਣੀ ਪਵੇਗੀ। ਭਾਰਤ ਅੰਦਰ ਮੁਸਲਮਾਨਾਂ ਦੀ ਆਬਾਦੀ ਕਰੀਬ 15 ਫੀਸਦ ਹੈ ਅਤੇ ਜੇ 20 ਕਰੋੜ ਦੀ ਆਬਾਦੀ ਵਾਲੇ ਕਿਸੇ ਸਮੂਹ ਨੂੰ ਇੰਝ ਦਬਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਤੇਜ਼ੀ ਨਾਲ ਵਧ ਰਹੇ ਅਰਥਚਾਰੇ ਦੀ ਸ਼ਾਂਤੀ ਤੇ ਖੁਸ਼ਹਾਲੀ ਉੱਤੇ ਪਹਿਲੀ ਸੱਟ ਵੱਜਣੀ ਤੈਅ ਹੈ ਤੇ ਇਸ ਦੇ ਨਾਲ ਹੀ ਕੁਝ ਗਰਮ ਖਿਆਲ ਲੋਕ ਭਾਰਤੀ ਰਿਆਸਤ/ਸਟੇਟ ਖਿਲਾਫ ਹਥਿਆਰ ਚੁੱਕ ਸਕਦੇ ਹਨ। ਜੇ ਆਬਾਦੀ ਦੇ ਇਕ ਹਿੱਸੇ ਦੀ ਜਾਨ ਮਾਲ ਦੀ ਕੋਈ ਜ਼ਾਮਨੀ ਨਹੀਂ ਰਹਿੰਦੀ ਤਾਂ ਸ਼ਾਂਤੀ ਬਰਕਰਾਰ ਰੱਖਣ ਵਿਚ ਉਨ੍ਹਾਂ ਦਾ ਹਿੱਤ ਵੀ ਖਤਮ ਹੋ ਜਾਵੇਗਾ। ਇਸ ਦੇ ਸਿੱਟੇ, ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅਤਿਵਾਦ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹੋਣਗੇ। ਇਹ ਸਾਡੇ ਕਿਸੇ ਅੰਦਰਲੇ ਭੇਤੀ ਦੀ ਪੈਦਾ ਕੀਤੀ ਸਮੱਸਿਆ ਹੋਵੇਗੀ।

> ***ਜਦੋਂ ਸੰਘ ਪਰਿਵਾਰ ਦੇ ਪੈਰੋਕਾਰ ਮੁਲਕ ਦੀ ਸੱਤਾ ਚਲਾ ਰਹੇ ਹਨ ਤਾਂ ਜ਼ਾਹਿਰ ਹੈ ਕਿ ਹਿੰਦੂਤਵ ਮੁੱਖਧਾਰਾ ਦੀ ਰਾਜਨੀਤੀ ਬਣ ਗਈ ਹੈ ਅਤੇ ਹੁਣ ਵਕਤ ਮੁਤਾਬਿਕ, ਹਿੰਦੂਤਵੀ ਅਲੰਬਰਦਾਰਾਂ ਨੂੰ ਸਭ ਤੋਂ ਵੱਡੇ ਘੱਟਗਿਣਤੀ ਸਮੂਹ ਵੱਲ ਆਪਣੇ ਰਵੱਈਏ ਦੀ ਪੜਚੋਲ ਕਰਨੀ ਚਾਹੀਦੀ ਹੈ। 'ਵਸੂਦੇਵ ਕਟੁੰਬਕਮ' ਦੇ ਮਹਾਨ ਆਦਰਸ਼ 'ਤੇ ਮਾਣ ਜਤਾਉਣ ਵਾਲੀ ਕੋਈ ਜਥੇਬੰਦੀ ਦੂਜੇ ਦਰਜੇ ਦੀ ਨਾਗਰਿਕਤਾ ਕਾਇਮ ਕਰ ਕੇ ਤੋਏ-ਤੋਏ ਨਹੀਂ ਕਰਵਾਉਣਾ ਚਾਹੇਗੀ।***

ਤਾਕਤਵਰ ਰਿਆਸਤ/ਸਟੇਟ ਲਈ ਇਕ ਸਮਾਨ ਹੱਕਾਂ ਲਈ ਕਿਸੇ ਜਮਹੂਰੀ, ਗਾਂਧੀਵਾਦੀ ਲਹਿਰ ਦੇ ਮੁਕਾਬਲੇ ਕੱਟੜਪੰਥੀ ਬਗਾਵਤ ਨੂੰ ਕੁਚਲਣਾ ਜ਼ਿਆਦਾ ਆਸਾਨ ਹੋਵੇਗਾ। ਉਂਝ, ਇਹ ਥੋੜ੍ਹਚਿਰਾ ਦਾਅ ਸਾਬਿਤ ਹੋ ਸਕਦਾ ਹੈ। ਜਿਵੇਂ ਫਲਸਤੀਨੀਆਂ ਨਾਲ ਸਲੂਕ ਕੀਤਾ ਜਾ ਰਿਹਾ ਹੈ, ਭਾਰਤ ਵਿਚ ਵੱਡੇ ਘੱਟਗਿਣਤੀ ਸਮੂਹ ਨਾਲ ਇੰਝ ਕਰਨਾ ਸੰਭਵ ਨਹੀਂ ਹੋ ਸਕਦਾ ਕਿਉਂਕਿ ਇੱਥੇ ਕਸ਼ਮੀਰ ਵਾਦੀ ਵਿਚ ਹਿੰਦੂਆਂ ਤੇ ਸਿੱਖਾਂ ਦੀਆਂ ਗਿਣ ਮਿੱਥ ਕੇ ਕੀਤੀਆਂ ਜਾਂਦੀਆਂ ਹਤਿਆਵਾਂ ਉੱਤੇ ਲਗਾਮ ਨਹੀਂ ਲਾਈ ਜਾ ਸਕੀ। ਅਕਤੂਬਰ 2021 ਤੋਂ ਲੈ ਕੇ ਹੁਣ ਤਕ ਨੌਂ ਲੋਕਾਂ ਦੀ ਹੱਤਿਆਵਾਂ ਹੋ ਚੁੱਕੀਆਂ ਹਨ ਕਿਉਂਕਿ ਉਹ ਮੁਸਲਿਮ ਨਹੀਂ ਸਨ ਪਰ ਉਥੇ ਦੂਜੇ ਫਿਰਕੇ ਨੂੰ ਡਰਾਉਣ ਲਈ ਨਗਰ ਨਿਗਮਾਂ ਦੇ ਬੁਲਡੋਜ਼ਰ ਚਲਾਉਣ ਦੀ ਲੋੜ ਨਹੀਂ ਪੈਂਦੀ। ਬਿਨਾਂ ਸ਼ੱਕ, ਫਿਰਕੂ ਹੱਤਿਆਵਾਂ ਅਤੇ ਨਸਲੀ ਸਫਾਏ ਦੀ ਕਸ਼ਮੀਰ ਵਿਚਲੀ ਇਸਲਾਮੀ ਰਾਜਨੀਤੀ ਨੇ ਹਿੰਦੀ ਭਾਸ਼ੀ ਸੂਬਿਆਂ ਅੰਦਰ ਹਿੰਦੂਤਵੀ ਰਾਜਨੀਤੀ ਦੇ ਉਭਾਰ ਨੂੰ ਵਾਜਬੀਅਤ ਬਖਸ਼ੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਇਸ ਨਾਲ ਹਿੰਦੂਤਵੀ ਰਾਜਨੀਤੀ ਨੂੰ ਸਾਡੇ ਰਾਜਤੰਤਰ ਅੰਦਰ ਹੋਰ ਨਾਸੂਰ ਪੈਦਾ ਕਰਨ ਦਾ ਲਾਹਾ ਮਿਲੇਗਾ।

ਜਦੋਂ ਸੰਘ ਪਰਿਵਾਰ ਦੇ ਪੈਰੋਕਾਰ ਮੁਲਕ ਦੀ ਸੱਤਾ ਚਲਾ ਰਹੇ ਹਨ ਤਾਂ ਜ਼ਾਹਿਰ ਹੈ ਕਿ ਹਿੰਦੂਤਵ ਮੁੱਖਧਾਰਾ ਦੀ ਰਾਜਨੀਤੀ ਬਣ ਗਈ ਹੈ ਅਤੇ ਹੁਣ ਵਕਤ ਮੁਤਾਬਿਕ, ਹਿੰਦੂਤਵੀ ਅਲੰਬਰਦਾਰਾਂ ਨੂੰ ਸਭ ਤੋਂ ਵੱਡੇ ਘੱਟਗਿਣਤੀ ਸਮੂਹ ਵੱਲ ਆਪਣੇ ਰਵੱਈਏ ਦੀ ਪੜਚੋਲ ਕਰਨੀ ਚਾਹੀਦੀ ਹੈ। ਆਰ.ਐਸ.ਐਸ. ਦੇ ਰਣਨੀਤੀਕਾਰਾਂ ਅਤੇ ਸਮਾਜਕ ਇੰਜਨੀਅਰਾਂ ਨੂੰ ਅੰਤਰਝਾਤ ਮਾਰ ਕੇ ਮੁਲਕ ਦੇ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਭਾਰਤੀ ਮੁਸਲਮਾਨਾਂ ਪ੍ਰਤੀ ਆਪਣੇ ਰਵੱਈਏ ਨੂੰ ਪਰਿਭਾਸ਼ਤ ਕਰਨਾ ਚਾਹੀਦਾ ਹੈ ਕਿ ਇਸ ਮੁਲਕ ਦੇ ਵੀਹ ਕਰੋੜ ਨਾਗਰਿਕਾਂ ਨਾਲ ਇਹ ਕੀ ਕਰਨਾ ਚਾਹੁੰਦੇ ਹਨ। 'ਵਸੂਦੇਵ ਕਟੁੰਬਕਮ' ਦੇ ਮਹਾਨ ਹਿੰਦੂ ਆਦਰਸ਼ ਉੱਤੇ ਮਾਣ ਜਤਾਉਣ ਵਾਲੀ ਕੋਈ ਜਥੇਬੰਦੀ ਜ਼ਾਹਿਰਾ ਤੌਰ ਤੇ ਦੂਜੇ ਦਰਜੇ ਦੀ ਨਾਗਰਿਕਤਾ ਕਾਇਮ ਕਰ ਕੇ ਦੁਨੀਆ ਭਰ ਵਿਚ ਤੋਏ-ਤੋਏ ਨਹੀਂ ਕਰਵਾਉਣਾ ਚਾਹੇਗੀ। ਇਸ ਦੀ ਬਜਾਇ ਸੰਘ ਪਰਿਵਾਰ ਦੇ ਸੂਝਵਾਨ ਲੋਕਾਂ ਨੂੰ ਮੁਸਲਿਮ ਬੁੱਧੀਮਾਨ ਸਫਾਂ ਨਾਲ ਸੰਵਾਦ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਕਿ ਵਿਚਾਰਾਂ ਤੇ ਸੰਭਾਵਨਾਵਾਂ ਦਾ ਸਾਂਝਾ ਪਿੜ ਲੱਭਿਆ ਜਾ ਸਕੇ।

ਹਾਲਾਂਕਿ ਪੀੜਤਾਂ ਉੱਤੇ ਜ਼ੁਲਮ ਕਰਨ ਵਾਲੀਆਂ ਧਿਰਾਂ ਨਾਲ ਸੰਵਾਦ ਲਈ ਕਹਿਣਾ ਜਮਹੂਰੀਅਤ ਵਿਰੋਧੀ ਗੱਲ ਹੈ, ਫਿਰ ਵੀ ਇਹ ਮੰਨਣਾ ਪੈਣਾ ਹੈ ਕਿ ਕਸ਼ਮੀਰ ਤੋਂ ਲੈ ਕੇ ਕੇਰਲ ਤੱਕ ਇਸਲਾਮੀ ਕੱਟੜਪੰਥੀ ਭਾਰਤੀ ਜੀਵਨ ਦੀ ਹਕੀਕਤ ਹਨ ਅਤੇ ਇਨ੍ਹਾਂ ਨੇ ਹਿੰਦੂ ਵੋਟਰਾਂ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਭੁਗਤਣ ਵਿਚ ਮਦਦ ਕੀਤੀ ਹੈ ਅਤੇ ਇਸ ਲਈ ਭਾਰਤੀ ਸਮਾਜ ਦੇ ਹਿੱਤ ਵਿਚ ਇਸਲਾਮੀ ਵਿਦਵਾਨਾਂ ਨੂੰ ਵੀ ਹਿੰਦੂ ਕੱਟੜਪੰਥੀਆਂ ਨਾਲ ਸੰਵਾਦ ਬਾਰੇ ਸੋਚਣਾ ਚਾਹੀਦਾ ਹੈ। ਜੇ ਸਾਰੇ ਤਬਕਿਆਂ ਵੱਲੋਂ ਪਿਛਾਂਹਖਿੱਚੂ ਪਿਰਤਾਂ ਦਾ ਖਹਿੜਾ ਛੱਡ ਦਿਤਾ ਜਾਂਦਾ ਹੈ ਤਾਂ ਚੁਣਾਵੀ ਜੋੜ ਤੋੜ ਤੋਂ ਪਰ੍ਹੇ, ਸਮਾਜਕ ਪ੍ਰਸੰਗ ਤੋਂ ਦੂਜਿਆਂ ਦੇ ਰਸਮੋ-ਰਿਵਾਜ ਤੇ ਧਾਰਮਿਕ ਰਹੁ-ਰੀਤਾਂ ਪ੍ਰਤੀ ਅਸਹਿਣਸ਼ੀਲਤਾ ਕਾਫੀ ਹੱਦ ਤੱਕ ਘਟਾਈ ਜਾ ਸਕਦੀ ਹੈ। ਭਗਤੀ ਅਤੇ ਧਰਮ ਪਰਿਵਰਤਨ ਦੋ ਅਜਿਹੇ ਮੁੱਦੇ ਹਨ ਜੋ ਕੁੜੱਤਣ ਘਟਾਉਣ ਲਈ ਕੌਮੀ ਬਹਿਸ ਦੇ ਮੁੱਦੇ ਹਨ। ਧਰਮ ਆਪਣੇ ਆਪ ਵਿਚ ਆਧੁਨਿਕਤਾ ਵਿਰੋਧੀ ਤੇ ਪਿਛਾਂਹਖਿੱਚੂ ਵਰਤਾਰਾ ਹੈ ਅਤੇ ਧਾਰਮਿਕ ਰਹੁ-ਰੀਤਾਂ ਤੇ ਆਡੰਬਰਾਂ ਦੇ ਮਹਿਮਾ ਗਾਨ ਨਾਲ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਮੰਦੇਭਾਗੀਂ ਇਸ ਵਾਰ ਭਗਵਾਨ ਰਾਮ ਦੀ ਕਿਰਪਾਲੂ ਮੁਸਕਾਨ ਦੀ ਬਜਾਇ ਬੁਲਡੋਜ਼ਰ ਦਾ ਜਾਬਰ ਜਬਾੜਾ ਰਾਮਨੌਮੀ ਦੀ ਚਿਰਸਥਾਈ ਛਾਪ ਬਣ ਗਿਆ ਹੈ। ਇਸ ਲਈ ਢਾਹ-ਢੁਹਾਈ ਦੀ ਥਾਂ ਸੰਵਾਦ ਦਾ ਰਾਹ ਫੜਨਾ ਚਾਹੀਦਾ ਹੈ।